ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲਖ ਲਖ ਵਧਾਈ

Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 47, November 20, 2010
20451 N Plum Grove Rd. Palatine, IL 60074
Ph:847-359-0746, Fax:847-705-9388



*ਹੁਣ ਕੋਈ ਵਿਰੋਧ ਨਹੀਂ:ਅਮਰਿੰਦਰ ਸਿੰਘ ਪੰਜਾਬ ਕਾਂਗਰਸ ਪ੍ਰਧਾਨ ਦਾ ਅਹੁਦਾ ਸੰਭਾਲਣ ਮਗਰੋਂ ਬੀਬੀ ਰਜਿੰਦਰ ਕੌਰ ਭੱਠਲ ਨੂੰ ਕਲਾਵੇ 'ਚ ਲੈਂਦੇ ਹੋਏ* (ਖਬਰਾ ਸਫਾ 9 'ਤੇ)

## ਮਨਪ੍ਰੀਤ ਸਿੰਘ ਬਾਦਲ ਨੇ ਛੇੜੀ ਪੰਜਾਬ ਦੀ ਸਿਆਸਤ 'ਚ ਨਵੀਂ ਚਰਚਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪਾਰਟੀ ਤੋਂ ਵੱਖ ਹੋ ਕੇ ਇਕੱਲੇ ਤੁਰੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਹੁਣ ਤਗੜਾ ਕਾਫ਼ਲਾ ਬਣਾ ਲਿਆ ਹੈ। ਭਾਵੇਂ 14 ਨਵੰਬਰ ਨੂੰ ਸ੍ਰੀ ਦਰਬਾਰ ਸਹਿਬ ਮੱਥਾ ਟੇਕਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਰਣਨੀਤੀ ਦੇ ਪੱਤੇ ਨਹੀਂ ਖੋਲ੍ਹੇ ਪਰ ਪੰਜਾਬ ਦੇ ਕੋਨੇ-ਕੋਨੇ ਤੋਂ ਪੁੱਜੇ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਸ਼੍ਰੋਮਣੀ ਅਕਾਲੀ ਦਲ (ਬ) ਸਣੇ ਸਾਰੀਆਂ ਰਾਜਸੀ ਧਿਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

### ਸ੍ਰੀ ਦਰਬਾਰ ਸਾਹਿਬ ਵਿਖੇ ਟੇਕ ਕੇ 'ਜਾਗੋ ਪੰਜਾਬ ਯਾਤਰਾ' ਦਾ ਐਲਾਨ

ਮਨਪ੍ਰੀਤ ਬਾਦਲ ਨੇ ਆਪਣੇ ਸਮਰਥਕਾਂ ਦੇ ਤਗੜੇ ਇਕੱਠ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਅਗਲੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚ 'ਜਾਗੋ ਪੰਜਾਬ ਯਾਤਰਾ' ਲੈ ਕੇ ਜਾਣਗੇ ਤੇ ਸੂਬੇ ਦੇ ਲੋਕਾਂ ਨੂੰ ਸੂਬੇ ਦੀ ਮਾੜੀ ਆਰਥਿਕ ਹਾਲਤ ਤੇ ਹੋਰ

(ਬਾਕੀ ਸਫਾ 8 'ਤੇ)



*ਮਨਪ੍ਰੀਤ ਸਿੰਘ ਬਾਦਲ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਸਮੇਂ ਆਪਣੇ ਸਮਰਥਕਾਂ ਨਾਲ*

## ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਦਾ ਰਗੜਾ

### ਦੂਰ ਸੰਚਾਰ ਮੰਤਰੀ ਵਲੋਂ ਅਸਤੀਫ਼ਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸਰਕਾਰ ਦੇ ਸਾਫ਼-ਸੁਥਰੇ ਅਕਸ ਨੂੰ ਬਰਕਰਾਰ ਰੱਖਣ ਦੀ ਕਵਾਇਦ ਅਸਫਲ ਹੁੰਦੀ ਜਾ ਰਹੀ ਹੈ। ਰਾਸ਼ਟਰਮੰਡਲ ਖੇਡ ਘੁਟਾਲੇ ਤੇ ਆਦਰਸ਼ ਸੁਸਾਇਟੀ ਘੁਟਾਲੇ ਤੋਂ ਬਾਅਦ ਹੁਣ 2 ਜੀ ਸਪੈਕਟਰਮ ਘੁਟਾਲੇ ਨੇ ਸਰਕਾਰ ਨੂੰ ਕਸੂਤੀ ਸਥਿਤੀ 'ਚ ਫਸਾ ਦਿੱਤਾ ਹੈ। ਭਾਵੇਂ ਚੁਫੇਰਿਓਂ ਪੈ ਰਹੇ ਦਬਾਅ ਤੋਂ ਬਾਅਦ ਕੇਂਦਰੀ ਦੂਰ ਸੰਚਾਰ ਮੰਤਰੀ ਏ. ਰਾਜਾ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਪਰ ਵਿਰੋਧੀ ਧਿਰਾਂ ਇਸ ਮਾਮਲੇ ਨੂੰ ਉਛਾਲ ਕੇ ਸਰਕਾਰ ਦੇ ਅਕਸ ਨੂੰ ਢਾਹ ਲਾਉਣ ਦਾ ਮੌਕਾ ਕਿਸੇ ਵੀ ਤਰ੍ਹਾਂ ਹੱਥੋਂ ਨਹੀਂ ਜਾਣ ਦੇਣਾ

(ਬਾਕੀ ਸਫਾ 8 'ਤੇ)

The Patel Law Offices P.C
Attorneys & Counselors at Law
U.S. Immigration & Nationality Law
Tel: 408.647.3100
ਨੌਂਵੀਂ ਸਰਕਟ ਕੋਰਟ, ਬੋਰਡ ਆਫ ਇੰਮੀਗਰੇਸ਼ਨ ਅਪੀਲ, ਡਿਪੋਰਟੇਸ਼ਨ ਕੇਸ, ਐਚ-1, ਬਿਜਨਸ ਵੀਜ਼ਾ
ਅਸੀਂ ਹਿੰਦੀ, ਪੰਜਾਬੀ, ਗੁਜਰਾਤੀ ਅਤੇ ਉਰਦੂ ਬੋਲਦੇ ਹਾਂ
3350 Scott Blvd, Bldg 55, Suite 5502,
Santa Clara, CA 95054
Fax: 408.647.3165
www.ThepatelLawOffices.com
immigration@ThePatelLawOffices.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।


Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ



Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ੴ ਸ੍ਰੀ ਅਕਾਲ ਸਹਾਇ ॥

# ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ ਬੇਕਰਸਫੀਲਡ

7000 ਵਾਈਬਲ ਰੋਡ, ਬੇਕਰਸਫੀਲਡ, ਕੈਲੇਫੋਰਨੀਆਂ ਵਿਖੇ

ਆਪ ਨਰਾਇਣ ਕਲਾ ਧਾਰ, ਜਗੁ ਮਹਿ ਪਰਵਰਿਓ ॥



ਜਗਤ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀ ਖੁਸ਼ੀ ਵਿੱਚ ਵਿਸ਼ੇਸ਼ ਸਮਾਗਮ

## ਦਿਨ ਵੀਰਵਾਰ 18 ਨਵੰਬਰ ਤੋਂ ਦਿਨ ਐਤਵਾਰ 21 ਨਵੰਬਰ 2010 ਤੱਕ

ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਭਾਈ ਅਨੂਪ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ, ਭਾਈ ਗੁਰਪ੍ਰੀਤ ਸਿੰਘ ਜੀ, ਗਿਆਨੀ ਹਰਜੀਤ ਸਿੰਘ ਜੀ ਮੋਗੇ ਵਾਲੇ ਅਤੇ ਗੁਰੂ ਦਸ਼ਮੇਸ਼ ਦਰਬਾਰ ਦੇ ਬੱਚੇ ਵੀ ਕੀਰਤਨ ਦੁਆਰਾ ਹਾਜ਼ਰੀ ਭਰਨਗੇ। ਭਾਈ ਦਲਬੀਰ ਸਿੰਘ ਜੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਨਿਸ਼ਕਾਮ ਸੇਵਾ ਦਲ ਵਾਹਿਗੁਰੂ ਸਿਮਰਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਨਗੇ।

### ਪ੍ਰੋਗਰਾਮ ਦਾ ਵੇਰਵਾ

ਦਿਨ ਵੀਰਵਾਰ 18 ਨਵੰਬਰ 2010 ਨੂੰ ਸ਼ਾਮ 7:30 ਵਜੇ ਸ੍ਰੀ ਆਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਸ ਦੇ ਭੋਗ ਦਿਨ ਸ਼ਨੀਵਾਰ 20 ਨਵੰਬਰ 2010 ਸ਼ਾਮ 6:30 ਵਜੇ ਪੈਣਗੇ, ਉਪਰੰਤ ਵਿਸ਼ੇਸ਼ ਰੈਣਸੁਬਾਈ ਕੀਰਤਨ ਅੰਮ੍ਰਿਤ ਵੇਲੇ 1 ਵਜੇ ਤੱਕ ਸਜਣਗੇ। ਜਿਸ ਵਿੱਚ ਕਥਾ, ਕੀਰਤਨ ਅਤੇ ਵਾਹਿਗੁਰੂ ਸਿਮਰਨ ਦੇ ਪ੍ਰਵਾਹ ਚੱਲਣਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਹਾਜ਼ਰੀ ਭਰਕੇ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਅਟੁੱਟ ਵਰਤੇਗਾ

ਵਿਸ਼ੇਸ਼ ਸਮਾਗਮ : ਸ਼ਨੀਵਾਰ 20 ਨਵੰਬਰ ਸ਼ਾਮ 6:30 ਵਜੇ ਤੋਂ ਅੰਮ੍ਰਿਤ ਵੇਲੇ 1:00 ਵਜੇ ਤੱਕ ਵਿਸ਼ੇਸ਼ ਕਥਾ ਅਤੇ ਕੀਰਤਨ ਦਰਬਾਰ ਹੋਵੇਗਾ।

### ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ ਸਾਹਿਬ ਵਿੱਚ ਰੋਜ਼ਾਨਾ ਦਾ ਪ੍ਰੋਗਰਾਮ

ਸਵੇਰੇ 5:00 ਵਜੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਅਤੇ ਨਿਤਨੇਮ ਸਵੇਰੇ 5:30 ਤੋਂ 6:30 ਵਜੇ ਤੱਕ, ਆਸਾ ਜੀ ਦੀ ਵਾਰ ਦਾ ਕੀਰਤਨ 7:30 ਤੋਂ 8:00 ਤੱਕ ਸ਼ਾਮ ਨੂੰ 5:30 ਵਜੇ ਰਹਿਰਾਸ ਸਾਹਿਬ, 5:55 ਤੋਂ 6:30 ਵਜੇ ਤੱਕ ਕੀਰਤਨ ਅਤੇ ਸ਼ਾਮ 6:30 ਤੋਂ 7:15 ਵਜੇ ਤੱਕ ਗੁਰੂ ਇਤਿਹਾਸ ਦੀ ਕਥਾ ਹੁੰਦੀ ਹੈ। ਦਿਨ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਵੇਰੇ 6:00 ਤੋਂ 7:00 ਵਜੇ ਤੱਕ ਸਿਮਰਨ, 7:00 ਤੋਂ 8:30 ਵਜੇ ਤੱਕ ਕੀਰਤਨ ਉਪਰੰਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਂਦੇ ਹਨ ਅਤੇ 11:00 ਵਜੇ ਤੋਂ 12:00 ਵਜੇ ਤੱਕ ਕੀਰਤਨ, 12:00 ਤੋਂ 12:45 ਤੱਕ ਗੁਰਬਾਣੀ ਦੀ ਕਥਾ, 12:45 ਤੋਂ 1:15 ਤੱਕ ਨਿਸ਼ਕਾਮ ਸੇਵਾ ਦਲ ਦੁਆਰਾ ਸਿਮਰਨ ਹੁੰਦਾ ਹੈ।

ਨੋਟ : ਮਹਾਂਪੁਰਸ਼ ਸੰਤ ਬਾਬਾ ਮਹਾਂ ਹਰਨਾਮ ਸਿੰਘ ਭੁੱਚੋ ਕਲਾਂ ਵਾਲਿਆਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ 19 ਦਸੰਬਰ 2010 ਦਿਨ ਐਤਵਾਰ ਨੂੰ ਪੈਣਗੇ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਬੀਬੀ ਬਲਜੀਤ ਕੌਰ ਜੀ ਖਾਲਸਾ ਤਲਵਾੜੇ ਵਾਲਿਆਂ ਦਾ ਜਥਾ 13 ਦਸੰਬਰ ਤੋਂ 19 ਦਸੰਬਰ ਤੱਕ ਕੀਰਤਨ ਦੁਆਰਾ ਨਿਹਾਲ ਕਰਨਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ : ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਜੀ - 661.444.6876, ਭਾਈ ਰਣਵੀਰ ਸਿੰਘ ਜੀ - 661.369.4414

ਵੱਲੋਂ ਸਮੂਹ ਸਾਧ ਸੰਗਤ ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ ਬੇਕਰਸਫੀਲਡ

Quik Signs *661-703-8795 *661-900-7357



## ਯਾਰਾਂ ਦਾ ਟਰੱਕ ਬੱਲੀਏ, ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...

AP AMERICAN PETRO



ਸਭ ਤੋਂ ਵਧੀਆ ਸਹੂਲਤਾਂ ਵਾਲਾ

**Truck Stop**

*2 Cent/Gallon Rebate
* Cash/Credit Card/Fleet Card (Same Price on All)

### ਸਹੂਲਤਾਂ

*ਸਸਤਾ Diesel
*Liquor Bar
*ਪੰਜਾਬੀ ਢਾਬਾ
*Liquor Store



*Spiceland, Indiana*
*I-70, Exit 123*

## Taste of India

## ਪੰਜਾਬੀ ਢਾਬਾ

ਕੀਮਤਾਂ ਬਹੁਤ ਹੀ ਵਾਜਬ !

ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।



ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...। ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।

*Brand New Shower ਹੈ। ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।*

**Call: 765-987-8786**

# ਟਾਈਪ-2 ਡਾਇਬਟੀਜ਼-ਕੀ ਤੁਹਾਡੇ ਕੋਲ ਇਸ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਨਹੀਂ? ਅਤੇ ਤੁਹਾਨੂੰ ਇਸ ਦੇ ਨਾਲ ਹੀ ਜਿਊਣਾ ਪੈਣਾ ਹੈ!

ਸਟਾਕਟਨ ਏਰੀਏ ਦੇ ਸ਼ੂਗਰ ਰੋਗ ਯਾਨਿ ਡਾਇਬਟੀਜ਼ ਦੇ ਮਰੀਜਾਂ ਦੇ ਸਹਾਇਕ ਇਕ ਮਾਹਰ ਨੇ ਆਪਣੀ ਹਾਲ ਹੀ ਵਿਚ ਰਿਲੀਜ਼ ਹੋਈ ਖਪਤਕਾਰ ਗਾਈਡ ਵਿਚ ਇੰਕਸ਼ਾਫ ਕੀਤਾ ਹੈ ਕਿ ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ! ਅਤੇ ਤੁਸੀਂ ਇਸ ਬਾਰੇ **ਕੀ ਕੁਝ ਕਰ ਸਕਦੇ ਹੋ?**

ਆਪਣੇ ਤੋਂ ਇਹ ਸਵਾਲ ਪੁਛੋ:

*ਕੀ ਤੁਹਾਡਾ ਡਾਕਟਰ ਤੁਹਾਡੀ ਵਿਜ਼ਿਟ ਸਮੇਂ ਤੁਹਾਡੇ ਨਾਲ ਲੋੜੀਂਦਾ ਸਮਾਂ ਗੁਜਾਰਦਾ ਹੈ?

*ਕੀ ਕੋਈ ਵਜ਼ਨ ਘਟਾਉਣ, ਥਕਾਵਟ ਦੂਰ ਕਰਨ, ਕਸਰਤ... ਜਾਂ ਸਿਹਤਮੰਦ ਹੋਣ ਵਿਚ ਤੁਹਾਡੀ ਮਦਦ ਕਰ ਰਿਹਾ ਹੈ?

*ਕੀ ਤੁਹਾਨੂੰ ਉਹ **ਸਾਰੇ** ਅਤੇ **ਬੇਹੱਦ** ਜਰੂਰੀ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ ਜਿਨ੍ਹਾਂ ਨਾਲ ਤੁਹਾਨੂੰ ਘੱਟ ਦਵਾਈ ਦੀ ਲੋੜ ਪਵੇ ਜਾਂ ਬਿਲਕੁਲ ਹੀ ਨਾ ਪਵੇ?

*ਕੀ ਤੁਹਾਡਾ ਡਾਕਟਰ ਤੁਹਾਨੂੰ ਸ਼ੂਗਰ ਬਾਰੇ ਇਹ ਆਮ ਪੰਜ ਗਲਤੀਆਂ ਕਰਨਾ ਅਤੇ ਭਰਮ ਪਾਲਣਾ ਸਿਖਾ ਰਿਹਾ ਹੈ? ਇਸ ਸਭ ਦੇ ਜਵਾਬ ਹੇਠਾਂ ਦਿੱਤੇ ਗਏ ਹਨ:

ਸਟਾਕਟਨ ਇਲਾਕੇ ਵਿਚ ਲੰਮੇ ਸਮੇਂ ਤੋਂ ਸਿਹਤ ਸਹੂਲਤਾਂ ਮੁਹੱਈਆ ਕਰ ਰਹੇ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਇਸ ਏਰੀਏ ਦੇ ਸ਼ੂਗਰ ਰੋਗ ਤੋਂ ਪੀੜਿਤ ਮਰੀਜਾਂ ਦੀਆਂ ਆਮ ਤੇ ਗੰਭੀਰ ਮੁਸ਼ਕਿਲਾਂ ਬਾਰੇ ਜਨਤਕ ਤੌਰ 'ਤੇ ਗੱਲਾਂ ਕੀਤੀਆਂ। ਡਾ. ਸਿਹੋਤਾ ਸਟਾਕਟਨ ਇਲਾਕੇ ਵਿਚ ਸਿਹਤ ਸੰਭਾਲ ਦੇ ਮਾਮਲੇ ਵਿਚ ਇਕ ਜਾਣੀ ਪਛਾਣੀ ਸ਼ਖਸੀਅਤ ਹਨ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਸਾਡੇ ਨਾਲ ਇਕ ਰਿਪੋਰਟ ਸਾਂਝੀ ਕੀਤੀ ਜਿਸ ਦਾ ਸਿਰਲੇਖ ਹੈ, "ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ" ਅਤੇ ਇਹੋ ਇਸ ਲੇਖ ਦਾ ਮੂਲ ਮੁੱਦਾ ਹੈ। ਉਨ੍ਹਾਂ ਨੇ ਸ਼ੂਗਰ ਰੋਗ ਬਾਰੇ ਆਮ ਗਲਤਫਹਿਮੀਆਂ, ਬੇਚੈਨੀਆਂ ਅਤੇ ਇਸ ਨਾਲ ਜੱਦੋਜਹਿਦ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨਾਲ ਡਾਇਬਟੀਜ਼ ਦੇ ਲੱਖਾਂ ਮਰੀਜ਼ ਹਰ ਵਰ੍ਹੇ ਦੋ-ਚਾਰ ਹੁੰਦੇ ਹਨ।

ਇਸ ਡਾਕਟਰ ਅਨੁਸਾਰ ਡਾਇਬਟੀਜ਼ ਜਾਂ ਸ਼ੂਗਰ ਰੋਗ ਬਾਰੇ ਪੰਜ ਮੁੱਖ ਗਲਤਫਹਿਮੀਆਂ ਹਨ: (1) ਇਹ ਸੋਚਣਾ ਕਿ ਟਾਈਪ-2 ਕਿਸਮ ਦੀ ਡਾਇਬਟੀਜ਼ ਮੂਲੋਂ ਹੀ ਪੁਸ਼ਤੈਨੀ ਹੈ ਅਤੇ ਇਹ ਜਨਮ ਨਾਲ ਹੀ ਤੁਹਾਡੇ ਸਰੀਰ ਵਿਚ ਆ ਜਾਂਦੀ ਹੈ ਅਤੇ ਤੁਸੀਂ ਇਸ ਤੋਂ ਕਦੇ ਵੀ ਛੁਟਕਾਰਾ ਨਹੀਂ ਪਾ ਸਕਦੇ। ਬਿਲਕੁਲ ਠੀਕ! ਪਰ ਸ਼ੂਗਰ ਰੋਗ ਵਿਚ ਇਹ ਸਿਰਫ ਇਕ ਗੱਲ ਹੈ। ਤੁਹਾਡੇ ਸ਼ੂਗਰ ਰੋਗ ਵਿਚ ਰੋਗ ਦਾ ਪੁਸ਼ਤੈਨੀ ਹੋਣਾ ਸਿਰਫ ਇਕ ਕਾਰਨ ਹੈ ਅਤੇ ਇਹੋ ਹੀ ਇਕ ਇਕੱਲਾ ਕਾਰਨ ਨਹੀਂ ਹੈ। ਬਹੁਤ ਗੰਭੀਰ ਅਤੇ ਖਤਰਨਾਕ ਚੀਜ਼ ਤਾਂ ਇਹ ਖਿਆਲ ਹੈ ਜੋ ਕੋਈ ਡਾਕਟਰ ਆਪਣੇ ਸ਼ੂਗਰ ਰੋਗ ਦੇ ਮਰੀਜਾਂ ਨੂੰ ਦਿੰਦਾ ਹੈ ਕਿ ਉਹ **"ਲਾਚਾਰ"** ਹਨ ਅਤੇ ਮਰੀਜ ਅੱਗੋਂ "ਹਥਿਆਰ ਸੁੱਟ ਦੇਣ ਦਾ ਰੁਖ ਅਪਨਾ ਲੈਂਦੇ ਹਨ।" ਮਰੀਜਾਂ ਨੂੰ ਇਹ ਜਚਾ ਦੇਣਾ ਕਿ ਉਨ੍ਹਾਂ ਪਾਸ ਸਿਰਫ ਦਵਾਈਆਂ ਖਾਈ ਜਾਣ ਅਤੇ ਰੋਗ ਦਾ ਦੁੱਖ ਭੋਗਣ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਹੈ, ਉਕਾ ਹੀ ਗਲਤ ਹੈ ਤੇ ਇਹ ਸੱਚ ਤੋਂ ਕੋਹਾਂ ਦੂਰ ਹੈ। ਇਹ ਖਿਆਲ ਦੇਣਾ ਕਿਉਂਕਿ "ਤੁਹਾਡੇ ਮਾਂ-ਬਾਪ ਨੂੰ ਡਾਇਬਟੀਜ਼ ਸੀ ਸੋ ਕੋਈ ਹੈਰਾਨੀ ਨਹੀਂ ਕਿ ਤੁਹਾਨੂੰ ਵੀ ਹੈ, ਇਹ ਨੁਕਤਾ ਨਿਗਾਹ ਨਿਹਾਇਤ ਖਤਰਨਾਕ ਹੈ ਕਿਉਂਕਿ ਇਹ ਇਲਾਜ ਅਤੇ ਠੀਕ ਹੋਣ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਸੀਮਤ ਕਰਦਾ ਹੈ।

(2) ਇਹ ਯਕੀਨ ਕਰਨਾ ਕਿ ਤੁਹਾਨੂੰ ਇਸ ਦੇ ਸੰਗ ਹੀ ਰਹਿਣਾ ਪਵੇਗਾ ਅਤੇ ਇਸ ਦਾ ਕੋਈ ਇਲਾਜ ਨਹੀਂ ਹੈ, ਇਹ ਬਿਲਕੁਲ ਹੀ **ਝੂਠਾ** ਸੰਕਲਪ ਹੈ। ਤੁਹਾਡੇ ਨਾਲ ਝੂਠ ਬੋਲਿਆ ਗਿਆ ਹੈ। ਜੋ ਲੋਕ ਇਹ ਕਹਿੰਦੇ ਹਨ, ਉਨ੍ਹਾਂ ਨੇ ਆਪਣਾ ਹੋਮਵਰਕ ਨਹੀਂ ਕੀਤਾ ਹੁੰਦਾ ਅਤੇ ਉਹ ਹਾਰ ਮੰਨੀ ਬੈਠੇ ਹੁੰਦੇ ਹਨ। ਬਦਲੇ ਵਿਚ ਉਹ ਆਪਣੀ ਹਾਰ ਨੂੰ ਤੁਹਾਡੇ ਸਿਰ ਮੜ੍ਹਨਾ ਚਾਹੁੰਦੇ ਹਨ। ਡਾ. ਰੌਨ ਰੋਜ਼ਨਡੇਲ ਐਮ ਡੀ ਅਤੇ ਜੌਸਫ ਮਰਕੋਲਾ ਐਮ ਡੀ ਵਰਗੇ ਕਈ ਮੈਡੀਕਲ ਮਾਹਿਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਡਾਇਬਟੀਜ਼ ਦਾ ਇਲਾਜ ਸੰਭਵ ਹੈ। ਪਰ ਮੁਸੀਬਤ ਇਹ ਹੈ ਕਿ ਇਹ ਗੱਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਲਈ ਬਹੁਤ ਘਾਟੇਵੰਦੀ ਹੈ। ਇਸ **ਇਕ ਗਲਤੀ** ਕਰਕੇ ਡਾਕਟਰ ਨਿਰੰਤਰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਕੋਲੈਸਟਰੌਲ ਘਟਾਉਣ ਦੀਆਂ ਹੋਰ ਅਤੇ ਹੋਰ ਦਵਾਈਆਂ ਦਿੱਤੀ ਜਾ ਰਹੇ ਹਨ... ਅਤੇ ਬਿਨਾਂ ਸ਼ੱਕ ਇਸ ਯਕੀਨ ਦਾ ਨਤੀਜਾ ਤੁਹਾਡੀ ਸਮੁੱਚੀ ਸਿਹਤ ਦੇ **ਹੋਰ ਵਿਗੜਨ** ਵਿਚ ਨਿਕਲਦਾ ਹੈ। ਪ੍ਰਿਸਕ੍ਰਿਪਸ਼ਨ ਆਮ ਕਰਕੇ **ਹੋਰ ਵਧੇਰੇ** ਇੰਸੂਲਿਨ ਦੀ ਹੁੰਦੀ ਹੈ।

(3) ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਹੀ ਤੁਹਾਡੀ ਟਾਈਪ-2 ਡਾਇਬਟੀਜ਼ ਦਾ **ਇਕੋ ਇਕ** ਇਲਾਜ ਹੈ! ਕੀ ਇਹ ਬਿਆਨ ਸ਼ੂਗਰ ਰੋਗ ਦੇ ਕਿਸੇ ਮਰੀਜ ਲਈ ਸਹੀ ਹੈ? ਕੀ ਤੁਸੀਂ ਆਪਣੇ ਡਾਕਟਰ ਦੀ ਸਲਾਹ ਬਿਨਾਂ ਆਪਣੀ ਦਵਾਈ ਕਿਸੇ ਤਰ੍ਹਾਂ ਬਦਲ ਸਕਦੇ ਹੋ?... ਨਹੀਂ, ਬਿਲਕੁਲ ਨਹੀਂ। ਪਰ ਜੇ ਤੁਹਾਡਾ ਡਾਕਟਰ ਪਹਿਲਾਂ ਹੀ ਹਥਿਆਰ ਸੁੱਟ ਚੁਕਾ ਹੈ ਅਤੇ ਉਸ ਦਾ ਯਕੀਨ ਹੈ ਕਿ ਇਹ ਤਿੰਨ ਪਹਿਲੀਆਂ ਗਲਤੀਆਂ ਠੀਕ ਹਨ, ਤਾਂ ਫਿਰ ਬਿਹਤਰੀਨ ਅਤੇ ਅਕਲ ਦੀ ਗੱਲ ਇਹੋ ਹੋਵੇਗੀ ਕਿ ਤੁਸੀਂ ਕਿਸੇ ਦੂਜੇ-ਤੀਜੇ ਜਾਂ ਚੌਥੇ ਦੀ ਸਲਾਹ ਲਵੋ। ਜ਼ਰਾ ਸੋਚੋ, ਹਰ ਵਰ੍ਹੇ ਕਿੰਨੇ ਕਰੋੜ ਡਾਲਰ ਡਾਇਬਟੀਜ਼ ਬਾਰੇ ਖੋਜ ਉਪਰ ਖਰਚ ਕੀਤੇ ਜਾਂਦੇ ਹਨ। ਫਿਰ ਵੀ ਕੋਈ ਇਲਾਜ ਨਹੀਂ ਨਿਕਲਿਆ ਅਤੇ ਦਿਨੋਂ ਦਿਨ ਹੋਰ ਵਧੇਰੇ ਲੋਕ ਸ਼ੂਗਰ ਦੇ ਮਰੀਜ ਬਣੀ ਜਾ ਰਹੇ ਹਨ। ਮੌਜੂਦਾ ਪਹੁੰਚ ਅਧੀਨ ਉਨ੍ਹਾਂ ਦੇ ਮੋਟਾਪੇ ਦਾ ਸ਼ਿਕਾਰ ਹੋਣ, ਸੁਸਤ ਹੋਣ ਅਤੇ ਦਿਨੋਂ ਦਿਨ ਬੁੱਢੇ ਹੋ ਜਾਣ ਤੋਂ ਇਲਾਵਾ ਕੋਈ ਵੀ ਰਾਹ ਨਹੀਂ ਹੈ।

(4) ਇਹ ਸੋਚਣਾ ਕਿ ਸਭ ਡਾਕਟਰਾਂ ਨੂੰ ਡਾਇਬਟੀਜ਼ ਦੇ ਇਲਾਜ ਦਾ ਪਤਾ ਹੈ, ਇਹ ਇਕ ਬਹੁਤ ਹੀ ਵਿਵਾਦਪੂਰਨ ਵਿਸ਼ਾ ਹੈ। ਹਕੀਕਤ ਤਾਂ ਇਹ ਹੈ ਕਿ ਅਜਿਹੇ ਇਲਾਜ ਸੰਭਵ ਹਨ ਜਿਨ੍ਹਾਂ ਵਿਚ ਦਵਾਈ ਦੀ ਬਹੁਤ ਘੱਟ ਜਾਂ ਬਿਲਕੁਲ ਹੀ ਲੋੜ ਨਹੀਂ ਪੈਂਦੀ... ਹਕੀਕਤ ਤਾਂ ਇਹ ਹੈ ਕਿ ਬਹੁਤੇ ਡਾਕਟਰਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਦਵਾਈ ਬਿਨਾਂ ਵੀ ਕਿਸੇ ਦਾ ਇਲਾਜ ਸੰਭਵ ਹੋ ਸਕਦਾ ਹੈ ਅਤੇ ਉਹ ਮਰੀਜਾਂ ਨੂੰ ਟਾਈਪ-2 ਦੀ ਡਾਇਬਟੀਜ਼ ਤੋਂ ਛੁਟਕਾਰਾ ਦਿਵਾ ਸਕਦੇ ਹਨ। ਯਕੀਨਨ, ਆਮ ਮਸ਼ਵਰਾ ਦਵਾਈਆਂ ਦੇਣ ਦਾ ਹੈ ਅਤੇ ਜਬਾਨੀ ਕਲਾਮੀ ਇਹ ਕਹਿਣ ਦਾ ਕਿ ਘੱਟ ਖਾਓ, ਕਸਰਤ ਕਰੋ। ਪਰ ਸੱਚ ਇਹ ਹੈ ਕਿ ਕੋਈ ਵੀ ਮਾਹਿਰ ਹੋਵੇ, ਭਾਵੇਂ ਇਹ ਕੋਈ ਕਾਰ ਮਕੈਨਿਕ, ਡੈਂਟਿਸਟ, ਅਕਾਊਂਟੈਂਟ ਜਾਂ ਡਾਕਟਰ ਹੋਵੇ, ਜੇ ਤੁਹਾਨੂੰ ਕੋਈ ਸਮੱਸਿਆ ਹੈ, ਉਸ ਬਾਰੇ ਉਸ ਨੂੰ ਬਹੁਤ ਘੱਟ ਤਜ਼ਰਬਾ ਹੋਵੇਗਾ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਕੋਈ ਮਦਦ ਨਾ ਕਰ ਸਕੇ। **ਦਵਾਈ ਬਿਨਾਂ** ਤੁਹਾਡੀ ਡਾਇਬਟੀਜ਼ ਦਾ ਇਲਾਜ ਇਕ ਅਜਿਹਾ ਮਾਮਲਾ ਹੈ ਜਿਸ ਬਾਰੇ ਤੁਹਾਡਾ ਡਾਕਟਰ ਸ਼ਾਇਦ ਕੁਝ ਵੀ ਨਾ ਜਾਣਦਾ ਹੋਵੇ ਜਾਂ ਉਸ ਨੂੰ ਉਕਾ ਹੀ ਤਜ਼ਰਬਾ ਨਾ ਹੋਵੇ। ਬੇਸ਼ੱਕ ਇਹ ਗੱਲ ਸਾਰੇ ਹੀ ਡਾਕਟਰਾਂ ਬਾਰੇ ਸਹੀ ਨਹੀਂ ਹੈ ਪਰ ਜੇ ਤੁਹਾਡਾ ਡਾਕਟਰ ਨਿਰੰਤਰ ਅਤੇ ਦਿਲੋਂ ਆਪਣੇ ਡਾਇਬਟੀਜ਼ ਦੇ ਮਰੀਜਾਂ ਦੀ ਘੱਟ ਤੋਂ ਘੱਟ ਦਵਾਈ ਦੀ ਵਰਤੋਂ ਨਾਲ ਠੀਕ ਹੋਣ ਵਿਚ ਮਦਦ ਨਹੀਂ ਕਰ ਰਿਹਾ ਤਾਂ ਤੁਹਾਨੂੰ ਨਿਸ਼ਚੇ ਹੀ ਕਿਸੇ ਹੋਰ ਅਜਿਹੇ ਡਾਕਟਰ ਜਾਂ ਸਿਹਤ ਵਿਗਿਆਨੀ ਦੀ ਮਦਦ ਲੈਣੀ ਪਵੇਗੀ ਜਿਸ ਨੂੰ ਇਸ ਸਬੰਧੀ ਤਜ਼ਰਬਾ ਹੋਵੇ ਅਤੇ ਤੁਹਾਡੀ ਸਿਹਤ ਵਿਚ ਕੋਈ ਸੁਧਾਰ ਆ ਸਕੇ।

ਕੀ ਟਾਈਪ-2 ਡਾਇਬਟੀਜ਼ ਦੇ ਕੁਝ ਮਰੀਜਾਂ ਲਈ ਦਵਾਈ ਦਾ ਸਹਾਰਾ ਲੈਣਾ ਲਾਜ਼ਮੀ ਹੈ? ਹਾਂ। ਕੀ ਇਸ ਰੋਗ ਦੇ ਮਰੀਜ਼ ਕੁਝ ਸਾਦਾ ਓਹੜ-ਪੋਹੜ ਕਰ ਕੇ ਦਵਾਈ ਦੀ ਮਾਤਰਾ ਘਟਾ ਸਕਦੇ ਹਨ ਜਾਂ ਦਵਾਈ ਤੋਂ ਉਕਾ ਹੀ ਛੁਟਕਾਰਾ ਪਾ ਸਕਦੇ ਹਨ? ਅਤੇ ਆਪਣੀ ਜ਼ਿੰਦਗੀ ਨੂੰ ਚੋਖੀ ਹੱਦ ਤਕ ਬਿਹਤਰ ਬਣਾ ਸਕਦੇ ਹਨ?

**ਬਿਲਕੁਲ।** ਅਜਿਹਾ ਕੁਝ ਸੰਭਵ ਹੈ? ਇਹ ਜਾਣਨ ਲਈ ਤੁਹਾਨੂੰ ਕਿਸੇ **ਅਨੁਭਵੀ** ਡਾਕਟਰ ਤੋਂ ਸਹੀ ਸਲਾਹ-ਮਸ਼ਵਰਾ ਲੈਣਾ ਪਵੇਗਾ। ਇਥੇ ਨੁਕਤਾ ਇਹ **ਨਹੀਂ** ਹੈ ਕਿ ਦਵਾਈਆਂ ਦੀ ਲੋੜ ਨਹੀਂ ਜਾਂ ਦਵਾਈ ਗਲਤ ਹੈ। ਇਥੇ ਨੁਕਤਾ ਇਹ ਹੈ ਕਿ ਬੜੀਆਂ ਸਾਦਾ ਜਿਹੀਆਂ ਰਣਨੀਤੀਆਂ ਮੌਜੂਦ ਹਨ ਜਿਨ੍ਹਾਂ ਨੂੰ ਅਪਨਾ ਕੇ ਡਾਇਬਟੀਜ਼ ਦਾ ਕਰੀਬ ਹਰ ਮਰੀਜ਼ ਆਪਣੀ ਸਿਹਤ ਅਤੇ ਜ਼ਿੰਦਗੀ ਵਿਚ ਵਡਾ ਸੁਧਾਰ ਲਿਆ ਸਕਦਾ ਹੈ।

(5) ਆਮ ਵਿਸ਼ਵਾਸ ਹੈ ਕਿ ਜੇ ਤੁਸੀਂ ਟਾਈਪ 2 ਡਾਇਬਟੀਜ਼ ਦੇ ਮਰੀਜ਼ ਹੋ ਤਾਂ ਤੁਹਾਡੇ ਪੈਨਕ੍ਰਿਆ ਲੋੜ ਅਨੁਸਾਰ ਇੰਸੂਲੀਨ ਤਿਆਰ ਨਹੀਂ ਕਰ ਰਹੇ। ਇਹ ਇਕ ਅਜਿਹੀ **ਸਭ ਤੋਂ ਵਡੀ ਤੇ ਗੰਭੀਰ** ਭੁਲ ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰਦੇ ਹਨ। ਕੀ ਪੈਨਕ੍ਰਿਆ ਦਾ ਡਾਇਬਟੀਜ਼ ਵਿਚ ਕੋਈ ਦਖਲ ਹੈ?...ਇਸ ਬਾਰੇ ਕੋਈ ਕਿੰਤੂ ਹੀ ਨਹੀਂ...ਹਾਂ! ਪਰ ਇਸ ਰੋਗ ਵਿਚ ਸਰੀਰ ਪੈਦਾ ਹੋ ਰਹੀ ਇੰਸੂਲੀਨ ਦੀ ਉਸ ਤਰ੍ਹਾਂ ਵਰਤੋਂ ਨਹੀਂ ਕਰ ਪਾਉਂਦਾ ਜਿਸ ਤਰ੍ਹਾਂ ਕਿ ਕਰਨੀ ਚਾਹੀਦੀ ਹੈ। ਮਰੀਜ਼ ਉਤੇ ਇੰਸੂਲੀਨ ਦਾ ਕੋਈ ਅਸਰ ਹੀ ਨਹੀਂ ਹੁੰਦਾ। ਡਾਇਬਟੀਜ਼ ਦੇ ਜਿਹੜੇ ਮਰੀਜ਼ ਇਹ ਸੋਚਦੇ ਹਨ ਕਿ ਸਿਰਫ ਪੈਨਕ੍ਰਿਆ ਦਾ ਹੀ ਕਸੂਰ ਹੈ, ਉਹ ਉਸ ਵੀਨਾ ਵਾਦਕ ਵਾਂਗ ਹੁੰਦੇ ਹਨ ਜੋ **ਇਕੋ ਤਾਰ** ਦਾ ਇਸਤੇਮਾਲ ਕਰਦਾ ਹੈ ਜਾਂ ਉਸ ਸਾਈਕਲ ਸਵਾਰ ਵਰਗੇ ਹੁੰਦੇ ਹਨ ਜੋ **ਇਕੋ ਪਹੀਏ** ਨਾਲ ਸਾਈਕਲ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਇਕ ਸਿਹਤਮੰਦ ਸਰੀਰ ਲਈ ਲੋੜੀਂਦੇ ਦੂਜੇ ਅੰਗਾਂ, ਜਿਵੇਂ ਗੁਰਦੇ, ਐਡਰੀਨਲ ਗਲੈਂਡਜ਼, ਥਾਇਰਾਡ ਅਤੇ ਪਾਚਨ ਕ੍ਰਿਆ ਦੇ ਮੁਲੰਕਣ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਨਾ ਇਕ ਅਜਿਹੀ ਅਤੇ **ਬਹੁਤ ਮਹਿੰਗੀ** ਸਾਬਤ ਹੋਣ ਵਾਲੀ **ਬਹੁਤ ਵਡੀ ਗਲਤੀ** ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰ ਬੈਠਦੇ ਹਨ। ਸ਼ੂਗਰ ਦੇ ਮਰੀਜ਼ਾਂ ਵਿਚ ਖੁਰਾਕੀ ਤੱਤਾਂ ਦਾ ਅਸੰਤੁਲਨ ਅਤੇ ਵਿਟਾਮਿਨਾਂ ਦੀ ਕਮੀ ਵੀ ਹੁੰਦੀ ਹੈ।

ਇਕ ਹੋਰ ਬਹੁਤ **ਅਹਿਮ** ਸਵਾਲ ਜੋ ਤੁਸੀਂ ਜਾਂ ਸਟਾਕਟਨ ਏਰੀਆ ਵਿਚ ਰਹਿੰਦੇ ਸ਼ੂਗਰ ਦੇ ਹੋਰ ਮਰੀਜ਼ ਕਰ ਸਕਦੇ ਹਨ..."ਪਿਛਲੀ ਵਾਰ ਕਦੋ ਤੁਹਾਡੇ ਡਾਕਟਰ ਨੇ ਇਨ੍ਹਾਂ ਪ੍ਰਣਾਲੀਆਂ ਦਾ ਮੁਲੰਕਣ ਇਹ ਜਾਨਣ ਲਈ ਕੀਤਾ ਸੀ ਕਿ ਤੁਸੀਂ **ਵਾਸਤਵ** ਵਿਚ ਕਿੰਨੇ ਸਿਹਤਮੰਦ ਹੋ ਜਾਂ ਇਹ ਜਾਨਣ ਲਈ ਟੈਸਟ ਕਦੋਂ ਕੀਤੇ ਗਏ ਸਨ ਕਿ ਇਨ੍ਹਾਂ ਦਾ ਤੁਹਾਡੀ ਸਿਹਤ ਉਤੇ ਕੀ ਅਸਰ ਪੈ ਰਿਹਾ ਹੈ?" ਜੇ ਤੁਹਾਡਾ ਜਵਾਬ ਹੈ, "ਮੈਨੂੰ ਯਾਦ ਨਹੀਂ" ਜਾਂ "ਕਦੀ ਨਹੀਂ" ਤਾਂ ਫਿਰ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਨ੍ਹਾਂ ਅਸੰਤੁਲਨਾਂ ਦੇ ਤੁਹਾਡੇ ਸ਼ੂਗਰ ਰੋਗ ਉਤੇ ਪੈਂਦੇ ਅਸਰ ਦਾ ਪਤਾ ਲਾਉਣ ਲਈ ਕਿਸੇ **ਅਨੁਭਵੀ** ਡਾਕਟਰ ਕੋਲ ਤੁਹਾਨੂੰ ਮਹਿਜ ਤੁਰ ਕੇ ਨਹੀਂ ਸਗੋਂ ਵਾਹੋ-ਦਾਹੀ **ਦੌੜ** ਕੇ ਪਹੁੰਚਣਾ ਚਾਹੀਦਾ ਹੈ।

ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਮਰੀਜ਼ਾਂ ਦਾ ਵਰ੍ਹਿਆਂ ਤੋਂ ਇਲਾਜ ਕਰਦੇ ਆ ਰਹੇ ਇਸ ਡਾਕਟਰ ਨੇ ਦੇਖਿਆ ਹੈ ਕਿ ਡਾਇਬਟੀਜ਼ ਇਲਾਜ ਨਾ ਹੋਣ ਜਾਂ ਸਿਰਫ ਦਵਾਈਆਂ ਨਾਲ ਇਲਾਜ ਹੋਣ ਤੇ ਸਿਹਤ ਉਤੇ ਕਿੱਡਾ ਮਾਰੂ ਅਸਰ ਪਾ ਸਕਦੀ ਹੈ। ਇਹ ਡਾਕਟਰ ਸਟਾਕਟਨ ਏਰੀਏ ਦੇ ਡਾਇਬਟੀਜ਼ ਮਰੀਜ਼ਾਂ ਲਈ ਸਭ ਤੋਂ ਵਧ ਬੇਬਾਕ, ਖਰਾ ਤੇ ਹਮਦਰਦ ਡਾਕਟਰ ਬਣ ਕੇ ਉਭਰਿਆ ਹੈ ਅਤੇ ਇਹੋ ਕਾਰਨ ਹੈ ਕਿ ਉਸ ਨੇ ਡਾਇਬਟੀਜ਼ ਦੇ ਉਨ੍ਹਾਂ ਮਰੀਜ਼ਾਂ ਤਕ ਪਹੁੰਚਣ ਲਈ ਸਹਿਮਤੀ ਪ੍ਰਗਟਾਈ ਹੈ ਜਿਨ੍ਹਾਂ ਨੂੰ ਮਦਦ ਦੀ ਜਰੂਰਤ ਹੈ। ਨਿਰਾ ਇਨਾ ਹੀ ਨਹੀਂ, ਡਾਕਟਰ ਨੇ ਖੁਲ੍ਹਦਿਲੀ ਦਿਖਾਉਂਦਿਆਂ ਇਹ ਲੇਖ ਪੜ੍ਹਨ ਵਾਲੇ 25 ਪਾਠਕਾਂ ਨੂੰ, ਜਿਸ ਨੂੰ ਉਹ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਦਾ ਨਾਂ ਦਿੰਦਾ ਹੈ, ਦਾ ਅਨੁਭਵ ਦੇਣ ਦੀ ਪੇਸ਼ਕਸ਼ ਕੀਤੀ ਹੈ। ਜਾਹਰ ਰਹੇ ਕਿ ਇਹ ਕੋਈ ਉਨ੍ਹਾਂ ਦੀ ਕਲੀਨਿਕ ਦੇ ਮਰੀਜ਼ ਬਣਨ ਲਈ ਸੱਦਾ **ਨਹੀਂ ਹੈ।** ਇਸ ਡਾਕਟਰ ਦੀ ਪ੍ਰੈਕਟਿਸ ਪਹਿਲਾਂ ਹੀ ਬਹੁਤ ਚਲਦੀ ਹੈ ਅਤੇ ਉਸਦੇ 'ਡਾਇਬਟੀਜ਼ ਸਿਹਤ ਅਤੇ ਅਰੋਗਤਾ' ਪ੍ਰੋਗਰਾਮ ਲਈ ਢੁਕਵੇਂ ਹੋਰ ਮਰੀਜ਼ ਲੈਣ ਦੀ ਗੁੰਜਾਇਸ਼ ਬਹੁਤ ਹੀ ਸੀਮਤ ਹੈ।

ਸ਼ੂਗਰ ਰੋਗ ਦੇ ਬਹੁਤੇ ਮਰੀਜ਼ ਚਿੰਤਾ ਕਰਦੇ ਹਨ...ਕੀ ਤੁਸੀਂ ਵੀ ਕਰਦੇ ਹੋ? ਕੀ ਤੁਸੀਂ ਫਿਕਰਮੰਦ ਹੋ ਕਿ ਉਸ ਤੋਂ ਪਹਿਲਾਂ ਤੁਹਾਡੇ ਕੋਲ ਕਿੰਨਾ ਕੁ ਸਮਾਂ ਬਚਿਆ ਹੈ ਕਿ ਸ਼ੂਗਰ ਰੋਗ ਤੁਹਾਡਾ ਜਿਊਣਾ ਮੁਹਾਲ ਕਰ ਦੇਵੇ ਅਤੇ ਜ਼ਿੰਦਗੀ ਲਈ ਖਤਰਾ ਬਣਨ ਵਾਲੀਆਂ ਇਹ ਅਲਾਮਤਾਂ ਤੁਹਾਨੂੰ ਘੇਰ ਲੈਣ:

*ਤੁਹਾਡੀ ਨਜ਼ਰ ਦਾ ਚਲੇ ਜਾਣਾ?

*ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਣਾ ਜਾਂ ਦਿਲ ਦਾ ਰੋਗੀ ਹੋ ਜਾਣਾ?

*ਜ਼ਿੰਦਗੀ ਦੀ ਕੋਈ ਕੁਆਲਿਟੀ ਨਾ ਰਹਿਣਾ?

*ਵਜ਼ਨ ਦਾ ਵੱਧ ਜਾਣਾ ਅਤੇ ਕਸਰਤ ਨਾ ਕਰ ਸਕਣਾ?

*ਆਪਣੇ ਗੁਰਦਿਆਂ ਲਈ ਡਾਇਲਸਸ ਦੀ ਲੋੜ ਪੈਣਾ?

*ਕੋਲੈਸਟਰੋਲ ਦਾ ਵੱਧਣਾ ਅਤੇ ਇਸ ਨਾਲ ਹਿਰਦੇ ਰੋਗ ਦਾ ਖਤਰਾ?

*ਸਟਰੋਕ ਦਾ ਖਤਰਾ ਵੱਧਣਾ?

*ਮਿਤਰਾਂ-ਸਨੇਹੀਆਂ ਨਾਲ ਸਮਾਂ ਨਾ ਬਿਤਾ ਸਕਣਾ ਤੇ ਉਹ ਕੁਝ ਨਾ ਕਰ ਸਕਣਾ ਜੋ ਤੁਸੀਂ ਕਰਨਾ ਚਾਹੁੰਦੇ ਹੋ?

ਪਰੰਤੂ ਜੇ ਤੁਸੀਂ ਇਸ ਡਾਕਟਰ ਦੇ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਪ੍ਰੋਗਰਾਮ ਦਾ ਮੁਫਤ ਫਾਇਦਾ ਉਠਾਉਣਾ ਚਾਹੁੰਦੇ ਹੋ...ਆਪਣੇ **ਸਾਰੇ** ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ। ਤੁਸੀਂ ਇਕ ਅਜਿਹੇ ਮਾਹੌਲ ਵਿਚ ਹੋਵੋਗੇ ਜਿਥੇ ਤੁਹਾਡੀ ਉਂਗਲ ਫੜ ਕੇ ਤੁਹਾਡੇ **ਸਾਰੇ ਸਵਾਲਾਂ** ਅਤੇ ਸਰੋਕਾਰਾਂ ਦਾ ਤਸੱਲੀਬਖਸ਼ ਅਤੇ ਗਾਰੰਟੀ ਨਾਲ ਜਵਾਬ ਦਿਤਾ ਜਾਏਗਾ। ਤੁਹਾਡੇ ਇਸ ਮੁਲੰਕਣ ਦੇ ਹਿੱਸੇ ਵਜੋਂ ਤੁਹਾਨੂੰ ਡਾਇਬਟੀਜ਼ ਟਾਈਪ-2 ਪ੍ਰਸ਼ਨੋਤਰੀ ਦਿਤੀ ਜਾਏਗੀ ਅਤੇ ਤੁਹਾਡੀ ਕੇਸ ਹਿਸਟਰੀ ਲਈ ਜਾਏਗੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਡੀ ਕਿਸ ਤਰ੍ਹਾਂ ਬਿਹਤਰ ਮਦਦ ਕੀਤੀ ਜਾ ਸਕਦੀ ਹੈ। ਤੁਹਾਡਾ ਮੁਕੰਮਲ ਟਾਈਪ-2 ਡਾਇਬਟੀਜ਼ ਖੁਰਾਕੀ ਅਤੇ ਪਿਸ਼ਾਬ ਟੈਸਟ ਵੀ ਕਰਵਾਇਆ ਜਾਏਗਾ। ਇਹ ਉਹ ਕਲੀਨਿਕ ਹੈ ਜਿਥੇ ਡਾਕਟਰ ਖੁਦ ਤੁਹਾਡੀ ਕੇਸ ਹਿਸਟਰੀ ਦਾ ਵਿਸ਼ਲੇਸ਼ਣ ਕਰੇਗਾ, ਤੁਹਾਡਾ ਮੁਆਇਨਾ ਕਰੇਗਾ, ਤੁਹਾਡੀ ਖੁਰਾਕ, ਆਦਤਾਂ ਅਤੇ ਸਿਹਤ ਦੇ ਟੀਚਿਆਂ ਬਾਰੇ ਪੁਛੇਗਾ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਹ ਪਤਾ ਲਾਉਣ ਲਈ ਕਿ ਤੁਹਾਡੇ ਲਈ ਕਿਹੜੀ ਪਹੁੰਚ ਬਿਲਕੁਲ ਸਹੀ ਸਾਬਤ ਹੋਵੇਗੀ, ਤੁਹਾਡੀਆਂ ਤਾਕਤ ਦੀਆਂ ਦਵਾਈਆਂ ਅਤੇ ਦੂਜੀਆਂ ਦਵਾਈਆਂ ਦੀ ਪੂਰੀ ਸੂਚੀ ਦਾ ਮੁਲੰਕਣ ਕੀਤਾ ਜਾਏਗਾ। (ਕਿਉਂਕਿ ਸਲਾਹ-ਮਸ਼ਵਰਾ **ਮੁਫਤ** ਹੈ, ਜੇ ਤੁਸੀਂ ਉਹ ਹੈਲਥ ਸਪਲੀਮੈਂਟ ਲੈ ਰਹੇ ਹੋ ਜਿਨ੍ਹਾਂ ਦੀ ਤੁਹਾਨੂੰ ਲੋੜ ਨਹੀਂ ਤਾਂ ਇਕੇ ਇਸ ਗੱਲ ਨਾਲ ਤੁਸੀਂ **ਸੈਂਕੜੇ ਡਾਲਰ** ਬਚਾ ਸਕਦੇ ਹੋ) ਇਸ ਡਾਕਟਰ ਨੂੰ ਸਟਾਕਟਨ ਦੇ ਸਭ ਤੋਂ ਵੱਧ ਬਾਜ਼ਮੀਰ ਅਤੇ ਸਭ ਤੋਂ ਵੱਧ ਖਿਆਲ ਰਖਣ ਵਾਲੇ ਡਾਕਟਰ ਦਾ ਅਵਾਰਡ ਦਿਤੇ ਜਾਣ ਲਈ ਜਿਵੇਂ ਇਹ ਸਭ ਕਾਫੀ ਨਹੀਂ ਸੀ, ਇਹ ਡਾਕਟਰ ਤੁਹਾਡੇ ਸਾਰੇ ਹੈਲਥ ਰਿਕਾਰਡ ਬਲੱਡ ਟੈਸਟਾਂ, ਅਲਟਰਾਸਾਊਂਡ ਅਤੇ ਐਕਸਰੇ ਰਿਪੋਰਟਾਂ ਦੀ ਵੀ ਬਾਰੀਕੀ ਨਾਲ ਇਹ ਜਾਨਣ ਲਈ ਛਾਣ-ਬੀਣ ਕਰੇਗਾ ਕਿ ਕਿਧਰੇ ਕੋਈ ਚੀਜ਼ ਨਜ਼ਰਅੰਦਾਜ਼ ਤਾਂ ਨਹੀਂ ਹੋ ਗਈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਤੁਹਾਨੂੰ ਇਹ ਜਾਣ ਕੇ ਬੇਹੱਦ ਹੈਰਾਨੀ ਹੋਵੇਗੀ ਕਿ ਕਿੰਨੀ ਵਾਰੀ ਇਸ ਮੁਲੰਕਣ ਦੇ ਜਰੀਏ ਪਹਿਲਾਂ ਨਜ਼ਰਅੰਦਾਜ਼ ਕਰ ਦਿੱਤੀ ਗਈ ਕਿਸੇ ਅਜਿਹੀ ਅਹਿਮ ਗੱਲ ਦਾ ਪਤਾ ਲਗਦਾ ਹੈ ਜਿਸ ਨਾਲ ਕਿ ਤੁਹਾਡੀ ਜ਼ਿੰਦਗੀ ਦਾ ਕਾਇਆਕਲਪ ਹੋ ਸਕਦਾ ਹੈ। ਜੇ ਤੁਹਾਨੂੰ ਕਿਸੇ ਹੋਰ ਅਜਿਹੇ ਡਾਕਟਰ ਦਾ ਪਤਾ ਹੈ ਜੋ ਤੁਹਾਡੇ ਲਈ ਇਨਾ ਸਮਾਂ, ਆਪਣਅੀ ਤਾਕਤ ਅਤੇ ਕੋਸ਼ਿਸ਼ ਲਾ ਸਕਦਾ ਹੈ ਤਾਂ ਮੈਨੂੰ ਹੈਰਾਨੀ ਹੋਵੇਗੀ...ਨਹੀਂ! ਮੈਂ ਤਾਂ ਇਕ ਤਰ੍ਹਾਂ ਨਾਲ ਹੱਕਾ-ਬੱਕਾ ਹੀ ਰਹਿ ਜਾਵਾਂਗਾ।

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਹਰ ਮਹੀਨੇ ਬਹੁਤ ਥੋੜੇ ਜਿਹੇ ਨਵੇਂ ਮਰੀਜ਼ ਲਏ ਜਾਂਦੇ ਹਨ ਅਤੇ ਇਹ ਵੀ ਪੂਰੀ ਤਰ੍ਹਾਂ ਸੰਭਵ ਹੈ ਕਿ ਤੁਹਾਨੂੰ ਇਸ ਕਲੀਨਿਕ ਵਲੋਂ ਆਪਣੇ ਮਰੀਜ਼ ਵਜੋਂ ਨਾ ਲਿਆ ਜਾਵੇ, ਉਸ ਸੂਰਤ ਵਿਚ ਤੁਹਾਡੇ ਪਾਸ ਉਹ ਕੀਮਤੀ ਸਲਾਹ-ਮਸ਼ਵਰਾ ਮੌਜੂਦ ਹੋਵੇਗਾ ਜਿਸਦੇ ਜਰੀਏ ਤੁਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਹੋਰ ਢੁਕਵੇਂ ਕਦਮ ਉਠਾ ਸਕਦੇ ਹੋ। ਤੁਸੀਂ ਸ਼ੂਗਰ ਦੇ ਮਰੀਜ਼ ਹੋ, ਇਸ ਨਾਲ ਆਸ ਦੀ ਕਿਰਨ ਖਤਮ ਨਹੀਂ ਹੋ ਗਈ। ਜੇ ਤੁਹਾਡੇ ਮੁਲੰਕਣ ਦੇ ਆਧਾਰ 'ਤੇ ਤੁਹਾਨੂੰ ਮਰੀਜ਼ ਵਜੋਂ ਲੈ ਕੇ ਡਾਕਟਰ ਨਾਲ ਸਿਧੇ ਸਲਾਹ-ਮਸ਼ਵਰੇ ਵਾਸਤੇ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਡਾਕਟਰ ਵਲੋਂ ਤੁਹਾਨੂੰ ਹੋਰ ਇਕ ਦਿਨ ਦਾ ਸਲਾਹ-ਮਸ਼ਵਰਾ ਬਿਲਕੁਲ ਮੁਫਤ ਦਿਤਾ ਜਾਏਗਾ। ਇਸ ਕਲੀਨਿਕ ਵਿਚ ਤੁਹਾਨੂੰ ਤੁਹਾਡੀ ਹਾਲਤ ਬਾਰੇ ਸੰਖੇਪ ਅਤੇ ਸਪਸ਼ਟ ਰਿਪੋਰਟ ਤੁਹਾਡੇ ਲਈ ਸਹੀ ਅਤੇ ਢੁਕਵੀਂ ਡਾਇਬਟਿਕ ਸਿਹਤ ਅਤੇ ਅਰੋਗਤਾ ਕਾਰਜ ਯੋਜਨਾ ਸਮੇਤ ਦਿਤੀ ਜਾਏਗੀ। ਜੇ ਤੁਹਾਨੂੰ ਇਸ ਗੱਲ ਉਤੇ ਯਕੀਨ ਹੈ...ਇਸ ਸਭ ਦੀ ਡਾਕਟਰ ਵਲੋਂ ਇਹ ਲੇਖ ਪੜ੍ਹਨ ਵਾਲੇ ਸਟਾਕਟਨ ਅਤੇ ਆਲੇ-ਦੁਆਲੇ ਦੇ 25 ਪਾਠਕਾਂ ਨੂੰ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਸਭ ਦੀ ਕੀਮਤ 447 ਡਾਲਰ ਹੈ ਅਤੇ ਜੇ ਤੁਸੀਂ ਇਹ ਸਭ ਮੁਫਤ ਚਾਹੁੰਦੇ ਹੋ ਤਾਂ ਸਟਾਕਟਨ ਡਾਇਬਟੀਜ਼ **ਹਾਟਲਾਈਨ 209-464-7738** ਉਤੇ ਤੁਰਤ ਫੋਨ ਕਰੋ। ਇਹ ਪੇਸ਼ਕਸ਼ ਵੀਰਵਾਰ 25 ਨਵੰਬਰ 2010 ਤਕ ਹੈ।

* The information contained in this advertisement, "functional" nutritional protocol is not intended as a diagnosis, treatment or cure for any medical condition. The information in the article is for informational purposes only and does not replace the advice of a doctor. All individuals are encouraged to seek the opinion of their physician especially regarding their medications. Copyright © 2010 CMC, LLC

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ॥ ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ॥

## ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ
## ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ

# ਸ੍ਰੀ ਗੁਰੂ ਨਾਨਕ ਦੇਵ ਜੀ

## ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ

# TAJ

## *INSURANCE SERVICES*

*Local or Long Haul Trucking (48 States) *Standard or Non Satandard Market
*Taxi *Limo *Ice-Cream Truck *Auto and Home package Available



Gurjinder "Pal" Singh Rai

***To beat your rates, Visit or Call***

**Gurdawar S. Mann Or Pal Rai**
**4 Union Square, Union city, CA 94587**
**Ph:(510) 487-1000**
**Fax (510) 740-3451**

*Note:Also Income Tax filing Available*

*An independent Broker with more than 50 Companies.*

Lic#0F34231



Gurdawar S. Mann

ੴ

# ਗੁਰਦੁਆਰਾ ਗੁਰੂ ਅੰਗਦ ਦਰਬਾਰ ਸਾਹਿਬ, ਬੇਕਰਸਫੀਲਡ

**8100 STINE RD., BAKERSFIELD CA 93313 USA**



ਵਿਖੇ

## 28 ਨਵੰਬਰ/2010, ਦਿਨ ਐਤਵਾਰ ਨੂੰ

# 6ਵਾਂ ਮਹਾਨ ਨਗਰ ਕੀਰਤਨ

## 12.30 ਵਜੇ ਤੋਂ 4 ਵਜੇ ਤੱਕ



ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਾਰੀਆਂ ਹੱਦਬੰਦੀਆਂ ਨੂੰ ਨਕਾਰ ਕੇ ਮਨੁੱਖ ਨੂੰ ਆਪਣਾ ਕੇਂਦਰੀ ਸਰੋਕਾਰ ਬਣਾਇਆ ਸੀ। ਮਨੁੱਖ ਨੂੰ ਬਾਹਰੀ ਵੰਡੀਆਂ ਅਤੇ ਫਰਕਾਂ ਤੋਂ ਪਾਰ, ਆਪਣੇ ਅੰਦਰ ਮੌਜੂਦ ਸਾਂਝੇ ਮਨੁੱਖ ਤੱਤ ਨੂੰ ਪਛਾਨਣ ਦਾ ਸੰਦੇਸ਼ ਦਿੱਤਾ ਸੀ। ਇਥੇ ਹੀ ਬਸ ਨਹੀਂ ਡੂੰਘੀ, ਰੁਹਾਨੀ ਵਚਨ ਵੱਧਤਾ ਅਤੇ ਸਾਂਝ ਦੀ ਸੱਚੀ ਭਾਵਨਾ ਨਾਲ, ਮਨੁੱਖੀ ਭਾਈਚਾਰੇ ਦੀ ਏਕਤਾ ਨੂੰ ਮਹਿਸੂਸ ਕੀਤਾ ਸੀ ਅਤੇ ਫਿਰ ਪੂਰੀ ਮਨੁੱਖਤਾ ਨੂੰ ਇਕ ਵਿਆਪਕ ਦ੍ਰਿਸ਼ਟੀ ਨਾਲ ਵੇਖਦਿਆਂ ਨਵੀਂ ਰੌਸ਼ਨੀ ਪ੍ਰਦਾਨ ਕੀਤੀ ਸੀ।

ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ ਬੇਕਰਸਫੀਲਡ ਵਿਖੇ ਨਵੰਬਰ 28, 2010 ਦਿਨ ਐਤਵਾਰ ਨੂੰ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ, ਜਿਸ ਵਿੱਚ ਵਿਦਵਾਨ ਪੰਥਕ ਬੁਲਾਰੇ, ਕਥਾਵਾਚਕ ਅਤੇ ਸੰਗਤਾਂ ਦੂਰੋਂ ਦੂਰੋਂ ਪਹੁੰਚ ਰਹੀਆਂ ਹਨ। ਸਮੂਹ ਮਾਈ-ਭਾਈ ਤਨ, ਮਨ ਅਤੇ ਧਨ ਨਾਲ ਇਸ ਸਮਾਗਮ ਵਿੱਚ ਹਿੱਸਾ ਪਾ ਕੇ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਥਾ ਵਾਚਕ
ਭਾਈ ਗੁਰਸਾਹਿਬ ਸਿੰਘ ਜੀ



ਭਾਈ ਜਗਤਾਰ ਸਿੰਘ ਜੀ



ਹਜ਼ੂਰੀ ਰਾਗੀ ਜੱਥਾ ਭਾਈ ਗੁਰਮੁਖ ਸਿੰਘ ਅਜਨਾਲਾ ਅਤੇ ਸਾਥੀ

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ .............. ਦਿਨ ਸ਼ੁੱਕਰਵਾਰ, 26 ਨਵੰਬਰ, 2010 ਸਵੇਰੇ

ਦਿਨ ਸ਼ਨਿਚਰਵਾਰ, 27 ਨਵੰਬਰ 2010 ਨੂੰ ਹਰ ਰੋਜ਼ ਦੀ ਤਰ੍ਹਾਂ ਦੀਵਾਨ ਸਜਣਗੇ, ਜਿਸ ਵਿੱਚ ਰਾਗੀ ਜੱਥਾ ਭਾਈ ਗੁਰਪ੍ਰੀਤ ਸਿੰਘ ਜੀ, ਢਾਡੀ ਜੱਥਾ ਸੁਖਵਿੰਦਰ ਸਿੰਘ ਗਰੇਵਾਲ ਅਤੇ ਕਵੀਸ਼ਰੀ ਜੱਥਾ ਗੁਰਦੇਵ ਸਿੰਘ ਸਾਹੋਕੇ ਅਤੇ ਹੋਰ ਜਥੇ ਭਾਗ ਲੈਣਗੇ ਅਤੇ ਪੰਥਕ ਵਿਚਾਰਾਂ ਹੋਣਗੀਆਂ।

ਭੋਗ ਸ੍ਰੀ ਅਖੰਡ ਪਾਠ ਸਾਹਿਬ ............... ਦਿਨ ਐਤਵਾਰ ਸਵੇਰੇ 10:00 ਵਜੇ 28 ਨਵੰਬਰ, 2010 ਸਵੇਰੇ

ਉਪਰੰਤ ਕੀਰਤਨ, ਕਥਾ ਵਿਚਾਰਾਂ ਹੋਣਗੀਆਂ। 12:30 ਵਜੇ ਨਗਰ ਕੀਰਤਨ ਹੋਵੇਗਾ।

## ਵਧੇਰੇ ਜਾਣਕਾਰੀ ਲਈ ਫੋਨ ਕਰੋ।

| ਫਲੋਟਾਂ ਦੀ ਸੇਵਾ | ਪਾਣੀਆਂ ਦੀ ਸੇਵਾ | ਮਾਇਆ ਦੀ ਸੇਵਾ | ਸਟੇਜ ਦੀ ਸੇਵਾ | ਲੰਗਰਾਂ ਦੀ ਸੇਵਾ | ਪੰਜਾਂ ਪਿਆਰਿਆਂ ਦੀ ਸੇਵਾ |
|---|---|---|---|---|---|
| ਗੁਰਪ੍ਰੀਤ ਸਿੰਘ ਰਾਏ | ਜਗਜੀਤ ਸਿੰਘ ਢਿੱਲੋਂ | ਕੁਲਵਿੰਦਰ ਸਿੰਘ | ਅਮਰੀਕ ਸਿੰਘ | ਵਾਲੀਬਾਲ ਅਤੇ ਕਬੱਡੀ ਕਲੱਬ | ਜਾਗੀਰ ਸਿੰਘ ਨਾਗਰਾ |
| ਹਰਜੀਤ ਸਿੰਘ | ਕੁਲਦੀਪ ਸਿੰਘ ਬਾਠ | ਅਜੀਤ ਸਿੰਘ ਬਸਰਾ | ਮਨਜੀਤ ਸਿੰਘ ਜੌਹਲ | ਅਤੇ ਸਮੂਹ ਸਾਧ ਸੰਗਤ | ਬਲਜੀਤ ਸਿੰਘ ਧੂਤ |

ਸਹਿਯੋਗੀ ਜਥੇਬੰਦੀਆਂ :

ਬੇਕਰਸਫੀਲਡ ਸਿੱਖ ਟੈਂਪਲ, ਗੁਰੂਨਾਨਕ ਮਿਸ਼ਨ, ਗੁਰਦੁਆਰਾ ਸਾਹਿਬ ਪਲਾਂਜ ਰੋਡ, ਐਨ.ਆਰ.ਆਈ. ਸਭਾ ਅਮਰੀਕਾ, ਪੰਜਾਬੀ ਅਮੈਰਿਕਨ ਸੀਨੀਅਰ ਸਿਟੀਜਨ, ਗੁਰੂ ਰਾਮ ਦਾਸ ਅਕੈਡਮੀ

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ : ਸ: ਸੁਖਵੀਰ ਸਿੰਘ ਸੰਧੂ - 661-204-0096, ਸ: ਅਜੀਤ ਸਿੰਘ ਬਸਰਾ - 661-301-4163, ਭਾਈ ਗੁਰਮੁਖ ਸਿੰਘ - 661-932-8353

ਮੀਡੀਆ : ਸ: ਹਰਜੀਤ ਸਿੰਘ (ਚੜ੍ਹਦੀਕਲਾ) - 661-201-5894 ਸ: ਮਨਦੀਪ ਸਿੰਘ ਮਾਨ (ਪੰਜਾਬ ਟਾਈਮਜ਼ ਅਤੇ ਜ਼ੀ ਪੰਜਾਬ) - 661-889-1927

Quik Signs *661-703-8795 *661-900-7357
www.quiksigns.us
singh_tanjit@yahoo.com or manmit5020@yahoo.com

# ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਰਵੀ ਸ਼ੰਕਰ ਨੂੰ ਸਿਰੋਪਾਓ ਦੇਣ ਦਾ ਵਿਰੋਧ

**ਨਿਊ ਯਾਰਕ:** ਸਿੱਖਾਂ ਨੂੰ ਕਿਸੇ ਅਖੌਤੀ ਦੇਹਧਾਰੀ ਅਧਿਆਤਮਕ ਗੁਰੂ ਦੀ ਜਰੂਰਤ ਨਹੀਂ ਕਿਉਂਕਿ ਸਿੱਖ 'ਸ਼ਬਦ-ਗੁਰੂ' ਦਾ ਪੁਜਾਰੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਸਦੀਵ-ਕਾਲ ਲਈ ਸਿੱਖਾਂ ਦੇ ਸਤਿਗੁਰੂ ਹਨ। ਗੁਰੂ ਸਾਹਿਬ ਸਿੱਖਾਂ ਨੂੰ ਨਹੀਂ ਬਲਕਿ ਸਮੁੱਚੀ ਮਾਨਵਤਾ ਨੂੰ ਬਿਨਾ ਕਿਸੇ ਭਿੰਨ੍ਹ-ਭੇਦ ਸਭ ਨੂੰ ਸਰਬ ਸਾਂਝਾ ਅਧਿਆਤਮਕ ਉਪਦੇਸ਼ ਦੇ ਰਹੇ ਹਨ, ਇਸ ਦੇ ਬਾਵਜੂਦ ਪਤਾ ਨਹੀਂ ਕੁਝ ਸਿੱਖ ਕਿਉਂ ਪਾਖੰਡੀ ਲੋਕਾਂ ਦੇ ਚੁੰਗਲ ਵਿਚ ਜਾ ਫਸਦੇ ਹਨ?

ਇਹ ਬਿਆਨ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ.ਐਸ.ਓ.) ਦੇ ਆਗੂਆਂ ਭਾਈ ਦੀਦਾਰ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਜਸਦੇਵ ਸਿੰਘ ਕੈਲੀਫੋਰਨੀਆ, ਭਾਈ ਸੁਖਦੇਵ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗਰਦੇਵ ਸਿੰਘ ਸੋਹਲ, ਭਾਈ ਬਲਵਿੰਦਰ ਸਿੰਘ ਸਿਆਟਲ, ਭਾਈ ਲਾਲ ਸਿੰਘ, ਭਾਈ ਕਰਨੈਲ ਸਿੰਘ ਸਲੇਮਪੁਰ, ਸੁਖਵੀਰ ਸਿੰਘ, ਚਰਨਜੀਤ ਸਿੰਘ ਸਮਰਾ-ਨਿਊ ਯਾਰਕ, ਭਾਈ ਤਰਜਿੰਦਰ ਸਿੰਘ, ਭਾਈ ਕੁਲਦੀਪ ਸਿੰਘ ਨਿਊ ਜਰਸੀ, ਸਿੱਖ ਚਿੰਤਕ ਭਾਈ ਤਰਲੋਚਨ ਸਿੰਘ ਦੁਪਾਲਪੁਰ ਅਤੇ ਇੰਡੀਆਨਾ ਤੋਂ ਪ੍ਰਸਿੱਧ ਨਾਵਲਿਸਟ ਭਾਈ ਅਮਰਦੀਪ ਸਿੰਘ ਅਮਰ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਸਿੱਖ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ 'ਆਰਟ ਆਫ ਲਿਵਿੰਗ' ਫਾਊਡੇਸ਼ਨ ਦੇ ਮੁੱਖੀ ਰਵੀ ਸ਼ੰਕਰ ਦਾ ਪੰਜਾਬ ਦੇ ਕੋਆਰਡੀਨੇਟਰ ਬਣੇ ਇੱਕ ਬੇਸਮਝ ਸਿੱਖ ਪ੍ਰਦੀਪ ਸਿੰਘ ਵਲੋਂ ਅੰਮ੍ਰਿਤਸਰ ਵਿਚ 'ਮਿਹਰਾਂ ਦੇ ਰੰਗ' ਦੇ ਨਾਂ ਥੱਲੇ ਪ੍ਰੋਗਰਾਮ ਕਰਾਉਣਾ ਸਿੱਖਾਂ ਦੇ ਮੂੰਹ 'ਤੇ ਚਪੇੜ ਮਾਰਨ ਦੇ ਤੁੱਲ ਹੈ। ਇਥੇ ਹੀ ਬੱਸ ਨਹੀਂ ਇਨ੍ਹਾਂ ਨੇ ਇਸ ਪ੍ਰੋਗਰਾਮ ਵਿਚ ਜਿਸ ਢੰਗ ਨਾਲ ਸਿੱਖ ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ ਉਹ ਨਾ ਕਾਬਲੇ ਬਰਦਾਸ਼ਤ ਹਨ। ਬਿਆਨ ਅਨੁਸਾਰ 13 ਨਵੰਬਰ ਨੂੰ ਅਖੌਤੀ ਅਧਿਆਤਮਕ ਗੁਰੂ ਰਵੀ ਸ਼ੰਕਰ ਦੇ 'ਮਿਹਰਾਂ ਦੇ ਰੰਗ' ਪ੍ਰੋਗਰਾਮ ਵਿਚ ਸਟੇਜ ਦੇ ਪਿਛੇ ਦਰਬਾਰ ਸਾਹਿਬ ਦਾ ਵੱਡਾ ਫਲੈਕਸ ਬੋਰਡ ਲਗਾਇਆ ਗਿਆ ਸੀ ਅਤੇ ਸਟੇਜ ਤੋਂ ਉਸ ਨੂੰ ਵਾਰ ਵਾਰ ਗੁਰੂ ਜੀ ਕਹਿ ਕੇ ਸੰਬੋਧਨ ਕੀਤਾ ਗਿਆ। ਸਿੱਖਾਂ ਦੇ ਘਰ ਜਨਮੇ ਭਾਜਪਾ ਦੇ ਟੋਡੀ ਨਵਜੋਤ ਸਿੰਘ ਸਿੱਧੂ ਅਤੇ ਬਾਦਲਾਂ ਦੇ ਚਾਪਲੂਸ ਬਿਕਰਮ ਸਿੰਘ ਮਜੀਠੀਏ ਨੇ ਵੀ ਗੁਰੂ ਗ੍ਰੰਥ ਸਾਹਿਬ ਤੋਂ ਬੇਮੁੱਖ ਹੁੰਦਿਆਂ ਇਸ ਨੂੰ ਗੁਰੂ ਜੀ ਕਹਿ ਕੇ ਹੀ ਸੰਬੋਧਨ ਕੀਤਾ। ਫਿਰ ਦਰਬਾਰ ਸਾਹਿਬ ਦੇ ਵੱਡੇ ਫਲੈਕਸ ਬੋਰਡ ਦੇ ਸਾਹਮਣੇ ਉਸੇ ਹੀ ਸਟੇਜ 'ਤੇ ਗੰਦੇ ਗਾਣਿਆਂ ਦੇ ਮਿਊਜਿਕ ਨਾਲ ਮੁੰਡੇ ਕੁੜੀਆ ਦਾ ਰੰਗਾ-ਰੰਗ ਪ੍ਰੋਗਰਾਮ ਚੱਲਿਆ ਅਤੇ ਰਵੀ ਸ਼ੰਕਰ ਨੇ ਇਸ ਅਸ਼ਲੀਲ ਮਿਊਜਕ ਉਤੇ ਖੂਬ ਨਚਾਈਆਂ ਆਪਣੀਆਂ ਉਗਲਾਂ।

ਸਖ਼ਤ ਸ਼ਬਦਾਂ ਦੀ ਵਰਤੋਂ ਕਰਦਿਆਂ ਉਪਰੋਕਤ ਆਗੂਆਂ ਨੇ ਬਿਆਨ ਵਿਚ ਕਿਹਾ ਹੈ ਕਿ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਕੇ ਕੌਮ ਨੂੰ ਚਿੜਾਉਣ ਵਾਲੇ ਤੇ ਸਿੱਖੀ ਦਾ ਹਿੰਦੂਕਰਨ ਕਰਨ ਦੀਆਂ ਗੁੱਝੀਆਂ ਸਾਜਿਸ਼ਾਂ ਰਚਣ ਵਾਲੇ ਇਸ ਅਖੌਤੀ ਗੁਰੂ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਅਤੇ ਜਸਵਿੰਦਰ ਸਿੰਘ ਐਡਵੋਕੇਟ ਵਲੋਂ ਸਿਰੋਪਾਓ ਦੇਣਾ ਇਹ ਸੰਕੇਤ ਦੇ ਰਿਹੈ ਕਿ ਅੱਜ ਸਿੱਖਾਂ ਦੀ ਸੋਚ ਬਹੁਤ ਨੀਵੇਂ ਪੱਧਰ ਤੱਕ ਗਰਕ ਹੋ ਚੁੱਕੀ ਹੈ। ਅਜਿਹੇ ਸਿੱਖ ਇੰਨੇ ਬੇ-ਸ਼ਰਮ, ਬੇ-ਹਯਾ, ਬੇ-ਗੈਰਤ ਅਤੇ ਬੇ-ਜ਼ਮੀਰ ਬਣ ਚੁੱਕੇ ਹਨ ਕਿ ਉਨ੍ਹਾਂ ਨੂੰ ਪੰਥ ਦੇ ਦੁਸ਼ਮਣ ਹੀ ਮਿੱਤਰ ਨਜ਼ਰ ਆਉਣ ਲੱਗ ਪਏ ਹਨ।

ਬਿਆਨ ਦੇ ਅਖੀਰ ਵਿਚ ਏ.ਐਸ.ਓ. ਨੇ ਸਮੁੱਚੀ ਸਿੱਖ ਕੌਮ ਨੂੰ ਸਾਵਧਾਨ ਕੀਤਾ ਹੈ ਕਿ ਸਿੱਖੀ ਦਾ ਭਗਵਾਂਕਰਨ ਕਰਨ ਉਤੇ ਉਤਾਰੂ ਇਨ੍ਹਾਂ ਬਿਪਰ ਤਾਕਤਾਂ ਦੇ ਏਜੰਟਾਂ ਤੋਂ ਬਚਿਆ ਜਾਵੇ। ਇਹ ਸਿੱਖਾਂ ਨੂੰ ਗੁਰੂ-ਗ੍ਰੰਥ ਅਤੇ ਪੰਥ ਨਾਲੋਂ ਤੋੜਨ ਲਈ ਦੇਸ਼ ਪੰਜਾਬ ਦੀ ਹਿੱਕ 'ਤੇ ਡੇਰਾਵਾਦ ਨੂੰ ਹੋਰ ਮਜਬੂਤ ਕਰਨ ਦੀਆਂ ਡੂੰਘੀਆਂ ਸਾਜਿਸ਼ਾਂ ਹਨ।

## ਬਹੁ-ਭਾਸ਼ੀ ਕਵੀ-ਦਰਬਾਰ 28 ਨੂੰ

**ਫਰੀਮਾਂਟ:** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਕੈਲੀਫੋਰਨੀਆ ਵਲੋਂ ਇਕ ਸਾਲਾਂ ਬਹੁਭਾਸ਼ੀ ਕਵੀ ਦਰਬਾਰ 28 ਨਵੰਬਰ ਨੂੰ ਫਰੀਮਾਂਟ/ ਨਿਊ ਆਰਕ ਵਿਚ ਮਹਿਰਾਨ ਰੈਸਟੋਰੈਂਟ (5774 ਮੌਰੀ ਸਕੂਲ ਰੋਡ, ਨਿਊ ਆਰਕ) ਵਿਚ ਹੋਵੇਗਾ। ਪ੍ਰੋਗਰਾਮ ਸਵੇਰੇ 11.30 ਤੋਂ ਸ਼ਾਮ 4 ਵਜੇ ਤੱਕ ਚੱਲੇਗਾ। ਕਵੀ ਦਰਬਾਰ ਵਿਚ ਭਾਰਤ, ਪਾਕਿਸਤਾਨ ਅਤੇ ਅਮਰੀਕੀ ਸਮਾਜ ਨਾਲ ਸਬੰਧਤ ਕਵੀ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਆਪਣਾ ਕਲਾਮ ਪੇਸ਼ ਕਰਨਗੇ। ਪ੍ਰੋਗਰਾਮ ਲਈ ਦਾਖਲਾ ਟਿਕਟ 5 ਡਾਲਰ ਹੈ ਜਿਸ ਵਿਚ ਦੁਪਹਿਰ ਦਾ ਖਾਣਾ ਅਤੇ ਚਾਹ ਸ਼ਾਮਲ ਹੋਏਗੀ।

ਇਸ ਕਵੀ ਦਰਬਾਰ ਵਿਚ ਹਿੱਸਾ ਲੈਣ ਵਾਲੇ ਪ੍ਰਮੁਖ ਕਵੀਆਂ ਵਿਚ ਤਾਸ਼ੀ ਜ਼ਹੀਰ, ਫਾਰੂਖ਼ ਤਰਾਜ਼, ਜਾਵੇਦ ਸਈਦ, ਸ਼ਿਆਮ ਨਰਾਇਣ ਸ਼ੁਕਲਾ, ਬ੍ਰਹਮਾਂਨੰਦ ਪਾਂਡੇ, ਨਿਰਮਲਾ ਸ਼ੁਕਲਾ, ਆਜ਼ਾਦ ਜਲੰਧਰੀ, ਸੁਖਵਿੰਦਰ ਕੰਬੋਜ, ਈਸ਼ਰ ਸਿੰਘ ਮੋਮਨ, ਡਾ. ਸੁਖਪਾਲ ਸੰਘੇੜਾ, ਕੁਲਵਿੰਦਰ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਨੀਲੂ ਗੁਪਤਾ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਸੁਰਿੰਦਰ ਸੀਰਤ, ਦਲਜੀਤ ਰਿਆੜ, ਅਰਸ਼ਦ ਰਸ਼ੀਦ, ਰੇਸ਼ਮ ਸਿਧੂ, ਅਮਨਦੀਪ ਬੋਪਾਰਾਏ, ਪੰਕਜ ਆਂਸਲ, ਮੇਜਰ ਭੁਪਿੰਦਰ ਦਲੇਰ, ਹਰਭਜਨ ਢਿਲੋਂ ਅਤੇ ਪ੍ਰੋ. ਹਰਭਜਨ ਸਿੰਘ ਆਦਿ ਸ਼ਾਮਲ ਹਨ। ਹੋਰ ਜਾਣਕਾਰੀ ਲਈ ਵਿਪਸਾ ਦੇ ਚੇਅਰਮੈਨ ਸੁਖਵਿੰਦਰ ਕੰਬੋਜ (209-417-7960) ਜਾਂ ਜਰਨਲ ਸਕੱਤਰ ਕੁਲਵਿੰਦਰ (510-367-2090), ਰੇਸ਼ਮ ਸਿੱਧੂ (510-689-6616), ਜਗਜੀਤ (510-676-1565) ਨਾਲ ਸੰਪਰਕ ਕਰੋ।

# ਐਨ ਆਰ ਆਈ ਸਭਾ ਲਿਵਿੰਗਸਟਨ ਦਾ ਗਠਨ

**ਬੇਕਰਜ਼ਫੀਲਡ:** ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਸ. ਜੌਬਨਜੀਤ ਸਿੰਘ ਬੌਬੀ ਨੇ ਪੰਜਾਬ ਦੇ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ ਆਰ ਆਈ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਸਲਾਹ ਮਸ਼ਵਰੇ ਪਿਛੋਂ ਕੈਲੀਫੋਰਨੀਆ ਦੇ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸ਼ਹਿਰ ਲਿਵਿੰਗਸਟਨ ਵਿਚ ਐਨ ਆਰ ਆਈ ਸਭਾ ਦਾ ਗਠਨ ਕਰ ਦਿੱਤਾ ਹੈ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਮੀਡੀਆ ਸਲਾਹਕਾਰ ਮਨਦੀਪ ਮਾਨ ਨੇ ਦੱਸਿਆ ਕਿ ਗੁਰਦੀਪ ਸਿੰਘ ਕਾਲਕਟ-ਚੇਅਰਮੈਨ, ਭਾਈ ਜਸਵੰਤ ਸਿੰਘ-ਪ੍ਰਧਾਨ, ਹਰਦੀਪ ਸਿੰਘ ਰਾਏ-ਵਾਈਸ ਚੇਅਰਮੈਨ, ਹਰਜਿੰਦਰ ਸਿੰਘ ਹੈਪੀ-ਸਕੱਤਰ ਜਨਰਲ, ਮਨਜੀਤ ਸਿੰਘ ਬਾਸੀ-ਸੀਨੀਅਰ ਮੀਤ ਪ੍ਰਧਾਨ, ਗੁਰਨਾਮ ਸਿੰਘ ਕਾਲਕਟ-ਮੀਤ ਪ੍ਰਧਾਨ, ਮਾਸਟਰ ਦਲਜੀਤ ਸਿੰਘ-ਜਨਰਲ ਸਕੱਤਰ, ਬਲਵਿੰਦਰ ਸਿੰਘ ਗਿੱਲ-ਸਕੱਤਰ, ਮਹਿੰਦਰ ਸਿੰਘ ਕੂਨਰ-ਮੀਤ ਸਕੱਤਰ, ਗੁਰਮੀਤ ਸਿੰਘ ਝੂਟੀ-ਮੀਤ ਸਕੱਤਰ ਅਤੇ ਹਰਪ੍ਰੀਤ ਸਿੰਘ-ਖਜ਼ਾਨਚੀ ਨਿਯੁਕਤ ਕੀਤੇ ਗਏ ਹਨ।

Motel For Sale

Mufreesboro Inn in NC

Property Description: 32 rooms, newly renovated with owner's 4 bedroom house attached to the property. Only Motel in popular university town of North Carolina. Located on main street . No other motel in 15 miles area radius.

Price $785000/- ALL CASH.

Please Call, Ph:919-794-6429

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com







London Properties

Teresa Norman
Hablo Español • Lic.#01808099
(559) 213-2090
tnorman@londonproperties.com

Beautiful 4758 sq. ft estate and rental house on 73 acres of almond & corn agriculture. This estate also has 4 bedrooms, 4 bath, 7 car garage.

ਸ਼ਾਨਦਾਰ ਮਹਿਲਨੁਮਾ ਘਰ

ਕੀਮਤ $2,142,805



18702 Avenue 14 Madera, CA 93637-9438

**ELEGANCE AT ITS FINEST!** One of a kind custom design estate. Gated driveway provides spacious enclosed area for entertaining and added privacy secluded with a serene setting of a private orchard, the large wrap-around yard invites entertaining, charming Euro gardens. Covered patio, tennis courts, basketball courts, and sparkling pool w/ 7 car garage. Stunning open floor plan features sophistication & craftsmanship. First landing offers a step down great room w/ 30ft ceilings, full length windows w/ custom draperies. Formal living & dining rooms are inspired w/ amazing design. Handsome game room, full bar w/ wine rack & refrigerator. Even an indoor gym. A Must See!!!

**Directions:** West on Avenue 14 pass Road 19, property on left side of road.

**Contact:Teresa Norman** (Lic: 01808099), e-mail:tnorman@londonproperties.com

559-213-2090, Burr Frye 559-905-3512

Mobile Auto Service

Bay Area & Central Valley

32 Years Experience

ASE Certified
Master Auto Technician
Engine Performance Specialist



Guljender Dhami

>· Brakes
>· Tune Up
>· Timing Belts
>· Water Pump
>· Check Engine Light
>· Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ, ਵਾਜਬ ਕੀਮਤ

Call For Appt.: 510-284-9479 & 209-622-9051

# ਬੇਕਰਜ਼ਫੀਲਡ ਵਿਚ ਨਗਰ ਕੀਰਤਨ 28 ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਗੁਰਦੁਆਰਾ ਸ੍ਰੀ ਅੰਗਦ ਦਰਬਾਰ, ਬੇਕਰਜ਼ਫੀਲਡ ਵਲੋਂ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਮੌਕੇ ਮਹਾਨ ਨਗਰ ਕੀਰਤਨ ਆਉਂਦੀ 28 ਨਵੰਬਰ ਐਤਵਾਰ ਨੂੰ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਤਿਆਰੀਆਂ ਮੁਕੰਮਲ ਕਰਨ ਲਈ ਗੁਰੂ ਘਰ ਦੇ ਸੇਵਾਦਾਰਾਂ ਦੀ ਇਕ ਮੀਟਿੰਗ ਲੰਘੇ ਐਤਵਾਰ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਹੋਈ ਜਿਸ ਵਿਚ ਵੱਖ ਵੱਖ ਸੇਵਾਦਾਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਾਰ ਵੀ ਨਗਰ ਕੀਰਤਨ ਦਾ ਰੂਟ ਪਹਿਲਾਂ ਦੀ ਤਰ੍ਹਾਂ ਹੀ ਹੋਵੇਗਾ ਅਰਥਾਤ ਨਗਰ ਕੀਰਤਨ ਗੁਰੂ ਘਰ ਤੋਂ ਅਰੰਭ ਹੋ ਕੇ ਹੌਸਕਿੰਗ ਤੋਂ ਸੱਜੇ, ਫਿਰ ਏਕਰ ਤੋਂ ਸੱਜੇ, ਮਕਈ ਤੋਂ ਸੱਜੇ ਅਤੇ ਉਸ ਤੋਂ ਬਾਅਦ ਸਟਾਈਨ ਰੋਡ ਤੋਂ ਹੁੰਦਾ ਹੋਇਆ ਮੁੜ ਗੁਰੂ ਘਰ ਆ ਕੇ ਸਮਾਪਤ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 26 ਨਵੰਬਰ ਨੂੰ ਬੱਚਿਆਂ ਦੇ ਗੁਰਬਾਣੀ ਉਚਾਰਨ ਅਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣਗੇ। 27 ਨਵੰਬਰ ਨੂੰ ਭਾਈ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ ਜਥਾ ਸ਼ਾਮ 5 ਵਜੇ ਤੋਂ ਰਾਤ 10 ਵਜੇ ਤੱਕ ਸਿੱਖ ਇਤਿਹਾਸ ਨਾਲ ਸਬੰਧਤ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਆਪਣੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਪ੍ਰਧਾਨ ਸੁਖਵੀਰ ਸਿੰਘ ਸੰਧੂ ਨਾਲ ਫੋਨ 661-204-0096 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਜੈਕਾਰਾ ਜੂਨੀਅਰ ਕੈਂਪ-ਸਿੱਖੀ ਦਾ ਬੂਟਾ' 27 ਨਵੰਬਰ ਨੂੰ

**ਯੂਬਾ ਸਿਟੀ:** ਗੁਰਦੁਆਰਾ ਸਿੱਖ ਟੈਂਪਲ, ਟਾਇਰਾ ਬਿਊਨਾ ਵਲੋਂ ਗੁਰਮਤਿ ਦੇ ਪ੍ਰਚਾਰ ਅਤੇ ਪਸਾਰ ਲਈ ਚੱਲ ਰਹੀਆਂ ਗੁਰਮਤਿ ਗਤੀਵਿਧੀਆਂ ਤਹਿਤ 'ਜੈਕਾਰਾ ਜੂਨੀਅਰ ਕੈਂਪ-ਸਿੱਖੀ ਦਾ ਬੂਟਾ' ਆਉਂਦੀ 27 ਨਵੰਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਦਸਮੇਸ਼ ਹਾਲ ਵਿਚ ਲਾਇਆ ਜਾ ਰਿਹਾ ਹੈ। ਇਸ ਕੈਂਪ ਵਿਚ 5 ਤੋਂ 15 ਸਾਲ ਤੱਕ ਦੇ ਬੱਚੇ ਹਿੱਸਾ ਲੈ ਸਕਣਗੇ।

ਕੈਂਪ ਦੌਰਾਨ ਬੱਚਿਆਂ ਨੂੰ ਸਿੱਖ ਇਤਿਹਾਸ ਦੇ ਨਾਲ ਨਾਲ ਆਧੁਨਿਕ ਸਮੇਂ ਵਿਚ ਸਿੱਖੀ ਦੀ ਮਹੱਤਤਾ, ਗੁਰਮਤਿ ਦੇ ਸਿਧਾਂਤਾਂ ਅਧੀਨ ਜੀਵਨ ਜਾਚ, ਸਿੱਖ ਬੱਚਿਆਂ ਦੇ ਸਿੱਖੀ ਵਿਚ ਪਰਪੱਕ ਰਹਿ ਕੇ ਸੰਸਾਰ ਵਿਚ ਅਮਨ ਸ਼ਾਂਤੀ ਅਤੇ ਆਪਸੀ ਭਾਈਚਾਰਾ ਵਧਾਉਣ ਲਈ ਭੂਮਿਕਾ ਨਿਭਾਉਣ ਦੇ ਵਿਸ਼ਿਆਂ ਉਪਰ ਲੈਕਚਰ ਹੋਣਗੇ। ਸਕੂਲੀ ਪੜ੍ਹਾਈ ਦੌਰਾਨ ਸਿੱਖੀ ਪਹਿਚਾਣ ਕਰਕੇ ਆਉਂਦੀਆਂ ਔਕੜਾਂ ਦਾ ਸਹਿਜ ਨਾਲ ਸਾਹਮਣਾ ਕਰਨ ਅਤੇ ਸੰਸਾਰ ਪੱਧਰ 'ਤੇ ਵਿਚਰਨ ਬਾਰੇ ਵੀ ਬੱਚਿਆਂ ਨੂੰ ਵਿਦਵਾਨਾਂ ਵਲੋਂ ਜਾਣਕਾਰੀ ਦਿੱਤੀ ਜਾਏਗੀ।

ਇਥੇ ਜ਼ਿਕਰਯੋਗ ਹੈ ਕਿ ਗੁਰੂ ਘਰ ਵਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ ਵਿਚ ਵੀ ਮੁਫਤ ਗੁਰਮਤਿ ਲਿਟਰੇਚਰ ਮੁਹੱਈਆ ਕੀਤਾ ਜਾਂਦਾ ਹੈ। ਗੁਰੂ ਘਰ ਵਿਚ ਚੱਲ ਰਹੇ ਸਕੂਲ ਵਿਚ ਵਿਸ਼ੇਸ਼ ਗੁਰਮਤਿ ਕੈਂਪ ਲਾ ਕੇ ਛੋਟੀ ਉਮਰ ਦੇ ਬੱਚਿਆਂ ਨੂੰ ਗੁਰਬਾਣੀ ਸਿਧਾਂਤਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ। ਹੋਰ ਜਾਣਕਾਰੀ ਸ. ਰਾਜਿੰਦਰ ਸਿੰਘ ਖਹਿਰਾ ਫੋਨ 530-216-3573 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।

# ਯੁਗਾਂਤਰ ਆਸ਼ਰਮ ਸਭ ਭਾਰਤੀਆਂ ਲਈ ਖੋਲ੍ਹਣ ਦੀ ਮੰਗ

**ਬੇਕਰਜ਼ਫੀਲਡ:** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਨੇ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਨੂੰ ਅਪੀਲ ਕੀਤੀ ਹੈ ਕਿ ਜਮਹੂਰੀ ਲੀਹਾਂ 'ਤੇ ਚਲਦਿਆਂ ਗਦਰੀ ਬਾਬਿਆਂ ਦੇ ਹੈਡ ਕੁਆਰਟਰ 'ਯੁਗਾਂਤਰ ਆਸ਼ਰਮ' ਨੂੰ ਸਮੁੱਚੇ ਭਾਰਤੀਆਂ ਲਈ ਖੋਲ੍ਹਿਆ ਜਾਵੇ ਤਾਂ ਜੋ ਦੇਸ਼ ਭਗਤ ਰਵਾਇਤਾਂ ਨੂੰ ਪ੍ਰਣਾਏ ਲੋਕ ਅਤੇ ਪਰਿਵਾਰ ਉਸ ਇਤਿਹਾਸਕ ਥਾਂ ਦੀ ਖੁੱਲ੍ਹੀ ਜ਼ਿਆਰਤ ਕਰ ਸਕਣ।

ਇਥੇ ਕਰਮਜੀਤ ਸਿੰਘ ਕੰਗ ਦੇ ਘਰ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਉਪਰੋਕਤ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿਚ ਲੰਘੀ 4 ਅਕਤੂਬਰ ਨੂੰ ਸੈਕਰਾਮੈਂਟੋ ਵਿਚ ਜਥੇਬੰਦੀ ਵਲੋਂ ਕਰਵਾਏ ਗਏ ਗਦਰੀ ਬਾਬਿਆਂ ਦੇ ਮੇਲੇ ਦਾ ਲੇਖਾ ਜੋਖਾ ਕੀਤਾ ਗਿਆ। ਬੱਬਰ ਅਕਾਲੀ ਲਹਿਰ ਨੂੰ ਸਮਰਪਿਤ ਇਸ ਮੇਲੇ ਵਿਚ ਲੋਕਾਂ ਦੀ ਹਾਜ਼ਰੀ ਉਤੇ ਤਸੱਲੀ ਪ੍ਰਗਟ ਕੀਤੀ ਗਈ, ਅਮਰੀਕਾ ਵਸਦੇ ਪਰਵਾਸੀ ਭਾਰਤੀਆਂ ਅਤੇ ਵੱਖ ਵੱਖ ਕੌਮੀ ਗਰੁਪਾਂ ਵਲੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਭਰਵਾਂ ਧੰਨਵਾਦ ਕੀਤਾ ਗਿਆ। ਖਾਸ ਕਰਕੇ ਕੈਲੀਫਰਨੀਆ ਦੇ ਗਵਰਨਰ ਤੇ ਪ੍ਰਤੀਨਿਧ ਵਲੋਂ ਭੇਜੇ ਗਏ ਸੁਨੇਹੇ ਦੀ ਸ਼ਲਾਘਾ ਕੀਤੀ ਗਈ।

ਮੀਟਿੰਗ ਵਿਚ ਜਥੇਬੰਦੀ ਦਾ ਘੇਰਾ ਹੋਰ ਵਿਸ਼ਾਲ ਕਰਨ ਹਿੱਤ ਨਵੇਂ ਮੈਂਬਰਾਂ ਦੀ ਸ਼ਮੂਲੀਅਤ ਨੂੰ ਜੀ ਆਇਆਂ ਆਖਿਆ ਗਿਆ। ਮੇਲੇ ਦੀ ਸਫਲਤਾ ਲਈ ਫੰਡ ਉਗਰਾਹੁਣ ਦੀ ਡਿਊਟੀ ਨਿਭਾਉਣ ਵਾਲੇ ਆਗੂਆਂ ਅਤੇ ਵਰਕਰਾਂ ਦੀ ਵੀ ਸ਼ਲਾਘਾ ਕੀਤੀ ਗਈ। ਖਰਚਿਆਂ ਨੂੰ ਵਿੱਤ ਅਨੁਸਾਰ ਰੱਖਣ ਲਈ ਪ੍ਰਧਾਨ ਦੀ ਸ਼ਲਾਘਾ ਕੀਤੀ ਗਈ। ਜਥੇਬੰਦੀ ਦੀ ਆਰਥਿਕ ਸਹਾਇਤਾ ਕਰਨ ਵਾਲੇ ਸੱਜਣਾਂ, ਸਪਾਂਸਰਾਂ ਅਤੇ ਸਹਿਯੋਗੀਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਗਿਆ। ਸੁਚੱਜੇ ਸਟੇਜ ਸੰਚਾਲਨ ਉਤੇ ਤਸੱਲੀ ਪ੍ਰਗਟਾਉਂਦਿਆਂ ਇਸ ਗੱਲ 'ਤੇ ਖੁਸ਼ੀ ਪ੍ਰਗਟਾਈ ਗਈ ਕਿ ਹਰ ਕਲਾਕਾਰ ਨੇ ਦੇਸ਼ ਭਗਤੀ ਦੇ ਵਿਸ਼ੇ ਦੀ ਸੀਮਾ ਵਿਚ ਰਹਿੰਦਿਆਂ ਹੀ ਲੋਕਾਂ ਦਾ ਮਨੋਰੰਜਨ ਕੀਤਾ। ਦੇਸ਼ ਭਗਤਾਂ ਦੀ ਲਾਈ ਗਈ ਫੋਟੋ ਪ੍ਰਦਰਸ਼ਨੀ ਨੂੰ ਲੋਕਾਂ ਤੋਂ ਮਿਲੇ ਹੁੰਗਾਰੇ ਉਤੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

ਇਸ ਮੌਕੇ ਜਥੇਬੰਦੀ ਦੇ ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ ਨੇ ਸਾਲ ਭਰ ਦੀ ਵਿੱਤੀ ਰਿਪੋਰਟ ਪੇਸ਼ ਕੀਤੀ ਜੋ ਸਰਬਸੰਮਤੀ ਨਾਲ ਪਾਸ ਕਰ ਦਿੱਤੀ ਗਈ। ਮੀਟਿੰਗ ਵਿਚ ਅਮਰਜੀਤ ਸਿੰਘ ਰਾਏ, ਜਸਵਿੰਦਰ ਸਿੰਘ ਸੰਧੂ, ਦਵਿੰਦਰ ਸਿੰਘ, ਕਸ਼ਮੀਰ ਸਿੰਘ ਕਾਂਗਣਾ, ਬਲਵਿੰਦਰ ਬਾਂਕਾ, ਸੁਮਿੱਤਰ ਉਪਲ, ਜਗਜੀਤ ਗਿੱਲ, ਸਤਿੰਦਰ ਬਾਠ, ਬਲਵਿੰਦਰ ਸੰਧੂ ਅਤੇ ਜਰਨੈਲ ਸਿੰਘ ਸਰਪੰਚ ਨੇ ਆਪਣੇ ਵਿਚਾਰ ਰੱਖੇ। ਅਮਰਜੀਤ ਰਾਏ ਨੇ ਇਸ ਮੀਟਿੰਗ ਨੂੰ ਕੈਮਰੇ ਵਿਚ ਬੰਦ ਕੀਤਾ।

ਮੀਟਿੰਗ ਵਿਚ ਲੈਥਰਪ ਸ਼ਹਿਰ ਦੇ ਵਾਈਸ ਮੇਅਰ ਸੁੱਖ ਧਾਲੀਵਾਲ ਦੀ ਮਾਤਾ ਬੀਬੀ ਗੁਰਜੀਤ ਕੌਰ ਧਾਲੀਵਾਲ ਦੀ ਮੌਤ ਉਤੇ ਸ਼ੋਕ ਦਾ ਪ੍ਰਗਟਾਵਾ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਲਾਇਬਰੇਰੀ ਦੇ ਇੰਚਾਰਜ ਚਿਰੰਜੀ ਲਾਲ ਕੰਗਣੀਵਾਲ ਦੇ ਨੌਜਵਾਨ ਬੇਟੇ ਦੀ ਬੇਮੌਕਾ ਮੌਤ ਉਤੇ ਵੀ ਦੁੱਖ ਪ੍ਰਗਟਾਇਆ ਗਿਆ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ



Attorny At Law

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਗੁਰਬਾਣੀ ਪ੍ਰੋਗਰਾਮ

ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ
ਐਲ ਸਬਰਾਂਟੇ, ਸੈਕਰਾਮੈਂਟੋ
ਅਤੇ ਕਈ ਹੋਰ
ਗੁਰਦੁਆਰਾ ਸਾਹਿਬ ਤੋਂ

ਸਪੈਸ਼ਲ ਟਾਕ ਸ਼ੋਅ ਹਰ ਰੋਜ

ਸ਼ਾਮ 8.00 ਤੋਂ 9.00 ਵਜੇ ਤੱਕ

ਪੰਜਾਬੀ ਰੇਡੀਓ

Punjabi RADIO

ON THE AIR

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਕੀਮਤ $25

ਆਪਣੇ ਸਟੋਰ 'ਤੇ ਰੇਡੀਓ ਵੇਚਣ ਲਈ ਕਾਲ ਕਰੋ

ਹਰ ਘੰਟੇ ਬਾਅਦ ਪੰਜਾਬ, ਲਹਿੰਦਾ ਪੰਜਾਬ
ਅਤੇ ਉੱਤਰੀ ਅਮਰੀਕਾ ਤੋਂ ਖਬਰਾਂ ਸੁਣੋ

ਖ਼ਬਰਾਂ

ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ,
ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਪੰਜਾਬੀ ਰੇਡੀਓ ਹੋਰ ਸ਼ਹਿਰਾਂ ਵਿਚ
ਬਹੁਤ ਹੀ ਜਲਦ ਸ਼ੁਰੂ ਹੋ ਰਿਹਾ ਹੈ

ਨੌਜਵਾਨਾਂ ਦੇ ਦਿਲਾਂ
ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

ਹੋਰ ਜਾਣਕਾਰੀ ਲਈ

Phone : 408.722.7698

Email: punjabiradiousa@yahoo.com
3750 McKee Road, # B, San Jose CA 95127

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਰੁਪਏ ਦਾ ਰਗੜਾ

ਚਾਹੁੰਦੀਆਂ।

ਦੂਜੇ ਪਾਸੇ 16 ਨਵੰਬਰ ਨੂੰ ਸੰਸਦ 'ਚ ਪੇਸ਼ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ)



*ਏ ਰਾਜਾ*

ਰਿਪੋਰਟ ਮੁਤਾਬਕ ਏ.ਰਾਜਾ ਦੇ ਆਪਹੁਦਰੇ ਰਵੱਈਏ ਕਾਰਨ ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਜਿਸ ਕਾਰਨ ਵਿਰੋਧੀ ਧਿਰਾਂ ਦਾ ਰੁਖ ਹੋਰ ਸਖਤ ਹੋ ਗਿਆ। ਭਾਜਪਾ, ਖੱਬੇ-ਪੱਖੀ ਪਾਰਟੀਆਂ ਤੇ ਅੰਨਾ ਡੀ.ਐਮ.ਕੇ. ਨੇ ਇਸ ਮਾਮਲੇ ਦੀ ਜਾਂਚ ਨੂੰ ਲੈ ਕੇ ਸੰਸਦ ਦੀ ਕਾਰਵਾਈ 'ਚ ਲਗਾਤਾਰ ਖਲਲ ਪਾਇਆ ਹੈ। ਸਾਂਝੀ ਪਾਰਲੀਮਾਨੀ ਕਮੇਟੀ (ਜੇ.ਪੀ.ਸੀ.) ਰਾਹੀਂ ਜਾਂਚ ਕਰਵਾਏ ਜਾਣ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਸੰਸਦ ਦੀ ਕਾਰਵਾਈ ਠੱਪ ਹੈ। ਹਾਲਾਂਕਿ ਸਰਕਾਰ ਨੇ ਇਹ ਖੜੋਤ ਤੋੜਨ ਦੇ ਕਾਫੀ ਯਤਨ ਵੀ ਕੀਤੇ। ਇਸ ਵਾਰ 16 ਨਵੰਬਰ ਨੂੰ ਸਰਕਾਰ ਵੱਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵੀ ਗੱਲ ਨੂੰ ਕਿਸੇ ਸਿਰੇ ਨਾ ਲਾ ਸਕੀ। ਭਾਜਪਾ ਦੀ ਅਗਵਾਈ 'ਚ ਇਕਜੁੱਟ ਹੋਈ ਵਿਰੋਧੀ ਧਿਰ, ਜੇ.ਪੀ.ਸੀ. ਜਾਂਚ 'ਤੇ ਅੜੀ ਰਹੀ ਜਦੋਂਕਿ ਸਰਕਾਰ ਇਸ ਤੋਂ ਟਾਲਾ ਵੱਟ ਰਹੀ ਹੈ।

ਸ੍ਰੀ ਏ. ਰਾਜਾ ਦੇ ਅਸਤੀਫ਼ੇ ਤੋਂ ਬਾਅਦ ਵਿਹਲੇ ਹੋਏ ਦੂਰਸੰਚਾਰ ਮੰਤਰਾਲੇ ਦਾ ਵਾਧੂ ਕਾਰਜ-ਭਾਰ ਮਨੁੱਖੀ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ ਨੂੰ ਸੌਂਪ ਦਿੱਤਾ ਗਿਆ ਹੈ। ਭਾਵੇਂ ਸ੍ਰੀ ਰਾਜਾ ਦੇ ਅਸਤੀਫ਼ੇ ਤੋਂ ਬਾਅਦ ਮੰਤਰੀ ਮੰਡਲ 'ਚ ਫੇਰਬਦਲ ਦੀ ਚਰਚਾ ਸ਼ੁਰੂ ਹੋ ਗਈ ਹੈ ਪਰ ਪ੍ਰਧਾਨ ਮੰਤਰੀ ਨੇ ਸੰਸਦ ਦੇ ਚੱਲ ਰਹੇ ਇਜਲਾਸ ਨੂੰ ਧਿਆਨ 'ਚ ਰੱਖਦਿਆਂ ਦੂਰਸੰਚਾਰ ਮੰਤਰਾਲੇ ਦਾ ਵਾਧੂ ਕਾਰਜ-ਭਾਰ ਸ੍ਰੀ ਕਪਿਲ ਸਿੱਬਲ ਨੂੰ ਸੌਂਪ ਕੇ ਆਰਜ਼ੀ ਬੰਦੋਬਸਤ ਕਰ ਲਿਆ ਹੈ। ਦੂਜੇ ਪਾਸੇ ਡੀ.ਐਮ.ਕੇ. ਸੰਸਦੀ ਪਾਰਟੀ ਦੇ ਆਗੂ ਟੀ.ਆਰ. ਬਾਲੂ ਨੇ ਆਪਣੀ ਪਾਰਟੀ ਦੀ ਦਾਅਵੇਦਾਰੀ ਜਤਾਉਂਦਿਆਂ ਕਿਹਾ ਕਿ ਪਾਰਟੀ ਮੁਖੀ ਕਰੁਣਾਨਿਧੀ ਨੇ ਅਜੇ ਤਕ ਏ.ਰਾਜਾ ਦੀ ਥਾਂ 'ਤੇ ਕਿਸੇ ਆਗੂ ਦੇ ਨਾਂ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਤੇ ਸ੍ਰੀ ਸਿੱਬਲ ਨੂੰ ਆਰਜ਼ੀ ਤੌਰ 'ਤੇ ਮੰਤਰਾਲੇ ਦਾ ਕਾਰਜ-ਭਾਰ ਸੌਂਪਿਆ ਗਿਆ ਹੈ।

ਉਧਰ ਕੈਗ ਨੇ ਸਾਬਕਾ ਦੂਰ ਸੰਚਾਰ ਮੰਤਰੀ ਏ.ਰਾਜਾ ਨੂੰ ਸਾਲ 2008 ਵਿਚ ਨਵੀਆਂ ਕੰਪਨੀਆਂ ਨੂੰ 2-ਜੀ ਸਪੈਕਟਰਮ ਅਲਾਟ ਕਰਨ ਵੇਲੇ ਪ੍ਰਧਾਨ ਮੰਤਰੀ, ਵਿੱਤ ਤੇ ਕਾਨੂੰਨ ਮੰਤਰਾਲਿਆਂ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ੀ ਕਰਾਰ ਦਿੱਤਾ ਹੈ। ਸੰਸਦ ਦੇ ਦੋਵਾਂ ਸਦਨਾਂ ਵਿਚ 16 ਨਵੰਬਰ ਨੂੰ ਇਸ ਮਾਮਲੇ ਬਾਰੇ ਪੇਸ਼ 77 ਸਫ਼ਿਆਂ ਦੀ ਕੈਗ ਰਿਪੋਰਟ ਮੁਤਾਬਕ ਏ.ਰਾਜਾ ਦੇ ਆਪਹੁਦਰੇ ਰਵੱਈਏ ਕਾਰਨ ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਤੇ ਉਨ੍ਹਾਂ ਨੇ ਅਨਿਲ ਅੰਬਾਨੀ ਦੀ ਮਲਕੀਅਤ ਵਾਲੀ ਰਿਲਾਇੰਸ ਕਾਮ. ਨੂੰ ਨਾਜਾਇਜ਼ ਲਾਭ ਦਿੱਤੇ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੰਚਾਰ ਤੇ ਆਈ.ਟੀ. ਮੰਤਰਾਲੇ ਨੇ ਕੰਪਨੀਆਂ ਨੂੰ ਲਾਇਸੈਂਸ ਲਈ ਪੱਤਰ ਜਾਰੀ ਕਰਨ ਦੀ ਤਰੀਕ ਨੂੰ ਮਨਮਰਜ਼ੀ ਨਾਲ ਪਹਿਲਾਂ 25 ਸਤੰਬਰ 2007 ਕਰ ਦਿੱਤਾ ਤੇ ਫੇਰ ਆਖ ਦਿੱਤਾ ਕਿ ਸਪੈਕਟਰਮ ਵੰਡ ਪਹਿਲਾਂ ਆਓ ਪਹਿਲਾਂ ਪਾਓ (ਐਫ.ਸੀ.ਐਫ.ਐਮ.) ਦੇ ਆਧਾਰ 'ਤੇ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਨਵੰਬਰ 2007 ਵਿਚ ਦੂਰ ਸੰਚਾਰ ਮੰਤਰਾਲੇ ਨੂੰ ਚਿੱਠੀ ਰਾਹੀਂ ਸੁਝਾਅ ਦਿੱਤਾ ਸੀ ਕਿ ਸਪੈਕਟਰਮ ਵੰਡ ਲਈ ਪਾਰਦਰਸ਼ੀ ਪ੍ਰਕਿਰਿਆ ਅਪਣਾਈ ਜਾਵੇ ਤੇ ਸਪੈਕਟਰਮ ਦੀ ਘਾਟ ਤੇ ਵੱਧ ਗਿਣਤੀ ਵਿਚ ਅਰਜ਼ੀਆਂ ਆਉਣ ਉਪਰ ਦਾਖਲਾ ਕਰ ਵਿਚ ਸੋਧ ਕੀਤੀ ਜਾਵੇ।

ਕੈਗ ਨੇ ਇਸ ਗੱਲ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਕਾਨੂੰਨ ਮੰਤਰਾਲੇ ਨੇ ਕਿਹਾ ਸੀ ਕਿ ਵੱਧ ਗਿਣਤੀ ਵਿਚ ਅਰਜ਼ੀਆਂ ਆਉਣ 'ਤੇ ਸਪੈਕਟਰਮ ਦੇ ਮੁੱਲ 'ਤੇ ਵਿਚਾਰ ਕਰਨ ਲਈ ਮੰਤਰੀਆਂ ਦਾ ਅਧਿਕਾਰ ਪ੍ਰਾਪਤ ਸਮੂਹ (ਈ.ਜੀ.ਓ.ਐਮ.) ਬਣਾਇਆ ਜਾਵੇ ਪਰ ਦੂਰ ਸੰਚਾਰ ਮੰਤਰਾਲੇ ਨੇ ਵਿਚਾਰ ਨੂੰ ਖਾਰਜ ਕਰ ਦਿੱਤਾ।

ਰਿਪੋਰਟ ਮੁਤਾਬਕ 2007-08 ਵਿਚ 122 ਨੂੰ ਸਪੈਕਟਰਮ ਵੰਡ ਤੇ 35 ਕੰਪਨੀਆਂ ਨੂੰ ਦੋਹਰੀ ਤਕਨੀਕ ਵਾਲੀਆਂ ਸੇਵਾਵਾਂ ਚਲਾਉਣ ਲਈ ਲਾਇਸੈਂਸ ਜਾਰੀ ਕਰਨ ਵਿਚ ਜੋ ਮਨਮਰਜ਼ੀ ਕੀਤੀ ਗਈ ਹੈ, ਉਸ ਨਾਲ ਸਰਕਾਰ ਨੂੰ ਕਰੀਬ 1,76,645 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਹ ਅੰਦਾਜ਼ਾ ਸਰਕਾਰ ਵੱਲੋਂ ਕੀਤੀ ਗਈ 3-ਜੀ ਸਪੈਕਟਰਮ ਦੀ ਨਿਲਾਮੀ ਦੇ ਮੁੱਲ ਦੇ ਆਧਾਰ ਉਪਰ ਲਾਇਆ ਗਿਆ ਹੈ। 3-ਜੀ ਸਪੈਕਟਰਮ ਦੀ ਨਿਲਾਮੀ ਨਾਲ ਸਰਕਾਰ ਨੂੰ 67000 ਕਰੋੜ ਰੁਪਏ ਦਾ ਲਾਭ ਹੋਇਆ ਸੀ। ਰਿਪੋਰਟ ਮੁਤਾਬਕ ਦੂਰਸੰਚਾਰ (ਡਾਟ) ਵੱਲੋਂ ਉਸ ਸਮੇਂ ਦੇ ਮੌਜੂਦਾ ਅਪਰੇਟਰਾਂ ਨੂੰ 6.2 ਮੈਗਾ ਹਰਟਜ਼ ਦੀ ਹੱਦ ਤੋਂ ਵੱਧ ਸਪੈਕਟਰਮ ਬਗੈਰ ਆਗਾਮੀ ਕਰ ਲਏ ਵੰਡਿਆ ਗਿਆ। ਰਿਪੋਰਟ ਮੁਤਾਬਕ 2007-08 ਵਿਚ ਵੱਖ-ਵੱਖ ਸਰਕਲਾਂ ਵਿਚ 157 ਲਾਇਸੈਂਸ ਜਾਰੀ ਕੀਤੇ ਗਏ। ਵੱਖ-ਵੱਖ ਸੰਕੇਤਾਂ ਦੇ ਆਧਾਰ ਉਪਰ ਇਨ੍ਹਾਂ ਲਾਇਸੈਂਸਾਂ ਦਾ ਮੁੱਲ 58000 ਹਜ਼ਾਰ ਕਰੋੜ ਤੋਂ 1,52038 ਕਰੋੜ ਰੁਪਏ ਹੈ। ਕੈਗ ਮੁਤਾਬਕ 2008 ਵਿਚ 122 ਵਿਚੋਂ 85 ਲਾਇਸੈਂਸ ਅਜਿਹੀਆਂ 13 ਕੰਪਨੀਆਂ ਨੂੰ ਦਿੱਤੇ ਗਏ ਜੋ ਯੋਗ ਨਹੀਂ ਸਨ। ਇਸ ਤੋਂ ਬਿਨਾਂ 85 ਵਿਚੋਂ 45 ਲਾਇਸੈਂਸ ਅਜਿਹੀਆਂ ਕੰਪਨੀਆਂ ਨੂੰ ਦਿਤੇ ਗਏ ਜੋ ਸਥਾਪਨਾ ਪੱਤਰ ਦੇ ਉਦੇਸ਼ਾਂ ਨੂੰ ਪੂਰਾ ਨਹੀਂ ਸਨ ਕਰਦੀਆਂ।

## ਸੁਪਰੀਮ ਕੋਰਟ ਵੱਲੋਂ ਸਰਕਾਰ ਦੀ ਖਿਚਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 2 ਜੀ ਸਪੈਕਟਰਮ ਵੰਡ ਘੁਟਾਲੇ ਵਿਚ ਸਾਬਕਾ ਦੂਰ ਸੰਚਾਰ ਮੰਤਰੀ ਏ.ਰਾਜਾ ਖਿਲਾਫ਼ ਕਾਰਵਾਈ ਦੀ ਮੰਗ ਵਾਲੀ ਅਰਜ਼ੀ 'ਤੇ ਫੈਸਲਾ ਕਰਨ ਵਿਚ ਕਾਫੀ ਦੇਰ ਤੱਕ ਚੁੱਪੀ ਸਾਧੀ ਰੱਖਣ ਤੇ ਕਾਰਵਾਈ ਨਾ ਕਰਨ ਬਾਰੇ ਸਰਕਾਰੀ ਧਿਰ ਦੀ ਚੰਗੀ ਖਿਚਾਈ ਕੀਤੀ।

ਅਦਾਲਤ ਨੇ ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਨੀਅਮ ਸਵਾਮੀ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੁੱਛਿਆ "ਕੀ ਇਜਾਜ਼ਤ ਦੇਣ ਵਾਲੀ ਅਥਾਰਟੀ (ਇਸ ਮਾਮਲੇ ਵਿਚ ਪ੍ਰਧਾਨ ਮੰਤਰੀ) ਸ਼ਿਕਾਇਤ ਦਬਾਅ ਸਕਦੀ ਹੈ?" ਬੈਂਚ ਨੇ ਸਰਕਾਰ ਵੱਲੋਂ ਪੇਸ਼ ਹੋਏ ਸੋਲਿਸਟਰ ਜਨਰਲ ਗੋਪਾਲ ਸੁਬਰਾਮਨੀਅਮ ਨੂੰ ਕਿਹਾ ਕਿ "ਸੁਪਰੀਮ ਕੋਰਟ ਵੱਲੋਂ ਇਜਾਜ਼ਤ ਦੇਣ ਲਈ ਮਿਥੀ ਗਈ 3 ਮਹੀਨਿਆਂ ਦੀ ਸਮਾਂ ਸੀਮਾ ਨਿਰਪੱਖ ਤੇ ਚੰਗੇ ਪ੍ਰਸ਼ਾਸਨ ਲਈ ਹੈ ਪਰ 16 ਮਹੀਨੇ ਤੋਂ ਵੱਧ ਬੀਤ ਚੁੱਕੇ ਹਨ। ਇਜਾਜ਼ਤ ਦੇਣ ਵਾਲੀ ਅਥਾਰਟੀ ਕਹਿ ਸਕਦੀ ਹੈ ਕਿ ਉਹ ਇਜਾਜ਼ਤ ਦੇਣ ਲਈ ਤਿਆਰ ਨਹੀਂ ਪਰ ਕਾਰਵਾਈ ਨਾ ਕਰਨਾ ਤੇ ਚੁੱਪ ਧਾਰਨਾ ਪ੍ਰੇਸ਼ਾਨ ਕਰਨ ਵਾਲਾ ਰਵੱਈਆ ਹੈ। ਅਦਾਲਤ ਨੇ ਰਾਜਾ ਖਿਲਾਫ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗਣ ਨਾਲ ਸਬੰਧਤ ਚਿੱਠੀ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਸਕੱਤਰੇਤ ਵੱਲੋਂ ਵਰਤੀ ਹੋਈ ਭਾਸ਼ਾ ਉਪਰ ਨਾਖੁਸ਼ੀ ਪ੍ਰਗਟਾਈ।

# ਮਨਪ੍ਰੀਤ ਨੇ ਛੇੜੀ ਪੰਜਾਬ ਦੀ ਸਿਆਸਤ 'ਚ ਨਵੀਂ ਚਰਚਾ

ਸਮੱਸਿਆਵਾਂ ਬਾਰੇ ਜਾਗਰੂਕ ਕਰਕੇ ਪੰਜਾਬ ਨੂੰ ਬਚਾਉਣ ਵਾਸਤੇ ਉਠ ਖੜ੍ਹੇ ਹੋਣ ਦਾ ਹੋਕਾ ਦੇਣਗੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਵਲੋਂ ਮਿਲੇ ਹੁੰਗਾਰੇ ਨੂੰ ਦੇਖਣ ਤੋਂ ਬਾਅਦ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰਨਗੇ। ਇਹ ਯਾਤਰਾ 24 ਨਵੰਬਰ ਤੋਂ ਆਰੰਭ ਹੋਵੇਗੀ ਤੇ ਇਸ ਦਾ ਪਹਿਲਾ ਪੜਾਅ ਫਰੀਦਕੋਟ ਬਾਬਾ ਫਰੀਦ ਦੀ ਧਰਤੀ ਤੋਂ ਆਰੰਭ ਕਰਕੇ ਮਾਘੀ ਮੇਲੇ ਦੇ ਮੌਕੇ ਮੁਕਤਸਰ ਵਿਖੇ ਖਤਮ ਹੋਵੇਗਾ।

ਸਾਬਕਾ ਮੰਤਰੀ ਐਲਾਨ ਕੀਤਾ ਕਿ ਯਾਤਰਾ ਦਾ ਦੂਜਾ ਪੜਾਅ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 23 ਮਾਰਚ ਨੂੰ ਖਤਮ ਹੋਵੇਗਾ। ਇਸ ਤੋਂ ਬਾਅਦ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। 'ਜਾਗੋ ਪੰਜਾਬ ਯਾਤਰਾ' ਦੌਰਾਨ ਉਹ ਤੇ ਉਨ੍ਹਾਂ ਦੇ ਸਾਥੀ ਸੂਬੇ ਦੇ ਹਰ ਵਿਧਾਨ ਸਭਾ ਹਲਕੇ ਵਿਚ ਜਾਣਗੇ। ਇਸ ਯਾਤਰਾ ਦਾ ਮੰਤਵ ਲੋਕਾਂ ਨੂੰ ਰਾਜ ਦੀ ਮਾੜੀ ਆਰਥਿਕ ਹਾਲਤ ਬਾਰੇ ਜਾਣੂੰ ਕਰਾਉਣਾ ਤੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣਾ ਹੈ। ਇਸ ਤੋਂ ਇਲਾਵਾ ਸੂਬੇ ਵਿਚੋਂ ਭ੍ਰਿਸ਼ਟਾਚਾਰ, ਗਰੀਬੀ, ਅਨਪੜ੍ਹਤਾ, ਨਸ਼ਾਖੋਰੀ ਤੇ ਬੇਰੁਜ਼ਗਾਰੀ ਵਿਰੁੱਧ ਹੋਕਾ ਦੇਣਾ ਹੈ।

ਸਾਬਕਾ ਮੰਤਰੀ ਨੇ ਪੰਜਾਬ ਨੂੰ ਮੁੜ ਨੰਬਰ ਇਕ ਸੂਬਾ ਬਣਾਉਣ ਲਈ ਵਿੱਤੀ, ਰਾਜਨੀਤਕ ਤੇ ਸਮਾਜਿਕ ਖੇਤਰਾਂ 'ਚ ਪ੍ਰਮੁੱਖ ਸੁਧਾਰਾਂ ਲਈ ਇਕ ਕੋਰ ਏਜੰਡਾ ਵੀ ਜਾਰੀ ਕੀਤਾ ਤੇ ਸੁਝਾਅ ਦਿੱਤਾ ਕਿ ਸੂਬੇ ਦੀਆਂ ਤਿੰਨ ਪ੍ਰਮੁੱਖ ਸਿਆਸੀ ਪਾਰਟੀਆਂ ਵੀ ਇਸ ਏਜੰਡੇ ਨੂੰ ਅਪਣਾ ਕੇ ਸੂਬੇ ਦੀ ਹਾਲਤ ਸੁਧਾਰਣ ਲਈ ਯਤਨ ਕਰ ਸਕਦੀਆਂ ਹਨ। ਇਨ੍ਹਾਂ ਪ੍ਰਮੁੱਖ ਸੁਧਾਰਾਂ ਤਹਿਤ ਉਨ੍ਹਾਂ ਨੇ ਸਿਆਸੀ ਖੇਤਰ ਵਿਚ ਸੁਧਾਰ ਲਈ ਸੁਝਾਅ ਦਿੱਤਾ ਹੈ ਕਿ ਰਾਜ ਦੀ ਵਿਧਾਨ ਸਭਾ ਵਿਚ ਔਰਤਾਂ ਤੇ ਨੌਜਵਾਨਾਂ ਲਈ 50 ਫੀਸਦੀ ਸੀਟਾਂ ਦਾ ਰਾਖਵਾਂਕਰਨ ਕੀਤਾ ਜਾਵੇ। ਪੰਜਾਬ ਮੰਤਰੀ ਮੰਡਲ ਵਿਚ ਕਿਸੇ ਵੀ ਵਿਧਾਇਕ ਨੂੰ ਦੋ ਤੋਂ ਵੱਧ ਵਾਰ ਮੰਤਰੀ ਨਾ ਬਣਾਇਆ ਜਾਵੇ ਅਤੇ ਕਿਸੇ ਵੀ ਖੂਨ ਦੇ ਰਿਸ਼ਤੇਦਾਰ ਨੂੰ ਰਾਜ ਦੇ ਮੰਤਰੀ ਮੰਡਲ ਵਿਚ ਸ਼ਾਮਲ ਨਾ ਕੀਤਾ ਜਾਵੇ। ਪੰਜਾਬ ਵਿਚੋਂ ਵੀ.ਆਈ.ਪੀ. ਸੱਭਿਆਚਾਰ ਨੂੰ ਖਤਮ ਕੀਤਾ ਜਾਵੇ ਤੇ ਇਸ ਤਹਿਤ ਐਮਰਜੈਂਸੀ ਸਹੂਲਤਾਂ ਨੂੰ ਛੱਡ ਕੇ ਲਾਲ ਬੱਤੀ ਤੇ ਸਾਇਰਨ ਦੀ ਵਰਤੋਂ ਬੰਦ ਕੀਤੀ ਜਾਵੇ। ਇਸੇ ਤਰ੍ਹਾਂ ਸਮਾਜਿਕ ਖੇਤਰ ਵਿਚ ਰਿਸ਼ਵਤਖੋਰੀ ਤੇ ਨਸ਼ਾਖੋਰੀ ਨੂੰ ਖਤਮ ਕਰਨਾ ਤੇ ਸ਼ੁੱਧ ਵਾਤਾਵਰਣ ਸਥਾਪਤ ਕਰਨਾ ਉਨ੍ਹਾਂ ਦਾ ਮੰਤਵ ਹੈ। ਵਿੱਤੀ ਖੇਤਰ ਵਿਚ ਪੰਜਾਬ ਦੇ ਅਰਥਚਾਰੇ ਨੂੰ ਲੀਹ 'ਤੇ ਲਿਆਉਣਾ, ਸਨਅੱਤਾਂ ਵਿਚ ਪੂੰਜੀ ਨਿਵੇਸ਼ ਵਿਚ ਵਾਧਾ ਕਰਨਾ ਤੇ ਫਾਲਤੂ ਖਰਚਿਆਂ 'ਤੇ ਰੋਕ ਲਾਉਣਾ ਹੈ। ਇਸ ਵੇਲੇ ਪੰਜਾਬ ਦਾ ਹਰ ਵਿਅਕਤੀ 30 ਹਜ਼ਾਰ ਰੁਪਏ ਦੇ ਕਰਜ਼ੇ ਹੇਠ ਹੈ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਗੁਰੂ ਘਰ ਵਿਖੇ ਅਰਦਾਸ ਕਰਕੇ ਪ੍ਰਣ ਕੀਤਾ ਹੈ ਕਿ ਸੂਬੇ ਵਿਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਨਸ਼ਾਖੋਰੀ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਹਰ ਯਤਨ ਕਰਨਗੇ ਤੇ ਇਸ ਬਦਲੇ ਕਿਸੇ ਕੋਲੋਂ ਕੁਝ ਨਹੀਂ ਮੰਗਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਦੇ ਖਿਲਾਫ਼ ਨਹੀਂ ਹਨ ਤੇ ਨਾ ਹੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਜਾਨਸ਼ੀਨ ਬਣਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਦਾ ਮੰਤਵ ਸਿਰਫ਼ ਪੰਜਾਬ ਨੂੰ ਮੁੜ ਨੰਬਰ ਇਕ ਦਾ ਸੂਬਾ ਬਣਾਉਣਾ ਹੈ।

ਸਬਸਿਡੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਬਸਿਡੀ ਦੇਣ ਦੇ ਖਿਲਾਫ਼ ਨਹੀਂ ਹਨ ਪਰ ਇਸ ਨੂੰ ਤਰਕ ਸੰਗਤ ਬਣਾਇਆ ਜਾਣਾ ਚਾਹੀਦਾ ਹੈ। ਸਬਸਿਡੀ ਸਿਰਫ਼ ਲੋੜਵੰਦਾਂ ਨੂੰ ਮਿਲੇ। ਪੰਜਾਬ ਦੇ ਅਰਥਚਾਰੇ ਵਿਚ ਸੁਧਾਰ ਲਿਆਉਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਵੇਂ ਟੈਕਸ ਲਾਉਣ ਦੀ ਕੋਈ ਲੋੜ ਨਹੀਂ ਹੈ ਸਗੋਂ ਟੈਕਸਾਂ ਦੀ ਵਸੂਲੀ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਤੇ ਹਰ ਖਰਚੇ ਦਾ ਆਡਿਟ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਰਜ਼ਾ ਲਿਆ ਜਾਵੇ ਪਰ ਇਹ ਕਰਜ਼ਾ ਸੂਬੇ ਦੇ ਵਿਕਾਸ ਕਾਰਜਾਂ ਲਈ ਹੋਵੇ। ਇਸ ਵੇਲੇ ਸੂਬੇ ਦੀ ਆਮਦਨ ਘੱਟ ਤੇ ਖਰਚੇ ਵਧੇਰੇ ਹਨ। ਸੂਬੇ ਨੂੰ ਹਰ ਵਰ੍ਹੇ ਆਪਣੇ ਖਰਚੇ ਪੂਰੇ ਕਰਨ ਲਈ 5 ਹਜ਼ਾਰ ਕਰੋੜ ਰੁਪਏ ਦੀ ਲੋੜ ਹੈ ਤੇ ਇਹ ਲੋੜ ਕਰਜ਼ਾ ਲੈ ਕੇ ਪੂਰਾ ਕੀਤੀ ਜਾ ਰਹੀ ਹੈ। ਇਹ ਕਰਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਕਰਜ਼ਾਈ ਬਣਾ ਦੇਵੇਗਾ। ਪੰਜਾਬ ਵਿਚ ਆਰਥਿਕ ਸੁਧਾਰ ਲਿਆਉਣ ਲਈ ਐਨ.ਆਰ.ਆਈ. ਨਿਵੇਸ਼ ਦੀ ਲੋੜ ਹੈ। ਪੰਜਾਬ ਦੇ ਲੋਕ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਵੱਸੇ ਹੋਏ ਹਨ ਤੇ ਉਥੇ ਮਜ਼ਬੂਤ ਆਰਥਿਕ ਸਥਿਤੀ ਵਿਚ ਹਨ। ਉਨ੍ਹਾਂ ਦਾ ਵਿਸ਼ਵਾਸ ਕਾਇਮ ਕਰਕੇ ਉਨ੍ਹਾਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਉਤਸ਼ਾਹਤ ਕੀਤਾ ਜਾਵੇ।

ਭ੍ਰਿਸ਼ਟਾਚਾਰ ਦੇ ਖਾਤਮੇ ਬਾਰੇ ਗੱਲ ਕਰਦਿਆਂ ਮਨਪ੍ਰੀਤ ਨੇ ਕਿਹਾ ਕਿ ਜਦੋਂ ਤਕ ਪੁਲਿਸ ਪ੍ਰਬੰਧ ਦੇ ਢਾਂਚੇ ਨੂੰ ਮੁੜ ਨਵਿਆਇਆ ਨਹੀਂ ਜਾਂਦਾ ਪੁਲਿਸ ਪ੍ਰਬੰਧ ਨੂੰ ਸਿਆਸਤ ਦੇ ਅਖਾੜੇ ਵਿਚੋਂ ਬਾਹਰ ਨਹੀਂ ਕੱਢਿਆ ਜਾਂਦਾ ਤੇ ਇਸ ਦਾ ਮੁਕੰਮਲ ਤੌਰ 'ਤੇ ਰਾਜਸੀਕਰਨ ਖਤਮ ਨਹੀਂ ਕੀਤਾ ਜਾਂਦਾ ਉਦੋਂ ਤਕ ਭ੍ਰਿਸ਼ਟਾਚਾਰ ਖਤਮ ਨਹੀਂ ਹੋ ਸਕਦਾ। ਪਿੰਡਾਂ ਵਿਚ ਖੁੱਲ੍ਹੇ ਠੇਕੇ ਬੰਦ ਕਰ ਦੇਣੇ ਚਾਹੀਦੇ ਹਨ ਤੇ ਇਹ ਪਿੰਡ ਦੀ ਹਦੂਦ ਤੋਂ ਬਾਹਰ ਹੋਣੇ ਚਾਹੀਦੇ ਹਨ।

ਸ਼੍ਰੋਮਣੀ ਅਕਾਲੀ ਦਲ ਵਿਚ ਵਾਪਸੀ ਤੇ ਸਹਿਮਤੀ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਮੁਕਾਮ ਨੂੰ ਲੰਘ ਆਏ ਹਨ। ਇਸ ਦੌਰਾਨ ਉਨ੍ਹਾਂ ਸ਼ਖਸੀ ਸਿਆਸਤ ਤੋਂ ਗੁਰੇਜ਼ ਕੀਤਾ ਤੇ ਕਿਸੇ ਵੀ ਖਿਲਾਫ਼ ਕੋਈ ਵੀ ਸ਼ਬਦ ਨਹੀਂ ਕਿਹਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਸ਼ਹਿ 'ਤੇ ਉਨ੍ਹਾਂ ਦੇ ਫਲੈਕਸ ਬੋਰਡਾਂ ਦੀ ਤੋੜ-ਭੰਨ ਕੀਤੀ ਗਈ ਹੈ ਤੇ ਪਿਛਲੇ 14 ਦਿਨਾਂ ਤੋਂ ਉਨ੍ਹਾਂ ਦੀਆਂ ਮੀਟਿੰਗਾਂ ਨੂੰ ਅਸਫਲ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਕਈਆਂ ਖਿਲਾਫ਼ ਪਰਚੇ ਕੀਤੇ ਗਏ ਹਨ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮਨਜਿੰਦਰ ਸਿੰਘ ਕੰਗ, ਜਗਬੀਰ ਸਿੰਘ ਬਰਾੜ, ਚਰਨਜੀਤ ਸਿੰਘ ਚੰਨੀ, ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਕੁਲਦੀਪ ਸਿੰਘ ਢੌਂਸ, ਰਾਮ ਸ਼ਰਨ ਪਾਲ, ਮਨਮੋਹਨ ਸਿੰਘ ਗੁੰਮਟਾਲਾ, ਸੁਬੇਗ ਸਿੰਘ, ਅਮਨਦੀਪ ਸਿੰਘ ਬਰਾੜ, ਗੁਰਪ੍ਰੀਤ ਸਿੰਘ ਭੱਟੀ, ਦਰਸ਼ਨ ਸਿੰਘ ਸਾਬਕਾ ਚੇਅਰਮੈਨ ਤੇ ਹੋਰ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਦਿੱਲੀ ਵਿਚ ਹਮਾਯੂੰ ਦੇ ਮਕਬਰੇ ਸਮੇਤ ਬਹੁਤ ਥਾਂਵਾਂ ਵੇਖੀਆਂ ਓਬਾਮਾ ਨੇ**

-ਭ੍ਰਿਸ਼ਟਾਚਾਰ ਦਾ ਚਮਕਦਾ ਮੀਨਾਰ 'ਰਾਸ਼ਟਰਮੰਡਲ ਖੇਡ ਪਿੰਡ' ਵੀ ਵੇਖਿਆ ਕਿ ਨਹੀਂ?

***ਬਾਦਲਾਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਮੁੜ ਨਹੀਂ ਖੋਲਾਂਗੇ-ਕੈਪਟਨ**

-ਬਾਦਲਾਂ ਨੇ ਥੋਨੂੰ ਵੀ ਤਾਂ ਰਾਹਤ ਦਿੱਤੀ ਐ, ਇੰਨੀ ਕੁ ਰਿਆਇਤ ਤਾਂ ਕਰਨੀ ਪਊ।

***ਸੰਤ ਅਜੀਤ ਸਿੰਘ ਅਨੰਦਪੁਰ ਸਾਹਿਬ ਦਾ ਪਾਣੀ ਪੀਤਾ ਹੋਣ ਕਰਕੇ ਸੱਚ ਨਾਲ ਖੜ੍ਹਨ ਦਾ ਦਾਅਵਾ ਵੀ ਕਰਦੇ ਰਹੇ ਤੇ ਮੁੱਕਰ ਵੀ ਗਏ।**

-ਪਾਣੀ ਤਾਂ ਸੰਤ ਦਾ ਪੀਤਾ ਲਗਦੈ ਪਰ ਪੀ ਗਲਤੀ ਨਾਲ ਉਸ ਖੂਹ 'ਚੋਂ ਲਿਐ ਜਿਸ ਖੂਹ ਵਿਚੋਂ ਤੇਲ ਕੱਢ ਕੇ ਦਸਮ ਪਿਤਾ ਨੇ ਮਸੰਦਾਂ ਨੂੰ ਸਾੜਿਆ ਸੀ।

***ਮਨਪ੍ਰੀਤ ਬਾਦਲ ਨੂੰ ਅੰਮ੍ਰਿਤ ਭੰਗ ਕਰਨ ਕਰਕੇ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ-ਭਾਈ ਧੁੰਮਾ**

-ਤੇ ਜਿਹੜਾ ਬੰਦਾ ਸ਼ੇਰ ਦੀ ਗੱਦੀ 'ਤੇ ਬਹਿ ਕੇ ਗਿੱਦੜਾਂ ਵਾਲੇ ਕੰਮ ਕਰੇ, ਉਸ ਦਾ ਇਲਾਜ ਕੀ ਕਰੀਏ?

***ਕੈਲੀਫੋਰਨੀਆ 'ਚ ਭੰਗ ਦਾ ਮਤਾ ਵੋਟਾਂ ਰਾਹੀਂ ਰੱਦ।**

-ਚੰਗਾ ਹੋਇਆ, ਨਹੀਂ ਤਾਂ ਭੰਗੀਆਂ ਨੇ ਹਰੇਕ ਰੰਗ 'ਚ ਭੰਗ ਪਾ ਦਿਆ ਕਰਨੀ ਸੀ।

***14 ਨਵੰਬਰ ਨੂੰ ਅੰਮ੍ਰਿਤਸਰ ਪਹੁੰਚੋ-ਮਨਪ੍ਰੀਤ ਬਾਦਲ ਦੀ ਰੈਲੀ ਬਾਰੇ ਇਸ਼ਤਿਹਾਰ**

-ਟਿਕਟ ਲੈ ਦਿਓ ਪਹੁੰਚ ਜਾਂਗੇ, ਨਾਲੇ ਰਿਸ਼ਤੇਦਾਰਾਂ ਨੂੰ ਮਿਲ ਲਾਂਗੇ, ਅਖੇ ਨਾਲੇ ਮੁੰਜ ਦਾ ਸੌਦਾ-ਨਾਲੇ ਦੇਵੀ ਦੇ ਦਰਸ਼ਨ।

***ਮਨਪ੍ਰੀਤ ਬਾਦਲ ਨੇ ਅਕਾਲੀ ਦਲ ਨਾਲ ਧ੍ਰੋਹ ਕਮਾਇਆ-ਬੱਬੀ ਬਾਦਲ**

-ਤੇ ਵੱਡੇ ਬਾਦਲ ਨੇ ਕੌਮ ਨਾਲ।

# ਅਮਰਿੰਦਰ ਸਿੰਘ ਨੇ ਸੰਭਾਲੀ ਕਪਤਾਨੀ, ਅਕਾਲੀ-ਭਾਜਪਾ ਸਰਕਾਰ ਨੂੰ ਜੜ੍ਹੋਂ ਉਖਾੜਨ ਦਾ ਸੱਦਾ

## ਕਾਂਗਰਸੀ ਵਰਕਰ ਵਹੀਰਾਂ ਘੱਤ ਕੇ ਤਾਜਪੋਸ਼ੀ ਸਮਾਗਮ 'ਚ ਪਹੁੰਚੇ

**ਚੰਡੀਗੜ੍ਹ:** ਇਥੇ ਪੰਜਾਬ ਕਾਂਗਰਸ ਭਵਨ ਵਿਚ ਸ਼ੁੱਕਰਵਾਰ ਕਾਂਗਰਸੀ ਵਰਕਰਾਂ ਅਤੇ ਨੇਤਾਵਾਂ ਦੇ ਭਰਵੇਂ ਇਕੱਠ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਹੁਦੇ ਦਾ ਰਸਮੀ ਤੌਰ 'ਤੇ ਚਾਰਜ ਸੰਭਾਲਦਿਆਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਜੜ੍ਹੋਂ ਉਖੇੜਨ ਦਾ ਸੱਦਾ ਦਿੱਤਾ।

ਕੈਪਟਨ ਅਮਰਿੰਦਰ ਸਿੰਘ ਦੇ ਤਾਜਪੋਸ਼ੀ ਸਮਾਗਮ ਵਿਚ ਜਿਥੇ ਕਾਂਗਰਸ ਭਵਨ ਅੰਦਰ ਅਤੇ ਬਾਹਰ ਲੋਕ ਬੇਕਾਬੂ ਹੋਏ ਪਏ ਸਨ, ਉਥੇ ਸਟੇਜ ਉਪਰ ਵੀ ਸਮੁੱਚੇ ਸਮਾਗਮ ਦੌਰਾਨ ਘੜਮੱਸ ਪਿਆ ਰਿਹਾ। ਉਂਜ ਸਟੇਜ ਉਪਰ ਲੰਮੇ ਸਮੇਂ ਬਾਅਦ ਕਾਂਗਰਸ ਵਿਚ ਏਕੇ ਦੀ ਝਲਕ ਪੈ ਰਹੀ ਸੀ। ਇਸ ਸਟੇਜ ਉਪਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪੰਜ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਐਚ.ਐਸ. ਹੰਸਪਾਲ, ਸੰਤੋਖ ਸਿੰਘ ਰੰਧਾਵਾ, ਮਹਿੰਦਰ ਸਿੰਘ ਗਿੱਲ ਤੇ ਵਰਿੰਦਰ ਕਟਾਰੀਆ ਸਮੇਤ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਰਾਜਿੰਦਰ ਕੌਰ ਭੱਠਲ, ਸਾਬਕਾ ਮੰਤਰੀ ਲਾਲ ਸਿੰਘ, ਬਲਰਾਮ ਜਾਖੜ ਤੇ ਆਰ.ਐਲ. ਭਾਟੀਆ, ਸਾਬਕਾ ਸਪੀਕਰ ਹਰਨਾਮ ਦਾਸ ਜੌਹਰ, ਸਾਬਕਾ ਮੰਤਰੀ ਜਸਵੀਰ ਸਿੰਘ ਸੰਗਰੂਰ, ਰਾਜ ਸਭਾ ਮੈਂਬਰ ਅਸ਼ਵਨੀ ਕੁਮਾਰ, ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਸੰਸਦ ਮੈਂਬਰ ਤੇ ਕਾਂਗਰਸ ਦੇ ਕੌਮੀ ਬੁਲਾਰੇ ਮਨੀਸ਼ ਤਿਵਾੜੀ, ਪੰਜਾਬ ਕਾਂਗਰਸ ਦੇ ਇੰਚਾਰਜ ਅਤੇ ਪਾਰਟੀ ਦੇ ਸਕੱਤਰ ਆਰ.ਸੀ. ਖੁੰਟੀਆ ਵੀ ਸ਼ਾਮਲ ਸਨ। ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਜਗਮੀਤ ਸਿੰਘ ਬਰਾੜ ਦੀ ਗੈਰ-ਹਾਜ਼ਰੀ ਚਰਚਾ ਦਾ ਵਿਸ਼ਾ ਬਣੀ ਰਹੀ।

ਬੀਬੀ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਬਣਾਉਣ ਦਾ ਸਵਾਗਤ ਕਰਦਿਆਂ ਕਿਹਾ ਕਿ ਕੌਮੀ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਪੰਜਾਬ ਦੀ ਵਾਗਡੋਰ ਕੈਪਟਨ ਨੂੰ ਸੌਂਪੀ ਹੈ ਅਤੇ ਸਾਨੂੰ ਸਾਰੀਆਂ ਗਲਤਫਹਿਮੀਆਂ ਦੂਰ ਕਰਕੇ ਇਸ ਅਹੁਦੇ ਦਾ ਮਾਣ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਨਸੀਹਤ ਵੀ ਦਿੱਤੀ ਕਿ ਕੈਪਟਨ ਸਾਹਿਬ ਨੂੰ ਸਾਰੀਆਂ ਗੱਲਾਂ ਤੋਂ ਉਪਰ ਉਠ ਕੇ ਅਤੇ ਸਾਰੇ ਮੁੱਦੇ ਮੈਰਿਟ 'ਤੇ ਲੈ ਕੇ ਬਾਦਲ ਸਰਕਾਰ ਨੂੰ ਉਖੇੜਨ ਲਈ ਜੁੱਟ ਜਾਣਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਕੁਝ ਸਮੇਂ ਦੌਰਾਨ ਆਪਣੀ ਨਰਮ ਕੀਤੀ ਸੁਰ ਨੂੰ ਮੁੜ ਪੁਰਾਣੀ ਤਰਜ਼ 'ਤੇ ਲਿਜਾਂਦਿਆਂ ਕਿਹਾ ਕਿ ਹੁਣ ਵੱਡਾ ਬਾਦਲ ਤਾਂ ਦਿੱਸਦਾ ਹੀ ਨਹੀਂ। ਅਖਬਾਰਾਂ ਵਿਚ ਛੋਟੇ ਬਾਦਲ ਦੀ ਹੀ ਤਸਵੀਰ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ 2012 ਦੌਰਾਨ ਇਸ ਸਰਕਾਰ ਨੂੰ ਚਲਦਾ ਕਰਨ ਲਈ ਉਹ ਹੁਣ ਨਾ ਤਾਂ ਆਪ ਘਰ ਬੈਠਣਗੇ ਅਤੇ ਨਾ ਹੀ ਵਰਕਰਾਂ ਨੂੰ ਬੈਠਣ ਦੇਣਗੇ। ਉਨ੍ਹਾਂ ਸੋਨੀਆ ਗਾਂਧੀ ਵਿਰੁੱਧ ਆਰ.ਐਸ.ਐਸ. ਦੇ ਸਾਬਕਾ ਮੁਖੀ ਵੱਲੋਂ ਕੀਤੀਆਂ ਟਿੱਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਉਸ ਵਿਰੁੱਧ ਰਾਜ ਭਰ ਵਿਚ ਮੁਜ਼ਾਹਰੇ ਕਰਨ ਦਾ ਮਤਾ ਪਾਸ ਕਰਵਾਇਆ।


ਮਨੀਸ਼ ਤਿਵਾੜੀ ਨੇ ਕੈਪਟਨ ਨੂੰ ਮਜ਼ਬੂਤ ਆਗੂ ਦੱਸਦਿਆਂ ਕਿਹਾ ਕਿ ਕਾਂਗਰਸ ਸਾਲ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਤੋਂ ਨਹੀਂ ਸਗੋਂ ਆਪਣੀਆਂ ਕਮਜ਼ੋਰੀਆਂ ਕਾਰਨ ਹਾਰੀ ਸੀ ਕਿਉਂਕਿ ਕਾਂਗਰਸ ਨੂੰ ਕੋਈ ਹੋਰ ਨਹੀਂ ਸਗੋਂ ਆਪਣੀ ਫੁੱਟ ਹੀ ਹਰਾ ਸਕਦੀ ਹੈ। ਉਨ੍ਹਾਂ ਇਕ-ਦੂਸਰੇ ਦੀ ਲੱਤ ਖਿੱਚਣ ਦੀ ਥਾਂ ਏਕੇ ਦਾ ਪੱਲਾ ਫੜ ਕੇ ਕਾਂਗਰਸ ਰਾਜ ਸਥਾਪਤ ਕਰਨ ਦੇ ਰਾਹ ਪੈਣ ਦਾ ਸੱਦਾ ਦਿੱਤਾ।



ਹਲਫ ਸਮਾਗਮ ਸਮੇਂ ਕੈਪਟਨ ਅਮਰਿੰਦਰ ਸਿੰਘ ਆਪਣੀ ਪਤਨੀ ਪ੍ਰਨੀਤ ਕੌਰ ਨਾਲ

ਪ੍ਰੋਗਰਾਮ ਦੌਰਾਨ ਜਿਥੇ ਪੰਜਾਬ ਕਾਂਗਰਸ ਭਵਨ ਦੀਆਂ ਮੂਹਰਲੀਆਂ ਸੜਕਾਂ ਉਪਰ ਕਾਂਗਰਸੀ ਲੱਡੂ ਅਤੇ ਚਾਹ-ਪਾਣੀ ਛਕਦੇ, ਭੰਗੜੇ ਪਾਉਂਦੇ ਨਾਅਰੇ ਲਾਉਂਦੇ ਰਹੇ, ਉਥੇ ਕਾਂਗਰਸ ਭਵਨ ਦੇ ਅੰਦਰ ਵੀ ਕਾਂਗਰਸੀ ਵਰਕਰਾਂ ਦੀ ਭਾਰੀ ਭੀੜ ਕਾਰਨ ਸਟੇਜ ਅਤੇ ਪੰਡਾਲ ਵਿਚ ਉਥਲ-ਪੁਥਲ ਚਲਦੀ ਰਹੀ। ਜਦੋਂ ਕੈਪਟਨ ਅਮਰਿੰਦਰ ਸਿੰਘ ਸਟੇਜ 'ਤੇ ਆਏ ਤਾਂ ਬੇਕਾਬੂ ਹੋਈ ਭੀੜ ਕਾਰਨ 20 ਮਿੰਟ ਸਟੇਜ ਦੀ ਕਾਰਵਾਈ ਰੁਕੀ ਰਹੀ। ਖੁਫੀਆ ਏਜੰਸੀਆਂ ਅਨੁਸਾਰ ਇਸ ਸਮਾਗਮ ਵਿਚ 25 ਹਜ਼ਾਰ ਦੇ ਕਰੀਬ ਲੋਕ ਪੁੱਜੇ। ਇਕ ਵਾਰ ਹਾਲਾਤ ਅਜਿਹੇ ਬਣ ਗਏ ਕਿ 40 ਕੁਇੰਟਲ ਲੱਡੂ ਲੈ ਕੇ ਪੁੱਜੇ ਖਰੜ ਦੇ ਵਿਧਾਇਕ ਨੂੰ ਵੀ ਕੰਧ ਟੱਪ ਕੇ ਕਾਂਗਰਸ ਭਵਨ ਵਿਚ ਪ੍ਰਵੇਸ਼ ਕਰਨਾ ਪਿਆ। ਉਂਜ ਭਾਰੀ ਭੀੜ ਕਾਰਨ ਕਾਂਗਰਸੀ ਆਗੂ ਸਟੇਜ 'ਤੇ ਨਜ਼ਮਾਂ ਆਦਿ ਪੜ੍ਹ ਰਹੇ ਮੁਨਸ਼ੀ ਖਾਨ ਤੇ ਰਛਪਾਲ ਸਿੰਘ ਪਾਲ ਨੂੰ ਨੋਟ ਦੇ ਕੇ ਆਪਣੀ ਹਾਜ਼ਰੀ ਲਵਾਉਂਦੇ ਰਹੇ।

ਇਸ ਤੋਂ ਇਲਾਵਾ ਅਮਰਜੀਤ ਸਿੰਘ ਸਮਰਾ, ਚੌਧਰੀ ਸੰਤੋਖ ਸਿੰਘ, ਚੌਧਰੀ ਜਗਜੀਤ ਸਿੰਘ, ਗੁਰਚੇਤ ਸਿੰਘ ਭੁੱਲਰ, ਰਾਕੇਸ਼ ਪਾਂਡੇ, ਮਲਕੀਤ ਸਿੰਘ ਬੀਰਮੀ, ਸੁਰਿੰਦਰ ਸਿੰਗਲਾ, ਜੀਤ ਮਹਿੰਦਰ ਸਿੰਘ ਸਿੱਧੂ, ਜਸਜੀਤ ਸਿੰਘ ਰੰਧਾਵਾ, ਅਰਵਿੰਦ ਖੰਨਾ, ਹੰਸ ਰਾਜ ਜੋਸਨ, ਮਹਿੰਦਰ ਸਿੰਘ ਰਿਣਵਾ, ਕੇਵਲ ਢਿੱਲੋਂ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਪ੍ਰੋ. ਦਰਬਾਰੀ ਲਾਲ, ਰਮੇਸ਼ ਡੋਗਰਾ, ਕਾਕਾ ਰਣਦੀਪ ਸਿੰਘ, ਰਜ਼ੀਆ ਸੁਲਤਾਨਾ, ਸੁਖਪਾਲ ਖਹਿਰਾ, ਸੁਨੀਲ ਜਾਖੜ, ਅਜੀਤ ਇੰਦਰ ਸਿੰਘ ਮੋਫਰ, ਹਰਮਿੰਦਰ ਜੱਸੀ ਸਮਾਗਮ ਵਿਚ ਸ਼ਾਮਲ ਸਨ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
National Truck Driving School

Call For Special Price
Kashmir S. Thandi
Office: (866) 933-3038
Balhar S. Ranu
Cell:916-502-7733
4585 Pell Dr. Secramento CA, 95838

Real Estate & Loans Under One Roof
Call:Sam Chahal Tel: 916-612-5773
For Buying and Selling Residential, Commercial property and for Loans in Sacramento area

Sam (Sohanpreet)Chahal
CA Lic. 01504071
Realtor/Notary Public
e-mail:sam@jassigill.com
Short Sale Specialist
*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।
Reo-Bankowned Properties
Serving from Bay Area to Sacramento
We Help You Buy/Sell Business & Homes
Multi-Million Dollars Producer-2007-08
Call Master of Winners in Multiple Offers
ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।
Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਜਥੇਦਾਰ ਮੱਕੜ ਬਣੇ 6ਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ 'ਚ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਛੇਵੀਂ ਵਾਰ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਸਰਬਸੰਮਤੀ ਨਾਲ ਰਘੁਜੀਤ ਸਿੰਘ ਵਿਰਕ ਨੂੰ ਜੂਨੀਅਰ ਮੀਤ ਪ੍ਰਧਾਨ, ਕੇਵਲ ਸਿੰਘ ਬਾਦਲ ਨੂੰ ਜੂਨੀਅਰ ਮੀਤ ਪ੍ਰਧਾਨ ਤੇ ਸੁਖਦੇਵ ਸਿੰਘ ਭੌਰ ਜਨਰਲ ਸਕੱਤਰ ਚੁਣ ਲਿਆ ਗਿਆ ਹੈ। ਇਜਲਾਸ ਵਿਚ 11 ਅੰਤ੍ਰਿੰਗ ਕਮੇਟੀ ਮੈਂਬਰ ਵੀ ਚੁਣੇ ਗਏ ਹਨ ਜਿਨ੍ਹਾਂ ਵਿਚ 9 ਮੈਂਬਰ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਦੋ ਮੈਂਬਰ ਵਿਰੋਧੀ ਧਿਰ ਦੇ ਹਨ।



*ਪ੍ਰਧਾਨ ਚੁਣੇ ਜਾਣ ਪਿਛੋਂ ਜਥੇਦਾਰ ਮੱਕੜ ਮੈਂਬਰਾਂ ਹੱਥੋਂ ਮੂੰਹ ਮਿੱਠਾ ਕਰਦੇ ਹੋਏ*

ਦਰਬਾਰ ਸਾਹਿਬ ਸਮੂਹ ਸਥਿਤ ਸ੍ਰੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਵਿਚ ਇਸ ਵਾਰ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਭਜਨ ਸਿੰਘ ਨੇ ਚੁਣੌਤੀ ਦਿੱਤੀ ਸੀ। ਇਸ ਲਈ ਪ੍ਰਧਾਨ ਦੀ ਚੋਣ ਵੋਟਾਂ ਪਾ ਕੇ ਕੀਤੀ ਗਈ। ਇਸ ਚੋਣ ਵਿਚ ਸ਼੍ਰੋਮਣੀ ਕਮੇਟੀ ਦੇ 156 ਮੈਂਬਰਾਂ ਨੇ ਵੋਟਾਂ ਪਾਈਆਂ ਜਿਨ੍ਹਾਂ ਵਿਚੋਂ ਜਥੇਦਾਰ ਅਵਤਾਰ ਸਿੰਘ ਨੂੰ 133 ਤੇ ਉਨ੍ਹਾਂ ਦੇ ਵਿਰੋਧ ਵਿਚ ਖੜ੍ਹੇ ਭਜਨ ਸਿੰਘ ਨੂੰ 23 ਵੋਟਾਂ ਪ੍ਰਾਪਤ ਹੋਈਆਂ। ਜਦੋਂਕਿ ਬਾਕੀ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋ ਗਈ। ਅੰਤ੍ਰਿੰਗ ਕਮੇਟੀ ਮੈਂਬਰਾਂ ਵਿਚ ਰਾਮ ਪਾਲ ਸਿੰਘ ਬੈਨੀਪਾਲ, ਰਜਿੰਦਰ ਸਿੰਘ ਮਹਿਤਾ, ਦਿਆਲ ਸਿੰਘ ਕੋਲਿਆਂਵਾਲੀ, ਸੁਰਜੀਤ ਸਿੰਘ ਗੜ੍ਹੀ, ਨਿਰਵੈਲ ਸਿੰਘ ਜੌਹਲਾ ਕਲਾਂ, ਕਰਨੈਲ ਸਿੰਘ ਪੰਜੋਲੀ, ਸੂਬਾ ਸਿੰਘ ਡਬਵਾਲਾ, ਮੋਹਨ ਸਿੰਘ ਬੰਗੀ, ਗੁਰਬਚਨ ਸਿੰਘ ਕਰਮੂਵਾਲਾ, ਮੰਗਲ ਸਿੰਘ ਮੁੰਬਈ ਤੇ ਭਜਨ ਸਿੰਘ ਸ਼ਾਮਲ ਹਨ। ਅੰਤ੍ਰਿੰਗ ਕਮੇਟੀ ਵਿਚ ਹਾਕਮ ਧਿਰ ਵੱਲੋਂ ਇਸ ਵਾਰ ਟੇਕ ਸਿੰਘ ਧਨੌਲਾ ਦੀ ਥਾਂ ਸ੍ਰੀ ਬੈਨੀਪਾਲ ਨੂੰ ਸ਼ਾਮਲ ਕੀਤਾ ਗਿਆ ਹੈ। ਵਿਰੋਧੀ ਧਿਰ ਨੂੰ ਦੋ ਅੰਤ੍ਰਿੰਗ ਕਮੇਟੀ ਮੈਂਬਰ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਜਿਨ੍ਹਾਂ ਵਿਚ ਮੰਗਲ ਸਿੰਘ ਮੁੰਬਈ ਤੇ ਭਜਨ ਸਿੰਘ ਸ਼ਾਮਲ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਦੇਵ ਸਿੰਘ ਭੌਰ ਨੇ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਨਾਂ ਪ੍ਰਧਾਨ ਦੇ ਉਮੀਦਵਾਰ ਵਜੋਂ ਪੇਸ਼ ਕੀਤਾ। ਵਿਰੋਧੀ ਧਿਰ ਵੱਲੋਂ ਭਜਨ ਸਿੰਘ ਦੇ ਨਾਂ ਦੀ ਪੇਸ਼ਕਸ਼ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਦੀਦਾਰ ਸਿੰਘ ਨਲਵੀ ਨੇ ਕੀਤੀ। ਵਿਰੋਧੀ ਧਿਰ ਦੀ ਮੰਗ 'ਤੇ ਇਹ ਚੋਣ ਵੋਟਾਂ ਪਾ ਕੇ ਕਰਵਾਈ ਗਈ। ਹਾਕਮ ਧਿਰ ਵੱਲੋਂ ਹਰਸੁਰਿੰਦਰ ਸਿੰਘ ਗਿੱਲ ਤੇ ਵਿਰੋਧੀ ਧਿਰ ਵੱਲੋਂ ਸੁਖਵਿੰਦਰ ਸਿੰਘ ਪੱਟੀ ਪੋਲਿੰਗ ਏਜੰਟ ਬਣਾਏ ਗਏ। ਵੋਟਾਂ ਦੀ ਗਿਣਤੀ ਸੁਖਦੇਵ ਸਿੰਘ ਭੌਰ ਤੇ ਹਰਬੰਸ ਸਿੰਘ ਕੰਧੋਲਾ ਦੀ ਨਿਗਰਾਨੀ ਹੇਠ ਹੋਈ।

ਜ਼ਿਕਰਯੋਗ ਹੈ ਕਿ ਜਥੇਦਾਰ ਮੱਕੜ ਤੋਂ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਲਗਾਤਾਰ 14 ਸਾਲ ਇਸ ਸੰਸਥਾ ਦੇ ਪ੍ਰਧਾਨ ਰਹੇ ਹਨ। ਜਥੇਦਾਰ ਅਵਤਾਰ ਸਿੰਘ 23 ਨਵੰਬਰ 2005 ਵਿਚ ਪਹਿਲੀ ਵਾਰ 40ਵੇਂ ਪ੍ਰਧਾਨ ਬਣੇ ਸਨ।

ਮੁਹਾਲੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਮੁਹਾਲੀ ਇਜਲਾਸ ਦਾ ਬਾਈਕਾਟ ਕਰਕੇ ਚਲੇ ਗਏ ਕਿਉਂਕਿ ਉਨ੍ਹਾਂ ਨੂੰ ਸਿੱਖ ਇਤਿਹਾਸ ਪੁਸਤਕ ਬਾਰੇ ਬੋਲਣ ਦਾ ਮੌਕਾ ਨਾ ਦਿੱਤਾ ਗਿਆ। ਸ੍ਰੀ ਮੋਹਾਲੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਿੰਦੀ ਵਿਚ ਪ੍ਰਕਾਸ਼ਿਤ ਇਸ ਪੁਸਤਕ ਵਿਚ ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਪੁਸਤਕ 1998 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਸੀ, ਜਿਸ ਦੀਆਂ ਸਿਰਫ਼ 300 ਕਾਪੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਸਨ। ਉਨ੍ਹਾਂ ਦਸਿਆ ਕਿ ਜਦੋਂ ਇਤਰਾਜ਼ਯੋਗ ਸ਼ਬਦਾਵਲੀ ਦਾ ਮਾਮਲਾ ਸਾਹਮਣੇ ਆਇਆ ਤਾਂ ਉਸ ਵੇਲੇ ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਨੇ ਇਸ ਸਬੰਧ ਵਿਚ ਮਤਾ ਪਾਸ ਕਰਕੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਸੀ। ਉਨ੍ਹਾਂ ਸ੍ਰੀ ਮੋਹਾਲੀ ਦੀ ਮੰਗ ਨੂੰ ਬੇਲੋੜਾ ਕਰਾਰ ਦਿੱਤਾ।

ਜਨਰਲ ਇਜਲਾਸ ਦੌਰਾਨ 8 ਸ਼ੋਕ ਮਤੇ ਤੇ 9 ਆਮ ਮਤੇ ਪਾਸ ਕੀਤੇ ਗਏ। ਸ਼ੋਕ ਮਤਿਆਂ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬਲਵੰਤ ਸਿੰਘ, ਉਂਕਾਰ ਸਿੰਘ ਸ਼ਰੀਫਪੁਰਾ, ਸੁਖਬੀਰ ਸਿੰਘ ਅਵਾਦਾਨ, ਟੇਕ ਸਿੰਘ ਮਾਨੂੰਕੇ, ਜ਼ੋਰਾ ਸਿੰਘ, ਸਾਬਕਾ ਪ੍ਰਧਾਨ ਕਾਬਲ ਸਿੰਘ ਠੀਂਡਾ ਤੇ ਸਾਬਕਾ ਮੈਂਬਰ ਹਰਪਿੰਦਰਜੀਤ ਸਿੰਘ ਲਾਇਲਪੁਰੀ, ਮੁਖ਼ਤਿਆਰ ਸਿੰਘ ਟਾਂਡੀਆ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।

ਆਮ ਮਤਿਆਂ ਰਾਹੀਂ ਭਾਰਤ ਸਰਕਾਰ ਕੋਲੋਂ ਕਸ਼ਮੀਰ ਵਿਚ ਵੱਸਦੇ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ, ਅੰਮ੍ਰਿਤਸਰ ਤੋਂ ਲੰਡਨ ਤੇ ਟੋਰਾਂਟੋ ਲਈ ਬੰਦ ਕੀਤੀ ਏਅਰ ਇੰਡੀਆ ਦੀ ਹਵਾਈ ਉਡਾਣ ਨੂੰ ਮੁੜ ਚਾਲੂ ਕਰਨ, ਸ਼੍ਰੋਮਣੀ ਕਮੇਟੀ ਦੇ ਸਦਨ ਵਿਚ ਵਿਦੇਸ਼ਾਂ ਤੋਂ ਦਸ ਮੈਂਬਰ ਨਾਮਜ਼ਦ ਕਰਨ ਦੀ ਪ੍ਰਵਾਨਗੀ ਦੇਣ, ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ ਦੀ ਵੀ ਮੰਗ ਕੀਤੀ ਗਈ।




## ਅਹੁਦੇਦਾਰਾਂ ਦਾ ਫੈਸਲਾ ਇਕ ਹਫਤੇ 'ਚ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਇਕ ਹਫਤੇ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾਈ ਅਹੁਦੇਦਾਰਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਬਲਾਕ ਪ੍ਰਧਾਨਾਂ ਦੀ ਸੂਚੀ ਤਿਆਰ ਕਰਕੇ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜ ਦੇਣਗੇ।

ਉਨ੍ਹਾਂ ਦੱਸਿਆ ਕਿ ਉਹ ਜਲਦ ਹੀ ਡੇਰਾ ਸੱਚਾ ਸੌਦਾ ਸਿਰਸਾ ਦੇ ਬਾਬਾ ਰਾਮ ਰਹੀਮ ਗੁਰਮੀਤ ਸਿੰਘ ਸਮੇਤ ਵੱਖ-ਵੱਖ ਡੇਰਿਆਂ ਦੇ ਸੰਤਾਂ ਤੇ ਮੁਖੀਆਂ ਨੂੰ ਮਿਲਣਗੇ ਅਤੇ ਉਨ੍ਹਾਂ ਤੋਂ ਰਾਜਸੀ ਮਦਦ ਮੰਗਣਗੇ।

FARMERS INSURANCE GROUP
Symbol of Superior Service
FARMERS®

181 Metro Drive, Suite 290, San Jose, CA 95110

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*Call for a Review of your any Insurance Policy or to Get a Quote. !!*
*Totally Free and No Obligation to buy from us!!*



Satwant Singh
Insurance Specialist
License # OH11256

*Auto *Home *Life *Business
*Workers Compensation

Call for consultation

**Ph: 408-771-2438**

*408-580-6063, 408-687-7566*

Fax: 408-573-3829
ssingh6@farmeragent.com

*Call us to know about special discounts for nurses, teachers, engineers, pharmacists, doctors and more professionals to get low prices.*

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD® Millennium

**Gurbans Gill 209-815-1869**

# ਸਾੜਸਤੀ ਦਾ ਸ਼ਿਕਾਰ ਪਿੰਡ ਸ਼ੇਖਪੂਰਾ, ਦਰਜਨਾਂ ਬੱਚੇ ਬਿਮਾਰ

**ਬਲਜਿੰਦਰ ਕੋਟਭਾਰਾ**

**ਬਠਿੰਡਾ:** ਅਪੰਗਾਂ ਦੇ ਇਸ ਪਿੰਡ ਦਾ ਦੁਖਾਂਤ ਹੀ ਨਿਰਾਲਾ ਹੈ। ਸੰਤਾਪ ਭੋਗ ਰਹੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਤੇ ਨਾ ਹੀ ਮਾਲੀ ਮਦਦ ਹੋ ਰਹੀ ਹੈ। ਬੱਸ ਉਹ ਕਿਸੇ ਅਗਿਆਤ ਸ਼ਕਤੀ ਦੇ ਸਹਾਰੇ ਦਿਨ ਕਟੀ ਕਰ ਰਹੇ ਹਨ। ਇਹ ਦੁਖਾਂਤ ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਨੇੜੇ ਪੈਂਦੇ ਪਿੰਡ ਸ਼ੇਖਪੁਰਾ ਦਾ ਹੈ। ਇਥੇ ਕਈ ਘਰਾਂ ਵਿਚ ਅਪੰਗ ਬੱਚਿਆਂ ਤੇ ਨੌਜਵਾਨਾਂ ਦੇ ਮੰਜੇ ਹਨ, ਕਈ ਮਾਨਸਿਕ ਰੋਗਾਂ ਦੇ ਸ਼ਿਕਾਰ ਹਨ ਤੇ ਇਕ ਪਰਿਵਾਰ ਦੇ ਸਾਰੇ ਮੈਂਬਰ ਗੂੰਗੇ ਤੇ ਬੋਲੇ ਹਨ। ਕੈਂਸਰ ਨਾਲ ਜੂਝ ਰਹੇ ਤੇ ਜ਼ਿੰਦਗੀ ਹੱਥੋਂ ਹਾਰ ਗਿਆਂ ਦੀ ਤਾਂ ਗਿਣਤੀ ਨਹੀਂ ਹੋ ਸਕੀ।

ਦੁਖਾਂਤ ਦਾ ਨਿਵੇਕਲਾ ਪਹਿਲੂ ਇਹ ਹੈ ਕਿ ਦਰਜਨ ਦੇ ਕਰੀਬ ਅਜਿਹੇ ਨੌਜਵਾਨ ਸਦਾ ਲਈ ਤੇ ਮੌਤ ਦੇ ਸਫ਼ਰ ਤੱਕ ਮੰਜਾ ਮੱਲੀ ਬੈਠੇ ਹਨ ਜਿਨ੍ਹਾਂ ਦੇ ਇਲਾਜ ਲਈ ਵੱਡੇ-ਵੱਡੇ ਡਾਕਟਰ ਹੱਥ ਖੜ੍ਹੇ ਕਰ ਚੁੱਕੇ ਹਨ। ਮਜਬੂਰੀਵੱਸ ਮਾਪਿਆਂ ਕੋਲ ਆਪਣੇ ਜਾਇਆਂ ਨੂੰ ਮੌਤ ਦੇ ਮੂੰਹ ਵੱਲ ਜਾਂਦਿਆ ਵੇਖਣ ਤੋਂ ਬਿਨ੍ਹਾ ਕੋਈ ਚਾਰਾ ਨਹੀਂ ਹੈ। ਹਲਾਂਕਿ ਉਹ ਆਪਣੇ ਪਿਆਰਿਆਂ ਲਈ ਜ਼ਮੀਨਾਂ ਵੀ ਵੇਚ ਚੁੱਕੇ ਹਨ। ਇਹ ਸਾਰੇ ਬਚਪਨ ਵਾਲੀ ਅਵਸਥਾ ਵਿਚ ਹੀ ਜਾਪਦੇ ਹਨ ਜਦਕਿ ਅਸਲ ਵਿਚ ਇਨ੍ਹਾਂ ਦੀ ਉਮਰ ਜ਼ਿਆਦਾ ਹੈ। ਵਰਣਨਯੋਗ ਗੱਲ ਇਹ ਹੈ ਕਿ ਇਨ੍ਹਾਂ ਸਾਰਿਆਂ ਦਾ ਜਨਮ ਵਿਸ਼ੇਸ਼ ਸਮੇਂ ਅੱਜ ਤੋਂ ਡੇਢ ਦਹਾਕਾ ਪਹਿਲਾਂ ਸੰਨ 1984 ਤੋਂ ਲੈ ਕੇ 1988 ਵਿਚਾਲੇ ਹੋਇਆ।

ਬੱਚਿਆਂ ਵਾਂਗ ਜਾਪਦੇ 22 ਸਾਲਾਂ ਤੋਂ ਮੰਜਾ ਮੱਲੀ ਪਏ ਹਰਜੀਤ ਸਿੰਘ ਦੇ ਮੂੰਹ ਵਿਚ ਉਸ ਦੇ ਮਾਪੇ ਹੀ ਰੋਟੀ ਪਾਉਂਦੇ ਹਨ। ਪੀੜਤ ਦੇ ਪਿਤਾ ਹਰਜੋਗਿੰਦਰ ਸਿੰਘ ਤੇ ਮਾਤਾ ਗੁਰਮੇਲ ਕੌਰ ਰੋਂਦਿਆ ਦੱਸਦੇ ਹਨ ਕਿ ਉਨ੍ਹਾਂ ਆਪਣੇ ਇਸ ਜਿਗਰ ਦੇ ਟੋਟੇ ਦੇ ਇਲਾਜ ਲਈ ਲੁਧਿਆਣੇ ਡੀ.ਐਮ.ਸੀ. ਤੇ ਹੋਰ ਅਨੇਕਾਂ ਥਾਵਾਂ 'ਤੇ ਲੱਖਾਂ ਰੁਪਏ ਖ਼ਰਚ ਕੀਤੇ ਹਨ। ਇਸ ਦੌਰਾਨ ਜ਼ਮੀਨ ਵੀ ਵੇਚੀ ਪਰ ਇਸ ਸਭ ਕੁਝ ਦਾ ਨਤੀਜਾ ਸਿਫਰ ਹੀ ਰਿਹਾ ਹੈ।

23 ਸਾਲਾ ਗੁਰਜੀਵਨ ਸਿੰਘ ਬਚਪਨ ਤੋਂ ਹੀ ਮੰਜੇ 'ਤੇ ਅੱਡੀਆਂ ਰਗੜ ਰਿਹਾ ਹੈ। ਉਸ ਦੇ ਸਾਰੇ ਅੰਗ ਖ਼ਤਮ ਹਨ। ਦੋ ਭੈਣਾਂ ਦੇ ਇਸ ਇਕਲੌਤੇ ਭਰਾ ਦੇ ਇਲਾਜ ਲਈ ਹੁਣ ਤੱਕ 2 ਲੱਖ ਰੁਪਿਆ ਖ਼ਰਚਿਆ ਜਾ ਚੁਕਾ ਹੈ। ਪੀੜਤ ਦਾ ਪਿਤਾ ਭਰੇ ਮਨ ਨਾਲ ਦੱਸਦਾ ਹੈ ਕਿ ਇਸ ਦੇ ਇਲਾਜ ਲਈ ਪੌਣੇ ਦੋ ਏਕੜ ਜ਼ਮੀਨ ਵੀ ਵੇਚੀ ਪਰ ਕੋਈ ਫਾਇਦਾ ਨਹੀਂ ਹੋਇਆ। ਮੇਜਰ ਸਿੰਘ ਦੇ ਪੁੱਤਰ ਸੁਰਜੀਤ ਸਿੰਘ ਦੇ ਮੁੜ ਸੁਰਜੀਤ ਹੋਣ ਦੀ ਕੋਈ ਆਸ ਨਹੀਂ ਹੈ। 17 ਸਾਲਾਂ ਤੋਂ ਮੰਜੇ ਨਾਲ ਮੰਜਾ ਹੋਈ ਪਏ ਦੇ ਇਲਾਜ ਲਈ ਗਰੀਬ ਪਰਿਵਾਰ ਨੇ ਪੌਣੇ ਦੋ ਲੱਖ ਰੁਪਏ ਕਰਜ਼ਾ ਚੁਕਿਆ ਪਰ ਹਾਲਤ ਉਸ ਤਰ੍ਹਾਂ ਹੀ ਹੈ। ਮਜ਼ਦੂਰ ਨਾਇਬ ਸਿੰਘ ਦਾ ਬੇਟਾ ਪ੍ਰੇਮਦੀਪ ਸਿੰਘ 19 ਸਾਲ ਤੋਂ ਮੰਜੇ ਵਿਚ ਢੇਰੀ ਹੈ। ਆਪਣਾ ਚੁੱਲ੍ਹਾ ਤਪਦਾ ਰੱਖਣ ਲਈ ਪਿੰਡ ਵਿਚ ਦਿਹਾੜੀ ਕਰਨ ਵਾਲੇ ਇਸ ਕਿਰਤੀ ਪਰਿਵਾਰ ਨੇ ਸਵਾ ਦੋ ਲੱਖ ਰੁਪਏ ਦਾ ਕਰਜ਼ਾ ਚੁੱਕ ਕੇ ਕਈ ਥਾਂਵਾਂ ਤੋਂ ਇਲਾਜ ਲਈ ਕੋਸ਼ਿਸ਼ ਕੀਤੀ। ਇਸ ਪਰਿਵਾਰ 'ਤੇ ਹੁਣ ਵੀ ਕਰਜ਼ੇ ਦਾ ਬੋਝ ਹੈ। ਪਰਿਵਾਰ ਵਾਲਿਆਂ ਦੀ ਸਿਰਫ਼ ਐਨੀ ਹੀ ਮੰਗ ਹੈ ਕਿ ਪੀੜਤ ਜੋ ਢਾਈ ਕਿਲੋ ਦੁੱਧ ਪੀਂਦਾ ਹੈ, ਉਸ ਦਾ ਖ਼ਰਚਾ ਹੀ ਕਿਸੇ ਪਾਸੇ ਤੋਂ ਮਿਲਣ ਲੱਗ ਜਾਵੇ।



ਸਾਰੇ ਅੰਗਾਂ ਤੋਂ ਨਕਾਰਾ ਜਿੰਦਰ ਸਿੰਘ ਪਿਛਲੇ ਦੋ ਦਹਾਕਿਆਂ ਤੋਂ ਮੰਜੇ 'ਤੇ ਹੈ। ਪੀੜਤ ਦਾ ਪਿਤਾ ਆਪਣੀ ਦੁੱਖਾਂ ਭਰੀ ਕਹਾਣੀ ਦੱਸਦਾ ਹੈ ਕਿ ਉਸ ਨੇ ਆੜ੍ਹਤੀਆਂ ਤੋਂ ਢਾਈ-ਤਿੰਨ ਲੱਖ ਰੁਪਏ ਕਰਜ਼ਾ ਲੈ ਕੇ ਇਸ ਦੇ ਇਲਾਜ 'ਤੇ ਖਰਚਿਆ ਪਰ ਹਾਲਤ 'ਚ ਕੋਈ ਫ਼ਰਕ ਨਹੀਂ ਹੈ। ਸਾਹਿਲ ਕੁਮਾਰ ਬਚਪਨ ਤੋਂ ਹੁਣ ਤੱਕ 12 ਸਾਲਾਂ ਤੋਂ ਬੇਸੁੱਧ ਹੈ। ਪੀੜਤ ਦਾ ਪਿਤਾ ਜਿਲਾ ਰਾਮ ਉਰਫ਼ ਦੀਨਾ ਰਾਮ ਦੱਸਦਾ ਹੈ ਕਿ ਇਸ ਦੇ ਇਲਾਜ ਲਈ ਪੌਣੇ ਦੋ ਏਕੜ ਜ਼ਮੀਨ ਵੇਚ ਦਿੱਤੀ ਹੈ। ਗੁਰਦੀਪ ਸਿੰਘ ਨੇ 14 ਸਾਲਾਂ ਤੋਂ ਮੰਜਾ ਮੱਲਿਆ ਹੋਇਆ ਹੈ। ਪੀੜਤ 'ਤੇ ਹੁਣ ਤੱਕ 60 ਹਜ਼ਾਰ ਖਰਚ ਆ ਚੁਕਾ ਹੈ। ਪਰਿਵਾਰ ਸਿਰ 33 ਹਜ਼ਾਰ ਰੁਪਏ ਦਾ ਕਰਜ਼ਾ ਹੈ। ਬਚਪਨ ਤੋਂ ਹੀ ਨਰਕਮਈ ਹਾਲਤ ਵਿਚ ਮੰਜ਼ਾ ਮੱਲੀ ਪਏ 22 ਸਾਲਾ ਗੁਰਜੀਤ ਸਿੰਘ ਦੀ ਮਾਤਾ ਬਲਜੀਤ ਕੌਰ ਦਾ ਕਹਿਣਾ ਹੈ ਕਿ ਇਹ ਬੱਚਾ ਜਨਮ ਤੋਂ ਹੀ ਬੇਜਾਨ ਵਸਤੂ ਵਾਂਗ ਪਿਆ ਹੈ। ਇਸੇ ਉਮਰ ਦਾ ਹੀ ਗੁਰਪ੍ਰੀਤ ਸਿੰਘ ਬਚਪਨ ਤੋਂ ਹੀ ਮੌਤ ਦੀ ਉਡੀਕ ਵਿਚ ਮੰਜੇ 'ਤੇ ਅੱਡੀਆਂ ਰਗੜ ਰਿਹਾ ਹੈ।

ਮਜ਼ਦੂਰ ਜਾਨੀ ਸਿੰਘ ਦੇ ਇਕਲੌਤੇ ਪੁੱਤਰ ਮੰਗਾ ਸਿੰਘ ਦੀ ਇਸ ਅਗਿਆਤ ਬਿਮਾਰੀ ਨੇ ਜਾਨ ਲੈ ਕੇ ਹੀ ਖਹਿੜਾ ਛੱਡਿਆ। ਮੰਗਾ ਸਿੰਘ ਦੀ ਜ਼ਿੰਦਗੀ ਤੇ ਤੰਦਰੁਸਤੀ ਮੰਗਦਿਆਂ ਇਸ ਮਜ਼ਦੂਰ ਪਰਿਵਾਰ ਨੇ ਇਸ ਨੂੰ ਬਚਾਉਣ ਲਈ 15 ਸਾਲ ਦਿਨ ਰਾਤ ਇਕ ਕਰ ਦਿੱਤਾ ਸੀ ਤੇ ਡੇਢ ਲੱਖ ਰੁਪਏ ਦਾ ਕਰਜ਼ਈ ਵੀ ਹੋਇਆ। ਦੁਕਾਨਦਾਰ ਰਾਮ ਕੁਮਾਰ ਦਾ ਬੇਟਾ ਬਚਪਨ ਤੋਂ 13 ਸਾਲ ਦੀ ਇਸ ਉਮਰ ਤੱਕ ਸਫ਼ਰ ਤੈਅ ਕਰ ਚੁਕਾ ਹੈ। ਇਸ ਬੱਚੇ ਦੀਆਂ ਦੋਹੇ ਲੱਤਾਂ ਵਿੰਗੀਆਂ ਹਨ, ਮਾਨਸਿਕ ਪੱਖੋਂ ਕਮਜ਼ੋਰ ਹੈ ਤੇ ਨਜ਼ਰ ਦਿਨੋ-ਦਿਨ ਘੱਟ ਰਹੀ ਹੈ। ਨਮੇਸ ਕੁਮਾਰ ਦੱਸਦਾ ਹੈ ਕਿ ਉਨ੍ਹਾਂ ਨੇ ਇਸ ਦੀ ਜ਼ਿੰਦਗੀ ਲਈ ਆਪਣੀ ਪੂੰਜੀ ਤੇ ਬੈਂਕਾਂ ਤੋਂ ਲੱਖਾਂ ਰੁਪਏ ਦਾ ਕਰਜ਼ਾ ਲੈ ਕੇ ਉਦੇਪੁਰ ਤੱਕ ਇਲਾਜ ਕਰਵਾਇਆ ਪਰ ਹਾਲਤ 'ਚ ਕੋਈ ਅੰਤਰ ਨਹੀਂ ਆਇਆ। ਕਿਸਾਨ ਗੁਲਜ਼ਾਰ ਸਿੰਘ ਦੀ ਪੁੱਤਰੀ ਸਿਮਰਜੀਤ ਕੌਰ 25 ਸਾਲਾਂ ਤੋਂ ਜ਼ਿੰਦਗੀ ਦਾ ਸੰਤਾਪ ਭੋਗ ਰਹੀ ਹੈ। ਤਿੰਨ ਸਾਲ 2 ਮਹੀਨਿਆਂ ਦੀ ਉਮਰ ਵਿਚ ਉਸ ਦੀਆਂ ਲੱਤਾਂ ਖੜ੍ਹ ਗਈਆਂ। ਇਸ ਦੇ ਹੁਣ ਤੱਕ ਪੂਰੇ ਅੱਠ ਅਪਰੇਸ਼ਨ ਹੋ ਚੁੱਕੇ ਹਨ ਜਿਨ੍ਹਾਂ 'ਤੇ ਲੁਧਿਆਣਾ ਦੇ ਇਕ ਹਸਪਤਾਲ ਵਿਚ 50 ਹਜ਼ਾਰ ਰੁਪਏ, ਨੰਗਲ 45 ਹਜ਼ਾਰ ਰੁਪਏ, ਤਲਵੰਡੀ ਸਾਬੋ 40 ਹਜ਼ਾਰ ਰੁਪਏ ਸ਼ਾਮਲ ਹਨ। ਪਰਿਵਾਰ ਨੂੰ ਡੇਢ ਏਕੜ ਜ਼ਮੀਨ ਵੀ ਵੇਚਣੀ ਪਈ ਖ਼ੇਤੀ ਦਾ ਕੰਮ ਰੁਕਿਆ ਰਿਹਾ ਪਰ ਹਮੇਸ਼ਾ ਹੀ ਅਸਫ਼ਲਤਾ ਨੇ ਝੰਬਿਆ।



ਪਿੰਡ ਦਾ ਸਮਾਜ ਸੇਵੀ ਸੁਖਵਿੰਦਰ ਸਿੰਘ ਬਹੁਤ ਹੀ ਭਰੇ ਮਨ ਨਾਲ ਦੱਸਦਾ ਹੈ ਕਿ ਪਤਾ ਨਹੀਂ ਹੋਰ ਅਜਿਹੇ ਕੇਸ ਇਸ ਪਿੰਡ ਵਿਚ ਕਿੰਨੇ ਕੁ ਹਨ। ਉਸ ਨੇ ਸੂਬਾ ਹਕੂਮਤ ਤੋਂ ਇਸ ਭਿਆਨਕ ਬਿਮਾਰੀ ਦੀ ਵਿਸ਼ੇਸ਼ ਖੋਜ ਕਰਵਾ ਕੇ ਮੁਫ਼ਤ ਇਲਾਜ਼ ਦੀ ਮੰਗ ਕਰਦਿਆਂ ਪੀੜਤਾਂ ਦੇ ਪਰਿਵਾਰਾਂ ਸਿਰ ਚੜ੍ਹਿਆ ਕਰਜ਼ਾ ਤੁਰੰਤ ਮਾਫ਼ ਕਰਨ ਦੀ ਅਪੀਲ ਵੀ ਕੀਤੀ।

*(ਬਾਕੀ ਅਗਲੇ ਅੰਕ 'ਚ)*


**Global Eagle Transportation Inc.**

**ਡਰਾਈਵਰਾਂ ਅਤੇ ਓਨਰ ਓਪਰੇਟਰਾਂ ਦੀ ਤੁਰੰਤ ਲੋੜ ਹੈ**

**Oakland, Lathrop, Stockton, Yuba City, Sacramento ਏਰੀਏ ਤੋਂ ਲੋਡ ਉਪਲਬਧ**

ਕੰਪਨੀ ਦੇ ਟਰੇਲਰ ਵੀ ਵਰਤ ਸਕਦੇ ਹੋ
ਕਾਗਜ਼ ਪੂਰੇ ਹੋਣ 'ਤੇ ਪੈਸਿਆਂ ਦਾ ਭੁਗਤਾਨ ਸਮੇਂ ਸਿਰ
24 ਘੰਟੇ ਡਿਸਪੈਚ ਉਪਲਬਧ
ਬੇ-ਏਰੀਏ ਅਤੇ ਵੈਲੀ ਏਰੀਏ ਤੋਂ ਲਾਸ ਏਂਜਲਸ ਤੇ ਟੈਕਸਸ ਨੂੰ round trip ਲੋਡ ਉਪਲਬਧ
ਵੈਲੀ ਅਤੇ ਬੇ-ਏਰੀਏ 'ਚ ਲੋਕਲ ਲੋਡ ਹਰ ਸਮੇਂ ਉਪਲਬਧ

*Dedicated run to Portland and Seattle*



FUEL ਵਾਸਤੇ ਕਾਮ ਚੈਕ ਦੀ ਵਿਸ਼ੇਸ਼ ਸਹੂਲਤ

*Contact :Bobby Thiara, Jas Gill*


**Toll Free Phone # 1-800-788-2993**

**Phone: 510-832-4444, Fax : 510-832-4445**

*web site : www.globaleagletrans.com*

# ਦਲ ਖਾਲਸਾ ਵਲੋਂ ਸਾਨ ਸੂ ਕੀ ਦੀ ਰਿਹਾਈ ਦਾ ਸੁਆਗਤ

**ਫਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** ਦਲ ਖਾਲਸਾ ਨੇ ਮਿਆਂਮਾਰ ਦੀ ਜਮਹੂਰੀਅਤ ਦੀ ਅਲੰਬਰਦਾਰ ਆਂਗ ਸਾਨ ਸੂ ਕੀ ਦੀ ਰਿਹਾਈ ਦਾ ਸੁਆਗਤ ਕਰਦਿਆਂ ਉਥੋਂ ਦੇ ਫੌਜੀ ਸ਼ਾਸਕਾਂ ਨੂੰ ਬਾਕੀ ਦੇ ਸਿਆਸੀ ਕੈਦੀਆਂ ਦੀ ਰਿਹਾਈ ਅਤੇ ਫੌਜੀ ਰਾਜ ਦਾ ਵਿਰੋਧ ਕਰ ਰਹੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਨੂੰ ਬੰਦ ਕਰਨ ਦੀ ਗੁਹਾਰ ਲਾਈ ਹੈ।



ਜਥੇਬੰਦੀ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ ਸੂ ਕੀ ਉਨ੍ਹਾਂ ਸਾਰਿਆਂ ਲਈ ਪ੍ਰੇਰਣਾ ਸਰੋਤ ਹੈ ਜੋ ਆਜ਼ਾਦੀ, ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੇ ਮਾਣ-ਸਨਮਾਨ ਦੇ ਮੁਦਈ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਸੂ ਕੀ ਨੂੰ ਲੰਮੀ ਕੈਦ ਤੋਂ ਰਿਹਾਈ ਮਿਲ ਗਈ ਹੈ ਪਰ ਆਪਣੇ ਲੋਕਾਂ ਨੂੰ ਫੌਜੀ ਰਾਜ ਤੋਂ ਮੁਕਤ ਕਰਵਾਉਣ ਲਈ ਅਜੇ ਉਨ੍ਹਾਂ ਦਾ ਸੰਘਰਸ਼ ਲੰਮਾ ਅਤੇ ਬਿਖੜਾ ਹੈ। ਸੂ ਕੀ ਨੂੰ ਨੈਤਿਕ ਦ੍ਰਿੜਤਾ ਦੀ ਮੂਰਤ ਅਤੇ ਪ੍ਰਤੀਕ ਦਸਦਿਆਂ ਦਲ ਖਾਲਸਾ ਆਗੂ ਨੇ ਕਿਹਾ ਕਿ ਉਹ ਜਮਹੂਰੀ ਢੰਗ ਨਾਲ ਬੇਇਨਸਾਫੀ ਅਤੇ ਜ਼ੁਲਮ ਵਿਰੁੱਧ ਲੜਨ ਵਾਲਿਆਂ ਲਈ ਪ੍ਰੇਰਣਾ ਦਾਇਕ ਹੈ।

ਵਰਨਣਯੋਗ ਹੈ ਕਿ ਸੂ ਕੀ ਨੇ ਪਿਛਲੇ 21 ਸਾਲਾਂ ਦੌਰਾਨ 15 ਸਾਲ ਘਰ ਅੰਦਰ ਹੀ ਕੈਦ ਕੱਟੀ ਹੈ ਅਤੇ ਇਸ ਨੋਬਲ ਪੁਰਸਕਾਰ ਜੇਤੂ ਔਰਤ ਨੇ ਤਾਂ ਆਪਣੇ ਪਤੀ ਦੀ ਇੰਗਲੈਂਡ 'ਚ ਹੋਈ ਮੌਤ ਮੌਕੇ ਵੀ ਆਪਣਾ ਮੁਲਕ ਛੱਡਣ ਤੋਂ ਨਾਂਹ ਕਰ ਦਿੱਤੀ ਸੀ।

ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਦੇ ਪਾਰਲੀਮੈਂਟ ਵਿਚ ਦਿੱਤੇ ਭਾਸ਼ਣ ਉਤੇ ਆਪਣਾ ਪ੍ਰਤੀਕਰਮ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਓਬਾਮਾ ਨੇ ਬਰਮਾ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਭਾਰਤ ਵੱਲੋਂ ਧਾਰੀ ਚੁੱਪ ਲਈ ਡਾ. ਮਨਮੋਹਨ ਸਿੰਘ ਸਰਕਾਰ ਦੀ ਖਿਚਾਈ ਤਾਂ ਕੀਤੀ ਪਰ ਉਹ ਆਪ ਭਾਰਤ ਦੇ ਸਰਹੱਦੀ ਸੂਬਿਆਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਹੋ ਰਹੀ ਮਨੁੱਖੀ ਅਧਿਕਾਰਾਂ ਦੇ ਘਾਣ ਬਾਬਤ ਕੁਝ ਵੀ ਨਹੀਂ ਬੋਲੇ।

ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਪੁਛਿਆ ਕਿ ਸ੍ਰੀ ਓਬਾਮਾ ਨੂੰ ਆਪਣੇ ਮੇਜ਼ਬਾਨ ਮੁਲਕ ਦੀ ਘਟਗਿਣਤੀ ਕੌਮਾਂ ਪ੍ਰਤੀ ਅਤਿਆਚਾਰੀ ਅਤੇ ਦਬਾਊ ਨੀਤੀਆਂ ਬਾਬਤ ਬੋਲਣ ਤੋਂ ਕਿਸ ਗੱਲ ਨੇ ਵਰਜਿਆ ਹੈ? ਉਨ੍ਹਾਂ ਪੁਛਿਆ ਕਿ ਕੀ ਕਸ਼ਮੀਰੀਆਂ, ਨਾਗਿਆਂ, ਆਸਾਮੀਆਂ ਅਤੇ ਸਿੱਖਾਂ ਦਾ ਖ਼ੂਨ ਬਰਮੀ ਲੋਕਾਂ ਨਾਲੋਂ ਸਸਤਾ ਹੈ?

ਦਲ ਖਾਲਸਾ ਨੇ ਡਾ. ਮਨਮੋਹਨ ਸਿੰਘ ਦੇ ਬਿਆਨ ਉਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਭਾਵੇਂ ਭਾਰਤ ਇਕ ਕ੍ਰਿਆਸ਼ੀਲ ਜਮਹੂਰੀਅਤ ਹੈ ਪਰ ਇਸ ਦੀ ਕਾਨੂੰਨ ਦੇ ਰਾਜ ਅਤੇ ਮਨੁੱਖੀ ਆਜ਼ਾਦੀ ਅਤੇ ਹੱਕਾਂ ਪ੍ਰਤੀ ਵਚਨਬੱਧਤਾ ਖੋਖਲੀ ਅਤੇ ਸ਼ੰਕਿਆਂ ਵਿਚ ਹਨ।

# ਬਾਦਲ ਸਰਕਾਰ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਬਚਾਉਣ ਲਈ ਪੂਰੀ ਵਾਹ

**ਬਠਿੰਡਾ:** ਅਕਾਲੀ-ਭਾਜਪਾ ਸਰਕਾਰ ਸਿਰਸਾ ਡੇਰਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਬਚਾਉਣ ਲਈ ਹਰ ਹੀਲਾ ਵਰਤ ਰਹੀ ਹੈ। ਇਹੀ ਕਾਰਨ ਹੈ ਕਿ ਡੇਰਾ ਮੁਖੀ 'ਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦਰਜ ਮੁਕੱਦਮੇ ਵਿਚ ਬਠਿੰਡਾ ਪੁਲਿਸ ਅਦਾਲਤ ਵਿਚ ਚਲਾਨ ਪੇਸ਼ ਕਰਨ ਵਿਚ ਅਸਫ਼ਲ ਰਹੀ ਹੈ। ਸਮੇਂ ਸਿਰ ਅਦਾਲਤ ਵਿਚ ਚਲਾਨ ਪੇਸ਼ ਨਾ ਹੋਣ ਕਾਰਨ ਤਕਰੀਬਨ ਉਕਤ ਕੇਸ ਖ਼ਤਮ ਹੋਣ ਕਿਨਾਰੇ ਪੁੱਜ ਗਿਆ ਹੈ।

ਸਾਲ 2005 ਵਿਚ ਡੇਰਾ ਮੁਖੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚ ਕੇ ਸਿੱਖਾਂ ਦੇ ਹਿਰਦੇ ਵਲੂੰਧਰੇ ਸਨ। ਡੇਰਾ ਮੁਖੀ ਦੀ ਇਸ ਕਾਰਵਾਈ ਖਿਲਾਫ਼ ਬਠਿੰਡਾ 'ਚ ਸ਼ਾਂਤਮਈ ਰੋਸ ਪ੍ਰਗਟ ਕਰ ਰਹੀਆਂ ਸਿੱਖ ਸੰਗਤਾਂ 'ਤੇ ਡੇਰਾ ਪ੍ਰੇਮੀਆਂ ਨੇ ਹਮਲਾ ਕਰਕੇ ਕਈ ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਬਾਅਦ ਖਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਦੇ ਪ੍ਰਧਾਨ ਰਾਜਿੰਦਰ ਸਿੰਘ ਸਿੱਧੂ ਨੇ ਸਮੇਂ ਦੇ ਐਸ.ਐਸ.ਪੀ. ਨੌਨਿਹਾਲ ਸਿੰਘ ਨੂੰ ਸ਼ਿਕਾਇਤ ਦੇ ਕੇ ਡੇਰਾ ਮੁਖੀ ਖਿਲਾਫ਼ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਸੀ।

ਬਠਿੰਡਾ ਕੋਤਵਾਲੀ ਪੁਲਿਸ ਨੇ ਡੇਰਾ ਮੁਖੀ ਖਿਲਾਫ਼ 20 ਮਈ 2007 ਨੂੰ ਮੁਕੱਦਮਾ ਨੰਬਰ 262 ਭਾਰਤੀ ਦੰਡਵਾਲੀ ਦੀ ਧਾਰਾ 295ਏ, 153ਏ, 268 ਤਹਿਤ ਦਰਜ ਕੀਤਾ ਸੀ ਜਿਸਦਾ ਨਿਯਮਾਂ ਮੁਤਾਬਕ ਤਿੰਨ ਸਾਲ ਦੇ ਸਮੇਂ ਵਿਚ ਅਦਾਲਤ ਵਿਚ ਚਲਾਨ ਪੇਸ਼ ਕਰਨਾ ਜ਼ਰੂਰੀ ਸੀ ਪਰ ਕਰੀਬ ਸਾਢੇ ਪੰਜ ਮਹੀਨੇ ਦਾ ਸਮਾਂ ਉਪਰ ਦੀ ਲੰਘ ਜਾਣ ਦੇ ਬਾਵਜੂਦ ਪੁਲਿਸ ਨੇ ਨਾਂ ਤਾਂ ਡੇਰਾ ਮੁਖੀ ਖਿਲਾਫ਼ ਅਦਾਲਤ 'ਚ ਚਲਾਨ ਹੀ ਪੇਸ਼ ਕੀਤਾ ਤੇ ਨਾ ਹੀ ਕੋਈ ਦਰਖਾਸਤ ਹੀ ਅਦਾਲਤ ਦੇ ਸਾਹਮਣੇ ਰੱਖੀ।

ਲਾਈਅਰਜ਼ ਫਾਰ ਜਸਟਿਸ ਐਂਡ ਡੈਮੋਕਰੇਟਿਕ ਰਾਈਟਸ ਦੇ ਪ੍ਰਧਾਨ ਤੇ ਸੀਨੀਅਰ ਐਡਵੋਕੇਟ ਬਲਵੰਤ ਸਿੰਘ ਢਿੱਲੋਂ ਦਾ ਕਹਿਣਾ ਸੀ ਕਿ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮੁਕੱਦਮੇ ਵਿਚ ਡੇਰਾ ਮੁਖੀ ਨੂੰ ਘੱਟੋ-ਘੱਟ ਤਿੰਨ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ ਪਰ ਬਠਿੰਡਾ ਪੁਲਿਸ ਨੇ ਸਰਕਾਰ ਦੇ ਇਸ਼ਾਰੇ ਉਪਰ ਡੇਰਾ ਮੁਖੀ ਨੂੰ ਬਚਾਉਣ ਲਈ ਡੂੰਘੀ ਸਾਜ਼ਿਸ਼ ਤਹਿਤ ਚਲਾਨ ਅਦਾਲਤ ਵਿਚ ਪੇਸ਼ ਹੀ ਨਹੀਂ ਕੀਤਾ।

ਸ੍ਰੀ ਢਿੱਲੋਂ ਦਾ ਕਹਿਣਾ ਸੀ ਕਿ ਇਸ ਸਾਰੇ ਮਾਮਲੇ ਬਾਰੇ ਉਨ੍ਹਾਂ ਸੂਚਨਾ ਅਧਿਕਾਰ ਐਕਟ ਤਹਿਤ ਬਠਿੰਡਾ ਪੁਲਿਸ ਤੋਂ ਜਾਣਕਾਰੀ ਮੰਗੀ ਹੈ ਜਿਸਦੇ ਮਿਲਦਿਆਂ ਹੀ ਚਲਾਨ ਪੇਸ਼ ਨਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦਿਵਾਉਣ ਤੇ ਡੇਰਾ ਮੁਖੀ ਖਿਲਾਫ਼ ਦਰਜ ਮੁਕੱਦਮੇ ਦਾ ਚਲਾਨ ਅਦਾਲਤ ਵਿਚ ਪੇਸ਼ ਕਰਵਾਉਣ ਲਈ ਹਾਈਕੋਰਟ ਵਿਚ ਰਿੱਟ ਦਾਇਰ ਕਰਨਗੇ।

ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਧਾਰਮਿਕ ਵਿੰਗ ਦੇ ਮੁਖੀ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਦਾ ਕਹਿਣਾ ਸੀ ਕਿ ਅਕਾਲੀ-ਭਾਜਪਾ ਸਰਕਾਰ ਦਾ ਡੇਰਾ ਮੁਖੀ ਨਾਲ ਪੂਰੀ ਤਰ੍ਹਾਂ ਸਮਝੌਤਾ ਹੋ ਚੁੱਕਾ ਹੈ। ਚੋਣਾਂ ਵਿਚ ਡੇਰਾ ਪ੍ਰੇਮੀਆਂ ਦੀਆਂ ਲਈਆਂ ਵੋਟਾਂ ਦੇ ਇਵਜ਼ ਵਜੋਂ ਡੇਰਾ ਮੁਖੀ ਖਿਲਾਫ਼ ਚਲਾਨ ਅਦਾਲਤ ਵਿਚ ਪੇਸ਼ ਨਾ ਕਰਕੇ ਪੁਲਿਸ ਨੇ ਉਸਦਾ ਪੂਰੀ ਤਰ੍ਹਾ ਬਚਾਅ ਕੀਤਾ ਹੈ। ਐਸ.ਐਸ.ਪੀ. ਬਠਿੰਡਾ ਡਾ. ਸੁਖਚੈਨ ਸਿੰਘ ਗਿੱਲ ਨਾਲ ਜਦੋਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਚਲਾਨ ਪੇਸ਼ ਕਰਨ ਜਾਂ ਨਾ ਕਰਨ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ।

# ਦਰਬਾਰ ਸਾਹਿਬ ਨਤਮਸਤਕ ਨਿਮਰਤਾ ਨਾਲ ਹੋਇਆ ਜਾਂਦੈ ਨਾ ਕਿ ਧਾੜਵੀਆਂ ਦੀ ਤਰ੍ਹਾਂ:ਮਾਨ

**ਫਤਿਹਗੜ੍ਹ ਸਾਹਿਬ (ਗੁਰਿੰਦਰਜੀਤ ਸਿੰਘ ਪੀਰਜੈਨ):** ਸ.ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਡੀ ਗਿਣਤੀ ਵਿਚ ਆਪਣੇ ਨਾਲ ਕਾਂਗਰਸੀ ਵਰਕਰਾਂ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਨਮਸਤਕ ਹੋਣ ਲਈ ਗਏ ਹਨ, ਇਸ ਤਰ੍ਹਾਂ ਧਾੜਵੀਆਂ ਦੀ ਤਰ੍ਹਾਂ ਜਾਣਾ ਉਨ੍ਹਾਂ ਦੀ ਹਉਮੈ ਨੂੰ ਹੀ ਪ੍ਰਗਟਾਉਂਦਾ ਹੈ। ਜਦੋਂ ਕਿ ਸ੍ਰੀ ਦਰਬਾਰ ਸਾਹਿਬ ਤਾਂ ਪੂਰਨ ਸ਼ਰਧਾ ਅਤੇ ਨਿਮਰਤਾ ਸਹਿਤ ਹੀ ਜਾਇਆ ਜਾਂਦਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੂਸਰੀ ਗੱਲ ਕਿਸੇ ਪ੍ਰਾਪਤੀ ਤੋਂ ਪਹਿਲੇ ਹੀ ਅਰਦਾਸ ਕਰਕੇ ਆਪਣੇ ਮਿਸ਼ਨ 'ਤੇ ਨਿਕਲਿਆ ਜਾਂਦਾ ਹੈ ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜੀ ਹਮਲਾ ਅਤੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਹਿੰਦ ਹਕੂਮਤ ਤੋਂ ਅਸ਼ੀਰਵਾਦ ਲੈ ਕੇ ਹੀ ਦਰਬਾਰ ਸਾਹਿਬ ਪਹੁੰਚੇ ਹਨ, ਜੋ ਕੱਲ੍ਹ ਨੂੰ ਫਿਰ ਹਿੰਦੂਤਵ ਹਕੂਮਤ ਦੇ ਆਦੇਸ਼ਾਂ ਉਤੇ ਪੰਜਾਬ ਸੂਬੇ ਅਤੇ ਸਿੱਖਾਂ ਨਾਲ ਜਿਆਦਤੀਆਂ ਕਰਨਗੇ। ਇਸ ਲਈ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਸਿੱਖ ਅਤੇ ਪੰਜਾਬ ਮਾਰੂ ਨੀਤੀਆਂ 'ਤੇ ਚੱਲਣ ਵਾਲੇ ਕਿਸੇ ਵੀ ਆਗੂ ਨੂੰ ਕਿਸੇ ਤਰ੍ਹਾਂ ਦੀ ਰਾਜਨੀਤਿਕ ਜਾਂ ਸਮਾਜਿਕ ਤਾਕਤ ਨਹੀਂ ਦੇਣੀ ਚਾਹੀਦੀ ਭਾਵੇਂ ਕਿ ਕਾਂਗਰਸ ਜਮਾਤ ਨੇ ਆਪਣੇ ਪੰਜਾਬ ਯੂਨਿਟ ਦੀ ਜਰਨੈਲੀ ਉਨ੍ਹਾਂ ਨੂੰ ਦੇ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇੱਕ ਮਈ 1994 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਅੰਮ੍ਰਿਤਸਰ ਐਲਾਨਨਾਮੇ (ਖਾਲਿਸਤਾਨ) ਉਤੇ ਦਸਤਖ਼ਤ ਅਤੇ ਪ੍ਰਣ ਕਰਕੇ ਮੁਨਕਰ ਹੋਣ ਵਾਲੇ ਕੈਪਟਨ ਅਮਰਿੰਦਰ ਸਿੰਘ ਦੇ ਮਨ ਅਤੇ ਆਤਮਾ ਵਿਚ ਗੁਰੂ ਘਰ ਦੀ ਸ਼ਰਧਾ ਜਾਂ ਭੈ ਕਿੰਨਾ ਕੁ ਹੋਵੇਗਾ, ਉਸਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਜੋ ਹੁਣ ਪੂਰੇ ਲਾਮ-ਲਸ਼ਕਰ ਲੈ ਕੇ ਦਰਬਾਰ ਸਾਹਿਬ ਦਾਖਿਲ ਹੋਏ ਹਨ। ਇਸ ਵਿਚ ਵੀ ਸ਼ਰਧਾ ਨਾਂਮਾਤਰ, ਧਾੜਵੀਪਣ ਜਿਆਦਾ ਦਿਖਾਈ ਦੇ ਰਿਹਾ ਹੈ। ਇਸ ਵਤੀਰੇ ਨੂੰ ਗੁਰੂ ਘਰ ਵਿਚ ਅੱਜ ਤੱਕ ਕਦੇ ਵੀ ਪ੍ਰਵਾਨ ਨਹੀਂ ਕੀਤਾ ਗਿਆ। ਫਿਰ ਕੈਪਟਨ ਅਮਰਿੰਦਰ ਸਿੰਘ ਸਿੱਖ ਕੌਮ ਦੀ ਕਾਤਿਲ ਜਮਾਤ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੋਂ ਅਸ਼ੀਰਵਾਦ ਲੈ ਕੇ ਪ੍ਰਧਾਨ ਬਣ ਕੇ ਪੰਜਾਬ ਆਏ ਹਨ, 1984 ਵਿਚ ਹਜ਼ਾਰਾਂ ਹੀ ਸਿੱਖਾਂ ਦੇ ਕਾਤਿਲ ਕਾਂਗਰਸੀਆਂ, ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਿਲਾਂ ਆਦਿ ਨੂੰ ਸਜ਼ਾਵਾਂ ਦਿਵਾਉਣ ਵਿਚ ਤਾਂ ਅਜੇ ਤੱਕ ਕੋਈ ਪ੍ਰਾਪਤੀ ਨਹੀਂ ਕਰ ਸਕੇ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਹੀ ਕਰ ਸਕਦੀ ਹੈ। ਅਸੀਂ 28 ਨਵੰਬਰ ਨੂੰ ਤਰਨਤਾਰਨ ਵਿਖੇ ਪੰਜਾਬ ਬਚਾਓ ਰੈਲੀ -2 ਰੱਖੀ ਹੈ, ਜਿਸ ਵਿਚ ਸਮੂਹ ਵਰਗ ਹੁੰਮ ਹੁੰਮਾ ਕੇ ਪਹੁੰਚਣ ਤਾਂ ਜੋ ਪੰਜਾਬ ਅਤੇ ਸਿੱਖ ਕੌਮ ਨਾਲ ਹੋ ਰਹੇ ਜ਼ਬਰ ਜ਼ੁਲਮ, ਵਿਤਕਰੇ ਨੂੰ ਅਮਲੀ ਰੂਪ ਵਿਚ ਬੰਦ ਕਰਵਾਇਆ ਜਾ ਸਕੇ।

# ਪੰਜਾਬੀ ਨੇ ਤੋੜੇ ਸਰਹੱਦਾਂ ਦੇ ਬੰਧਨ: ਜੌਹਲ

**ਜੰਮੂ:** ਕਸ਼ਮੀਰ ਦੀ ਸਰਦ ਰੁੱਤ ਦੀ ਰਾਜਧਾਨੀ ਜੰਮੂ ਵਿਖੇ ਕਰਵਾਏ ਗਏ ਦੋ ਰੋਜ਼ਾ ਪੰਜਾਬੀ ਭਾਸ਼ਾ ਸੈਮੀਨਾਰ ਦੇ ਆਖਰੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਫੋਂਟ ਕਨਵਰਟਰ ਦੇ ਖੋਜੀ, ਪ੍ਰਸਿੱਧ ਭਾਸ਼ਾ ਚਿੰਤਕ ਤੇ ਕਲਾਕਾਰ ਜਨਮੇਜਾ ਸਿੰਘ ਜੌਹਲ ਨੇ ਕਿਹਾ ਕਿ ਹੁਣ ਪੰਜਾਬੀ ਭਾਸ਼ਾ ਸਿਰਫ ਸਿਆਸੀ ਤੇ ਭੁਗੋਲਿਕ ਪੰਜਾਬ ਦੀ ਹੀ ਭਾਸ਼ਾ ਨਹੀਂ ਰਹਿ ਗਈ ਹੈ ਸਗੋਂ ਇਹ ਵਿਸ਼ਵ ਦੀ ਇਕ ਮਹੱਤਵਪੂਰਨ ਭਾਸ਼ਾ ਬਣ ਗਈ ਹੈ। ਇਸ ਲਈ ਹੁਣ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਗੱਲ ਕਰਨ ਲੱਗਿਆਂ ਇਕ ਅਲੱਗ ਕੋਣ ਤੋਂ ਵੀ ਦੇਖਣਾ ਪਵੇਗਾ।

ਉਨ੍ਹਾਂ ਆਖਿਆ ਕਿ ਪੰਜਾਬੀ ਨੂੰ ਵਿਸ਼ਵ-ਵਿਆਪੀ ਦਿਖ ਦੇਣ ਦੀ ਲੋੜ ਹੈ। ਤਕਨੀਕੀ ਤੌਰ ਤੇ ਇਸਨੂੰ ਵਿਸ਼ਵ ਪੱਧਰ 'ਤੇ ਪ੍ਰਚਾਰਨ ਤੇ ਪ੍ਰਸਾਰਨ ਦੀ ਲੋੜ ਹੈ। ਵੱਡੇ ਵੱਡੇ ਅਦਾਰਿਆਂ ਨੂੰ ਪੰਜਾਬੀ ਵਿਚ ਤਕਨੀਕੀ ਸਮਗਰੀ ਤਿਆਰ ਕਰਕੇ ਦੇਣ ਦੀ ਲੋੜ ਹੈ। ਇਸ ਦੋ ਰੋਜ਼ਾ ਸੈਮੀਨਾਰ ਵਿਚ ਪੰਜਾਬ ਤੋਂ 32 ਡੈਲੀਗੇਟਾਂ ਨੇ ਭਾਗ ਲਿਆ। ਜਨਾਬ ਖਾਲਿਦ ਹੁਸੈਨ ਤੇ ਸੁਸ਼ੀਲ ਕੁਮਾਰ ਨੇ ਅਣਥਕ ਮਿਹਨਤ ਨਾਲ ਸਾਰਾ ਕਾਰਜ ਸਿਰੇ ਚਾੜ੍ਹਿਆ।

ਪਾਸ ਕੀਤੇ ਮਤਿਆਂ ਨੂੰ ਡਾ. ਸੁਖਦੇਵ ਸਿੰਘ ਸਿੱਧੂ (ਸਿਰਸਾ) ਨੇ ਪੇਸ਼ ਕੀਤਾ ਅਤੇ ਦੇਸ਼-ਵਿਦੇਸ਼ ਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਨਾਲ ਤਨੋਂ-ਮਨੋਂ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਇਕ ਯਾਦਗਾਰੀ ਕਵੀ ਦਰਬਾਰ ਵੀ ਕੀਤਾ ਗਿਆ ਜਿਸਦੀ ਰੌਣਕ ਕਸ਼ਮੀਰ ਦੇ ਉਰਦੂ ਕਵੀਆਂ ਨੇ ਹਿੱਸਾ ਲੈ ਕੇ ਹੋਰ ਵਧਾ ਦਿੱਤੀ।

## ਬਾਬਾ ਬੁਢਾ ਜੀ ਦਾ ਜਨਮ ਦਿਹਾੜਾ ਮਨਾਇਆ


**ਮਾਡੈਸਟੋ (ਮਹਿੰਦਰ ਕੰਡਾ):** ਧੰਨ ਧੰਨ ਬਾਬਾ ਬੁਢਾ ਜੀ ਦਾ ਜਨਮ ਦਿਹਾੜਾ ਇਥੇ ਗੁਰੂਘਰ ਵਿਚ ਗਿੱਲ ਪਰਿਵਾਰ, ਭੰਗੂ ਪਰਿਵਾਰ, ਬਾਹੀਆ ਪਰਿਵਾਰ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਪੰਜਾਬ ਤੋਂ ਆਏ ਬੀਬੀ ਬਲਜੀਤ ਕੌਰ ਖਾਲਸਾ (ਤਲਵਾੜੇ ਵਾਲਿਆਂ) ਦੇ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਕਮਲਜੀਤ ਸਿੰਘ ਬਿਲਗੇਵਾਲਿਆਂ ਦੇ ਢਾਡੀ ਜਥੇ ਨੇ ਬਾਬਾ ਬੁਢਾ ਸਿੰਘ ਦੇ ਜੀਵਨ ਬਾਰੇ ਢਾਡੀ ਵਾਰਾਂ ਗਾਈਆਂ। ਗੁਰੂ ਘਰ ਦੀ ਕਮੇਟੀ ਵਲੋਂ ਬੀਬੀ ਬਲਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਲਿਕਰ ਕਿੰਗ ਅਮਰੀਕ ਸਿੰਘ ਮੱਲ੍ਹੀ ਤੇ ਉਸ ਦੀ ਪਤਨੀ ਗ੍ਰਿਫ਼ਤਾਰ

**ਬਾਲਟੀਮੋਰ:** ਖੁਫੀਆ ਏਜੰਸੀ ਐਫ.ਬੀ.ਆਈ. ਨੇ ਮੈਰੀਲੈਂਡ ਦੇ ਸ਼ਹਿਰ ਕਲਾਰਕਸਵਿਲ ਦੇ ਵਾਸੀ ਅਤੇ ਬੈਲ ਏਅਰ ਕਸਬੇ ਵਿਚ ਡੈਕਰ'ਸ ਲਿਕਰ ਦੇ ਮਾਲਕ ਲਿਕਰ ਕਿੰਗ ਕਰਕੇ ਜਾਣੇ ਜਾਂਦੇ ਅਮਰੀਕ ਸਿੰਘ ਮੱਲ੍ਹੀ (51) ਤੇ ਉਨ੍ਹਾਂ ਦੀ ਪਤਨੀ ਰਵਿੰਦਰ ਕੌਰ ਮੱਲ੍ਹੀ (49) ਨੂੰ ਸ਼ਰਾਬ ਅਤੇ ਤਬਾਕੂ ਉਤੇ ਪੁਲਿਸ ਅਫਸਰਾਂ ਦੀ ਮਿਲੀ ਭੁਗਤ ਨਾਲ ਟੈਕਸ ਚੋਰੀ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੇ ਘਰੋਂ 4 ਲੱਖ ਡਾਲਰ ਵੀ ਬਰਾਮਦ ਕੀਤੇ ਹਨ। ਇਸ ਮਾਮਲੇ ਵਿਚ ਹੁਣ ਤੱਕ 9 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਕਈ ਪੁਲਿਸ ਅਫਸਰ ਸ਼ਾਮਲ ਹਨ। ਇਨ੍ਹਾਂ ਉਤੇ ਭ੍ਰਿਸ਼ਟਾਚਾਰ, ਨਸ਼ਿਆਂ ਦੀ ਤਸਕਰੀ ਤੇ ਹਥਿਆਰਾਂ ਬਾਰੇ ਨੇਮਾਂ ਦੀ ਉਲੰਘਣਾ ਦੇ ਦੋਸ਼ ਹਨ।

ਮੈਰੀਲੈਂਡ ਡਿਸਟ੍ਰਿਕਟ ਦੇ ਸਟੇਟ ਅਟਾਰਨੀ ਰੌਡ ਜੇ ਰੋਜ਼ਨਸਟੇਨ ਤੇ ਵਿਸ਼ੇਸ਼ ਅਧਿਕਾਰੀ ਰਿਚਰਡ ਏ. ਮਕੈਫੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਪੁਲਿਸ ਅਧਿਕਾਰੀਆਂ ਨੇ ਇਕਬਾਲ ਕਰ ਲਿਆ ਹੈ ਕਿ ਉਨ੍ਹਾਂ ਆਪਣੇ ਬੈਜ਼ ਤੇ ਹਥਿਆਰ ਸ੍ਰੀ ਮੱਲ੍ਹੀ ਦੀ ਮਦਦ ਲਈ ਵਰਤੇ ਤਾਂ ਜੋ ਉਸ ਨੂੰ ਸ਼ਰਾਬ ਅਤੇ ਤਬਾਕੂ ਬਿਨਾਂ ਟੈਕਸ ਅਦਾ ਕੀਤਿਆਂ ਲਿਜਾਣ ਵਿਚ ਕੋਈ ਦਿੱਕਤ ਨਾ ਆਵੇ। ਖੁਫੀਆ ਵਿਭਾਗ ਦੇ ਲਾਅ ਇਨਫੋਰਸਮੈਂਟ ਨੇ 150 ਪੁਲਿਸ ਅਧਿਕਾਰੀਆਂ ਤੋਂ ਪੁੱਛ-ਗਿੱਛ ਕੀਤੀ। ਇਸ ਤੋਂ ਬਾਅਦ ਪ੍ਰਿੰਸ ਜਾਰਜ ਕਾਊਂਟੀ ਦੇ 45 ਸਾਲਾ ਪੁਲਿਸ ਸਾਰਜੈਂਟ ਰਿਚਰਡ ਡੈਲਬਰਰ, ਪੁਲਿਸ ਕਾਰਪੋਰਲ ਚੌਂਗ ਚਿਮ ਕਿਮ (42), ਅਮੀਰ ਮਿਲੀਕੋਵਿਕ (39), ਚੁਨ ਚੇਨ ਉਰਫ ਐਡੀ ਚੇਨ (34), ਹੋਜ਼ੇ ਮੈਰੀਨੋ (49) ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਕੇਸ ਵਿਚ ਅਜੇ ਹੋਰ ਗ੍ਰਿਫਤਾਰੀਆਂ ਵੀ ਸੰਭਵ ਹਨ। ਯਾਦ ਰਹੇ ਕਿ ਜਦੋਂ ਜੈਕ ਜਾਹਨਸਨ ਦੇ ਘਰ ਛਾਪਾ ਪਿਆ ਤਾਂ ਉਸ ਨੇ ਇਕ ਲੱਖ ਡਾਲਰ ਦਾ ਚੈਕ ਟੌਇਲਟ ਵਿਚ ਰੋੜ੍ਹ ਦਿੱਤਾ। ਉਸ ਦੀ ਪਤਨੀ ਲੈਸਲੀ ਜਾਹਨਸਨ ਨੇ 79,600 ਡਾਲਰ ਨਕਦ ਆਪਣੀ ਬ੍ਰਾ ਵਿਚ ਲਕੋਣ ਦਾ ਯਤਨ ਕੀਤਾ।



ਅਮਰੀਕ ਮੱਲ੍ਹੀ ਤੇ ਰਵਿੰਦਰ ਕੌਰ ਮੱਲ੍ਹੀ ਦੀ ਇਕ ਪੁਰਾਣੀ ਫੋਟੋ

ਅਮਰੀਕੀ ਕਾਨੂੰਨ ਅਨੁਸਾਰ ਇਸ ਕੇਸ ਵਿਚ ਦੋਸ਼ੀ ਸਾਬਤ ਹੋਣ ਵਾਲਿਆਂ ਨੂੰ 20 ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਹੋ ਸਕਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐਫ ਬੀ ਆਈ ਕਾਫੀ ਸਮੇਂ ਤੋਂ ਮੱਲ੍ਹੀ ਜੋੜੇ ਦੇ ਕਾਰੋਬਾਰ ਅਤੇ ਰੋਜ਼ਾਨਾ ਜ਼ਿੰਦਗੀ 'ਤੇ ਨਜ਼ਰ ਰੱਖ ਰਹੀ ਸੀ। ਜਦੋਂ ਸਾਰੇ ਪੁਖ਼ਤਾ ਸਬੂਤ ਹੱਥ ਆ ਗਏ ਤਾਂ ਇਨ੍ਹਾਂ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ। ਜ਼ਿਕਰਯੋਗ ਹੈ ਕਿ ਮੱਲ੍ਹੀ ਦੀ ਧਰਮਪਤਨੀ ਰਵਿੰਦਰ ਕੌਰ ਮੈਰੀਲੈਂਡ ਦੇ ਇਕ ਗੁਰੂ ਘਰ ਦੀ ਲੰਮਾ ਸਮਾਂ ਅਹੁਦੇਦਾਰ ਰਹੀ ਹੈ। ਉਨ੍ਹਾਂ ਦੀ ਬੇਟੀ ਸੁਪ੍ਰੀਤ ਕੌਰ ਮੱਲ੍ਹੀ ਪਿਛਲੇ ਸਾਲ ਬੇਕਰਜ਼ਫੀਲਡ ਵਿਚ ਹੋਏ ਸੁੰਦਰਤਾ ਮੁਕਾਬਲਿਆਂ ਵਿਚ ਮਿਸ ਵਰਲਡ ਪੰਜਾਬਣ ਯੂ ਐਸ ਏ ਚੁਣੀ ਗਈ ਸੀ।

ਪ੍ਰਿੰਸ ਜਾਰਜ ਕਾਊਂਟੀ ਦੇ ਐਗਜ਼ੈਕਟਿਵ ਨੇ ਮੁਢਲੀ ਪੁਛਗਿੱਛ ਦੌਰਾਨ ਕੁਝ ਸਨਸਨੀਖੇਜ਼ ਖੁਲਾਸੇ ਕੀਤੇ ਸਨ ਅਤੇ ਉਨ੍ਹਾਂ ਦੇ ਆਧਾਰ 'ਤੇ ਇਕੋ ਸਮੇਂ ਐਫ ਬੀ ਆਈ ਦੇ ਸੱਤਰ ਏਜੰਟਾਂ ਨੇ ਅਮਰੀਕ ਮੱਲ੍ਹੀ ਅਤੇ ਰਵਿੰਦਰ ਕੌਰ ਮੱਲ੍ਹੀ ਦੇ 13 ਲਿਕਰ ਸਟੋਰਾਂ ਅਤੇ ਬੈਂਕ ਅਕਾਊਂਟ ਛਾਪੇ ਮਾਰ ਕੇ ਸੀਲ ਕਰ ਦਿੱਤੇ। ਇਸ ਦੇ ਨਾਲ ਹੀ ਵੱਖ-ਵੱਖ ਨਾਵਾਂ 'ਤੇ ਰਜਿਸਟਰਡ 13 ਮਹਿੰਗੀਆਂ ਕਾਰਾਂ 35 ਲੱਖ ਡਾਲਰ ਨਕਦ, 84 ਬੈਂਕ ਖਾਤੇ ਢਾਈ ਮਿਲੀਅਨ ਡਾਲਰ ਦਾ ਘਰ ਜੋ ਪੂਰੀ ਤਰ੍ਹਾਂ ਕਰਜ਼ਾ ਮੁਕਤ ਹੈ, ਵੀ ਸੀਲ ਕਰ ਦਿੱਤਾ ਗਿਆ ਹੈ।

ਸਟੇਟ ਅਟਾਰਨੀ ਰੌਡ ਜੇ ਰੋਜ਼ਨਸਟੇਨ ਨੇ ਕਿਹਾ ਹੈ ਕਿ ਪੁਲੀਸ ਅਫ਼ਸਰਾਂ ਨੂੰ ਹਥਿਆਰ ਅਪਰਾਧ ਰੋਕਣ ਲਈ ਦਿੱਤੇ ਜਾਂਦੇ ਹਨ ਪਰ ਇਹ ਲੋਕ ਆਪ ਇਸ ਰਾਹ ਤੁਰ ਪਏ ਅਤੇ ਅਪਰਾਧੀਆਂ ਨਾਲ ਜਾ ਰਲੇ। ਜ਼ਿਕਰਯੋਗ ਹੈ ਕਿ ਇਹ ਮੁਲਾਜ਼ਮ ਪੈਸੇ ਲੈ ਕੇ ਟੈਕਸ ਤੋਂ ਬਗੈਰ ਹੀ ਸਾਮਾਨ ਲੰਘਾ ਦਿੰਦੇ ਸਨ।

# ਕਿਸਾਨਾਂ ਦਾ ਉਜਾੜਾ ਬਰਦਾਸ਼ਤ ਨਹੀਂ ਕਰਾਂਗੇ:ਚੌਟਾਲਾ

**ਅੰਬਾਲਾ:** ਸਰਕਾਰ ਵੱਲੋਂ ਇੰਡਸਟ੍ਰੀਅਲ ਮਾਡਲ ਟਾਊਨਸ਼ਿਪ ਵਿਕਸਤ ਕਰਨ ਲਈ ਪੰਜੋਖਰਾ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੀ 1852 ਏਕੜ 2 ਮਰਲੇ ਜ਼ਮੀਨ ਐਕਵਾਇਰ ਕਰਨ ਦਾ ਮਾਮਲਾ ਉਸ ਸਮੇਂ ਹੋਰ ਤੂਲ ਫੜ੍ਹ ਗਿਆ ਜਦੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸੁਪਰੀਮੋ ਓਮ ਪ੍ਰਕਾਸ਼ ਚੌਟਾਲਾ ਨੇ ਪੰਜੋਖਰਾ ਸਾਹਿਬ ਵਿਖੇ ਹੋਈ ਮਹਾ ਪੰਚਾਇਤ ਵਿਚ ਸ਼ਾਮਲ ਹੋ ਕੇ ਸੰਘਰਸ਼ ਸਮਿਤੀ ਨੂੰ ਆਪਣੀ ਪਾਰਟੀ ਵੱਲੋਂ ਪੂਰਾ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਗੁਰਦੁਆਰਾ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਚੌਟਾਲਾ ਨੇ ਕਿਹਾ ਕਿ ਗੁਰੂਆਂ ਨੇ ਅਧਿਕਾਰਾਂ ਲਈ ਸੰਘਰਸ਼ ਕਰਨ ਦਾ ਸੰਦੇਸ਼ ਦਿੱਤਾ ਹੈ ਅਤੇ ਜਿਸ ਨੇ ਵੀ ਸੰਘਰਸ਼ ਕੀਤਾ ਹੈ ਉਹ ਸਫ਼ਲ ਹੋਇਆ ਹੈ।



ਪੰਜੋਖਰਾ ਸਾਹਿਬ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਚੌਧਰੀ ਓਮ ਪ੍ਰਕਾਸ਼ ਚੌਟਾਲਾ

ਹਰਿਆਣਾ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਸ੍ਰੀ ਚੌਟਾਲਾ ਨੇ ਕਿਹਾ ਕਿ ਇਸ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ। ਪਿਛਲੇ 6 ਸਾਲਾਂ ਵਿਚ ਵਿਕਾਸ ਦੇ ਨਾਂ 'ਤੇ ਇਕ ਇੱਟ ਤੱਕ ਨਹੀਂ ਲਾਈ। ਇਸ ਸਰਕਾਰ ਨੇ 53 ਐਸ.ਈ.ਜ਼ੈਡ ਬਣਾਉਣ ਦੇ ਨਾਂ 'ਤੇ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਲੈ ਕੇ ਅੱਗੇ ਕਰੋੜਾਂ ਦੇ ਭਾਅ ਵੇਚੀ ਪ੍ਰੰਤੂ ਕਿਤੇ ਵੀ ਕੋਈ ਵਿਕਾਸ ਨਹੀਂ ਹੋਇਆ। ਇਨੈਲੋ ਸੁਪਰੀਮੋ ਨੇ ਇਸ਼ਾਰਾ ਕੀਤਾ ਕਿ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ, ਇਸ ਲਈ ਹਰਿਆਣਾ ਅਸੈਂਬਲੀ ਤੋਂ ਪਹਿਲਾਂ ਲੋਕ ਸਭਾ ਦੀਆਂ ਚੋਣਾਂ ਹੋ ਸਕਦੀਆਂ ਹਨ ਪ੍ਰੰਤੂ ਰਾਜ ਬਦਲਣ ਨਾਲ ਮਸਲੇ ਹੱਲ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਸਰਕਾਰ ਸੜਕਾਂ, ਹਸਪਤਾਲਾਂ, ਕਾਲਜਾਂ ਆਦਿ ਲਈ ਜ਼ਮੀਨ ਗ੍ਰਹਿਣ ਕਰੇ ਤਾਂ ਠੀਕ ਹੈ ਪ੍ਰੰਤੂ ਕਿਸਾਨਾਂ ਦੀ ਉਪਜਾਊ ਜ਼ਮੀਨ ਲੈ ਕੇ ਅੱਗੇ ਸਨਅਤਕਾਰਾਂ ਨੂੰ ਦੇਣੀ ਅਤੇ ਕਿਸਾਨਾਂ ਨੂੰ ਉਜਾੜਨਾ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹਲਕੇ ਦੇ ਭਾਜਪਾ ਵਿਧਾਇਕ ਅਨਿਲ ਵਿਜ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀ ਰੋਜ਼ੀ ਰੋਟੀ 'ਤੇ ਨਜ਼ਰ ਰੱਖੀ ਹੈ ਅਤੇ ਉਹ ਸਰਕਾਰ ਦੀ ਇਹ ਸਾਜ਼ਿਸ਼ ਸਿਰੇ ਨਹੀਂ ਚੜ੍ਹਨ ਦੇਣਗੇ। ਕਿਸਾਨ ਸੰਘਰਸ਼ ਸਮਿਤੀ ਦੇ ਪ੍ਰਧਾਨ ਬਲਵੰਤ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਕਾਕੜੂ, ਮੰਡੌਰ, ਖਤੌਲੀ, ਜਨੇਤਪੁਰ, ਗਰਨਾਲਾ ਅਤੇ ਪੰਜੋਖਰਾ ਸਾਹਿਬ ਦੀ 1852 ਏਕੜ ਐਕਵਾਇਰ ਕੀਤੀ ਜਾ ਰਹੀ ਜ਼ਮੀਨ ਸੌ ਫੀਸਦ ਸੇਂਜੂ ਹੈ ਅਤੇ ਪੰਜੋਖਰਾ ਮਾਈਨਰ ਦੇ ਨਾਲ ਇਥੇ ਤਿੰਨ ਸੌ ਤੋਂ ਸਾਢੇ ਤਿੰਨ ਸੌ ਤੱਕ ਛੋਟੇ ਵੱਡੇ ਟਿਊਬਵੈੱਲ ਲੱਗੇ ਹੋਏ ਹਨ। ਇਸ ਮੌਕੇ 'ਤੇ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਆਸਾ ਸਿੰਘ, ਬਰਾੜਾ ਤੋਂ ਵਿਧਾਇਕ ਰਾਜਬੀਰ, ਰਾਮ ਸਿੰਘ ਕੋੜਵਾ, ਹਰਪਾਲ ਸਿੰਘ ਕੰਬੋਜ, ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦੇ ਸਾਬਕਾ ਡਾਇਰੈਕਟਰ ਸ਼ੇਰਗਿੱਲ ਤੇ ਸਾਬਕਾ ਵਿਧਾਇਕ ਬਲਵੰਤ ਸਿੰਘ ਆਦਿ ਵੀ ਮੌਜੂਦ ਸਨ।

## Matrimonials

### ਵਰ ਦੀ ਲੋੜ

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

US citizen vegetarian, professional match for pretty, sincere, honest, obedient and never married girl, in her 30s, 5'-2". Only serious inquiries, cast no bar: Singhb1@yahoo.com

### ਕੰਨਿਆ ਦੀ ਲੋੜ

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

# ਡਾ. ਆਤਮਜੀਤ ਸਿੰਘ ਦਾ ਦੇਹਾਂਤ

**ਸੈਨ ਹੋਜੇ (ਚਰਨਜੀਤ ਸਿੰਘ ਪੰਨੂ):** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਆਤਮਜੀਤ ਸਿੰਘ ਲੰਘੀ 12 ਨਵੰਬਰ ਵੀਰਵਾਰ ਨੂੰ ਇਥੇ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ। ਉਨ੍ਹਾਂ ਦੀ ਧਰਮ ਪਤਨੀ ਪਿਛਲੇ ਕਾਫੀ ਸਮੇਂ ਤੋਂ ਹਸਪਤਾਲ ਵਿਚ ਜਿੰਦਗੀ ਮੌਤ ਨਾਲ



ਜੂਝ ਰਹੀ ਹੈ, ਉਸ ਦੀ ਚਿੰਤਾ ਕਰਦੇ ਉਹ ਆਪ ਪਹਿਲਾਂ ਤੁਰ ਗਏ।

ਡਾ. ਆਤਮਜੀਤ ਸਿੰਘ ਪਿਛਲੇ ਕਈ ਸਾਲਾਂ ਤੋਂ ਪਹਿਲਾਂ ਬਰਕਲੇ ਅਤੇ ਹੁਣ ਸੈਨ ਹੋਜ਼ੇ ਯੂਨੀਵਰਸਿਟੀ ਵਿਚ ਪੰਜਾਬੀ ਪੜ੍ਹਾ ਰਹੇ ਸਨ। ਮਾਂ ਬੋਲੀ ਪ੍ਰਤੀ ਉਨ੍ਹਾਂ ਦੀ ਦੇਣ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਡਾ. ਆਤਮਜੀਤ ਸਿੰਘ ਦਾ ਅੰਤਮ ਸੰਸਕਾਰ 20 ਨਵੰਬਰ ਸਨਿਚਰਵਾਰ ਨੂੰ 10-12.30 ਵਜੇ ਤੱਕ ਸੰਨੀਵੇਲ (ਸਪੈਂਗਲਰ ਮਾਰਚੁਰੀ, 174 ਨਾਰਥ ਸੰਨੀਵੇਲ ਚੈਪਲ ਸੰਨੀਵੇਲ-94086) ਵਿਖੇ ਹੋਵੇਗਾ ਅਤੇ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸੈਨਹੋਜੇ ਵਿਖੇ ਹੋਵੇਗੀ। ਉਨ੍ਹਾਂ ਦੇ ਸਪੁੱਤਰ ਕਰਨਲ ਪੰਕਜ ਸਿੰਘ ਨਾਲ ਸੰਪਰਕ ਫੋਨ 408-597-5974 ਤੇ ਕੀਤਾ ਜਾ ਸਕਦਾ ਹੈ।

ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆ ਨੇ ਡਾ. ਆਤਮਜੀਤ ਸਿੰਘ ਦੇ ਚਲਾਣੇ ਉਤੇ ਦੁਖ ਪ੍ਰਗਟ ਕਰਦਿਆਂ ਇਸ ਨੂੰ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਲਈ ਵਡਾ ਘਾਟਾ ਕਰਾਰ ਦਿਤਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

We Also Offer Notary Service

Desi Cuts and Color Plus
For Men, Women & Children
Grand Opening


Ph:510-429-0786
Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 ( Behind Tacobell )

ਤੁਰੰਤ ਲੋੜ ਹੈ
ਤੰਦੂਰੀਏ/ਕੁਕ ਦੀ
ਕੋਲੰਬਸ, ਓਹਾਇਓ ਵਿਚ ਇਕ ਇੰਡੀਅਨ ਰੈਸਟੋਰੈਂਟ ਨੂੰ ਤੰਦੂਰੀਏ/ਕੁਕ ਅਤੇ ਹੈਲਪਰ ਦੀ ਫੌਰੀ ਤੌਰ 'ਤੇ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਬੰਦੋਬਸਤ
ਤੁਰਤ ਕਾਲ ਕਰੋ:
513-225-5092

FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਚੰਦੂਮਾਜਰਾ ਨੇ ਮਨਪ੍ਰੀਤ ਬਾਦਲ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਿਆ

**ਫਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** ਅਕਾਲੀ ਦਲ (ਬਾਦਲ) ਦੇ ਜਨਰਲ ਸਕੱਤਰ ਅਤੇ ਸੀਨੀਅਰ ਅਕਾਲੀ ਨੇਤਾ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਸਾਬਕਾ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਮਨਪ੍ਰੀਤ ਬਾਦਲ ਦੇ ਸਮਾਗਮ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪਾਇਆ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰੋ: ਚੰਦੂਮਾਜਰਾ ਜਿਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ, ਸੀਨੀਅਰ ਅਕਾਲੀ ਨੇਤਾ ਸਤਿੰਦਰ ਕੌਰ ਧਾਲੀਵਾਲ, ਜਗਦੀਪ ਸਿੰਘ ਚੀਮਾ, ਮਲਕੀਤ ਸਿੰਘ ਮਠਾੜੂ ਆਦਿ ਵੀ ਸਨ, ਨੇ ਕਿਹਾ ਕਿ ਮਨਪ੍ਰੀਤ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਸਸਤੀ ਸ਼ੋਹਰਤ ਹਾਸਲ ਕਰਨ ਲਈ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਅਕਾਲੀ ਦੱਲ ਦੇ ਵਰਕਰਾਂ ਅਤੇ ਪ੍ਰਸਾਸ਼ਨ ਉਨ੍ਹਾਂ ਦੇ ਸਮਾਗਮਾਂ ਵਿਚ ਵਿਘਨ ਪਾਉਣ ਦਾ ਯਤਨ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦੇ ਸਮਰਥਕ ਵਿਧਾਇਕਾਂ ਜਗਬੀਰ ਬਰਾੜ ਅਤੇ ਮਨਜਿੰਦਰ ਕੰਗ ਵਿਰੁਧ ਅਨੁਸ਼ਾਸ਼ਨੀ ਕਰਵਾਈ ਨਿਯਮਾਂ ਮੁਤਾਬਿਕ ਕੀਤੀ ਜਾਵੇਗੀ ਕਿਉਂਕਿ ਸ਼੍ਰੋਮਣੀ ਅਕਾਲੀ ਦੱਲ ਜਮਹੂਰੀਅਤਪਸੰਦ ਪਾਰਟੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਵਿਧਾਇਕਾਂ ਨੂੰ ਪਾਰਟੀ ਵਿਰੋਧੀ ਗਤੀਵਧੀਆਂ ਕਾਰਨ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਨੂੰ ਹੁਣ ਆਪਣੇ ਨਾਲ ਕਦੇ ਵੀ ਅਕਾਲੀ ਸ਼ਬਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਨਾ ਤਾਂ ਉਨ੍ਹਾਂ ਦੀ ਸੂਰਤ ਅਕਾਲੀਆਂ ਵਾਲੀ ਹੈ ਅਤੇ ਨਾ ਹੀ ਸੋਚ। ਅੱਜ ਮਨਪ੍ਰੀਤ ਪੰਜਾਬ ਬਚਾਉਣ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ, ਪ੍ਰੰਤੂ ਜਦੋਂ ਤੱਕ ਉਹ ਸਰਕਾਰ ਵਿਚ ਰਹੇ ਉਸ ਸਮੇਂ ਤੱਕ ਰਾਜ ਦੇ ਵਿੱਤੀ ਸਰੋਤ ਵਧਾਉਣ ਦੀ ਕੋਈ ਗੱਲ ਨਹੀਂ ਕਹੀ।

## ਕਾਂਗਰਸ ਸਰਕਾਰ ਬਣਾਉਣ ਲਈ ਲੋਕ ਕਾਹਲੇ-ਰੰਧਾਵਾ

**ਫਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ ਅਤੇ ਵਿਧਾਨ ਸਭਾ ਚੋਣਾਂ ਦਾ ਬੇਸਬਰੀ ਨਾਲ ਇੰਤਜਾਰ ਕਰ ਰਹੇ ਹਨ ਤਾਂ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਦਾ ਬੋਰੀ ਬਿਸਤਰਾ ਗੋਲ ਕਰ ਸਕਣ।

ਇਹ ਪ੍ਰਗਟਾਵਾ ਸਾਬਕਾ ਮੰਤਰੀ ਜਸਜੀਤ ਸਿੰਘ ਰੰਧਾਵਾ ਨੇ ਫਤਿਹਗੜ੍ਹ ਸਾਹਿਬ ਵਿਖੇ ਦੀਦਾਰ ਸਿੰਘ ਦੌਣਕਲਾਂ ਦੇ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਗੁਰਦੱਮਣ ਸਿੰਘ ਢਿਲੋਂ, ਪੰਜਾਬ ਮਾਰਕਫੈਡ ਦੇ ਡਾਇਰੈਕਟਰ ਸੁਖਦੇਵ ਸਿੰਘ ਪੰਜੋਲੀ, ਜਸਵਿੰਦਰ ਸਿੰਘ ਰਾਣਾ, ਮਨਜੀਤ ਸਿੰਘ ਘੁਮਾਣ, ਪ੍ਰਮੋਦ ਕੁਮਾਰ, ਦੀਦਾਰ ਸਿੰਘ ਦੌਣਕਲਾਂ ਅਤੇ ਹੋਰ ਲੋਕ ਹਾਜਰ ਸਨ।

# ਪਿਛਲੇ 16 ਸਾਲਾਂ 'ਚ ਕੋਈ ਪੰਥਕ ਆਗੂ ਮੁਲਾਕਾਤ ਲਈ ਨਹੀਂ ਆਇਆ-ਬਲਵੰਤ ਸਿੰਘ ਰਾਜੋਆਣਾ

**ਪਟਿਆਲਾ:** ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਪਟਿਆਲਾ ਦੀ ਕੇਂਦਰੀ ਜੇਲ੍ਹ ਵਿਚ ਬੇਅੰਤ ਸਿੰਘ ਹੱਤਿਆ ਕਾਂਡ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਵੀ ਹਾਜ਼ਰ ਸਨ। ਮੁਲਾਕਾਤ ਦੌਰਾਨ ਬਲਵੰਤ ਸਿੰਘ ਚੜ੍ਹਦੀ ਕਲਾ ਵਿਚ ਸਨ ਤੇ ਉਨ੍ਹਾਂ ਦੱਸਿਆ ਕਿ 16 ਸਾਲਾਂ ਤੋਂ ਉਹ ਜੇਲ੍ਹ 'ਚ ਹਨ ਤੇ ਕਿਸੇ ਵੀ ਪੰਥਕ ਹਸਤੀ ਨੇ ਉਨ੍ਹਾਂ ਨਾਲ ਮੁਲਾਕਾਤ ਨਹੀਂ ਕੀਤੀ। ਸ੍ਰੀ ਰਾਜੋਆਣਾ ਨੇ ਕਿਹਾ ਕਿ ਉਨ੍ਹਾਂ ਦੇਸ਼ ਦੇ ਮੌਜੂਦਾ ਕਾਨੂੰਨਾਂ ਨੂੰ ਮੁੱਖ ਰੱਖ ਕੇ ਫਾਂਸੀ ਦਾ ਰਾਹ ਚੁਣਿਆ ਹੈ। ਉਨ੍ਹਾਂ ਕਿਹਾ ਕਿ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਤੇ ਨਵੰਬਰ 1984 'ਚ ਹੋਈ ਸਿੱਖ ਨਸਲਕੁਸ਼ੀ ਨੂੰ ਉਹ ਕਦੇ ਵੀ ਨਹੀਂ ਭੁਲਾ ਸਕਦੇ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸ਼ਹੀਦੀ ਸਮਾਗਮ ਸਿੱਖ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਨਾ ਮਨਾਉਣ ਦਾ ਉਨ੍ਹਾਂ ਨੂੰ ਦੁੱਖ ਹੈ। ਉਨ੍ਹਾਂ ਕਿਹਾ ਕਿ ਮੇਰੀ ਮੌਤ ਤੋਂ ਬਾਅਦ ਮੇਰੇ ਸਰੀਰ ਦਾ ਕੋਈ ਅੰਗ ਕਿਸੇ ਲੋੜਵੰਦ ਗੁਰਸਿੱਖ ਦੇ ਕੰਮ ਆ ਸਕੇ ਇਸ ਬਾਰੇ ਮੈਂ ਆਪਣੀ ਵਸੀਅਤ ਆਪਣੀ ਭੈਣ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜ ਦਿੱਤੀ ਹੈ।

ਇਸ ਤੋਂ ਇਲਾਵਾ ਮੇਰੀਆਂ ਲਿਖਤਾਂ ਤੇ ਬਿਆਨਾਂ ਦੀ ਫਾਈਲ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭੇਜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਦੇ ਸਮੇਂ ਦੌਰਾਨ ਮੇਰੇ ਭੈਣ ਜੀ ਨੇ ਜੋ ਮੇਰੇ ਲਈ ਕੀਤਾ ਉਸ ਨੂੰ ਮੈਂ ਭੁਲਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਮੇਰੇ ਭੈਣ ਜੀ ਨੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਕੇ ਮੇਰਾ ਕੇਸ ਲੜਿਆ ਤੇ ਸਾਰਾ ਖਰਚਾ ਵੀ ਕੋਲੋਂ ਹੀ ਕੀਤਾ।



ਧੁੰਮੇ ਵਲੋਂ ਜੇਲ੍ਹ ਅਧਿਕਾਰੀ ਦੇ ਕਮਰੇ ਅੰਦਰ ਭਾਈ ਰਾਜੋਆਣਾ ਨੂੰ ਸਿਰੋਪਾ ਦਿੱਤੇ ਜਾਣ ਦੀ ਤਸਵੀਰ

### ਜੇਲ੍ਹ 'ਚ ਕੈਮਰਾ ਲਿਜਾਣ ਦੀ ਚਰਚਾ

**ਫਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** ਦਮਦਮੀ ਟਕਸਾਲ ਦੇ ਮੁੱਖੀ ਹਰਨਾਮ ਸਿੰਘ ਧੁੰਮਾ ਵਲੋਂ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੇਅੰਤ ਕਤਲ ਕੇਸ ਅਧੀਨ ਫਾਂਸੀ ਦੀ ਸਜ਼ਾ ਪ੍ਰਾਪਤ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸਿਰੋਪਾ ਦਿੰਦੇ ਹੋਏ ਦੀ ਇੱਕ ਪੰਜਾਬੀ ਅਖ਼ਬਾਰ ਵਿਚ ਛਪੀ ਤਸਵੀਰ 'ਤੇ ਕਈ ਸਵਾਲ ਉਠ ਖੜ੍ਹੇ ਹੋਏ ਹਨ ਤੇ ਫੇਸਬੁੱਕ 'ਤੇ ਵੀ ਇਸ ਸਬੰਧੀ ਚਰਚਾ ਭਖੀ ਹੋਈ ਹੈ।

ਅਤਿ ਸੁਰੱਖਿਆ ਵਾਲੀ ਇਸ ਜੇਲ੍ਹ ਵਿਚ ਜਦੋਂ ਇਕ ਸੂਈ ਵੀ ਨਹੀਂ ਲਿਜਾਈ ਜਾ ਸਕਦੀ ਤਾਂ ਉਸ ਹਾਲਤ ਵਿਚ ਹਰਨਾਮ ਸਿੰਘ ਧੁੰਮਾ ਵਲੋਂ ਜੇਲ੍ਹ ਅਧਿਕਾਰੀ ਦੇ ਦਫਤਰ ਵਿਚ ਭਾਈ ਰਾਜੋਆਣਾ ਨੂੰ ਸਿਰੋਪਾ ਦਿੰਦੇ ਹੋਏ ਦੀ ਤਸਵੀਰ ਦਾ ਸਾਹਮਣੇ ਆਉਣਾ ਅਪਣੇ-ਆਪ ਵਿਚ ਕਈ ਸਵਾਲ ਖੜ੍ਹੇ ਕਰਦਾ ਹੈ ਕਿ ਦਮਦਮੀ ਟਕਸਾਲ ਮੁਖੀ ਨੂੰ ਜੇਲ੍ਹ ਅੰਦਰ ਕੈਮਰਾ ਲਿਜਾਣ ਦੀ ਇਜਾਜ਼ਤ ਕਿਵੇਂ ਮਿਲ ਗਈ ਤੇ ਗੱਲ ਇੱਥੇ ਹੀ ਨਹੀਂ ਮੁੱਕੀ ਸਗੋਂ ਭਾਈ ਰਾਜੋਆਣਾ ਨੂੰ ਸਿਰੋਪਾ ਜੇਲ੍ਹ ਅਧਿਕਾਰੀ ਦੇ ਦਫਤਰ ਵਿਚ ਦਿੱਤਾ ਗਿਆ ਤੇ ਫੋਟੋ ਖਿਚੀ ਗਈ।

ਪੰਥਕ ਹਲਕਿਆਂ ਵਿਚ ਇਸ ਗੱਲ ਦੀ ਵੀ ਚਰਚਾ ਹੈ ਕਿ ਦਮਦਮੀ ਟਕਸਾਲ ਮੁਖੀ ਪਿਛਲੇ ਸਮੇਂ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਮਿਲ ਕੇ ਚਲ ਰਹੇ ਹਨ ਤੇ ਸਿੱਖ ਕੌਮ ਵਿਚ ਬਾਦਲ ਦੇ ਡਿਗ ਰਹੇ ਮਿਆਰ ਨੂੰ ਬਚਾਉਣ ਲਈ ਕੰਮ ਕਰ ਰਹੇ ਹਨ। ਕੁਝ ਪੰਥਕ ਆਗੂਆਂ ਨੇ ਗੱਲਬਾਤ ਦੌਰਾਨ ਕਿਹਾ ਕਿ ਸਿੱਖ ਕੌਮ ਵਿਚ ਕੁਰਬਾਨੀ ਵਾਲੇ ਸਿੰਘਾਂ ਨੂੰ ਮਿਲਣਾ ਤੇ ਉਨ੍ਹਾਂ ਦਾ ਮਾਣ-ਸਨਮਾਨ ਕਰਨਾ ਹਰ ਸਿੱਖ ਦਾ ਫਰਜ਼ ਬਣਦਾ ਹੈ ਪਰ ਸਰਕਾਰਾਂ ਨਾਲ ਮਿਲ ਕੇ ਉਸ ਮਾਣ-ਸਨਮਾਨ ਨੂੰ ਆਪਣੀ ਪਬਲਿਸਿਟੀ ਲਈ ਵਰਤਣ ਵਾਲਿਆਂ ਤੋਂ ਕੌਮ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਕੁਝ ਸਮਾਂ ਪਹਿਲਾਂ ਅੰਮ੍ਰਿਤਸਰ ਜੇਲ੍ਹ ਵਿਚ ਪੂਹਲਾ ਕਤਲ ਕੇਸ ਵਿਚ ਨਜ਼ਰਬੰਦ ਭਾਈ ਨਵਤੇਜ ਸਿੰਘ ਗੱਗੂ ਨੂੰ ਪਿਸਤੌਲ ਨਾਲ ਉਕਤ ਜੇਲ੍ਹ ਦੇ ਅੰਦਰ ਹੀ ਗੋਲੀ ਮਾਰੇ ਜਾਣ ਦੀ ਘਟਨਾ ਨਾਲ ਜੇਲਾਂ ਦੇ ਸੁਰੱਖਿਆ ਪ੍ਰਬੰਧਾਂ ਤੇ ਕਈ ਸਵਾਲ ਉਠ ਖੜ੍ਹੇ ਹੋਏ ਸਨ ਕਿ ਜੇਲ੍ਹਾਂ ਅੰਦਰ ਹਥਿਆਰ ਅਤੇ ਨਸ਼ੇ ਕਿਵੇਂ ਪਹੁੰਚਦੇ ਹਨ। ਗੱਗੂ 'ਤੇ ਗੋਲੀ ਚਲਾਉਣ ਵਾਲੇ ਵਿਅਕਤੀ ਦੀ ਸਚਾਈ ਅਜੇ ਤੱਕ ਸਾਹਮਣੇ ਨਹੀਂ ਆ ਸਕੀ ਪਰ ਹੁਣ ਸਾਹਮਣੇ ਆਏ ਇਸ ਮਾਮਲੇ ਨਾਲ ਤਾਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਤੇ ਜੇਲ੍ਹ ਪ੍ਰਸ਼ਾਸ਼ਨ ਦੀ ਇਜਾਜ਼ਤ ਤੋਂ ਬਿਨਾਂ ਕੋਈ ਵੀ ਵਸਤੂ ਜੇਲ੍ਹ ਅੰਦਰ ਨਹੀਂ ਲਿਜਾਈ ਜਾ ਸਕਦੀ।

**ਭਾਰਤੀ ਮੂਲ ਦੇ ਡਾਕਟਰ ਵੱਲੋਂ ਦਾਅਵਾ**

# ਟੀਕੇ ਨਾਲ ਜਿਗਰ ਤੇ ਗੁਰਦਿਆਂ ਦੇ ਕੈਂਸਰ ਦਾ ਇਲਾਜ!

**ਚੰਡੀਗੜ੍ਹ:** ਡਾਕਟਰਾਂ ਨੇ ਜਿਗਰ ਤੇ ਗੁਰਦਿਆਂ ਦੇ ਕੈਂਸਰ ਦਾ ਇਲਾਜ ਲੱਭ ਲਿਆ ਹੈ। ਮਨੁੱਖੀ ਸਰੀਰ ਦੇ ਦੋਵਾਂ ਅੰਗਾਂ ਦੇ ਕੈਂਸਰ ਨੂੰ ਹੁਣ ਟੀਕੇ ਨਾਲ ਠੀਕ ਕੀਤਾ ਜਾ ਸਕਦਾ ਹੈ। ਮੈਡੀਕਲ ਖੇਤਰ ਦੀ ਇਸ ਪ੍ਰਾਪਤੀ ਬਾਰੇ ਜਾਣਕਾਰੀ ਅਮਰੀਕਾ ਵਸਦੇ ਭਾਰਤੀ ਮੂਲ ਦੇ ਡਾਕਟਰ ਅਨੰਦ ਕਿਸ਼ੋਰ ਰੈਲਨ ਨੇ ਗੱਲਬਾਤ ਦੌਰਾਨ ਦਿੱਤੀ। ਉਹ ਪੀ.ਜੀ.ਆਈ. ਚੰਡੀਗੜ੍ਹ ਵਿਚ ਹੋਈ ਨਿਊਕਲੀਅਰ ਮੈਡੀਸਨ ਬਾਰੇ ਕੌਮਾਂਤਰੀ ਪ੍ਰੈਸ ਕਾਨਫਰੰਸ ਵਿਚ ਸ਼ਾਮਲ ਹੋਣ ਆਏ ਹੋਏ ਸਨ।

ਡਾਕਟਰ ਰੈਲਨ ਨੇ ਦੱਸਿਆ ਕਿ ਨਵੀਂ ਵਿਧੀ ਰਾਹੀਂ ਅਮਰੀਕਾ ਸਮੇਤ ਦੂਜੇ ਦੇਸ਼ਾਂ ਵਿਚ ਜਿਗਰ ਤੇ ਗੁਰਦਿਆਂ ਦੇ ਕੈਂਸਰ ਦਾ ਇਲਾਜ ਹੋਣ ਲੱਗ ਪਿਆ ਹੈ ਤੇ ਪੀ.ਜੀ.ਆਈ. ਵਿਚ ਵੀ ਇਸ ਟੀਕੇ ਦੀ ਵਰਤੋਂ ਜਲਦੀ ਹੋਣ ਲਗ ਪਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਦੀ ਸਫਲਤਾ ਦਰ 90 ਫੀਸਦੀ ਹੈ। ਇਸ ਟੀਕੇ ਵਿਚ ਵਰਤੀ ਜਾਣ ਵਾਲੀ ਦਵਾਈ ਦੀ ਮਿਆਦ ਤਿਆਰ ਹੋਣ ਤੋਂ ਬਾਅਦ ਕੇਵਲ 64 ਘੰਟੇ ਹੁੰਦੀ ਹੈ ਇਸ ਕਰਕੇ ਇਸ ਨੂੰ ਅਮਰੀਕਾ ਤੋਂ ਭਾਰਤ ਵਿਚ ਮੰਗਵਾਇਆ ਨਹੀਂ ਜਾ ਸਕਦਾ ਪਰ ਉਨ੍ਹਾਂ ਨਾਲ ਹੀ ਦੱਸਿਆ ਕਿ ਇਹ ਦਵਾਈ ਮੁੰਬਈ ਵਿਚ ਤਿਆਰ ਹੋਣ ਲੱਗ ਪਈ ਹੈ ਜਿਸ ਕਰਕੇ ਇਸ ਟੀਕੇ ਦੀ ਵਰਤੋਂ ਪੀ.ਜੀ.ਆਈ. ਵਿਚ ਹੋਣ ਲੱਗ ਪਵੇਗੀ।

ਉਨ੍ਹਾਂ ਦੱਸਿਆ ਕਿ ਇਹ ਟੀਕਾ ਮਨੁੱਖ ਦੇ ਕੈਂਸਰ ਵਾਲੇ ਅੰਗ 'ਤੇ ਲਾਇਆ ਜਾਂਦਾ ਹੈ। ਇਸ ਲਈ ਬਹੁਤੀ ਵਾਰ ਸਰੀਰ ਵਿਚ ਵੇਲੇ ਦੀ ਵੇਲੇ ਪਾਈਪ ਵੀ ਪਾਉਣੀ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤਕ ਦੇ ਤਜਰਬੇ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਮਰੀਜ਼ਾਂ ਨੂੰ ਇਕ ਹੀ ਟੀਕੇ ਨਾਲ ਆਰਾਮ ਆ ਜਾਂਦਾ ਹੈ ਤੇ ਇਕ-ਦੁੱਕਾ ਕੇਸਾਂ ਵਿਚ ਹੀ ਦੁਬਾਰਾ ਤੋਂ ਟੀਕਾ ਲਾਉਣ ਦੀ ਲੋੜ ਪਈ ਹੈ। ਇਸ ਟੀਕੇ ਨਾਲ ਕੇਵਲ ਦੋ ਤਰ੍ਹਾਂ ਦੇ ਅੰਗਾਂ ਦਾ ਹੀ ਇਲਾਜ ਸ਼ੁਰੂ ਹੋ ਸਕਿਆ ਹੈ। ਉਨ੍ਹਾਂ ਦੱਸਿਆ ਕਿ ਬਿਮਾਰੀ ਦਾ ਜੜ੍ਹ ਤੋਂ ਪਤਾ ਲਾਉਣ ਲਈ ਨਵੀਂ ਮਸ਼ੀਨ ਪੈਟ ਐਮ.ਆਰ.ਆਈ ਤਿਆਰ ਹੋ ਰਹੀ ਹੈ ਜਿਸ ਨਾਲ ਮਨੁੱਖੀ ਸਰੀਰ ਦੀ ਪੂਰੀ ਦੀ ਪੂਰੀ ਸਕੈਨਿੰਗ ਹੋ ਜਾਂਦੀ ਹੈ। ਇਹ ਮਸ਼ੀਨ ਅਗਲੇ ਸਾਲ ਦੇ ਸ਼ੁਰੂ ਵਿਚ ਹਸਪਤਾਲਾਂ ਵਿਚ ਆ ਜਾਵੇਗੀ। ਇਸ ਤੋਂ ਬਿਲਕੁਲ ਵੀ ਰੇਡੀਏਸ਼ਨ ਕਿਰਨਾਂ ਬਾਹਰ ਨਹੀਂ ਆਉਣਗੀਆਂ ਤੇ ਇਸ ਦੇ ਦਾਇਰੇ ਵਿਚ ਕੁਝ ਸੈਂਟੀਮੀਟਰ ਲੰਬੇ ਅੰਗ ਵੀ ਆ ਸਕਣਗੇ। ਉਨ੍ਹਾਂ ਦੱਸਿਆ ਕਿ ਪੈਟ. ਐਮ.ਆਰ.ਆਈ. ਨਾਲ ਮਨੁੱਖੀ ਸ਼ਰੀਰ ਦੇ ਕੇਵਲ ਉਸੇ ਹਿੱਸੇ ਦਾ ਰੇਡੀਏਸ਼ਨ ਰਾਹੀਂ ਇਲਾਜ ਕਰਨਾ ਸੰਭਵ ਹੋ ਜਾਵੇਗਾ ਜਿਹੜਾ ਬਿਮਾਰੀ ਗ੍ਰਸਤ ਹੋਵੇਗਾ।

# ਪ੍ਰਵਾਸੀ ਭਾਰਤੀਆਂ ਦੇ ਮਸਲੇ ਹੱਲ ਕਰਾਵਾਂਗੇ:ਬਸਰਾ

**ਡਿਟਰਾਇਟ (ਬਲਜੀਤ ਬਾਸੀ):** ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੋਬੀ ਵਲੋਂ ਕੁਝ ਦਿਨ ਪਹਿਲਾਂ ਗਠਿਤ ਕੀਤੀ ਗਈ ਐਨ ਆਰ ਆਈ ਸਭਾ ਦੀ ਮਿਸ਼ਿਗਨ ਇਕਾਈ ਦੇ ਪ੍ਰਧਾਨ ਸ੍ਰੀ ਕਰਮਬੀਰ ਸਿੰਘ ਬਸਰਾ ਨੇ ਕਿਹਾ ਹੈ ਕਿ ਉਹ ਮਿਸ਼ਿਗਨ ਵਸਦੇ ਪ੍ਰਵਾਸੀਆਂ ਦੇ ਮਸਲੇ ਹਲ ਕਰਵਾਉਣ ਲਈ ਆਪਣੀ ਤਰਫੋਂ ਪੂਰਾ ਟਿੱਲ ਲਾਉਣਗੇ।



ਕਰਮਬੀਰ ਸਿੰਘ ਬਸਰਾ

ਇਥੇ ਪਤਵੰਤੇ ਸਜਣਾਂ ਦੀ ਇਕ ਮੀਟਿੰਗ ਵਿਚ 20 ਮੈਂਬਰਾਂ ਨੂੰ ਕਾਰਜਕਾਰੀ ਵਿਚ ਲਿਆ ਗਿਆ ਹੈ। ਇਸ ਇਕਾਈ ਦੇ ਚੇਅਰਮੈਨ ਸ੍ਰੀ ਹਰਪਾਲ ਸਿੰਘ ਬੈਂਸ, ਜਨਰਲ ਸਕੱਤਰ ਸ੍ਰੀ ਸੁਖਰਾਜ ਸਿੰਘ ਜਾਮਾਰਾਏ ਅਤੇ ਵਾਈਸ ਚੇਅਰਮੈਨ ਸੁਖਦੇਵ ਸੇਖੋਂ ਹੋਣਗੇ। ਸ੍ਰੀ ਕਰਨਬੀਰ ਬਸਰਾ ਵਲੋਂ ਜਾਰੀ ਕੀਤੀ ਗਈ ਹੋਰ ਕਾਰਜਕਾਰੀ ਮੈਂਬਰਾਂ ਦੀ ਸੂਚੀ ਵਿਚ ਸਰਬ ਸ੍ਰੀ ਸੁਖਪਾਲ ਸਿੰਘ ਬੈਂਸ, ਭੁਪਿੰਦਰ ਸਿੰਘ ਨਿੱਜਰ, ਸਤਪਾਲ ਸਿੰਘ, ਜਸਵਿੰਦਰ ਸਿੰਘ, ਸੁਖਵੰਤ ਸਿੰਘ ਗਿੱਲ, ਪ੍ਰਭਪਾਲ ਸਿੰਘ ਖੁਲੂਰ, ਰਾਜਿੰਦਰ ਸਿੰਘ ਸੰਧੂ, ਮਨਜੀਤ ਸਿੰਘ ਨੰਨਣ, ਪਲਵਿੰਦਰ ਸਿੰਘ, ਕਰਤਾਰ ਸਿੰਘ, ਮਨਪ੍ਰੀਤ ਸਿੰਘ, ਜਗਮੋਹਣ ਸਿੰਘ, ਸਤਿਨਾਮ ਸਿੰਘ, ਕੁਲਵੀਰ ਗਿੱਲ, ਭਗਵਾਨ ਸਿੰਘ ਸੰਧੂ, ਇੰਦਰਜੀਤ ਸਿੰਘ ਅਤੇ ਬਲਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਚੇਅਰਮੈਨ ਸ੍ਰੀ ਬੈਂਸ ਨੇ ਕਿਹਾ ਕਿ ਮਿਸ਼ਿਗਨ ਦੇ ਕਿਸੇ ਭਾਰਤੀ ਪ੍ਰਵਾਸੀ ਨੂੰ ਦੇਸ ਵਿਚ ਜੇ ਕੋਈ ਮੁਸ਼ਕਿਲ ਹੋਵੇ ਤਾਂ ਉਹ ਇਸ ਸਭਾ ਨਾਲ ਸੰਪਰਕ ਕਰ ਸਕਦੇ ਹੈ। ਯਾਦ ਰਹੇ ਪੰਜਾਬ ਮੰਤਰੀ ਮੰਡਲ ਵਿਚ ਜਥੇਦਾਰ ਸੇਵਾ ਸਿੰਘ ਸੇਖਵਾਂ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਨਿਯੁਕਤ ਹਨ।

# ਪੁਲਿਸ ਵਧਾਏ ਸਾਈਕਲ ਭੱਤਾ, ਮੁਲਾਜ਼ਮ ਭਾਲਣ ਪੈਟਰੋਲ ਭੱਤਾ

**ਬਠਿੰਡਾ:** ਹਾਈਟੈਕ ਜ਼ਮਾਨੇ ਵਿਚ ਪੰਜਾਬ ਪੁਲਿਸ ਦੇ ਸਿਪਾਹੀ 'ਸਾਈਕਲ' ਭਜਾ ਰਹੇ ਹਨ। ਤਾਹੀਓਂ ਸਰਕਾਰ ਨੇ ਹੁਣ ਸਾਈਕਲ ਭੱਤਾ ਵਧਾ ਕੇ 40 ਰੁਪਏ ਕਰ ਦਿੱਤਾ ਹੈ। ਹਾਲਾਂਕਿ ਕੋਈ ਵੀ ਮੁਲਾਜ਼ਮ ਅੱਜ ਕੱਲ ਸਾਈਕਲ ਸਵਾਰ ਨਹੀਂ ਹੈ ਪਰ ਪੁਲਿਸ ਰਿਕਾਰਡ ਵਿਚ ਸਿਪਾਹੀ ਤੇ ਹੌਲਦਾਰ ਹਾਲੇ ਵੀ ਸਾਈਕਲ ਸਵਾਰ ਹੀ ਹਨ।

ਤਾਜ਼ਾ ਫੈਸਲੇ ਮੁਤਾਬਕ ਸਿਪਾਹੀ ਤੇ ਹੌਲਦਾਰ ਦਾ ਸਾਈਕਲ ਭੱਤਾ 20 ਤੋਂ ਵਧਾ ਕੇ 40 ਰੁਪਏ, ਏ.ਐਸ.ਆਈ ਰੈਂਕ ਤੋਂ ਇੰਸਪੈਕਟਰ ਰੈਂਕ ਤੱਕ ਦਾ ਪੈਟਰੋਲ ਖਰਚ 90 ਰੁਪਏ ਤੋਂ ਵਧਾ ਕੇ 180 ਰੁਪਏ ਕਰ ਦਿੱਤਾ ਹੈ। ਜ਼ਿਲ੍ਹਾ ਪੁਲਿਸ ਬਠਿੰਡਾ ਕੋਲ 1250 ਦੇ ਕਰੀਬ ਸਿਪਾਹੀ ਹਨ, ਜਦੋਂ ਕਿ 300 ਦੇ ਕਰੀਬ ਹੌਲਦਾਰ ਹਨ, ਜਿਨ੍ਹਾਂ ਕੋਲ ਪੁਲਿਸ ਰਿਕਾਰਡ ਮੁਤਾਬਕ ਹਾਲੇ ਵੀ ਸਾਈਕਲ ਹੀ ਹਨ। ਜ਼ਿਲ੍ਹਾ ਪੁਲਿਸ ਵੱਲੋਂ ਕਰੀਬ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਸਾਈਕਲ ਭੱਤੇ ਵਜੋਂ ਸਿਪਾਹੀ ਤੇ ਹੌਲਦਾਰਾਂ ਨੂੰ ਦਿੱਤੇ ਜਾਂਦੇ ਹਨ। ਪੁਲਿਸ ਮੁਲਾਜ਼ਮਾਂ ਨੇ ਨਾਮ ਗੁਪਤ ਰੱਖਦਿਆਂ ਆਖਿਆ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਪੈਟਰੋਲ ਭੱਤਾ ਦੇਵੇ, ਜਦੋਂ ਕਿ ਸਾਈਕਲ ਹੁਣ ਕੋਈ ਮੁਲਾਜ਼ਮ ਨਹੀਂ ਵਰਤ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰੀ ਵਾਹਨਾਂ ਦੀ ਕਮੀ ਹੋਣ ਕਰਕੇ ਉਹ ਇਕ ਤਾਂ ਆਪਣੇ ਪ੍ਰਾਈਵੇਟ ਮੋਟਰਸਾਈਕਲ ਡਿਊਟੀ ਲਈ ਵਰਤਦੇ ਹਨ, ਉਪਰੋਂ ਕੋਈ ਤੇਲ ਖਰਚ ਵੀ ਨਹੀਂ ਮਿਲਦਾ। ਇਨ੍ਹਾਂ ਮੁਲਾਜ਼ਮਾਂ ਦਾ ਕਹਿਣਾ ਸੀ ਕਿ ਉਨ੍ਹਾਂ ਨਾਲੋਂ ਤਾਂ ਦਰਜਾ ਚਾਰ ਮੁਲਾਜ਼ਮ ਚੰਗੇ ਹਨ। ਪੁਲਿਸ ਦੇ ਦਰਜਾ ਚਾਰ ਮੁਲਾਜ਼ਮ ਨੂੰ 75 ਰੁਪਏ ਸਾਈਕਲ ਭੱਤਾ ਮਿਲਦਾ ਹੈ, ਜਦੋਂ ਕਿ ਹਰਿਆਣਾ ਵਿਚ ਦਰਜਾ ਚਾਰ ਮੁਲਾਜ਼ਮ ਨੂੰ 200 ਰੁਪਏ ਸਾਈਕਲ ਭੱਤਾ ਮਿਲਦਾ ਹੈ।

ਬਠਿੰਡਾ ਪੁਲਿਸ ਕੋਲ ਕਰੀਬ 45 ਦਰਜਾ ਚਾਰ ਮੁਲਾਜ਼ਮ ਹਨ, ਜਿਨ੍ਹਾਂ ਵਿਚ ਸਫਾਈ ਮੁਲਾਜ਼ਮ, ਲਾਂਗਰੀ, ਧੋਬੀ, ਮੋਚੀ ਤੇ ਨਾਈ ਆਦਿ ਸ਼ਾਮਲ ਹਨ। ਬਹੁਤੇ ਲਾਂਗਰੀ ਤਾਂ ਹੁਣ ਥਾਣਿਆਂ ਦੀ ਥਾਂ ਅਫ਼ਸਰਾਂ ਦੇ ਘਰਾਂ ਵਿਚ ਹੀ ਕੰਮ ਕਰਦੇ ਹਨ, ਜਦੋਂ ਕਿ ਥਾਣਿਆਂ ਦੇ ਛੋਟੇ ਮੁਲਾਜ਼ਮਾਂ ਨੂੰ ਢਾਬਿਆਂ 'ਤੇ ਰੋਟੀ ਪਾਣੀ ਛਕਣਾ ਪੈ ਰਿਹਾ ਹੈ। ਪੁਲਿਸ ਦੇ ਦਰਜਾ ਚਾਰ ਮੁਲਾਜ਼ਮ ਨੂੰ ਵਰਦੀ ਧੁਲਾਈ ਭੱਤਾ ਵੀ 30 ਰੁਪਏ ਪ੍ਰਤੀ ਮਹੀਨਾ ਮਿਲਦਾ ਹੈ, ਜਦੋਂ ਕਿ ਸਿਪਾਹੀ ਤੇ ਹੌਲਦਾਰ ਨੂੰ ਧੁਲਾਈ ਭੱਤਾ 25 ਰੁਪਏ ਹੀ ਮਿਲਦਾ ਹੈ। ਏ.ਐਸ.ਆਈ. ਨੂੰ ਵਰਦੀ ਧੁਲਾਈ ਭੱਤਾ 40 ਰੁਪਏ ਅਤੇ ਥਾਣੇਦਾਰ ਨੂੰ 60 ਰੁਪਏ ਮਿਲਦਾ ਹੈ। ਇਸ ਤਰ੍ਹਾਂ ਰਾਸ਼ਨ ਭੱਤਾ ਵੀ 100 ਰੁਪਏ ਹੀ ਪ੍ਰਤੀ ਮਹੀਨਾ ਮਿਲਦਾ ਹੈ। ਪੁਲਿਸ ਮੁਲਾਜ਼ਮ ਆਖਦੇ ਹਨ ਕਿ ਉਨ੍ਹਾਂ ਨੂੰ ਡਿਊਟੀ ਦੇ ਹਿਸਾਬ ਨਾਲ ਭੱਤੇ ਦਿੱਤੇ ਜਾਣ। ਜਦੋਂ ਕੋਈ ਰੈਲੀ ਮੁਜ਼ਾਹਰਾ ਪੇਂਡੂ ਖੇਤਰ ਵਿਚ ਹੁੰਦਾ ਹੈ ਤਾਂ ਪੁਲਿਸ ਮੁਲਾਜ਼ਮ ਰੋਟੀ ਵੀ ਗੁਰਦੁਆਰੇ ਵਿਚੋਂ ਛਕਦੇ ਹਨ।

ਇਸ ਤਰ੍ਹਾਂ ਹੀ ਸੀ.ਆਈ.ਡੀ ਵਿੰਗ ਦੇ ਸਿਪਾਹੀ ਅਤੇ ਹੌਲਦਾਰ ਨੂੰ ਵੀ ਸਾਈਕਲ ਭੱਤਾ 20 ਰੁਪਏ ਹੀ ਮਿਲਦਾ ਹੈ। ਹਾਲਾਂਕਿ ਸੀ.ਆਈ.ਡੀ. ਦੇ ਕੰਮ ਕਾਰ ਵਿਚ ਕਾਫੀ ਵਾਧਾ ਹੋ ਗਿਆ ਹੈ। ਉਪਰੋਂ ਸੀ.ਆਈ.ਡੀ. ਵਿੰਗ ਕੋਲ ਤਾਂ ਮੋਟਰਸਾਈਕਲਾਂ ਦੀ ਵੀ ਕਮੀ ਹੈ। ਉਨ੍ਹਾਂ ਨੂੰ ਨਾ ਤਾਂ ਮੋਟਰਸਾਈਕਲ ਮਿਲਦੇ ਹਨ ਅਤੇ ਨਾ ਹੀ ਤੇਲ ਭੱਤਾ ਮਿਲਦਾ ਹੈ। ਜ਼ਿਆਦਾ ਮੁਲਾਜ਼ਮ ਤਾਂ ਆਪਣੇ ਪ੍ਰਾਈਵੇਟ ਵਾਹਨ ਹੀ ਵਰਤਦੇ ਹਨ।

# ਜਮਹੂਰੀਅਤ ਪੱਖੀ ਆਗੂ ਆਂਗ ਸੂ ਚੀ ਰਿਹਾਅ

**ਯੈਂਗੋਨ:** ਮਿਆਂਮਾਰ ਦੀ ਫੌਜੀ ਹਕੂਮਤ ਨੇ ਆਪਣੀ ਵਿਰੋਧੀ ਤੇ ਦੇਸ਼ ਦੀ ਜਮਹੂਰੀਅਤ ਪੱਖੀ ਆਗੂ ਆਂਗ ਸਾਨ ਸੂ ਚੀ ਨੂੰ ਤਕਰੀਬਨ ਸਾਢੇ ਸੱਤ ਸਾਲਾਂ ਦੀ ਨਜ਼ਰਬੰਦੀ ਮਗਰੋਂ 13 ਨਵੰਬਰ ਨੂੰ ਰਿਹਾਅ ਕਰ ਦਿੱਤਾ ਹੈ। ਅਜਿਹਾ ਉਨ੍ਹਾਂ ਦੀ ਨਜ਼ਰਬੰਦੀ ਦੀ ਹਾਲੀਆ ਮਿਆਦ ਪੂਰੀ ਹੋ ਜਾਣ ਮਗਰੋਂ ਕੀਤਾ ਗਿਆ ਕਿਉਂਕਿ ਮੁਲਕ ਦੀ ਅਦਾਲਤ ਨੇ ਨਜ਼ਰਬੰਦੀ ਵਿਚ ਹੋਰ ਵਾਧਾ ਨਹੀਂ ਕੀਤਾ। ਜਮਹੂਰੀਅਤ ਪੱਖੀ 65 ਸਾਲਾ ਸੂ ਚੀ ਨੂੰ ਘਰ ਵਿਚ ਹੀ ਨਜ਼ਰਬੰਦ ਰੱਖਿਆ ਗਿਆ ਸੀ। ਰਿਹਾਈ ਮੌਕੇ ਉਨ੍ਹਾਂ ਦੇ ਹਜ਼ਾਰਾਂ ਹਮਾਇਤੀ ਘਰ ਦੇ ਬਾਹਰ ਉਨ੍ਹਾਂ ਦੀ ਉਡੀਕ ਕਰ ਰਹੇ ਸਨ।

ਇਸ ਮੌਕੇ ਖੁਸ਼ੀ ਵਿਚ ਨਾਅਰੇ ਮਾਰਦੇ ਤੇ ਕੌਮੀ ਤਰਾਨਾ ਗਾਉਂਦੇ ਹੋਏ ਹਮਾਇਤੀਆਂ ਨੂੰ ਬਰਮੀ ਭਾਸ਼ਾ ਵਿਚ ਦਿੱਤੇ ਸੰਖੇਪ ਭਾਸ਼ਣ ਵਿਚ ਉਨਾਂ ਸ਼ਾਂਤ ਰਹਿਣ ਤੇ ਮਿਲਜੁਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕੋਈ ਸਮਾਂ ਖਾਮੋਸ਼ ਰਹਿਣ ਦਾ ਹੁੰਦਾ ਹੈ ਤੇ ਕੋਈ ਵੇਲਾ ਬੋਲਣ ਦਾ ਹੁੰਦਾ ਹੈ। ਹਾਲੇ ਲੋਕਾਂ ਨੂੰ ਸ਼ਾਂਤ ਰਹਿ ਕੇ ਤੇ ਮਿਲਜੁਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਆਪਣੀ ਮੰਜ਼ਲ ਉਤੇ ਪੁੱਜ ਸਕਦੇ ਹਾਂ।

ਬੀਬੀ ਸੂ ਚੀ ਇਸ ਦੱਖਣ-ਪੂਰਬੀ ਏਸ਼ਿਆਈ ਮੁਲਕ ਵਿਚ ਜਮਹੂਰੀਅਤ ਲਈ ਸੰਘਰਸ਼ ਦਾ ਪ੍ਰਤੀਕ ਬਣ ਚੁੱਕੀ ਹੈ ਜਿੱਥੇ 1962 ਤੋਂ ਫੌਜੀ ਹਕੂਮਤ ਕਾਬਜ਼ ਹੈ। ਉਨ੍ਹਾਂ ਦੀ ਇਹ ਰਿਹਾਈ



ਮੁਲਕ ਦੀ ਹਕੂਮਤ ਵੱਲੋਂ ਇਕ ਹਫ਼ਤਾ ਪਹਿਲਾਂ ਹੀ ਕਰਵਾਈਆਂ ਗਈਆਂ ਚੋਣਾਂ ਤੋਂ ਬਾਅਦ ਹੋਈ ਹੈ। ਗੌਰਤਲਬ ਹੈ ਕਿ ਇਨ੍ਹਾਂ ਚੋਣਾਂ ਦੇ ਆਜ਼ਾਦ ਤੇ ਨਿਰਪੱਖ ਨਾ ਹੋਣ ਕਾਰਨ ਦੁਨੀਆਂ ਭਰ ਵਿਚ ਵਿਰੋਧ ਹੋਇਆ ਸੀ ਤੇ ਆਲਮੀ ਆਗੂਆਂ ਵੱਲੋਂ ਬੀਬੀ ਸੂ ਚੀ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਸੀ।

ਨੋਬੇਲ ਇਨਾਮ ਜੇਤੂ ਬੀਬੀ ਸੂ ਚੀ ਨੇ ਪਿਛਲੇ 21 ਸਾਲਾਂ 'ਚੋਂ 15 ਸਾਲ ਨਜ਼ਰਬੰਦੀ ਵਿਚ ਗੁਜ਼ਾਰੇ ਹਨ। ਉਨ੍ਹਾਂ ਦੀ ਰਿਹਾਈ ਵੇਲੇ ਉਥੇ ਤਾਇਨਾਤ ਫੌਜੀਆਂ ਨੇ ਘਰ ਦੇ ਦੁਆਲੇ ਵਲੀ ਕੰਡਾਤਾਰ ਤੇ ਹੋਰ ਰੋਕਾਂ ਹਟਾ ਦਿੱਤੀਆਂ ਤੇ ਉਥੋਂ ਚਲੇ ਗਏ। ਹਮਾਇਤੀਆਂ ਨੂੰ ਸੰਬੋਧਨ ਕਰਨ ਤੋਂ ਬਾਅਦ ਬੀਬੀ ਸੂ ਚੀ ਆਪਣੇ ਘਰ 'ਚ ਵਾਪਸ ਚਲੀ ਗਈ ਜਿੱਥੇ ਉਨ੍ਹਾਂ ਆਪਣੀ ਪਾਰਟੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਜਿਹੜੀ ਸਾਢੇ ਸੱਤ ਸਾਲਾਂ ਬਾਅਦ ਪਾਰਟੀ ਦੀ ਪਹਿਲੀ ਮੀਟਿੰਗ ਸੀ। ਉਨ੍ਹਾਂ ਦੀ ਰਿਹਾਈ ਦਾ ਵਿਸ਼ਵ ਭਰ ਦੇ ਆਗੂਆਂ ਨੇ ਜ਼ੋਰਦਾਰ ਸਵਾਗਤ ਕਰਦਿਆਂ ਹਾਕਮ ਜੁੰਟਾ ਨੂੰ ਬਾਕੀ ਸਿਆਸੀ ਕੈਦੀਆਂ ਨੂੰ ਵੀ ਰਿਹਾਅ ਕਰਨ ਦੀ ਮੰਗ ਕੀਤੀ ਹੈ ਜਿਨ੍ਹਾਂ ਦੀ ਗਿਣਤੀ ਤਕਰੀਬਨ 2100 ਬਣਦੀ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਨ੍ਹਾਂ ਦੀ ਰਿਹਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਮਰੀਕਾ ਉਨ੍ਹਾਂ ਦੀ ਚਿਰਾਂ ਤੋਂ ਉਡੀਕੀ ਜਾ ਰਹੀ ਰਿਹਾਈ ਦਾ ਸਵਾਗਤ ਕਰਦਾ ਹੈ। ਤ੍ਰਹੁਣ ਸਮਾਂ ਆ ਗਿਆ ਹੈ ਜਦੋਂ ਬਰਮੀ ਹਕੂਮਤ ਨੂੰ ਬਾਕੀ ਸਿਆਸੀ ਕੈਦੀਆਂ ਨੂੰ ਵੀ ਰਿਹਾਅ ਕਰ ਦੇਣਾ ਚਾਹੀਦਾ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਕਿਹਾ ਹੈ ਕਿ ਆਂਗ ਸਾਨ ਸੂ ਚੀ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ ਜੋ ਬੋਲਣ ਦੀ ਆਜ਼ਾਦੀ, ਜਮਹੂਰੀਅਤ ਤੇ ਮਨੁੱਖੀ ਹੱਕਾਂ ਵਿਚ ਵਿਸ਼ਵਾਸ ਕਰਦੇ ਹਨ। ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਨੇ ਵੀ ਉਨ੍ਹਾਂ ਦੀ ਰਿਹਾਈ ਦਾ ਸਵਾਗਤ ਕੀਤਾ ਹੈ।

ਗੌਰਤਲਬ ਹੈ ਕਿ ਬੀਬੀ ਸੂ ਚੀ ਨੇ 1990 ਵਿਚ ਮੁਲਕ 'ਚ ਹੋਈਆਂ ਆਮ ਚੋਣਾਂ ਭਾਰੀ ਬਹੁਮਤ ਨਾਲ ਜਿੱਤੀਆਂ ਸਨ ਪਰ ਹਾਕਮ ਫੌਜੀ ਜੁੰਟਾ ਨੇ ਉਨ੍ਹਾਂ ਨੂੰ ਸੱਤਾ ਦੇਣ ਤੋਂ ਨਾ ਕਰ ਦਿੱਤੀ ਤੇ ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ। ਉਨ੍ਹਾਂ ਨੂੰ ਆਪਣੇ ਸ਼ਾਂਤਮਈ ਸੰਘਰਸ਼ ਲਈ 1991 ਵਿਚ ਨੋਬਲ ਸ਼ਾਂਤੀ ਇਨਾਮ ਨਾਲ ਸਨਮਾਨਿਆ ਗਿਆ ਸੀ। ਉਨ੍ਹਾਂ ਦਾ ਇਹ ਇਨਾਮ ਉਨ੍ਹਾਂ ਦੇ ਵੱਡੇ ਪੁੱਤਰ ਅਲੈਗਜ਼ੈਂਡਰ ਐਰਿਸ ਨੇ ਪ੍ਰਾਪਤ ਕੀਤਾ ਸੀ। ਉਨ੍ਹਾਂ ਦੇ ਦੂਜੇ ਪੁੱਤਰ ਦਾ ਨਾਂ ਕਿਮ ਐਰਿਸ ਹੈ ਜਿਨ੍ਹਾਂ ਦਾ ਪਾਲਣ-ਪੋਸ਼ਣ ਬੀਬੀ ਸੂ ਚੀ ਦੇ ਮਰਹੂਮ ਪਤੀ ਤੇ ਬਰਤਾਨਵੀ ਵਿਦਵਾਨ ਮਾਈਕਲ ਐਰਿਸ ਨੇ ਕੀਤਾ ਹੈ। ਅੱਜ ਰਿਹਾਈ ਮੌਕੇ ਬੀਬੀ ਸੂ ਚੀ ਦਾ ਛੋਟਾ ਪੁੱਤਰ ਕਿਮ ਥਾਈਲੈਂਡ ਪੁੱਜਿਆ ਹੋਇਆ ਸੀ ਜੋ ਤਕਰੀਬਨ 10 ਸਾਲ ਬਾਅਦ ਆਪਣੀ ਮਾਂ ਨੂੰ ਮਿਲ ਸਕੇਗਾ।

### ਜਮ੍ਹੂਹਰੀਅਤ ਲਈ ਲੜਾਈ ਜਾਰੀ ਰਹੇਗੀ: ਸੂ ਚੀ

**ਯਾਂਗੋਨ:** ਰਿਹਾਈ ਤੋਂ ਬਾਅਦ ਆਂਗ ਸਾਨ ਸੂ ਚੀ ਨੇ ਪਾਰਟੀ ਦਫ਼ਤਰ ਵਿਖੇ ਜੁੜੇ ਹਜ਼ਾਰਾਂ ਸਮਰਥਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਫੌਜ ਦੇ ਕਬਜ਼ੇ ਵਾਲੇ ਮੁਲਕ 'ਚ ਮਨੁੱਖੀ ਹੱਕਾਂ ਤੇ ਸੰਵਿਧਾਨਕ ਸਰਕਾਰ ਲਈ ਸੰਘਰਸ਼ ਜਾਰੀ ਰੱਖੇਗੀ। ਉਨ੍ਹਾਂ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਹੋਰ ਬੰਦੀਆਂ ਨੂੰ ਵੀ ਰਿਹਾਅ ਕਰੇ। ਉਸ ਨੇ ਫੌਜੀ ਆਗੂਆਂ ਦੀ ਸਰਕਾਰ ਨੂੰ ਆਹਮੋ-ਸਾਹਮਣੇ ਬਹਿ ਕੇ ਗੱਲ ਕਰਨ ਲਈ ਕਿਹਾ। ਉਨ੍ਹਾਂ ਆਪਣੀ ਸਿਆਸੀ ਪਾਰਟੀ ਦੇ ਢਹਿ-ਢੇਰੀ ਹੋ ਰਹੇ ਦਫ਼ਤਰ ਦੁਆਲੇ ਜੁੜੇ ਲੋਕਾਂ ਨੂੰ ਸੰਬੋਧਨ ਕੀਤਾ। ਸੂ ਚੀ ਨੇ ਕਿਹਾ ਕਿ ਉਹ ਮਨੁੱਖੀ ਹੱਕਾਂ ਤੇ ਕਾਨੂੰਨ ਦੇ ਰਾਜ ਦੀ ਹਾਮੀ ਹੈ। ਇਨ੍ਹਾਂ ਦੋਵੇਂ ਗੱਲਾਂ ਲਈ ਉਹ ਲੜਾਈ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਉਹ ਜਮਹੂਰੀ ਤਾਕਤਾਂ ਨਾਲ ਰਲ ਕੇ ਕੰਮ ਕਰਨਾ ਚਾਹੁੰਦੀ ਹੈ ਤੇ ਲੋਕਾਂ ਦੀ ਮਦਦ ਦੀ ਲੋੜ ਹੈ। ਮਾਨਵੀ ਹੱਕਾਂ ਬਾਰੇ ਸੰਗਠਨਾਂ ਦਾ ਕਹਿਣਾ ਹੈ ਕਿ ਸਰਕਾਰ ਨੇ 2200 ਤੋਂ ਵੱਧ ਲੋਕਾਂ ਨੂੰ ਸਿਆਸੀ ਕੈਦ 'ਚ ਰੱਖਿਆ ਹੋਇਆ ਹੈ।

# ਮੰਤਰੀਆਂ ਦੀ ਜਾਇਦਾਦ ਦੇ ਵੇਰਵੇ ਹੋਣਗੇ ਜਨਤਕ

**ਨਵੀਂ ਦਿੱਲੀ:** ਨਿੱਤ ਘੁਟਾਲਿਆਂ ਦੇ ਚਲਦਿਆਂ ਆ ਰਹੇ ਸਿਆਸੀ ਤੂਫਾਨ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੰਤਰੀਆਂ ਦੀ ਜਾਇਦਾਦ ਦੇ ਵੇਰਵੇ ਜਨਤਕ ਕਰਨ ਦਾ ਫ਼ੈਸਲਾ ਕੀਤਾ ਹੈ।

ਸੂਤਰਾਂ ਨੇ ਦੱਸਿਆ ਕਿ ਸਾਰੇ ਮੰਤਰੀਆਂ ਦੀ ਜਾਇਦਾਦ ਦੀ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ ਦੀ ਵੈੱਬਸਾਈਟ 'ਤੇ ਪਾ ਦਿੱਤੀ ਜਾਵੇਗੀ।

ਕੈਬਨਿਟ ਸਕੱਤਰ ਕੇ.ਐਮ. ਚੰਦਰਸ਼ੇਖਰ ਨੇ ਹਾਲ ਹੀ ਵਿਚ ਸਾਰੇ ਕੇਂਦਰੀ ਮੰਤਰੀਆਂ ਨੂੰ ਪੱਤਰ ਲਿਖਿਆ ਸੀ ਕਿ ਪ੍ਰਧਾਨ ਮੰਤਰੀ ਨੇ ਸਾਰੇ ਮੰਤਰੀਆਂ ਦੀ ਜਾਇਦਾਦ ਦੇ ਵੇਰਵੇ ਵੈੱਬਸਾਈਟ 'ਤੇ ਪਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਤੇ ਇਹ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਹਿੱਸਾ ਹੈ। ਕੁਝ ਮਹੀਨੇ ਪਹਿਲਾਂ ਕੈਬਨਿਟ ਸਕੱਤਰ ਨੇ ਸਾਰੇ ਮੰਤਰੀਆਂ ਨੂੰ ਯਾਦ ਕਰਵਾਇਆ ਸੀ ਕਿ ਉਹ ਪ੍ਰਧਾਨ ਮੰਤਰੀ ਕੋਲ ਆਪਣੀ ਜਾਇਦਾਦ ਦਾ ਸਲਾਨਾ ਲੇਖਾ-ਜੋਖਾ ਜਮ੍ਹਾਂ ਕਰਵਾਉਣ। ਜ਼ਾਬਤੇ ਮੁਤਾਬਿਕ ਕਿਸੇ ਵੀ ਵਿਅਕਤੀ ਨੂੰ ਮੰਤਰੀ ਦਾ ਅਹੁਦਾ ਸੰਭਾਲਦੇ ਹੀ ਦੋ ਮਹੀਨੇ ਦੇ ਅੰਦਰ-ਅੰਦਰ ਆਪਣੀ ਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਜਾਇਦਾਦ ਤੇ ਕਾਰੋਬਾਰ ਬਾਰੇ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਜਿਹੜਾ ਵੀ ਸਬੰਧਿਤ ਹੋਵੇ ਨੂੰ ਜਾਣਕਾਰੀ ਦੇਣੀ ਹੁੰਦੀ ਹੈ।

ਪ੍ਰਧਾਨ ਮੰਤਰੀ ਦਾ ਇਹ ਕਦਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਸਰਕਾਰ ਆਦਰਸ਼ ਹਾਊਸਿੰਗ ਸੁਸਾਇਟੀ, ਰਾਸ਼ਟਰਮੰਡਲ ਖੇਡਾਂ ਤੇ 2 ਜੀ ਸਪੈਕਟਰਮ ਘੁਟਾਲੇ 'ਤੇ ਵਿਰੋਧੀ ਧਿਰ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰ ਰਹੀ ਹੈ। ਸੁਪਰੀਮ ਕੋਰਟ ਦੇ ਜੱਜਾਂ ਦੀ ਜਾਇਦਾਦ ਪਹਿਲਾਂ ਹੀ ਜਨਤਕ ਕੀਤੇ ਜਾਣ ਦੀ ਵਿਵਸਥਾ ਹੈ।

### ਫਰਾਂਸ ਦੇ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ

**ਪੈਰਿਸ:** ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਵੱਲੋਂ ਮੰਤਰੀ ਮੰਡਲ 'ਚ ਫੇਰ ਬਦਲ ਕੀਤੇ ਜਾਣ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਫਰਾਂਕੋਇਮ ਫਿਲਨ ਨੇ ਅਸਤੀਫਾ ਦੇ ਦਿੱਤਾ ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਫਿਲਨ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਪ੍ਰਧਾਨ ਨੇ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ ਹੈ। ਰਾਸ਼ਟਰਪਤੀ ਸਰਕੋਜ਼ੀ ਨੇ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਰਾਜਨੀਤਿਕ ਮਾਹਰਾਂ ਦਾ ਮੰਨਣਾ ਹੈ ਕਿ ਨਵੇਂ ਮੰਤਰੀ ਮੰਡਲ ਦੇ ਮੈਂਬਰਾਂ ਦਾ ਐਲਾਨ ਜਲਦ ਹੀ ਕੀਤਾ ਜਾ ਸਕਦਾ ਹੈ। ਸਰਕੋਜ਼ੀ ਦੇ ਕਾਰਜਕਾਲ ਦੌਰਾਨ ਚੌਥੀ ਵਾਰ ਮੰਤਰੀ ਮੰਡਲ 'ਚ ਫੇਰ ਬਦਲ ਹੋਣ ਜਾ ਰਿਹਾ ਹੈ। ਹਰਮਨ ਪਿਆਰਤਾ ਦੇ ਨੀਵੇ ਹੁੰਦੇ ਗ੍ਰਾਫ ਨੂੰ ਉਪਰ ਚੁੱਕਣ ਲਈ ਸਰਕੋਜ਼ੀ ਆਪਣੇ ਮੰਤਰੀ ਮੰਡਲ 'ਚ ਨਵੇਂ ਚਿਹਰਿਆਂ ਨੂੰ ਸ਼ਾਮਲ ਕਰਨਾ ਚਾਹੁੰਦੇ ਹਨ।

# ਅਫਗਾਸਿਤਾਨ ਨੇ ਅਮਰੀਕਾ ਨੂੰ ਫ਼ੌਜੀ ਮੁਹਿੰਮ ਤੋਂ ਵਰਜਿਆ

**ਵਾਸ਼ਿੰਗਟਨ:** ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਕਿਹਾ ਕਿ ਅਮਰੀਕਾ ਨੂੰ ਅਫ਼ਗਾਨਿਸਤਾਨ ਵਿਚ ਅਪਣੀਆਂ ਫ਼ੌਜੀ ਮੁਹਿੰਮ ਦੀ ਰਫ਼ਤਾਰ ਘੱਟ ਕਰ ਦੇਣੀ ਚਾਹੀਦੀ ਹੈ। ਕਰਜ਼ਈ ਨੇ 'ਦ ਵਾਸ਼ਿੰਗਟਨ ਪੋਸਟ' ਨੂੰ ਦਿੱਤੇ ਇੰਟਰਵਿਊ ਵਿਚ ਇਹ ਵੀ ਕਿਹਾ ਹੈ ਕਿ ਅਮਰੀਕਾ ਨੂੰ ਵਿਸ਼ੇਸ਼ ਮੁਹਿੰਮ ਦਸਤਿਆਂ ਵੱਲੋਂ ਰਾਤ ਨੂੰ ਮਾਰੇ ਜਾਣ ਵਾਲੇ ਛਾਪਿਆਂ ਨੂੰ ਵੀ ਰੋਕ ਦੇਣਾ ਚਾਹੀਦਾ ਕਿਉਂਕਿ ਇਸ ਨਾਲ ਅਫ਼ਗਾਨੀ ਨਾਗਰਿਕ ਨਰਾਜ਼ ਹੋ ਜਾਂਦੇ ਹਨ। ਇਸ ਨਰਾਜ਼ਗੀ ਕਾਰਨ ਤਾਲਿਬਾਨ ਮਜ਼ਬੂਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕੀ ਫ਼ੌਜ ਸੜਕਾਂ ਤੇ ਅਫ਼ਗਾਨਿਸਤਾਨ ਦੇ ਘਰਾਂ ਤੋਂ ਹਟ ਜਾਵੇ ਕਿਉਂਕਿ ਵਿਦੇਸ਼ੀ ਫ਼ੌਜਾਂ ਦੀ ਲੰਮੇ ਸਮੇਂ ਤਕ ਮੌਜੂਦਗੀ ਰਹਿਣ ਨਾਲ ਯੁਧ ਹੋਰ ਵਧ ਸਕਦਾ ਹੈ। ਅਮਰੀਕੀ ਕਮਾਂਡਰ ਜਨਰਲ ਡੇਵਿਡ ਪੈਟਰੀਅਸ ਦਾ ਦਾਅਵਾ ਹੈ ਕਿ ਵਿਦਰੋਹ ਨੂੰ ਦਬਾਉਣ ਲਈ 30,000 ਨਵੇਂ ਫ਼ੌਜੀਆਂ ਨੇ ਕਾਫ਼ੀ ਤਰੱਕੀ ਕੀਤੀ ਹੈ। ਕਰਜ਼ਈ ਨੇ ਕਿਹਾ ਕਿ ਫ਼ੌਜੀ ਮੁਹਿੰਮ ਨੂੰ ਘੱਟ ਕਰਨ ਦਾ ਸਮਾਂ ਆ ਗਿਆ ਹੈ। ਅਫ਼ਗਾਨਿਸਤਾਨ ਵਿਚ ਉਨ੍ਹਾਂ ਦੀ ਮੌਜੂਦਗੀ ਘੱਟ ਕਰਨ ਦਾ ਵੀ ਸਮਾਂ ਆ ਗਿਆ ਹੈ ਤਾਂ ਕਿ ਅਫ਼ਗਾਨੀਆਂ ਦੇ ਜੀਵਨ ਵਿਚ ਦਖ਼ਲ ਨੂੰ ਵੀ ਘੱਟ ਕੀਤਾ ਜਾ ਸਕੇ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਟੀਚਾ ਰਖਿਆ ਹੈ ਕਿ ਜੁਲਾਈ 2011 ਤੋਂ ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜ ਵਾਪਸੀ ਕਰਨਾ ਸ਼ੁਰੂ ਕਰ ਦੇਵੇਗੀ। ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਜੁਲਾਈ 2011 ਤੋਂ ਬਾਅਦ ਵੀ ਕੁਝ ਸਮੇਂ ਤਕ ਫ਼ੌਜੀ ਅਫ਼ਗਾਨਿਸਤਾਨ ਵਿਚ ਤਾਇਨਾਤ ਰਹਿ ਸਕਦੇ ਹਨ।

### ਬਾਬਾ ਰਾਮਦੇਵ ਨੇ ਰਾਸ਼ਟਰਮੰਡਲ ਘੁਟਾਲੇ ਬਾਰੇ ਕੇਸ ਦਰਜ ਕਰਾਇਆ

**ਨਵੀਂ ਦਿੱਲੀ:** ਯੋਗ ਗੁਰੂ ਸਵਾਮੀ ਰਾਮਦੇਵ, ਆਰ.ਟੀ.ਆਈ. ਆਗੂ ਅਰਵਿੰਦ ਤੇ ਸਾਬਕਾ ਆਈ.ਪੀ.ਐਸ. ਅਧਿਕਾਰੀ ਕਿਰਨ ਬੇਦੀ ਨੇ ਰਾਸ਼ਟਰਮੰਡਲ ਖੇਡ ਘੁਟਾਲੇ ਬਾਰੇ ਪੁਲਿਸ ਕੋਲ ਸਾਂਝੀ ਰਿਪੋਰਟ ਦਰਜ ਕਰਵਾਈ ਹੈ। 377 ਸਫ਼ਿਆਂ ਵਾਲੀ ਇਸ ਰਿਪੋਰਟ 'ਚ ਸਾਰੇ ਸਬੂਤਾਂ ਨੂੰ ਸ਼ਾਮਲ ਕੀਤਾ ਗਿਆ ਹੈ ਤੇ ਇਸ ਰਿਪੋਰਟ 'ਤੇ ਕਾਰਕੁੰਨ ਅਨਾ ਹਜ਼ਾਰੇ, ਸਵਾਮੀ ਅਗਨੀਵੇਸ਼, ਦਿੱਲੀ ਚਰਚ ਦੇ ਮੁੱਖ



ਪਾਦਰੀ ਕੋਨਸੈਸੋ ਤੇ ਵਿਗਿਆਨੀ ਦੇਵੇਂਦਰ ਸ਼ਰਮਾ ਨੇ ਵੀ ਦਸਤਖ਼ਤ ਕੀਤੇ।

ਉਨ੍ਹਾਂ ਸਾਰਿਆਂ ਵਲੋਂ ਰਾਸ਼ਟਰਮੰਡਲ ਘੁਟਾਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ। ਸਾਰਿਆਂ ਆਗੂਆਂ ਨੇ ਕਿਹਾ ਕਿ ਇਸ ਦੀ ਇਕ-ਇਕ ਕਾਪੀ ਦੇਸ਼ ਦੇ ਪ੍ਰਧਾਨ ਮੰਤਰੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਵਿਜੀਲੈਂਸ ਵਿਭਾਗਾਂ ਨੂੰ ਭੇਜੀਆਂ ਜਾਣਗੀਆਂ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਆਦਰਸ਼ ਘੁਟਾਲੇ ਤੇ ਆਈ.ਪੀ.ਐਲ. ਘੁਟਾਲੇ ਦੀ ਵੀ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਖੇਡਾਂ ਦੇ ਨਾਂ 'ਤੇ ਤਕਰੀਬਨ 300 ਕਰੋੜ ਰੁਪਏ ਦੀ ਲੁੱਟ ਹੋਈ ਹੈ ਜਿਸ ਕਾਰਨ ਦੇਸ਼ ਦੀ ਜਨਤਾ ਹੋਰ ਗਰੀਬ ਹੁੰਦੀ ਜਾ ਰਹੀ ਹੈ।

# ਭਾਰਤ 'ਚ ਸਭ ਤੋਂ ਵੱਧ ਬੱਚਿਆਂ ਦੀ ਮੌਤ

**ਵਾਸ਼ਿੰਗਟਨ :** ਭਾਵੇਂ ਭਾਰਤ ਨੇ ਵਿਗਿਆਨ ਦੇ ਖੇਤਰ 'ਚ ਬੇਹੱਦ ਤਰੱਕੀ ਕਰ ਲਈ ਹੈ ਪਰ ਅਜੇ ਵੀ ਸਭ ਤੋਂ ਜ਼ਿਆਦਾ ਬੱਚਿਆਂ ਦੀ ਮੌਤ ਇਸ ਮਹਾਨ ਦੇਸ਼ 'ਚ ਹੀ ਹੁੰਦੀ ਹੈ।

ਵਿਗਿਆਨ ਦੀ ਪ੍ਰਸਿੱਧ ਰਸਾਲੇ 'ਦ ਲਾਸੈਂਟ' ਦਾ ਕਹਿਣਾ ਹੈ ਕਿ ਭਾਰਤ ਵਿਚ 2005 ਦੌਰਾਨ 15 ਲੱਖ ਬੱਚਿਆਂ ਦੀ ਮੌਤ ਉਨ੍ਹਾਂ ਕਾਰਨਾਂ ਕਰਕੇ ਹੋਈ ਜਿਨ੍ਹਾਂ ਨੂੰ ਟਾਲਿਆ ਜਾ ਸਕਦਾ ਸੀ। ਰਸਾਲੇ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਜੱਚਾ-ਬੱਚਾ ਦਾ ਖ਼ਿਆਲ ਨਾ ਰੱਖਣ, ਦਸਤ ਤੇ ਨਿਮੋਨੀਏ ਵਰਗੀਆਂ ਬੀਮਾਰੀਆਂ ਦੇ ਇਲਾਜ ਦਾ ਵਧੀਆ ਪ੍ਰਬੰਧ ਤੇ ਟੀਕਾਕਰਨ ਪ੍ਰੋਗਰਾਮਾਂ ਵਿਚ ਨਵੇਂ ਟੀਕਿਆਂ ਨੂੰ ਸ਼ਾਮਲ ਕਰ ਕੇ ਬੱਚਿਆਂ ਦੀ ਮੌਤ ਦੇ ਅੰਕੜਿਆਂ ਨੂੰ ਘਟਾਇਆ ਜਾ ਸਕਦਾ ਹੈ। ਇਸ ਵਿਸ਼ੇ 'ਤੇ ਖੋਜ ਦੀ ਅਗਵਾਈ ਰਜਿਸਟਰਾਰ ਜਨਰਲ ਆਫ਼ ਇੰਡੀਆ ਨੇ ਕੀਤੀ ਹੈ।

ਭਾਰਤ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਭਾਵੇਂ ਬੱਚਿਆਂ ਦੀ ਮੌਤ ਦਰ ਵਿਚ ਕਮੀ ਆਈ ਹੈ ਪਰ ਸੰਯੁਕਤ ਰਾਸ਼ਟਰ ਦਾ ਅਨੁਮਾਨ ਹੈ ਕਿ ਸਿਰਫ਼ 2005 ਵਿਚ ਹੀ ਭਾਰਤ 'ਚ 20 ਲੱਖ 35 ਹਜ਼ਾਰ ਬੱਚਿਆਂ ਦੀ ਮੌਤ ਹੋਈ। ਇਹ ਅੰਕੜਾ ਦੁਨੀਆ ਭਰ ਵਿਚ ਹੋਈ ਬੱਚਿਆਂ ਦੀ ਮੌਤ ਦਾ 20 ਫ਼ੀਸਦੀ ਹੈ ਜੋ ਦੁਨੀਆ ਦੇ ਕਿਸੇ ਵੀ ਦੇਸ਼ ਤੋਂ ਵੱਧ ਹੈ। ਇਸ ਦਾ ਮਤਲਬ ਇਹ ਹੈ ਕਿ ਦੁਨੀਆਂ 'ਚ ਸਭ ਤੋਂ ਵੱਧ ਬੱਚਿਆਂ ਦੀ ਮੌਤ ਭਾਰਤ ਵਿਚ ਹੁੰਦੀ ਹੈ ਜਿਸ ਦਾ ਕਾਰਨ ਬੱਚੇ ਦਾ ਜਣੇਪਾ ਹਸਪਤਾਲ ਦੀ ਬਜਾਏ ਘਰੇ ਕਰਨਾ ਹੈ।

ਖੋਜ ਵਿਚ ਇਸ ਗੱਲ ਦਾ ਪਤਾ ਲੱਗਾ ਕਿ ਬੱਚਿਆਂ ਦੇ ਵਜ਼ਨ ਦਾ ਘੱਟ ਹੋਣਾ ਤੇ ਸਮੇਂ ਤੋਂ ਪਹਿਲਾਂ ਜਨਮ ਵੀ ਮੌਤਾਂ ਦੀ ਗਿਣਤੀ 'ਚ ਵਾਧੇ ਦਾ ਇਕ ਕਾਰਨ ਹੈ ਜਦਕਿ 30 ਫ਼ੀਸਦੀ ਬੱਚੇ ਦਸਤ ਤੇ ਨਿਮੋਨੀਏ ਕਾਰਨ ਚੱਲ ਵਸੇ। ਖੋਜਾਰਥੀਆਂ ਨੇ ਇਸ ਗੱਲ 'ਤੇ ਵੀ ਚਿੰਤਾ ਪ੍ਰਗਟਾਈ ਹੈ ਕਿ ਭਾਰਤ ਵਿਚ ਬੱਚਿਆਂ ਦੀ ਮੌਤ ਦਰ 'ਚ ਉਸ ਪੱਧਰ 'ਤੇ ਗਿਰਾਵਟ ਨਹੀਂ ਆ ਰਹੀ ਜਿਸ ਪੱਧਰ 'ਤੇ ਆਉਣੀ ਚਾਹੀਦੀ ਹੈ।

# ਚੀਨ ਵੱਲੋਂ ਭਾਰਤ ਨਾਲ ਰਿਸ਼ਤਿਆਂ ਨੂੰ ਖਾਸ ਅਹਿਮੀਅਤ

**ਵੂਹਾਨ:** ਚੀਨ ਦੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਦੀ ਅਗਲੇ ਮਹੀਨੇ ਭਾਰਤ ਯਾਤਰਾ ਤੋਂ ਪਹਿਲਾਂ ਚੀਨ ਨੇ ਕਿਹਾ ਹੈ ਕਿ ਉਹ ਨਵੀਂ ਦਿੱਲੀ ਨਾਲ ਰਿਸ਼ਤਿਆਂ ਨੂੰ ਖਾਸ ਅਹਿਮੀਅਤ ਦਿੰਦਾ ਹੈ ਕਿਉਂਕਿ ਇਸ ਰਿਸ਼ਤੇ ਦਾ ਰਾਜਨੀਤਕ ਮਹੱਤਵ ਹੈ। ਚੀਨ ਦੇ ਵਿਦੇਸ਼ ਮੰਤਰੀ ਯਾਂਗ ਜੀਚੀ ਨੇ ਰੂਸ, ਭਾਰਤ ਤੇ ਚੀਨ ਵਿਚਕਾਰ ਆਪਸੀ ਗੱਲਬਾਤ ਮੌਕੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਮੁਲਾਕਾਤ ਦੌਰਾਨ ਇਹ ਗੱਲ ਕਬੂਲੀ।

ਤਿੰਨਾਂ ਦੇਸ਼ਾਂ ਦਾ ਆਰ.ਆਈ.ਸੀ. ਨਾਂ ਦਾ ਸਮੂਹ ਹੈ। ਸ੍ਰੀ ਯਾਂਗ ਨੇ ਕਿਹਾ ਕਿ ਅੰਤਰਰਾਸ਼ਟਰੀ ਤੇ ਖੇਤਰੀ ਮੁੱਦਿਆਂ 'ਤੇ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਲਗਾਤਾਰ ਜਾਰੀ ਹੈ ਤੇ ਚੀਨ-ਭਾਰਤ ਨਾਲ ਰਣਨੀਤਕ ਸਹਿਯੋਗ ਸਾਂਝੇਦਾਰੀ ਨੂੰ ਖਾਸ ਮਹੱਤਵ ਦਿੰਦਾ ਹੈ। ਉਨ੍ਹਾਂ ਚੀਨ-ਭਾਰਤ ਰਾਜਨੀਤਕ ਰਿਸ਼ਤਿਆਂ ਦੀ ਸਥਾਪਨਾ ਦੀ 60ਵੀਂ ਵਰ੍ਹੇਗੰਢ ਦਾ ਜ਼ਿਕਰ ਕੀਤਾ ਤੇ ਪਿਛਲੇ ਛੇ ਦਹਾਕਿਆਂ ਵਿਚ ਉਚ ਪੱਧਰੀ ਅਦਾਨ-ਪ੍ਰਦਾਨ ਤੇ ਸਾਰੇ ਖ਼ੇਤਰਾਂ ਵਿਚ ਦੋ ਪੱਖੀ ਸਹਿਯੋਗ ਵਿਚ ਲਗਾਤਾਰ ਹੋ ਰਹੇ ਵਾਧੇ ਦਾ ਪ੍ਰਸ਼ੰਸਾ ਕੀਤੀ। ਯਾਂਗ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਬਣੀ ਸਹਿਮਤੀ ਨੂੰ ਲਾਗੂ ਕਰਨ ਲਈ ਚੀਨ-ਭਾਰਤ ਨਾਲ ਕੰਮ ਕਰਨ ਤੇ ਦੋ ਪੱਖੀ ਰਿਸ਼ਤੇ ਮਜ਼ਬੂਤ ਕਰਨ ਦੀ ਇੱਛਾ ਰੱਖਦਾ ਹੈ। ਭਾਰਤ ਤੇ ਚੀਨ ਦੇ ਵੈਰੀ ਹੋਣ ਦੀ ਪ੍ਰਸੰਗਕਤਾ ਵੱਲ ਉਂਗਲ ਕਰਦਿਆਂ ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਇਸ ਇਸ ਗੱਲ 'ਤੇ ਸਹਿਮਤ ਹਨ ਕਿ ਦੋਵਾਂ ਪੱਖਾਂ ਦੇ ਵਿਕਾਸ ਦੀ ਬਹੁਤ ਆਸ ਹੈ। ਦੋਵਾਂ ਮੰਤਰੀਆਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਸਾਲ 2004 ਤੋਂ ਦੋਵਾਂ ਦੇਸ਼ਾਂ ਵਿਚਕਾਰ ਦੋ ਪੱਖੀ ਵਪਾਰ 30ਫ਼ੀ ਸਦੀ ਤੋਂ ਵਧੇਰੇ ਦੀ ਸਾਲਾਨਾ ਦਰ ਨਾਲ ਵਧਿਆ।

ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਸਥਾਈ ਮੈਂਬਰਾਂ ਰੂਸ ਤੇ ਚੀਨ ਨੇ ਕਿਹਾ ਕਿ ਉਹ ਭਾਰਤ ਦਾ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ 'ਚ ਅਸਥਾਈ ਮੈਂਬਰ ਵਜੋਂ ਆਉਣ ਦਾ ਸਵਾਗਤ ਕਰਨਗੇ। ਤਿੰਨ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵੱਲੋਂ ਇਸ ਸਮਾਗਮ ਦੇ ਆਖਰੀ ਦਿਨ ਜਾਰੀ ਕੀਤੇ ਸਾਂਝੇ ਬਿਆਨ 'ਚ ਕਿਹਾ ਕਿ ਮਾਸਕੋ ਤੇ ਬੀਜਿੰਗ ਸੁਰੱਖਿਆ ਕੌਂਸਲ ਦੇ ਮੈਂਬਰ ਬਣਨ 'ਚ ਭਾਰਤ ਨੂੰ ਪੂਰਾ ਸਹਿਯੋਗ ਦੇਣਗੇ। ਭਾਰਤ, ਚੀਨ ਤੇ ਰੂਸ ਦੇ ਵਿਦੇਸ਼ ਮੰਤਰੀਆਂ ਦੇ ਇਥੇ ਦੋ ਦਿਨਾ ਸੰਮੇਲਨ ਦੌਰਾਨ ਅੱਤਵਾਦ ਨੂੰ ਰੋਕਣ ਤੇ ਅਤਿਵਾਦੀਆਂ ਵਿਰੁੱਧ ਕਾਰਵਾਈ 'ਚ ਆਪਸੀ ਸਹਿਯੋਗ ਕਰਨ ਬਾਰੇ ਤੇ ਊਰਜਾ ਸੁਰੱਖਿਆ, ਵਪਾਰ ਤੇ ਸਿਹਤ ਸੰਭਾਲ ਵਰਗੇ ਮੁੱਦੇ ਵਿਚਾਰੇ ਗਏ।

### ਰਤਨ ਟਾਟਾ ਨੇ ਲਾਇਆ 15 ਕਰੋੜ ਰਿਸ਼ਵਤ ਮੰਗਣ ਦਾ ਦੋਸ਼

**ਦੇਹਰਾਦੂਨ:** ਟਾਟਾ ਗਰੁੱਪ ਦੇ ਚੇਅਰਮੈਨ ਰਤਨ ਟਾਟਾ ਨੇ ਦੋਸ਼ ਲਾਇਆ ਹੈ ਕਿ ਜਦੋਂ ਉਹ ਸਾਲ 1990 ਦੌਰਾਨ ਘਰੇਲੂ ਏਅਰ ਲਾਈਨ ਸ਼ੁਰੂ



ਕਰਨਾ ਚਾਹੁੰਦੇ ਸਨ ਤਾਂ ਉਨ੍ਹਾਂ ਕੋਲੋਂ 15 ਕਰੋੜ ਰੁਪਏ ਰਿਸ਼ਵਤ ਵਜੋਂ ਮੰਗੇ ਗਏ ਸਨ। ਟਾਟਾ ਨੇ ਕਿਹਾ ਕਿ ਉਹ ਆਪਣੇ ਏਅਰ ਲਾਈਨ ਦੇ ਪ੍ਰਾਜੈਕਟ ਨੂੰ ਲੈ ਕੇ ਤਿੰਨ ਪ੍ਰਧਾਨ ਮੰਤਰੀਆਂ ਕੋਲ ਗਏ ਸਨ ਪਰ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਇਕ ਆਦਮੀ ਕਾਰਨ ਅਸਫਲ ਹੋ ਗਈਆਂ। ਉਨ੍ਹਾਂ ਕਿਹਾ ਕਿ ਬਾਅਦ 'ਚ ਉਨ੍ਹਾਂ ਨੂੰ ਆਪਣਾ ਮਤਾ ਪਾਸ ਕਰਵਾਉਣ ਲਈ ਕੇਂਦਰੀ ਮੰਤਰੀ ਨੂੰ 15 ਕਰੋੜ ਰੁਪਏ ਦੇਣ ਲਈ ਕਿਹਾ ਗਿਆ ਤਾਂ ਕਿ ਉਹ ਕੇਂਦਰ ਸਰਕਾਰ ਦਾ ਫੈਸਲਾ ਉਨ੍ਹਾਂ ਦੇ ਹੱਕ 'ਚ ਕਰਵਾ ਸਕੇ। ਰਤਨ ਟਾਟਾ ਨੇ ਕਿਹਾ ਕਿ ਕਈ ਸਾਲ ਪਹਿਲਾਂ ਉਹ ਸਿੰਘਾਪੁਰ ਏਅਰ ਲਾਈਨ ਦੇ ਸਹਿਯੋਗ ਨਾਲ ਘਰੇਲੂ ਏਅਰ ਲਾਈਨ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਭਾਵੇਂ ਉਹ ਏਅਰ ਲਾਈਨ ਉਦਯੋਗ ਦੇ ਮੋਢੀ ਸਨ ਪਰ ਉਨ੍ਹਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਟਾਈਮਜ਼

ਸਨਿਚਰਵਾਰ, 20 ਨਵੰਬਰ 2010

## ਪੰਜਾਬ: ਉਠਣ ਦਾ ਵੇਲਾ

ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਅਤੇ ਬਾਗ਼ੀ ਅਕਾਲੀ ਆਗੂ ਤੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਵਿੱਢੀ ਸਿਆਸੀ ਸਰਗਰਮੀ ਨੇ ਪੰਜਾਬ ਦਾ ਸਿਆਸੀ ਪਿੜ ਇਕ ਵਾਰ ਤਾਂ ਬੰਨ੍ਹ ਦਿੱਤਾ ਹੈ। ਸੱਤਾਧਾਰੀ ਅਕਾਲੀ ਦਲ ਦੇ ਪ੍ਰਧਾਨ ਅਤੇ ਬਾਦਲ ਪਰਿਵਾਰ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਸੁਖਬੀਰ ਸਿੰਘ ਬਾਦਲ ਨੇ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਮੀਡੀਆ ਨੇ ਵੀ ਇਸ ਸਬੰਧੀ ਖ਼ਬਰਾਂ ਦੀ ਹਨੇਰੀ ਚਲਾਈ ਹੋਈ ਹੈ। ਵਿਧਾਨ ਸਭਾ ਚੋਣਾਂ ਨੂੰ ਤਾਂ ਅਜੇ ਭਾਵੇਂ ਸਾਲ ਤੋਂ ਵੀ ਵੱਧ ਦਾ ਸਮਾਂ ਪਿਆ ਹੈ ਪਰ "ਫਸੀ ਨੂੰ ਫਟਕਣ ਕੀ" ਦੀ ਕਹਾਵਤ ਵਾਂਗ ਇਨ੍ਹਾਂ ਤਿੰਨਾਂ ਆਗੂਆਂ ਦਾ ਮੱਲੋ-ਮੱਲੀ ਵਧੇਰੇ ਜ਼ੋਰ ਲੱਗ ਰਿਹਾ ਹੈ। ਤਿੰਨਾਂ ਵਿਚੋਂ ਕੋਈ ਵੀ ਪਛੜਨਾ ਨਹੀਂ ਚਾਹੁੰਦਾ ਪਰ ਜਿੱਥੋਂ ਤੱਕ ਪੰਜਾਬ ਦੇ ਮੁੱਦਿਆਂ ਦਾ ਸਵਾਲ ਹੈ, ਪਹਿਲਾਂ ਵਾਂਗ ਇਹ ਇਨ੍ਹਾਂ ਤਿੰਨਾਂ ਲੀਡਰਾਂ ਦੀ ਸਰਗਰਮੀ ਵਿਚੋਂ ਫ਼ਿਲਹਾਲ ਗਾਇਬ ਹਨ ਅਤੇ ਜਿਸ ਤਰ੍ਹਾਂ ਦੀ ਸਿਆਸਤ ਚੱਲ ਨਿਕਲੀ ਹੈ; ਜਾਪਦਾ ਹੈ ਕਿ ਕਿਸੇ ਸਿਆਸੀ ਧਿਰ ਦੇ ਏਜੰਡੇ ਉਤੇ ਪੰਜਾਬ ਹੈ ਵੀ ਨਹੀਂ।

ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਸਿਰ ਕਰਜ਼ਾ ਉਤਾਰਨ ਅਤੇ ਸਬਸਿਡੀਆਂ ਦਾ ਮੁੱਦਾ ਬਣਾ ਕੇ ਪਾਰਟੀ ਤੋਂ ਬਗ਼ਾਵਤ ਕੀਤੀ ਪਰ ਬਗ਼ਾਵਤ ਦਾ ਅਸਲੀ ਕਾਰਨ ਸ਼ਾਇਦ ਇਹ ਨਹੀਂ। ਜਿਸ ਤਰ੍ਹਾਂ ਬਾਦਲ ਪਰਿਵਾਰ ਤੇ ਸਿਆਸਤ ਦਾ ਚੋਖਾ ਕੰਮ ਸਦਾ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਨੇ ਕੀਤਾ ਪਰ ਨਾਂ ਸਦਾ ਵੱਜਿਆ ਸਿਰਫ਼ ਪ੍ਰਕਾਸ਼ ਸਿੰਘ ਬਾਦਲ ਦਾ, ਉਸੇ ਤਰ੍ਹਾਂ ਹੁਣ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਨਿਕਲਣ ਲੱਗੀ ਤਾਂ ਮਨਪ੍ਰੀਤ ਦਾ ਰੋਲ ਵੀ ਆਪਣੇ ਪਿਤਾ ਗੁਰਦਾਸ ਸਿੰਘ ਬਾਦਲ ਵਾਲਾ ਹੀ ਤੈਅ ਹੋ ਗਿਆ। ਇਹ ਮਨਪ੍ਰੀਤ ਸਿੰਘ ਬਾਦਲ ਨੂੰ ਸਵੀਕਾਰ ਨਹੀਂ ਸੀ। ਦੂਜੇ, ਜਿਨ੍ਹਾਂ ਨੀਤੀਆਂ ਦੇ ਆਧਾਰ 'ਤੇ ਮਨਪ੍ਰੀਤ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਦੀਆਂ ਗੱਲਾਂ ਕਰਦਾ ਹੈ, ਉਹ ਨੀਤੀਆਂ ਤਾਂ ਦੇਸ਼ ਪੱਧਰ 'ਤੇ ਫੇਲ੍ਹ ਸਾਬਤ ਹੋ ਚੁੱਕੀਆਂ ਹਨ। ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ 20 ਵਰ੍ਹਿਆਂ ਦੌਰਾਨ ਅਮੀਰਾਂ-ਗ਼ਰੀਬਾਂ ਵਿਚਕਾਰ ਪਾੜਾ ਵਧਿਆ ਹੈ ਤੇ ਨਵੀਂਆਂ ਆਰਥਿਕ ਨੀਤੀਆਂ 20 ਵਰ੍ਹਿਆਂ ਤੋਂ ਹੀ ਲਾਗੂ ਕੀਤੀਆਂ ਜਾ ਰਹੀਆਂ ਹਨ। ਲੋਕ ਸੰਕਟ-ਦਰ-ਸੰਕਟ ਘਿਰ ਰਹੇ ਹਨ ਪਰ ਅੰਕੜਿਆਂ ਦੇ ਰਿਕਾਰਡ ਮੁਤਾਬਕ ਭਾਰਤ ਤਰੱਕੀ ਵੱਲ ਛਾਲਾਂ ਮਾਰ ਰਿਹਾ ਹੈ। ਉਂਜ ਗੌਲ਼ਣ ਵਾਲੀ ਗੱਲ ਇਹ ਹੈ ਕਿ ਬਗ਼ਾਵਤ ਤੋਂ ਬਾਅਦ ਆਪਣੀ ਸਿਆਸੀ ਸਰਗਰਮੀ ਨੂੰ ਮਨਪ੍ਰੀਤ ਜਿਸ ਹੱਦ ਤੱਕ ਲੈ ਗਿਆ ਹੈ ਅਤੇ ਲਿਜਾ ਰਿਹਾ ਹੈ, ਉਹ ਪੰਜਾਬ ਦੀ ਸਿਆਸਤ ਵਿਚ ਆਮ ਕਰਕੇ ਅਤੇ ਅਕਾਲੀ ਸਿਆਸਤ ਵਿਚ ਖ਼ਾਸ ਕਰਕੇ ਜੇ ਨਵੀਂ ਨਹੀਂ ਤਾਂ ਨਿਵੇਕਲੀ ਜ਼ਰੂਰ ਹੈ। ਹੁਣ ਤੱਕ ਅਕਾਲੀ ਦਲ ਵਿਚ ਜੋ ਵੀ ਬਗ਼ਾਵਤਾਂ ਹੋਈਆਂ, ਉਹ ਇਕ ਤਾਂ ਬਾਦਲ ਪਰਿਵਾਰ ਤੋਂ ਬਾਹਰ ਦੀਆਂ ਸਨ। ਦੂਜੇ, ਛੇਤੀ ਹੀ ਦਮ ਤੋੜਦੀਆਂ ਰਹੀਆਂ। ਇਹ ਬਗ਼ਾਵਤ ਆਮ ਲੋਕਾਂ ਅਤੇ ਪੰਜਾਬ ਦੇ ਹੱਕ ਵਿਚ ਭੁਗਤੇਗੀ, ਇਸ ਦੀ ਤਾਂ ਕੋਈ ਆਸ ਨਹੀਂ ਕਰਨੀ ਚਾਹੀਦੀ ਪਰ ਇਸ ਨਾਲ ਪੰਜਾਬ ਦੇ ਕੁਝ ਨਾ ਕੁਝ ਮੁੱਦੇ ਉੱਭਰਨ ਦੀ ਆਸ ਤਾਂ ਕਰਨੀ ਹੀ ਚਾਹੀਦੀ ਹੈ।

ਕੈਪਟਨ ਅਮਰਿੰਦਰ ਸਿੰਘ ਪਿਛਲੇ ਕੁਝ ਵਰ੍ਹਿਆਂ ਤੋਂ ਅਜਿਹੇ ਲੀਡਰ ਵਜੋਂ ਸਥਾਪਤ ਹੋਇਆ ਹੈ ਜੋ ਘੱਟੋ-ਘੱਟ ਮੌਕੇ 'ਤੇ ਸਿਆਸੀ ਵੱਢ ਮਾਰਨ ਦਾ ਦਮ ਰੱਖਦਾ ਹੈ। ਉਸ ਦੀ ਅਗਵਾਈ ਵਿਚ ਇਹ ਪਹਿਲੀ ਵਾਰ ਹੋਇਆ ਕਿ ਕਿਸਾਨ ਕਾਂਗਰਸ ਨਾਲ ਵੱਡੇ ਪੱਧਰ 'ਤੇ ਜੁੜੇ। ਉਸ ਦੀ ਖੜਕਵੀਂ ਤੇ ਧਾਰਦਾਰ ਸਿਆਸਤ ਨੇ ਲੋਕਾਂ ਨੂੰ ਜਚਾ ਦਿੱਤਾ ਕਿ ਇਹੀ ਇਕ ਲੀਡਰ ਬਾਦਲ ਪਰਿਵਾਰ ਨੂੰ ਵੰਗਾਰ ਸਕਦਾ ਹੈ ਅਤੇ ਸਿੱਧਿਆਂ ਟੱਕਰ ਦੇ ਸਕਦਾ ਹੈ। ਅਕਾਲੀ ਦਲ ਵਿਚ ਰਿਹਾ ਹੋਣ ਕਾਰਨ ਅਤੇ ਉਸ ਦੇ ਆਲੇ-ਦੁਆਲੇ ਅਕਾਲੀ ਪਿਛੋਕੜ ਵਾਲੇ ਲੀਡਰਾਂ ਦਾ ਝੁਰਮਟ ਬੱਝਣ ਕਰਕੇ ਵੀ ਹੋਰ ਕਾਂਗਰਸੀ ਲੀਡਰਾਂ ਦੇ ਮੁਕਾਬਲੇ ਪੇਂਡੂ ਲੋਕਾਂ ਵਿਚ ਉਸ ਦੀ ਚੰਗੀ ਭੱਲ ਬਣੀ ਹੈ। ਕੱਟੜ ਕਾਂਗਰਸੀ ਹੋਣ ਦਾ 'ਦਾਗ਼' ਜਿਸ ਨੂੰ ਲੋਕ, ਖਾਸ ਕਰਕੇ ਸਿੱਖ, ਹੋਰ ਨਜ਼ਰ ਨਾਲ ਦੇਖਦੇ ਹਨ, ਉਸ ਨੇ ਇਕ ਹੱਦ ਤੱਕ ਧੋ ਮਾਰਿਆ ਹੈ।

ਬਾਕੀ ਰਹੀ ਸੁਖਬੀਰ ਦੀ ਗੱਲ, ਪਾਰਟੀ ਤੇ ਸਰਕਾਰ ਉਤੇ ਇਕ ਲਿਹਾਜ ਨਾਲ ਕਬਜ਼ੇ ਦੇ ਬਾਵਜੂਦ, ਉਸ ਦੀ ਲੀਡਰ ਵਾਲੀ ਭੱਲ ਅਜੇ ਤੱਕ ਵੀ ਨਹੀਂ ਬਣੀ ਹੈ। ਅਜੇ ਤੱਕ ਉਸ ਦੀ ਗੱਡੀ ਆਪਣੇ ਬਾਪੂ ਦੇ ਸਹਾਰੇ ਹੀ ਚੱਲ ਰਹੀ ਹੈ। ਮਨਪ੍ਰੀਤ ਦੇ ਇਕੋ ਝਟਕੇ ਨਾਲ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਾਪਦੀ ਹੈ। ਮਨਪ੍ਰੀਤ ਦੇ ਸਮਾਗਮ ਨੂੰ ਸਿਰੇ ਚੜ੍ਹਨ ਤੋਂ ਰੋਕਣ ਲਈ ਪੂਰੀ ਸਰਕਾਰੀ ਮਸ਼ੀਨਰੀ ਅੰਮ੍ਰਿਤਸਰ ਲਾਉਣ ਤੇ ਪਾਰਟੀ ਵੱਲੋਂ ਲੋਕਾਂ ਨੂੰ ਧਮਕਾਉਣ ਦੇ ਬਾਵਜੂਦ ਮਨਪ੍ਰੀਤ ਵੱਡਾ ਇਕੱਠ ਕਰ ਗਿਆ। ਦੂਜੇ ਬੰਨ੍ਹੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸੁਖਬੀਰ ਦੀ ਲਗਾਤਾਰ ਵਧ ਰਹੀ ਤਾਕਤ ਤੋਂ ਦੁਖੀ ਹੈ ਪਰ ਕੁਸਕ ਕੋਈ ਨਹੀਂ ਰਿਹਾ। ਸਾਰਿਆਂ ਦੇ ਮਨਾਂ ਅੰਦਰ ਇਹ ਗੱਲ ਡੂੰਘੀ ਧਸੀ ਹੋਈ ਹੈ ਕਿ ਕੁਝ ਵੀ ਬੋਲਣ ਨਾਲ ਹਾਲ ਗੁਰਚਰਨ ਸਿੰਘ ਟੌਹੜਾ ਵਾਲਾ ਹੋਣਾ ਹੈ। ਅਕਾਲੀਆਂ ਦੀਆਂ ਤੱਤੀਆਂ ਧਿਰਾਂ ਪੰਜਾਬ ਦੇ ਸੀਨ ਤੋਂ ਫ਼ਿਲਹਾਲ ਗਾਇਬ ਹਨ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅ) ਵੀ ਖਾਸ ਰੜਕ ਨਹੀਂ ਰਿਹਾ। ਅਕਾਲੀ ਦਲ (ਪੰਚ ਪ੍ਰਧਾਨੀ) ਤਾਂ ਅਜੇ ਤੱਕ ਲੋਕਾਂ ਨੂੰ ਇਹ ਜਚਾਉਣ ਵਿਚ ਵੀ ਅਸਫ਼ਲ ਰਿਹਾ ਹੈ ਕਿ ਅੱਗੇ ਵਧਣ ਲਈ ਰਾਸਤਾ ਕਿਹੜਾ ਚੁਣਨਾ ਹੈ! ਪੰਜਾਬ ਵਿਚ ਚੱਲੀ ਮਾਰ-ਧਾੜ ਤੋਂ 20 ਸਾਲ ਬਾਅਦ ਵੀ ਜੇ ਸਿਆਸਤ ਸਿਰਫ਼ ਅਸਲੇ-ਹਥਿਆਰਾਂ ਤੱਕ ਹੀ ਸਿਮਟਣੀ ਹੈ ਤਾਂ ਪੰਜਾਬ ਦਾ ਤਾਂ ਰੱਬ ਹੀ ਰਾਖਾ ਹੈ।

ਕਮਿਉਨਿਸਟਾਂ ਦੀਆਂ ਇਨਕਲਾਬੀ ਧਿਰਾਂ ਨੇ ਵੀ ਅਜੇ ਆਪਣਾ ਏਜੰਡਾ ਦੱਸਣਾ ਹੈ। ਪਿਛਲੇ ਦਿਨਾਂ ਦੀ ਫੜੋ-ਫੜਾਈ ਨੇ ਇਨ੍ਹਾਂ ਦੇ ਏਜੰਡੇ ਦੀ ਸੂਹ ਤਾਂ ਦਿੱਤੀ ਸੀ ਪਰ ਇਨ੍ਹਾਂ ਦੀ ਲੰਮੀ ਲਮਕਵੀਂ ਲੜਾਈ ਤੋਂ ਪਹਿਲਾਂ ਪਹਿਲਾਂ ਪੰਜਾਬ ਦਾ ਹਸ਼ਰ ਮਾੜਾ ਹੀ ਹੋ ਰਿਹਾ ਹੈ। ਜ਼ਾਹਿਰ ਹੈ ਕਿ ਪੰਜਾਬ ਦੀ ਸਿਆਸਤ ਵਿਚ ਸਿਫ਼ਤੀ ਤਬਦੀਲੀ ਵਾਲਾ ਰਾਹ ਫ਼ਿਲਹਾਲ ਬੰਦ ਹੈ। ਕਿਸੇ ਲਹਿਰ ਵਿਚੋਂ ਉਭਰੀ ਜੁਝਾਰੂ ਲੀਡਰਸ਼ਿਪ ਹੀ ਪੰਜਾਬ ਦਾ ਬੇੜਾ ਪਾਰ ਲੰਘਾਏਗੀ। ਉਦੋਂ ਤੱਕ ਅਮਰਿੰਦਰਾਂ, ਮਨਪ੍ਰੀਤਾਂ, ਸੁਖਬੀਰਾਂ ਲਈ ਮੈਦਾਨ ਖਾਲੀ ਹੈ ਅਤੇ ਇਹ ਲੋਕਾਂ ਦੇ 'ਸਾਊਪੁਣੇ' ਕਰਕੇ ਖੁੱਲ੍ਹਾਂ ਖੇਡ ਰਹੇ ਹਨ! ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਦੀ ਕਵਿਤਾ ਵਿਚ ਆਈ ਸਤਰ 'ਉੱਠਣ ਦਾ ਵੇਲਾ' ਕਹਿਣ ਵਾਲਿਆਂ ਨੂੰ ਉਡੀਕਦਾ ਪੰਜਾਬ ਮੁਖਧਾਰਾ ਦੀ ਸਿਆਸਤ ਦੀ ਘੁੰਮਣਘੇਰੀ ਵਿਚ ਜੂਝ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਰਚੀ ਮੱਕੜ ਦੀ!

ਤੇਜਾ ਸਿੰਘ ਸਮੁੰਦਰੀ ਹਾਲ ਅੰਦਰ, ਜਥੇਦਾਰ ਬਿਠਾਉਂਦੇ ਨੇ ਘੇਰ ਦੇਖੋ।
ਹਰ ਸਾਲ ਡਿਕਟੇਟਰੀ ਹੁਕਮ ਹੁੰਦਾ ਦਿਨ ਦੀਵੀ ਹੀ ਪਾਉਂਦੇ ਹਨੇਰ ਦੇਖੋ।
ਜਾਤ ਪਾਤ ਦੀ ਗੁਣਾ-ਘਟਾਉ ਕਰਕੇ ਲੈਂਦੇ ਪੈਰ ਦੇ ਹੇਠ ਬਟੇਰ ਦੇਖੋ।
ਅੰਦਰ ਰਿਝਦੀ ਪੱਕਦੀ ਹੋਰ ਹੁੰਦੀ, ਬਾਹਰ ਗੱਪਾਂ ਦੇ ਵੱਜਦੇ ਢੇਰ ਦੇਖੋ।
ਅਹੁਦੇ ਵੰਡਦੇ ਜੀ-ਹਜ਼ੂਰੀਆਂ ਨੂੰ, ਜਿਹੜੇ ਗੋਲਕਾਂ ਲੁੱਟਣ ਲਈ ਸ਼ੇਰ ਦੇਖੋ।
ਬਖਸ਼ਿਸ਼ ਹੋਈ ਏ ਉਤਲਿਆਂ ਮਾਲਕਾਂ ਦੀ, ਪਰਚੀ ਮੱਕੜ ਦੀ ਨਿਕਲੀ ਫੇਰ ਦੇਖੋ!

# ਕਸ਼ਮੀਰ ਮੁੱਦੇ ਪ੍ਰਤੀ ਉਮਰ ਅਬਦੁੱਲਾ ਦੇ ਰੁਖ 'ਚ ਤਬਦੀਲੀ!

**ਸ. ਦੀਪੰਕਰ**

ਸਿਆਸਤਦਾਨਾਂ ਲਈ ਸਮਾਂ ਇਕ ਅਹਿਮ ਕਾਰਕ ਹੈ। ਉਨ੍ਹਾਂ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਕਦੋਂ ਬੋਲਣਾ ਹੈ। ਜੇਕਰ ਉਹ ਇਹ ਨਹੀਂ ਜਾਣਦੇ ਕਿ ਕਦੋਂ ਤੇ ਕੀ ਕਹਿਣਾ ਹੈ ਤਾਂ ਉਹ ਆਪਣੇ-ਆਪ ਨੂੰ ਮੁਸ਼ਕਿਲ ਵਿਚ ਫਸਾ ਸਕਦੇ ਹਨ। ਭਾਰਤ ਦੇ ਪਹਿਲੇ ਗਵਰਨਰ ਜਨਰਲ ਸੀ. ਰਾਜਾਗੋਪਾਲਾਚਾਰੀ ਨੇ 1942 ਵਿਚ ਪਾਕਿਸਤਾਨ ਦੀ ਮੰਗ ਦਾ ਸਮਰਥਨ ਸਹੀ ਹੀ ਕੀਤਾ ਸੀ ਪਰ ਉਹ ਉਸ ਸਮੇਂ ਕਾਂਗਰਸ ਦੇ ਕੱਦਾਵਰ ਨੇਤਾ ਸਨ ਅਤੇ ਕਾਂਗਰਸ ਪਾਕਿਸਤਾਨ ਦੀ ਮੰਗ ਦੇ ਖਿਲਾਫ਼ ਸੀ। ਉਨ੍ਹਾਂ ਦੀ ਸਿਰਫ਼ ਜ਼ੋਰਦਾਰ ਆਲੋਚਨਾ ਹੀ ਨਹੀਂ ਹੋਈ ਸਗੋਂ ਪਾਰਟੀ ਵਿਚ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਉਹ ਅਣਚਾਹੇ ਵਿਅਕਤੀ ਹਨ।

ਸੋਮਨਾਥ ਚੈਟਰਜੀ ਨੇ ਆਪਣੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦਾ ਲੋਕ ਸਭਾ ਦੇ ਸਪੀਕਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਹੁਕਮ ਨਹੀਂ ਮੰਨਿਆ ਸੀ ਕਿਉਂਕਿ ਉਨ੍ਹਾਂ ਨੇ ਮਹਿਸੂਸ ਕੀਤਾ ਸੀ ਕਿ ਇਹ ਸਮਾਂ ਗਲਤ ਹੈ। ਉਨ੍ਹਾਂ ਨੇ ਉਸ ਇਜਲਾਸ ਦੀ ਪ੍ਰਧਾਨਗੀ ਕੀਤੀ ਸੀ ਜਦੋਂ ਭਾਰਤ ਦੇ ਪ੍ਰਮਾਣੂ ਸਮਝੌਤੇ ਦੀ ਪ੍ਰੀਖਿਆ ਦੀ ਘੜੀ ਸੀ ਤੇ ਇਸ 'ਤੇ ਵੋਟਾਂ ਪੈਣੀਆਂ ਸਨ। ਮਾਰਕਸਵਾਦੀ ਪਾਰਟੀ ਨੇ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ। ਬਾਅਦ ਵਿਚ ਪਾਰਟੀ ਦੇ ਅਨੇਕ ਅਹਿਮ ਆਗੂਆਂ ਨੇ ਇਸ ਫ਼ੈਸਲੇ 'ਤੇ ਖੇਦ ਪ੍ਰਗਟ ਕੀਤਾ ਤੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਵੋਟਾਂ ਹੋਣ ਤੱਕ ਇੰਤਜ਼ਾਰ ਕਰਨਾ ਚਾਹੀਦਾ ਸੀ ਜਦੋਂ ਚੈਟਰਜੀ ਅਸਤੀਫ਼ਾ ਦੇ ਸਕਦੇ ਸਨ ਜਿਵੇਂ ਕਿ ਉਨ੍ਹਾਂ ਨੇ ਸੰਕੇਤ ਦਿੱਤਾ ਸੀ।



ਉਮਰ ਅਬਦੁੱਲਾ

ਇਸੇ ਤਰ੍ਹਾਂ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਗਲਤ ਸਮੇਂ ਰਾਜ ਵਿਧਾਨ ਸਭਾ ਵਿਚ ਆਪਣੀ ਭੜਾਸ ਕੱਢੀ। ਉਨ੍ਹਾਂ ਦਾ ਬਿਆਨ ਕਿ 1948 ਵਿਚ ਕਸ਼ਮੀਰ ਭਾਰਤ 'ਚ ਸ਼ਾਮਲ ਹੋਇਆ ਸੀ, ਉਸ ਦਾ ਉਦੋਂ ਰਲੇਵਾਂ ਨਹੀਂ ਸੀ ਹੋਇਆ, ਇਹ ਇਤਿਹਾਸਕ ਤੇ ਵਿਹਾਰਕ ਤੌਰ 'ਤੇ ਠੀਕ ਸੀ। ਉਸ ਦਾ ਦਾਦਾ ਸ਼ੇਖ ਅਬਦੁੱਲਾ ਜੋ ਉਦੋਂ ਰਾਜ ਦਾ ਪ੍ਰਧਾਨ ਮੰਤਰੀ ਸੀ, ਇਸ ਸ਼ਰਤ 'ਤੇ ਸੰਘ 'ਚ ਸ਼ਾਮਲ ਹੋਇਆ ਸੀ ਕਿ ਭਾਰਤ ਸਰਕਾਰ ਕੋਲ ਸਿਰਫ਼ ਤਿੰਨ ਵਿਸ਼ੇ ਰੱਖਿਆ, ਵਿਦੇਸ਼ੀ ਮਾਮਲੇ ਤੇ ਸੰਚਾਰ ਹੀ ਰਹਿਣਗੇ ਤੇ ਬਾਕੀ ਵਿਸ਼ਿਆਂ 'ਤੇ ਰਾਜ ਦਾ ਅਧਿਕਾਰ ਹੋਵੇਗਾ। ਭਾਰਤ ਨੇ ਇਸ ਸ਼ਰਤ ਨੂੰ ਸਵੀਕਾਰ ਕੀਤਾ ਸੀ।

ਉਮਰ ਅਬਦੁੱਲਾ ਦਾ ਬਿਆਨ ਗਲਤ ਸਮੇਂ 'ਤੇ ਆਇਆ ਹੈ। ਉਸ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਘਾਟੀ ਖੌਲ ਰਹੀ ਹੈ ਤੇ ਲੋਕ ਆਜ਼ਾਦੀ ਦੀ ਮੰਗ ਕਰ ਰਹੇ ਹਨ। ਇਸ ਸਮੇਂ ਉਸ ਵੱਲੋਂ ਰਲੇਵੇਂ ਤੇ ਸ਼ਾਮਲ ਹੋਣ 'ਚ ਰੇਖਾ ਖਿੱਚਣ ਦਾ ਗਲਤ ਮਤਲਬ ਕੱਢਿਆ ਜਾਣਾ ਸੁਭਾਵਿਕ ਸੀ। ਆਜ਼ਾਦੀ ਸਮਰਥਕਾਂ ਨੇ ਇਸ ਦੀ ਵਿਆਖਿਆ ਭਾਰਤ ਦੇ ਇਸ ਦਾਅਵੇ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਲਈ ਕੀਤੀ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਕੱਟੜਪੰਥੀ ਸਈਦ ਅਲੀ ਸ਼ਾਹ ਗਿਲਾਨੀ ਨੇ ਕਿਹਾ ਕਿ ਉਮਰ ਅਬਦੁੱਲਾ ਉਨ੍ਹਾਂ ਦੀ ਭਾਸ਼ਾ ਬੋਲ ਰਹੇ ਹਨ।

ਦੂਜੇ ਪਾਸੇ ਉਮਰ ਅਬਦੁੱਲਾ ਨੇ ਆਪਣੀ ਭਰੋਸੇਯੋਗਤਾ ਗਵਾਈ ਹੈ। ਇਥੋਂ ਤੱਕ ਕਾਂਗਰਸ ਪਾਰਟੀ ਨੇ ਵੀ ਕਿਹਾ ਹੈ ਕਿ ਰਾਜ ਵਿਧਾਨ ਸਭਾ ਵਿਚ ਉਮਰ ਅਬਦੁੱਲਾ ਦਾ ਬਿਆਨ ਉਸ ਬਿਆਨ ਤੋਂ ਵੱਖਰਾ ਹੈ ਜੋ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਲੋਕ ਸਭਾ ਵਿਚ ਦਿੱਤਾ ਸੀ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਹ ਭਾਰਤੀ ਹਨ ਤੇ ਉਨ੍ਹਾਂ ਦੇ ਇਸ ਬਿਆਨ ਦੀ ਪੂਰੇ ਦੇਸ਼ ਵਿਚ ਸਿਫ਼ਤ ਹੋਈ ਸੀ।

ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਜਦੋਂ ਉਨ੍ਹਾਂ ਨੇ ਵਿਧਾਨ ਸਭਾ ਵਿਚ ਬਿਆਨ ਦਿੱਤਾ ਤਾਂ ਉਹ ਦਬਾਅ ਵਿਚ ਸਨ। ਉਨ੍ਹਾਂ ਦਿਨਾਂ ਵਿਚ ਪਥਰਾਅ ਕਰਨ ਵਾਲੇ ਲੋਕਾਂ ਅਤੇ ਸੁਰੱਖਿਆ ਬਲਾਂ ਵਿਚਕਾਰ ਚੱਲ ਰਹੇ ਸੰਘਰਸ਼ 'ਚ ਸੌ ਤੋਂ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਸਨ। ਹਰ ਵਿਅਕਤੀ ਦੀ ਸਰੀਰਕ ਸ਼ਕਤੀ ਤੇ ਸਮਰੱਥਾ ਦੀ ਅਸਲ ਪ੍ਰੀਖਿਆ ਦਬਾਅ ਵਿਚ ਹੀ ਹੁੰਦੀ ਹੈ। ਮੁੱਖ ਮੰਤਰੀ ਨਾਤੇ ਉਹ ਆਪਣੀ ਜ਼ਿੰਮੇਵਾਰੀ ਕਿਸੇ ਹੋਰ 'ਤੇ ਨਹੀਂ ਪਾ ਸਕਦੇ। ਉਹ ਆਪਣੀਆਂ ਸਮੱਸਿਆਵਾਂ ਲਈ ਕੇਂਦਰ ਨੂੰ ਬਲੀ ਦਾ ਬੱਕਰਾ ਬਣਾਉਣਾ ਚਾਹੁੰਦੇ ਹਨ। ਉਹ ਜੋ ਵੀ ਕਹਿੰਦੇ ਜਾਂ ਕਰਦੇ ਹਨ, ਉਸ ਨੂੰ ਪਹਿਲਾਂ ਤੋਲ ਲੈਣਾ ਚਾਹੀਦਾ ਹੈ।

ਮੁੱਖ ਮੰਤਰੀ ਦਾ ਬਿਆਨ ਕਿ ਉਹ ਕਠਪੁਤਲੀ ਨਹੀਂ ਹੈ, ਭਾਰਤੀ ਸੰਘੀ ਢਾਂਚੇ 'ਤੇ ਇਕ ਹੋਰ ਦੁਖਦਾਈ ਟਿੱਪਣੀ ਹੈ। ਉਨ੍ਹਾਂ ਦੇ ਬਿਆਨ ਤੋਂ ਅਜਿਹਾ ਲਗਦਾ ਹੈ ਕਿ ਕੇਂਦਰ ਉਸ ਵੇਲੇ ਆਪਣਾ ਜ਼ੋਰ ਦਿਖਾਉਂਦਾ ਹੈ ਜਦੋਂ ਵੀ ਉਹ ਰਾਜਾਂ ਨੂੰ ਆਪਣੇ ਇਸ਼ਾਰਿਆਂ 'ਤੇ ਚਲਾਉਣਾ ਚਾਹੁੰਦਾ ਹੈ। ਬਿਆਨ ਕਾਰਨ ਉਮਰ ਅਬਦੁੱਲਾ ਦਾ ਕਮਜ਼ੋਰ ਪੱਖ ਉਜਾਗਰ ਹੁੰਦਾ ਹੈ। ਉਹ ਕੇਂਦਰ ਨੂੰ ਅਜਿਹਾ ਪ੍ਰਭਾਵ ਕਿਉਂ ਦੇ ਰਹੇ ਹਨ ਕਿ ਉਹ ਲਚਕਦਾਰ ਹਨ ਤੇ ਦਬਾਅ ਨਾਲ ਉਨ੍ਹਾਂ ਨੂੰ ਕਿਸੇ ਪਾਸੇ ਵੀ ਝੁਕਾਇਆ ਜਾ ਸਕਦਾ ਹੈ? ਕਿਸੇ ਨੇ ਵੀ ਕਿਸੇ ਹੋਰ ਮੁੱਖ ਮੰਤਰੀ ਮੂੰਹੋਂ 'ਕਠਪੁਤਲੀ ਹੋਣ' ਦਾ ਬਿਆਨ ਨਹੀਂ ਸੁਣਿਆ। ਨਿਸ਼ਚਿਤ ਤੌਰ 'ਤੇ ਉਨ੍ਹਾਂ ਦੇ ਅਜਿਹਾ ਕਹਿਣ ਦਾ ਕੋਈ ਕਾਰਨ ਹੋ ਸਕਦਾ ਹੈ।

ਕਸ਼ਮੀਰ ਦਾ ਦਰਜਾ ਕੀ ਹੈ? ਜਦੋਂ ਰਾਜ ਨੇ ਸਮਝੌਤੇ ਤਹਿਤ ਭਾਰਤ ਵਿਚ ਸ਼ਾਮਲ ਹੋਣ ਦੇ ਦਸਤਾਵੇਜ਼ਾਂ 'ਤੇ ਹਸਤਾਖਰ ਕੀਤੇ ਸਨ, ਰਲੇਵਾਂ ਨਹੀਂ ਸੀ ਹੋਇਆ ਆਦਿ ਮੁੱਦਿਆਂ 'ਤੇ ਉਹ ਵਿਅਕਤੀ ਬਹਿਸ ਕਰ ਸਕਦਾ ਹੈ ਜਿਸ ਨੇ ਭਾਰਤੀ ਸੰਵਿਧਾਨ ਤਹਿਤ ਸਹੁੰ ਨਾ ਖਾਧੀ ਹੋਵੇ। ਜਦੋਂ ਉਮਰ ਅਬਦੁੱਲਾ ਨੇ ਅਹੁਦਾ ਗ੍ਰਹਿਣ ਕੀਤਾ ਸੀ ਤਾਂ ਉਨ੍ਹਾਂ ਨੇ ਸੰਵਿਧਾਨ ਤਹਿਤ ਸਹੁੰ ਖਾਧੀ ਸੀ ਜੋ ਕਹਿੰਦਾ ਹੈ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਇਹ ਵੀ ਸੱਚ ਹੈ ਕਿ ਕਸ਼ਮੀਰ ਨੂੰ ਭਾਰਤ ਦੇ ਅੰਦਰ ਵਿਸ਼ੇਸ਼ ਦਰਜਾ (ਧਾਰਾ 370) ਦਿੱਤਾ ਗਿਆ ਹੈ ਸੰਘ ਤੋਂ ਬਾਹਰ ਨਹੀਂ।

ਸ਼ੇਖ ਅਬਦੁੱਲਾ ਨੇ ਲਛਮਣ-ਰੇਖਾ ਨੂੰ ਲੰਘਣ ਦੀ ਕੋਸ਼ਿਸ਼ ਕਰਨ ਦੀ ਕੀਮਤ ਅਦਾ ਕੀਤੀ ਸੀ ਤੇ ਬਾਰਾਂ ਸਾਲਾਂ ਤੱਕ ਉਨ੍ਹਾਂ ਨੂੰ ਹਿਰਾਸਤ ਵਿਚ ਰਹਿਣਾ ਪਿਆ ਸੀ। ਉਹ ਜਵਾਹਰ ਲਾਲ ਨਹਿਰੂ ਦੇ ਚੰਗੇ ਦੋਸਤ ਸਨ ਜਿਨ੍ਹਾਂ ਨੇ ਸਪੱਸ਼ਟ ਤੌਰ 'ਤੇ ਇਹ ਮਹਿਸੂਸ ਕੀਤਾ ਸੀ ਕਿ ਸ਼ੇਖ ਨੇ ਹੱਦ ਪਾਰ ਕਰ ਦਿੱਤੀ ਹੈ। ਭਾਰਤੀ ਸੰਵਿਧਾਨ ਪ੍ਰਤੀ ਆਪਣੀ ਵਫ਼ਾਦਾਰੀ ਪ੍ਰਗਟ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਸੱਤਾ ਵਿਚ ਵਾਪਸੀ ਹੋਈ ਸੀ ਤੇ ਜਦੋਂ ਤੱਕ ਉਹ ਜਿਊਂਦੇ ਰਹੇ, ਰਾਜ ਦੇ ਸ਼ਾਸਕ ਰਹੇ।

ਹੁਣ ਫਿਰ ਤੋਂ ਉਹੋ ਜਿਹੇ ਹਾਲਾਤ ਬਣਨਗੇ ਕਿਉਂਕਿ ਨਵੀਂ ਦਿੱਲੀ ਨੇ ਜ਼ਿਆਦਾ ਉਤੇਜਿਤ ਨਾ ਹੋਣਾ ਸਿੱਖ ਲਿਆ ਹੈ। ਅਜਿਹਾ ਵੀ ਨਹੀਂ ਲੱਗ ਰਿਹਾ ਕਿ ਜੋ ਵਿਰੋਧੀ ਪ੍ਰਦਰਸ਼ਨਕਾਰੀ ਆਜ਼ਾਦੀ ਦੀ ਮੰਗ ਕਰ ਰਹੇ ਹਨ, ਉਨ੍ਹਾਂ ਲਈ ਉਮਰ ਅਬਦੁੱਲਾ ਪ੍ਰੇਰਕ ਬਿੰਦੂ ਬਣ ਰਹੇ ਹਨ। ਇਹ ਸਾਰਾ ਕੁਝ ਚਾਹ ਦੇ ਕੱਪ ਵਿਚ ਤੂਫ਼ਾਨ ਆਉਣ ਤੋਂ ਜ਼ਿਆਦਾ ਨਹੀਂ ਹੈ। ਭਾਰਤੀ ਜਨਤਾ ਪਾਰਟੀ ਤੋਂ ਇਲਾਵਾ ਕਿਸੇ ਵੀ ਰਾਜਨੀਤਕ ਦਲ ਨੇ ਉਮਰ ਅਬਦੁੱਲਾ ਦੀਆਂ ਟਿੱਪਣੀਆਂ ਨੂੰ ਮੁੱਦਾ ਨਹੀਂ ਬਣਾਇਆ।

ਉਮਰ ਅਬਦੁੱਲਾ ਦੀ ਪਾਰਟੀ ਨੈਸ਼ਨਲ ਕਾਫ਼ਰੰਸ ਨੇ ਅਭਿਆਸ ਕਰਕੇ ਨਵੀਂ ਦਿੱਲੀ ਨੂੰ 1953 ਵਾਲੀ ਉਸ ਸਥਿਤੀ ਤੋਂ ਉਪਰ ਧਕੇਲ ਦਿੱਤਾ ਹੈ ਜਦੋਂ ਸ਼ੇਖ ਨੇ ਦਿੱਲੀ ਨਾਲ ਸਮਝੌਤੇ 'ਤੇ ਹਸਤਾਖਰ ਕੀਤੇ ਸਨ। ਇਕ ਸਮੇਂ ਉਮਰ ਅਬਦੁੱਲਾ ਦੇ ਪਿਤਾ ਫਾਰੂਕ ਅਬਦੁੱਲਾ ਰਾਜ ਵਿਚ ਮੁੱਖ ਮੰਤਰੀ ਸਨ ਤੇ ਕੇਂਦਰ 'ਚ ਭਾਜਪਾ ਸੱਤਾ ਵਿਚ ਸੀ। ਉਸ ਸਮੇਂ ਫਾਰੂਕ ਅਬਦੁੱਲਾ 'ਤੇ ਏਨਾ ਦਬਾਅ ਸੀ ਕਿ ਉਨ੍ਹਾਂ ਨੇ ਰਾਜ ਵਿਧਾਨ ਸਭਾ ਵੱਲੋਂ ਪਾਸ ਖੁਦਮੁਖਤਿਆਰੀ ਬਾਰੇ ਪ੍ਰਸਤਾਵ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਸੀ। ਇਸ ਦਾ ਮਤਲਬ ਇਹ ਨਹੀਂ ਸੀ ਕਿ ਨਵੀਂ ਦਿੱਲੀ ਨੇ ਸ਼ਕਤੀਆਂ 'ਤੇ ਅਧਿਕਾਰ ਜਮ੍ਹਾ ਲਿਆ ਹੈ ਜੋ ਰਾਜ ਨਾਲ ਸਬੰਧਤ ਹਨ। ਕੇਂਦਰ ਵੱਲੋਂ ਉਹ ਕਾਨੂੰਨ ਜੋ ਜੰਮੂ-ਕਸ਼ਮੀਰ ਵਿਚ ਸੰਚਾਰ, ਰੱਖਿਆ, ਵਿਦੇਸ਼ੀ ਮਾਮਲਿਆਂ ਤੋਂ ਇਲਾਵਾ ਹੋਰ ਸ਼ਕਤੀਆਂ ਕੇਂਦਰ ਨੂੰ ਦੇਣ ਲਈ ਪਾਸ ਕੀਤਾ ਗਿਆ ਹੈ, ਉਸ ਨੂੰ ਵਾਪਸ ਲੈਣਾ ਚਾਹੀਦਾ ਹੈ। ਕੇਂਦਰ ਉਹ ਸ਼ਕਤੀਆਂ ਨਹੀਂ ਹਥਿਆ ਸਕਦਾ ਜੋ ਇਨ੍ਹਾਂ ਤਿੰਨ ਵਿਸ਼ਿਆਂ ਤੋਂ ਪਰੇ ਹਨ।

ਉਮਰ ਦੀ ਇਸ ਟਿੱਪਣੀ ਦਾ ਸਵਾਗਤ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਵੀ ਕਸ਼ਮੀਰ ਮਾਮਲੇ ਦੇ ਹੱਲ ਲਈ ਭਾਈਵਾਲ ਬਣਾਉਣਾ ਚਾਹੀਦਾ ਹੈ। ਭਾਰਤ ਨੇ ਖੁਦ ਤਾਸ਼ਕੰਦ ਐਲਾਨ ਤੋਂ ਲੈ ਕੇ ਸ਼ਿਮਲਾ ਸਮਝੌਤੇ ਤੱਕ ਕਈ ਵਾਰ ਕਿਹਾ ਹੈ ਕਿ ਕਸ਼ਮੀਰ ਸਮੱਸਿਆ ਦਾ ਹੱਲ ਬਾਕੀ ਹੈ। ਇਸ ਲਈ ਇਸਲਾਮਾਬਾਦ ਨਾਲ ਸਮਝੌਤੇ ਤੋਂ ਬਗੈਰ ਇਸ ਦਾ ਕੋਈ ਪੱਕਾ ਹੱਲ ਨਹੀਂ ਹੋ ਸਕਦਾ।

ਇਹ ਇਕ ਸੰਜੋਗ ਹੈ ਪਰ ਇਕ ਟੈਲੀਵਿਜ਼ਨ ਸਟਾਰ ਬਰਖਾ ਦੱਤ ਨਾਲ ਮੁਲਾਕਾਤ ਵਿਚ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੇ ਇਹ ਕਿਹਾ ਹੈ ਕਿ ਉਹ ਕਸ਼ਮੀਰ ਸਮੱਸਿਆ ਦਾ ਅਜਿਹਾ ਹੱਲ ਸਾਹਮਣੇ ਲਿਆਏ ਸਨ ਜਿਸ ਨੂੰ ਭਾਰਤ ਤੇ ਪਾਕਿਸਤਾਨ ਦੋਵਾਂ ਨੇ ਮੰਨ ਲਿਆ ਸੀ। ਦੱਸਿਆ ਜਾਂਦਾ ਹੈ ਕਿ ਇਸ ਫਾਰਮੂਲੇ ਨਾਲ ਭਾਰਤ ਅਜੇ ਵੀ ਸਹਿਮਤ ਹੈ ਪਰ ਪਾਕਿਸਤਾਨ ਵਿਚ ਆਸਿਫ ਅਲੀ ਜ਼ਰਦਾਰੀ ਦੀ ਸਰਕਾਰ ਸਹਿਮਤ ਨਹੀਂ। ਨਵੀਂ ਦਿੱਲੀ ਨੂੰ ਜ਼ੋਰਦਾਰ ਢੰਗ ਨਾਲ ਫਾਰਮੂਲੇ ਦਾ ਪਿੱਛਾ ਕਰਨਾ ਚਾਹੀਦਾ ਹੈ। ਇਸ ਗੱਲ ਦੀ ਹੈਰਾਨੀ ਹੈ ਕਿ ਕਸ਼ਮੀਰੀ ਲੋਕਾਂ ਨੂੰ ਹਜ਼ਾਰਾਂ ਜਾਨਾਂ ਗੁਆਉਣ ਤੋਂ ਬਾਅਦ ਵੀ ਇਹ ਮਹਿਸੂਸ ਨਹੀਂ ਹੋਇਆ ਕਿ ਭਾਰਤ ਦੇਸ਼ ਦੀ ਅਖੰਡਤਾ ਤੋਂ ਬਾਹਰ ਉਸ ਦਾ ਦਰਜਾ ਸਵੀਕਾਰ ਨਹੀਂ ਕਰੇਗਾ। ਨਵੀਂ ਦਿੱਲੀ ਭਾਰਤੀ ਸੰਵਿਧਾਨ ਤੋਂ ਅੱਗੇ ਜਾਣ ਲਈ ਰਾਜ਼ੀ ਹੈ ਪਰ ਭਾਰਤੀ ਸੰਘ ਤੋਂ ਨਹੀਂ। ਸਰਹੱਦਾਂ ਅਸੰਗਤ ਤਾਂ ਹੋ ਸਕਦੀਆਂ ਹਨ ਪਰ ਮਿਟਾਈਆਂ ਨਹੀਂ ਜਾ ਸਕਦੀਆਂ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਇਕ ਵਾਰ ਕਿਹਾ ਸੀ, 'ਅਸੀਂ ਬਲਪੂਰਵਰਕ ਕਸ਼ਮੀਰ ਤੁਹਾਡੇ ਕੋਲੋਂ ਨਹੀਂ ਲੈ ਸਕਦੇ ਤੇ ਤੁਸੀਂ ਇਸ ਨੂੰ ਪਲੇਟ 'ਚ ਪਾ ਕੇ ਪੇਸ਼ ਨਹੀਂ ਕਰ ਸਕਦੇ।' ਦੋਵਾਂ ਦੇਸ਼ਾਂ ਨੂੰ ਇਸ ਦਾ ਸ਼ਾਂਤੀਪੂਰਨ ਹੱਲ ਲੱਭਣਾ ਚਾਹੀਦਾ ਹੈ। ਇਕ ਪਾਕਿਸਤਾਨੀ ਰਾਜਨੀਤਕ ਟਿੱਪਣੀਕਾਰ ਨੇ ਕੁਝ ਸਮਾਂ ਪਹਿਲਾਂ ਲਿਖਿਆ ਸੀ, 'ਯੁੱਧ 'ਚ ਅਸੀਂ ਜੋ ਕੁਝ ਜਿੱਤ ਨਹੀਂ ਸਕਦੇ ਅਸੀਂ ਉਸ ਨੂੰ ਗੱਲਬਾਤ ਦੀ ਮੇਜ਼ 'ਤੇ ਵੀ ਹਾਸਲ ਨਹੀਂ ਕਰ ਸਕਦੇ।'

## ਅਧਰੰਗ ਦੇ ਮਰੀਜ਼ ਦੇ ਦਿਮਾਗ 'ਚ ਪਾਏ ਨਵੇਂ ਸਟੈਮ ਸੈਲ

**ਲੰਡਨ:** ਬਰਤਾਨਵੀ ਡਾਕਟਰਾਂ ਨੇ ਇਕ ਵਿਲੱਖਣ ਕਿਸਮ ਦੇ ਅਪਰੇਸ਼ਨ ਦੌਰਾਨ ਅਧਰੰਗ ਦੇ ਸ਼ਿਕਾਰ ਇਕ ਵਿਅਕਤੀ ਦੇ ਦਿਮਾਗ 'ਚ ਸਟੈਮ ਸੈਲ ਪਾਏ ਹਨ। ਇਸ ਅਪਰੇਸ਼ਨ ਨੂੰ ਪਹਿਲਾ ਆਪਣੀ ਕਿਸਮ ਦਾ ਅਪਰੇਸ਼ਨ ਕਿਹਾ ਜਾ ਰਿਹਾ ਹੈ।

ਗਲਾਸਗੋ ਯੂਨੀਵਰਸਿਟੀ ਦੇ ਡਾਕਟਰਾਂ ਦੀ ਇਕ ਟੀਮ ਨੇ ਇਸ ਕਾਰਜ ਨੂੰ ਅੰਜ਼ਾਮ ਦਿੱਤਾ। ਇਸ ਮਰੀਜ਼ ਦੀ ਦੋ ਸਾਲ ਨਿਗਰਾਨੀ ਰੱਖੀ ਜਾਏਗੀ ਤਾਂ ਕਿ ਇਹ ਦੇਖਿਆ ਜਾ ਸਕੇ ਕਿ ਕੀ ਇਹ ਇਲਾਜ ਸਫਲ ਵੀ ਸੀ। ਡੇਲੀ ਟੈਲੀਗ੍ਰਾਫ 'ਚ ਇਸ ਸਬੰਧੀ ਰਿਪੋਰਟ ਛਪੀ ਹੈ। ਮਰੀਜ਼ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਪ੍ਰੋ. ਕੀਥ ਮੂਇਰ ਦੀ ਅਗਵਾਈ ਵਾਲੀ ਜਾਂਚ ਟੀਮ ਇਸ ਅਪਰੇਸ਼ਨ ਦੇ ਹੋਰ ਨਤੀਜਿਆਂ ਦੀ ਆਸ 'ਚ ਹੈ।

# ਸਫਲ ਰਿਹਾ ਰਾਸ਼ਟਰਪਤੀ ਓਬਾਮਾ ਦਾ ਭਾਰਤ ਦੌਰਾ

**-ਕੇ. ਸ਼ੰਕਰ**

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਆਏ ਜਿਸ ਦੀ ਵਿਸ਼ਵ ਪੱਧਰ 'ਤੇ ਚਰਚਾ ਹੋਈ ਪਰ ਸਵਾਲ ਇਹ ਹੈ ਕਿ ਇਸ ਨਾਲ ਉਨ੍ਹਾਂ ਨੂੰ ਕੋਈ ਸਫਲਤਾ ਮਿਲੀ? ਉਨ੍ਹਾਂ ਦੀ ਇਸ ਯਾਤਰਾ ਨੂੰ ਉਨ੍ਹਾਂ ਤੋਂ ਪਹਿਲਾਂ ਵਾਲੇ ਅਮਰੀਕੀ ਰਾਸ਼ਟਰਪਤੀਆਂ ਬਿਲ ਕਲਿੰਟਨ ਜਾਂ ਜਾਰਜ ਬੁਸ਼ ਵਾਂਗ 'ਇਕ ਨਵਾਂ ਰਾਹ ਬਣਾਉਣ ਵਾਲੀ' ਨਹੀਂ ਕਿਹਾ ਜਾ ਸਕਦਾ ਪਰ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਉਹ ਆਪਣਾ ਇਕ ਪ੍ਰਭਾਵ ਛੱਡ ਕੇ ਗਏ ਹਨ।


ਓਬਾਮਾ ਦੀ ਇਹ ਯਾਤਰਾ ਕਾਫ਼ੀ ਵੱਡੀਆਂ ਗੱਲਾਂ ਦੁਹਰਾਉਣ ਵਾਲੀ ਜ਼ਰੂਰ ਰਹੀ ਹੈ। ਉਨ੍ਹਾਂ ਨੇ ਆਪਣੀ ਭਾਰਤ ਯਾਤਰਾ ਮੁੰਬਈ 'ਚ 26 ਨਵੰਬਰ, 2008 ਨੂੰ ਹੋਏ ਅਤਿਵਾਦੀ ਹਮਲੇ ਦੌਰਾਨ ਮਰਨ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਸ਼ੁਰੂ ਕੀਤੀ। ਸਾਰਾ ਭਾਰਤ ਅਮਰੀਕਾ ਵਿਚ ਇਤਿਹਾਸ ਰਚਣ ਵਾਲੇ ਇਸ ਸ਼ਖ਼ਸ ਤੋਂ ਪ੍ਰਭਾਵਿਤ ਸੀ। ਓਬਾਮਾ ਵੱਲੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦੀ ਸਥਾਈ ਮੈਂਬਰੀ ਦਾ ਸਮਰਥਨ ਕਰਨ ਦਾ ਐਲਾਨ ਕਰਨਾ ਇਸ ਯਾਤਰਾ ਦੇ 'ਸਿਖਰ ਪਲਾਂ' ਵਜੋਂ ਮੰਨਿਆ ਜਾ ਸਕਦਾ ਹੈ।

ਓਬਾਮਾ ਭਾਰਤ ਦੀ ਯਾਤਰਾ ਕਰਨ ਵਾਲੇ 5ਵੇਂ ਅਮਰੀਕੀ ਰਾਸ਼ਟਰਪਤੀ ਹਨ। ਅਮਰੀਕਾ ਨੇ ਪਿਛਲੇ ਇਕ ਦਹਾਕੇ 'ਚ ਭਾਰਤ ਪ੍ਰਤੀ ਆਪਣੀ ਰਣਨੀਤੀ 'ਚ ਵਿਆਪਕ ਤਬਦੀਲੀਆਂ ਕੀਤੀਆਂ ਹਨ। ਇਸ ਦੀ ਸ਼ੁਰੂਆਤ ਕਲਿੰਟਨ ਦੇ ਦੂਜੇ ਕਾਰਜ ਕਾਲ 'ਚ ਹੋਈ ਸੀ ਪਰ ਬੁਸ਼ ਦੇ ਰਾਸ਼ਟਰਪਤੀ ਹੁੰਦਿਆਂ ਇਸ ਵਿਚ ਨਾਟਕੀ ਤੌਰ 'ਤੇ ਵਾਧਾ ਹੋਇਆ। ਜਿਥੇ ਬਿਲ ਕਲਿੰਟਨ ਦੀ ਭਾਰਤ ਯਾਤਰਾ ਦੋਹਾਂ ਦੇਸ਼ਾਂ ਦਰਮਿਆਨ ਰਿਸ਼ਤਿਆਂ ਨੂੰ ਵਧਾਉਣ ਵਾਲੀ ਸੀ ਉਥੇ ਹੀ ਬੁਸ਼ ਦੀ ਯਾਤਰਾ ਦੌਰਾਨ ਦੋਹਾਂ ਦੇਸ਼ਾਂ ਵਿਚਾਲੇ ਸਮਝੌਤਿਆਂ ਦਾ ਆਧਾਰ ਵੀ ਬਣਿਆ ਤੇ ਇਸ ਤੋਂ ਬਾਅਦ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਗਿਆ।

ਓਬਾਮਾ ਦੀ ਤਿੰਨ ਦਿਨਾ ਭਾਰਤ ਯਾਤਰਾ ਨੇ ਦੋਹਾਂ ਦੇਸ਼ਾਂ ਦੇ ਰਿਸ਼ਿਤਿਆਂ ਨੂੰ ਇਕ ਵੱਖਰੇ ਪੱਧਰ ਤਕ ਪਹੁੰਚਾਇਆ ਹੈ ਜਿਸ ਨੂੰ ਭਾਰਤ ਦੇ ਦੋਵੇਂ ਗੁਆਂਢੀ ਦੇਸ਼-ਚੀਨ ਤੇ ਪਾਕਿਸਤਾਨ ਨਜ਼ਰਾਂ ਟਿਕਾਈ ਵੇਖ ਰਹੇ ਸਨ। ਅਸਲੀਅਤ ਇਹ ਹੈ ਕਿ ਓਬਾਮਾ ਵੱਲੋਂ ਆਪਣੇ ਰਾਸ਼ਟਰਪਤੀ ਕਾਰਜ ਕਾਲ ਦੇ ਮੁੱਢਲੇ ਸਮੇਂ ਵਿਚ ਹੀ ਭਾਰਤ ਨਾਲ ਅਜਿਹੀ ਨੇੜਤਾ ਦਿਖਾ ਕੇ ਇਕ ਹਾਂ-ਪੱਖੀ ਕੂਟਨੀਤੀ ਦਰਸਾਈ ਗਈ ਹੈ। ਆਪਣੇ ਤੋਂ ਪਹਿਲਾਂ ਵਾਲੇ ਰਾਸ਼ਟਰਪਤੀਆਂ ਵਾਂਗ ਓਬਾਮਾ ਭਾਰਤ ਨੂੰ ਕੁਝ ਦੇਣ ਨਹੀਂ ਆਏ ਸਨ। ਉਨ੍ਹਾਂ ਨੇ ਦੋਹਾਂ ਹੀ ਦੇਸ਼ਾਂ ਦਰਮਿਆਨ ਰਿਸ਼ਤਿਆਂ ਨੂੰ ਹੋਰ ਵਧਾਉਣ ਨੂੰ ਅਹਿਮੀਅਤ ਦਿੱਤੀ। ਬੇਸ਼ੱਕ ਹੀ ਦੋਵੇਂ ਤਾਕਤਾਂ ਕਈ ਮਾਮਲਿਆਂ 'ਚ ਬਰਾਬਰ ਨਹੀਂ ਹਨ ਪਰ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਭਾਰਤ ਤੇ ਅਮਰੀਕਾ ਨੂੰ ਇਕ-ਦੂਜੇ ਦੀ ਲੋੜ ਹੈ। ਭਾਰਤ ਤੇਜ਼ੀ ਨਾਲ ਵਧ ਰਹੀ ਅਰਥ ਵਿਵਸਥਾ ਹੈ ਤੇ ਅਮਰੀਕਾ ਆਪਣੀ ਅਰਥ ਵਿਵਸਥਾ ਨੂੰ ਮੁੜ ਗਤੀਸ਼ੀਲ ਬਣਾਉਣ ਲਈ ਭਾਰਤ ਨੂੰ ਇਕ ਇੰਜਣ ਵਜੋਂ ਸਮਝਦਾ ਹੈ।

ਇਸ ਤਬਦੀਲੀ ਦੇ ਕਈ ਕਾਰਨ ਹਨ। ਇਸ ਦਾ ਪ੍ਰਮੁੱਖ ਕਾਰਨ 'ਅਮਰੀਕਾ ਦੀਆਂ ਆਰਥਿਕ ਮੂਰਖ਼ਤਾ ਵਾਲੀਆਂ ਨੀਤੀਆਂ ਹਨ।' ਭਾਰਤ 8.5 ਫ਼ੀਸਦੀ ਦੀ ਵਿਕਾਸ ਦਰ ਦੇ ਹਿਸਾਬ ਨਾਲ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਆਲਮੀ ਮੰਦੀ ਹੋਣ ਦੇ ਬਾਵਜੂਦ ਭਾਰਤ ਦੀ ਅਰਥ ਵਿਵਸਥਾ 'ਤੇ ਕੋਈ ਬੁਰਾ ਅਸਰ ਨਹੀਂ ਪਿਆ। ਭਾਰਤ ਵਿਚ ਮੱਧ ਵਰਗ ਦੀ ਗਿਣਤੀ ਵਧ ਰਹੀ ਹੈ ਤੇ ਇਥੋਂ ਦੇ ਵਧਦੇ ਬਾਜ਼ਾਰ ਨੂੰ ਦੇਖਦਿਆਂ ਕਿਸੇ ਵੀ ਵਿਦੇਸ਼ੀ ਪੂੰਜੀ ਨਿਵੇਸ਼ਕ ਨੂੰ ਭਾਰਤ ਇਕ ਦਿਲ-ਖਿੱਚਵਾਂ ਬਾਜ਼ਾਰ ਲੱਗ ਸਕਦਾ ਹੈ। ਇਥੇ ਲੋਕਤੰਤਰ ਹੈ ਤੇ ਸਥਿਰ ਸਰਕਾਰ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਵੀ ਭਾਰਤੀ ਮੂਲ ਦੇ ਕਈ ਅਮੀਰ ਲੋਕ ਵਸਦੇ ਹਨ ਤੇ ਬਹੁਤ ਸਾਰੇ ਓਬਾਮਾ ਪ੍ਰਸ਼ਾਸਨ ਤੇ ਅਮਰੀਕਾ ਵਿਚ ਕਈ ਅਹਿਮ ਅਹੁਦਿਆਂ 'ਤੇ ਵੀ ਹਨ। ਇਸ ਸਭ ਤੋਂ ਵਧ ਕੇ ਅਮਰੀਕਾ ਹੁਣ ਭਾਰਤ ਨੂੰ ਇਕ ਅਜਿਹਾ ਦੇਸ਼ ਸਮਝਦਾ ਹੈ ਜੋ ਚੀਨ ਦੇ ਵਧਦੇ ਪ੍ਰਭਾਵ ਦਾ ਸਾਹਮਣਾ ਕਰ ਸਕਦਾ ਹੈ।

ਅਸਲ ਵਿਚ ਓਬਾਮਾ ਅਮਰੀਕਾ ਵਿਚ ਭਾਰਤੀ ਪੂੰਜੀ ਨਿਵੇਸ਼ ਦੀ ਭਾਲ ਵਿਚ ਇਥੇ ਆਏ ਸਨ ਤੇ ਉਹ ਮੁੰਬਈ ਵਿਚ 10 ਅਰਬ ਡਾਲਰ ਦੇ ਸੌਦੇ ਕਰਨ ਵਿਚ ਸਫ਼ਲ ਰਹੇ। ਓਬਾਮਾ ਨੇ ਇਹ ਗੱਲ ਸਪਸ਼ਟ ਸ਼ਬਦਾਂ 'ਚ ਕਹੀ ਕਿ ਉਹ ਅਮਰੀਕਾ ਵਾਪਸ ਜਾ ਕੇ ਇਹ ਕਹਿ ਸਕਣਗੇ ਕਿ ਭਾਰਤ ਅਮਰੀਕੀਆਂ ਦੀਆਂ ਨੌਕਰੀਆਂ ਨਹੀਂ ਖੋਹ ਰਿਹਾ ਸਗੋਂ ਉਸ ਨੇ ਅਮਰੀਕੀਆਂ ਨੂੰ 50 ਹਜ਼ਾਰ ਨੌਕਰੀਆਂ ਮੁਹੱਈਆ ਕਰਵਾਈਆਂ ਹਨ। ਇਹ ਪ੍ਰਾਪਤੀ ਉਸ ਅਮਰੀਕੀ ਰਾਸ਼ਟਰਪਤੀ ਲਈ ਬਹੁਤ ਮਹੱਤਵਪੂਰਨ ਹੈ ਜਿਸ ਦੀ ਪਾਰਟੀ ਨੂੰ ਆਪਣੇ ਦੇਸ਼ ਵਿਚ ਮੱਧਕਾਲੀ ਚੋਣਾਂ 'ਚ ਹਾਰ ਦਾ ਮੂੰਹ ਦੇਖਣਾ ਪਿਆ ਹੋਵੇ।



ਦੂਜੀ ਗੱਲ ਇਹ ਰਹੀ ਕਿ ਅਮਰੀਕਾ ਤੇ ਭਾਰਤ ਵਿਚਾਲੇ ਰਿਸ਼ਤੇ ਕਾਰੋਬਾਰ ਤੋਂ ਵੀ ਅੱਗੇ ਵਧ ਕੇ ਮਜ਼ਬੂਤ ਹੋਏ ਹਨ। ਇਸ ਗੱਲ ਨੂੰ ਓਬਾਮਾ ਨੇ ਖ਼ੁਦ ਮੰਨਿਆ ਹੈ ਕਿ 'ਭਾਰਤ ਇਕ ਸ਼ਕਤੀ ਵਜੋਂ ਉਭਰ ਹੀ ਨਹੀਂ ਰਿਹਾ ਸਗੋਂ ਉਭਰ ਚੁੱਕਾ ਹੈ।' ਇਸ ਦਾ ਨਤੀਜਾ ਇਹ ਹੈ ਕਿ ਹੁਣ ਇਨ੍ਹਾਂ ਦੋਹਾਂ ਤਾਕਤਾਂ ਦਰਮਿਆਨ ਸਮੀਕਰਨਾਂ ਦੇ ਵਿਆਪਕ ਫ਼ਰਕ 'ਚ ਕਮੀ ਆ ਗਈ ਹੈ। ਬਾਕੀ ਦੇਸ਼ ਵੀ ਉਭਰੇ ਹਨ ਪਰ ਭਾਰਤ ਦੀ ਤਰੱਕੀ ਤੇ ਉਭਾਰ ਦੂਜਿਆਂ ਦੇ ਮੁਕਾਬਲੇ ਕੁਝ ਵੱਖਰਾ ਹੈ।

ਤੀਜਾ, ਅਮਰੀਕਾ ਨੂੰ ਏਸ਼ੀਆ ਵਿਚ ਭਾਰਤ ਵਰਗੇ ਸਹਿਯੋਗੀ ਦੀ ਲੋੜ ਹੈ ਜਿਸ ਦੀ ਇਸ ਖੇਤਰ ਵਿਚ ਮਹੱਤਵਪੂਰਨ ਰਣਨੀਤਕ ਪੈਂਠ ਹੈ। ਚੀਨ ਦੇ ਵਧਦੇ ਪ੍ਰਭਾਵ ਤੇ ਅਮਰੀਕਾ ਤੇ ਚੀਨ ਦੇ ਰਿਸ਼ਤਿਆਂ 'ਚ ਆ ਰਹੇ ਵਿਗਾੜ ਨੂੰ ਦੇਖਦਿਆਂ ਅਮਰੀਕਾ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਭਾਰਤ ਨਾਲ ਮਿੱਤਰਤਾ ਵਧਾਏ। ਇਸ ਤਰ੍ਹਾਂ ਅਮਰੀਕਾ ਇਸ ਖੇਤਰ 'ਚ ਚੀਨ ਨੂੰ ਬੇਅਸਰ ਕਰ ਸਕਦਾ ਹੈ। ਓਬਾਮਾ ਪ੍ਰਸ਼ਾਸਨ ਦੀ ਇਹੋ ਰਣਨੀਤੀ ਹੈ। ਇਸ ਲਈ ਓਬਾਮਾ ਦੀ ਪੂਰਬ ਵੱਲ ਦੇਖਣ ਦੀ ਨੀਤੀ ਦੀ ਆਪਣੀ ਮਹੱਤਤਾ ਹੈ।

ਚੌਥਾ, ਓਬਾਮਾ ਨੇ ਭਾਰਤੀ ਸੰਸਦ 'ਚ ਦਿੱਤੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਅਮਰੀਕਾ 'ਚ ਭਾਰਤ ਪ੍ਰਤੀ ਸਮਰਥਨ ਹੈ। ਭਾਰਤ ਦੀਆਂ ਦੋਹਾਂ ਵੱਡੀਆਂ ਪਾਰਟੀਆਂ ਦੀਆਂ ਵਿਦੇਸ਼ ਨੀਤੀਆਂ 'ਚ ਵੀ ਨਿਰੰਤਰਤਾ ਰਹੀ ਹੈ ਤੇ ਦੋਹਾਂ ਦਾ ਹੀ ਅਮਰੀਕਾ ਦੇ ਸਮਰਥਨ 'ਚ ਸਟੈਂਡ ਹੈ।

ਪੰਜਵਾਂ, ਓਬਾਮਾ ਭਾਰਤੀ ਨੇਤਾਵਾਂ ਨੂੰ ਇਹ ਸਮਝਾਉਣ 'ਚ ਸਫ਼ਲ ਰਹੇ ਹਨ ਕਿ ਉਹ ਭਾਰਤ ਨਾਲ ਰਣਨੀਤਕ ਸਹਿਯੋਗ ਕਰਨ ਲਈ ਉਸੇ ਤਰ੍ਹਾਂ ਵਚਨਬੱਧ ਹਨ ਜਿਸ ਤਰ੍ਹਾਂ ਬੁਸ਼ ਹਨ।

ਕੁੱਲ ਮਿਲਾ ਕੇ ਓਬਾਮਾ ਦੀ ਭਾਰਤ ਯਾਤਰਾ ਵਿਚ ਹਾਂ-ਪੱਖੀ ਗੱਲਾਂ ਹੀ ਜ਼ਿਆਦਾ ਰਹੀਆਂ ਹਨ ਤੇ ਨਾਂਹ-ਪੱਖੀ ਗੱਲਾਂ ਘੱਟ। ਓਬਾਮਾ ਦੀ ਇਸ ਯਾਤਰਾ ਨਾਲ ਜਿਥੇ ਅਮਰੀਕਾ ਨੇ ਭਾਰਤ ਤੋਂ ਕੁਝ ਹਾਸਲ ਕੀਤਾ ਉਥੇ ਹੀ ਭਾਰਤ ਨੇ ਵੀ ਅਮਰੀਕਾ ਤੋਂ ਕੁਝ ਪ੍ਰਾਪਤ ਕੀਤਾ ਹੈ। ਅਮਰੀਕਨ ਭਾਰਤ ਨਾਲ ਤਿੰਨ ਰੱਖਿਆ ਸਮਝੌਤੇ ਕਰਨਾ ਚਾਹੁੰਦੇ ਸਨ ਪਰ ਉਹ ਇਹ ਸਮਝੌਤੇ ਨਹੀਂ ਕਰ ਸਕੇ।

ਦੂਜਾ ਅਮਰੀਕਨ ਭਾਰਤੀ ਸਿਵਲ ਪ੍ਰਮਾਣੂ ਬਿੱਲ ਨੂੰ ਲੈ ਕੇ ਵੀ ਖ਼ਦਸ਼ੇ 'ਚ ਸਨ। ਭਾਰਤ ਨੇ ਅਮਰੀਕਾ ਨੂੰ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਇਸ ਵਿਚ ਸੋਧ ਨਹੀਂ ਕੀਤੀ ਜਾ ਸਕਦੀ ਪਰ ਵਪਾਰ ਦੇ ਖੇਤਰ ਵਿਚ ਇਹ ਦੋਵੇਂ ਹੀ ਦੇਸ਼ ਅੱਗੇ ਵਧੇ ਹਨ।

ਨਵੀਂ ਦਿੱਲੀ ਦੀ ਕਾਫ਼ੀ ਇੱਛਾ ਸੀ ਕਿ 'ਆਊਟਸੋਰਸਿੰਗ' ਤੇ ਐਚ-1 ਬੀ ਵੀਜ਼ਾ ਬਾਰੇ ਕੁਝ ਹੋਵੇ, ਅਮਰੀਕਾ ਪਾਕਿਸਤਾਨ 'ਤੇ ਕੁਝ ਸ਼ਿਕੰਜਾ ਕੱਸੇ ਤੇ ਭਾਰਤ ਦੀ ਭੂਮਿਕਾ ਅਫ਼ਗਾਨਿਸਤਾਨ 'ਚ ਜ਼ਿਆਦਾ ਹੋਵੇ ਪਰ ਇਨ੍ਹਾਂ ਖੇਤਰਾਂ ਵਿਚ ਕੁਝ ਜ਼ਿਆਦਾ ਨਹੀਂ ਹੋ ਸਕਿਆ। ਸੰਸਦ ਵਿਚ ਆਪਣੇ ਭਾਸ਼ਣ ਦੌਰਾਨ ਓਬਾਮਾ ਨੇ ਇਹ ਆਸਾਂ ਜਗਾਈਆਂ ਕਿ ਆਉਣ ਵਾਲੇ ਸਾਲਾਂ 'ਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਢਾਂਚੇ 'ਚ ਸੁਧਾਰ ਤੋਂ ਬਾਅਦ ਭਾਰਤ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੋਵੇਗਾ ਤੇ ਅਸੀਂ ਇਸ ਦਾ ਸਵਾਗਤ ਕਰਾਂਗੇ।

ਓਬਾਮਾ ਦਾ ਇਹ ਭਰੋਸਾ ਭਾਰਤ ਲਈ ਜਿਵੇਂ ਸ਼ਰਤਾਂ ਸਮੇਤ ਸੀ। ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦੀ ਸਥਾਈ ਮੈਂਬਰੀ ਦੇ ਪ੍ਰਸਤਾਵ ਨੂੰ ਅਮਰੀਕਾ ਛੇਤੀ ਅੱਗੇ ਵਧਾਏਗਾ। ਇਸ ਗੱਲ ਦੀ ਵੀ ਅਜੇ ਕੋਈ ਸੰਭਾਵਨਾ ਨਹੀਂ ਕਿ ਅਮਰੀਕਾ ਸੁਰੱਖਿਆ ਪ੍ਰੀਸ਼ਦ ਵਿਚ ਸੁਧਾਰਾਂ ਨਾਲ ਪ੍ਰਸਤਾਵਾਂ ਨੂੰ ਅੱਗੇ ਵਧਾਏਗਾ।

ਪਾਕਿਸਤਾਨ ਦੇ ਮਾਮਲੇ ਵਿਚ ਦਿੱਲੀ ਨੂੰ ਇਹ ਉਮੀਦ ਸੀ ਕਿ ਓਬਾਮਾ ਪਾਕਿਸਤਾਨ ਪ੍ਰਤੀ ਸਖ਼ਤ ਭਾਸ਼ਾ ਦੀ ਵਰਤੋਂ ਕਰਨਗੇ। ਭਾਰਤ ਨੂੰ ਇਸ ਤੱਥ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਸੀ ਕਿ ਓਬਾਮਾ ਪ੍ਰਸ਼ਾਸਨ ਨੇ ਹੁਣੇ ਹੁਣੇ ਪਾਕਿਸਤਾਨ ਨੂੰ ਭਾਰੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਂਜ ਓਬਾਮਾ ਨੇ ਦੋਹਾਂ ਗੁਆਂਢੀ ਦੇਸ਼ਾਂ ਦਰਮਿਆਨ ਗੱਲਬਾਤ ਨੂੰ ਅੱਗੇ ਵਧਾਉਣ 'ਤੇ ਜ਼ੋਰ ਦਿੱਤਾ ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਕਿ "ਅਸੀਂ ਪਾਕਿਸਤਾਨ 'ਤੇ ਇਸ ਗੱਲ ਲਈ ਜ਼ੋਰ ਪਾਉਂਦੇ ਰਹਾਂਗੇ ਕਿ ਉਹ ਮੁੰਬਈ 'ਤੇ ਅਤਿਵਾਦੀ ਹਮਲਾ ਕਰਨ ਵਾਲਿਆਂ ਨੂੰ ਇਨਸਾਫ਼ ਦੇ ਕਟਹਿਰੇ 'ਚ ਖੜ੍ਹਾ ਕਰ ਕੇ ਉਨ੍ਹਾਂ ਨੂੰ ਸਜ਼ਾ ਦਿਵਾਏ।"

ਓਬਾਮਾ ਨੇ ਕਸ਼ਮੀਰ ਤੇ ਅਫ਼ਗਾਨਿਸਤਾਨ ਬਾਰੇ ਵੀ ਆਪਣੇ ਸੰਤੁਲਿਤ ਵਿਚਾਰ ਪ੍ਰਗਟਾਏ। ਹੁਣ ਜਦੋਂ ਓਬਾਮਾ ਦੀ ਭਾਰਤ ਯਾਤਰਾ ਖ਼ਤਮ ਕਰਕੇ ਵਾਪਸ ਪਰਤ ਗਏ ਹਨ, ਨਵੀਂ ਦਿੱਲੀ ਤੇ ਵਾਸ਼ਿੰਗਟਨ ਨੂੰ ਇਨ੍ਹਾਂ ਰਿਸ਼ਤਿਆਂ ਨੂੰ ਹੋਰ ਅੱਗੇ ਵਧਾਉਣਾ ਚਾਹੀਦਾ ਹੈ। ਓਬਾਮਾ ਦੀ ਇਸ ਯਾਤਰਾ ਤੋਂ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਰਿਸ਼ਤੇ ਹੋਰ ਜ਼ਿਆਦਾ ਵਿਆਪਕ ਤੇ ਮਜ਼ਬੂਤ ਹੋ ਗਏ ਹਨ। ਇਹ ਰਿਸ਼ਤੇ ਵਪਾਰਕ ਨਾਲੋਂ ਕਿਤੇ ਜ਼ਿਆਦਾ ਰਣਨੀਤਕ ਮਹੱਤਤਾ ਵਾਲੇ ਹਨ ਤੇ ਸਾਡੇ ਲਈ ਜ਼ਿਆਦਾ ਅਹਿਮੀਅਤ ਰੱਖਦੇ ਹਨ।

ਅਮਰੀਕਨ ਕੰਪਨੀਆਂ ਭਾਰਤ ਨਾਲ 45 ਅਰਬ ਰੁਪਏ ਦਾ ਕਾਰੋਬਾਰ ਕਰਨਾ ਚਾਹੁੰਦੀਆਂ ਹਨ ਜਿਨ੍ਹਾਂ ਵਿਚੋਂ ਕਾਫ਼ੀ ਰਕਮ ਰੱਖਿਆ ਖ਼ਰੀਦ 'ਤੇ ਖ਼ਰਚ ਹੋਵੇਗੀ। ਇਸ ਤੋਂ ਇਲਾਵਾ ਭਾਰਤ ਹਾਈਟੈਕ ਟੈਕਨਾਲੋਜੀ ਵੀ ਚਾਹੁੰਦਾ ਹੈ। ਜਿਥੋਂ ਤਕ ਕਾਰੋਬਾਰ ਦਾ ਸਵਾਲ ਹੈ ਇਹ ਹੋਰ ਜ਼ਿਆਦਾ ਵਧ ਸਕਦਾ ਹੈ। ਅਮਰੀਕਾ ਵਿਚ ਇਸ ਸਮੇਂ ਜੋ 50 ਅਰਬ ਡਾਲਰ ਦਾ ਪੂੰਜੀ ਨਿਵੇਸ਼ ਹੋਇਆ ਹੈ, ਉਸ ਵਿਚ ਵੀ ਵਾਧਾ ਹੋ ਸਕਦਾ ਹੈ। ਜਿਵੇਂ-ਜਿਵੇਂ ਭਾਰਤ ਤੇ ਅਮਰੀਕਾ ਦੇ ਆਰਥਿਕ ਰਿਸ਼ਤੇ ਮਜ਼ਬੂਤ ਹੋਣਗੇ ਤਿਵੇਂ-ਤਿਵੇਂ ਅਮਰੀਕਾ ਵਿਚ ਭਾਰਤੀ ਨਿਵੇਸ਼ ਵੀ ਵਧੇਗਾ ਤੇ ਅਮਰੀਕਨ ਅਰਥ ਵਿਵਸਥਾ 'ਚ ਮਜ਼ਬੂਤੀ ਆਵੇਗੀ।

ਪਿਛਲੇ ਇਕ ਦਹਾਕੇ ਵਿਚ ਭਾਰਤ ਤੋਂ ਅਮਰੀਕਾ 'ਚ ਨਿਵੇਸ਼ 53 ਫ਼ੀਸਦੀ ਸਾਲਾਨਾ ਦਰ ਨਾਲ ਵਧਦਾ ਰਿਹਾ ਹੈ ਜੋ 2009 ਵਿਚ 4.4 ਅਰਬ ਡਾਲਰ ਤਕ ਪਹੁੰਚ ਗਿਆ। ਇਸ ਤੋਂ ਇਲਾਵਾ ਹੁਣ ਅਮਰੀਕਾ ਏਸ਼ੀਆ ਵਿਚ ਵੱਡੀ ਭੂਮਿਕਾ ਵਾਲੇ ਭਾਰਤੀ ਰੱਖਿਆ ਬਾਜ਼ਾਰ ਵਪਾਰ ਵਿਚ ਕਾਫ਼ੀ ਸਥਾਨ ਹਾਸਲ ਕਰਨਾ ਤੇ ਵਿਸ਼ਾਲ ਭਾਰਤੀ ਬਾਜ਼ਾਰ ਵਿਚ ਦਾਖ਼ਲ ਹੋਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਉਹ ਭਾਰਤੀ ਗ਼ੈਰ ਫ਼ੌਜੀ ਪ੍ਰਮਾਣੂ ਮਾਰਕੀਟ ਵਿਚ ਵੀ ਅਹਿਮ ਭੂਮਿਕਾ ਨਿਭਾਉਣੀ ਚਾਹੁੰਦਾ ਹੈ।

ਇਸ ਨਵੀਂ ਸਥਿਤੀ ਲਈ ਜ਼ਮੀਨ ਤਿਆਰ ਹੋ ਚੁੱਕੀ ਹੈ ਤੇ ਹੁਣ ਇਹ ਭਾਰਤ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਵੱਡੀ ਭੂਮਿਕਾ ਨੂੰ ਨਿਭਾਉਣ ਦੇ ਇਸ ਮੌਕੇ ਦਾ ਲਾਭ ਉਠਾਏ।

# ਕੈਪਟਨ ਤੇ ਮਨਪ੍ਰੀਤ ਬਾਦਲ ਨੇ ਪੰਜਾਬ ਦੀ ਸਿਆਸਤ ਨੂੰ ਝੰਜੋੜਿਆ

**ਡਾ. ਤਾਰਾ ਸਿੰਘ ਸੰਧੂ**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਇਤਿਹਾਸ ਵਿਚ 25 ਜੂਨ, 1976 (ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ ਸੀ) ਤੋਂ ਬਾਅਦ ਇਹ ਪਹਿਲਾ ਇਤਿਹਾਸਕ ਮੌਕਾ ਹੈ ਜਦੋਂ ਪੰਜਾਬੀਆਂ ਨੇ ਵੱਡੀ ਪੱਧਰ 'ਤੇ ਪ੍ਰਦੇਸ਼ ਪ੍ਰਧਾਨ ਵਜੋਂ ਕੈਪਟਨ ਅਮਰਿੰਦਰ ਸਿੰਘ ਦੀ ਨਿਯੁਕਤੀ ਦਾ ਸਵਾਗਤ ਪਾਰਟੀ ਪੱਧਰ ਤੋਂ ਉਪਰ ਉਠ ਕੇ ਕੀਤਾ। ਪਿੰਡਾਂ ਵਿਚ ਇਸ ਨਿਯੁਕਤੀ ਦਾ ਪੇਂਡੂ ਕਿਸਾਨੀ ਨੇ ਵਿਆਪਕ ਪੱਧਰ 'ਤੇ ਸਵਾਗਤ ਕੀਤਾ ਹੈ। ਵਿਦੇਸ਼ਾਂ ਵਿਚ ਵਸ ਰਹੇ ਪੰਜਾਬੀਆਂ ਨੇ ਇਸ ਨਿਯੁਕਤੀ ਵਿਚ ਦਿਲਚਸਪੀ ਵਿਖਾਈ ਹੈ। ਬਲਿਊ ਸਟਾਰ ਅਪਰੇਸ਼ਨ ਅਤੇ 1984 ਦੇ ਸਿੱਖ ਕਤਲੇਆਮ ਤੋਂ ਨਿਰਾਸ਼ ਸਿੱਖ ਭਾਈਚਾਰੇ ਨੇ ਬਹੁਤ ਦਹਾਕਿਆਂ ਬਾਅਦ ਕਾਂਗਰਸ ਪ੍ਰਧਾਨ ਦੀ ਨਿਯੁਕਤੀ ਵਿਚ ਦਿਲਚਸਪੀ ਵਿਖਾਈ ਹੈ। ਇਹ ਨਿਯੁਕਤੀ ਹੋਈ ਵੀ ਉਸ ਸਮੇਂ ਜਦੋਂ ਮਨਪ੍ਰੀਤ ਸਿੰਘ ਬਾਦਲ ਦੇ ਘਟਨਾਕ੍ਰਮ ਨੇ ਪੰਜਾਬ ਦੇ ਰਾਜਨੀਤਕ ਮੰਚ ਦੀ ਫਿਜ਼ਾ ਨੂੰ ਗਰਮਾ ਦਿੱਤਾ ਸੀ। ਇਹ ਹੀ ਕਾਰਨ ਹੈ ਕਿ ਪੰਜਾਬ ਦੇ ਲੋਕ ਇਨ੍ਹੀਂ ਦਿਨੀਂ ਨਵੇਂ ਵਰਤਾਰਿਆਂ ਨਾਲ ਹੋਈ ਰਾਜਨੀਤਕ ਉਥਲ-ਪੁੱਥਲ ਨੂੰ ਵੇਖ ਰਹੇ ਹਨ।

ਜਿੱਥੇ ਕਾਂਗਰਸ ਪਾਰਟੀ ਦੇ ਨਵੇਂ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਨਪ੍ਰੀਤ ਸਿੰਘ ਬਾਦਲ ਦੇ ਕਾਂਗਰਸ ਪਾਰਟੀ ਵਿਚ ਦਾਖਲੇ ਦੀਆਂ ਅਟਕਲਾਂ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ ਉਥੇ ਪ੍ਰਤਾਪ ਸਿੰਘ ਬਾਜਵਾ ਨੇ ਉਸ ਦਾ ਕਾਂਗਰਸ ਵਿਚ ਸਵਾਗਤ ਕਰ ਕੇ ਅਕਾਲੀ ਰਾਜਨੀਤੀ ਦੀ ਮਘਦੀ ਅੱਗ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੁਣ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ 14 ਮਹੀਨੇ ਬਾਕੀ ਰਹਿ ਗਏ ਹਨ ਤਾਂ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਨਵੇਂ ਸਿਆਸੀ ਸਮੀਕਰਨ ਦੇ ਸੰਕੇਤ ਆਏ ਦਿਨ ਮਿਲ ਰਹੇ ਹਨ। ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਲੰਬੇ ਸਮੇਂ ਤੋਂ ਅਕਾਲੀ ਪਾਰਟੀ ਦਾ ਵਿਰੋਧ ਕੀਤਾ ਹੈ ਪਰ ਮਨਪ੍ਰੀਤ ਸਿੰਘ ਬਾਦਲ ਦੇ ਵਰਤਾਰੇ 'ਤੇ ਉਨ੍ਹਾਂ ਵੱਲੋਂ ਦਿੱਤੇ ਬਿਆਨਾਂ ਨੇ ਬਾਦਲਕਿਆਂ ਦੇ ਕਾਲਜੇ ਠੰਢ ਪਾਈ ਹੈ। ਆਮ ਸਿੱਖਾਂ ਵਿਚ ਘੱਟ ਵੱਧ ਸਾਖ ਰੱਖਣ ਵਾਲੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਮਾਲਵੇ ਵਿਚ ਨਵਾਂ ਸ਼ਰੀਕ ਪੈਦਾ ਹੋਣ ਤੋਂ ਚਿੰਤਤ ਹਨ। ਇਸੇ ਕਰ ਕੇ ਕੁਝ ਨੇ ਮਨਪ੍ਰੀਤ ਦਾ ਵਿਰੋਧ ਕੀਤਾ ਤੇ ਕੁਝ ਨੇ ਇਸ ਮਸਲੇ 'ਤੇ ਚੁੱਪ ਵੱਟੀ ਹੈ। ਕੈਪਟਨ ਦੇ ਕਾਂਗਰਸ ਪ੍ਰਧਾਨ ਬਣਨ ਨਾਲ ਮਨਪ੍ਰੀਤ ਬਾਦਲ ਦੀ ਮੁਹਿੰਮ 'ਤੇ ਕਿੰਨਾ ਚੰਗਾ ਜਾਂ ਮਾੜਾ ਅਸਰ ਪਵੇਗਾ ਇਹ ਵੀ ਨੇੜ ਭਵਿੱਖ ਵਿਚ ਹੀ ਸਾਹਮਣੇ ਆਵੇਗਾ ਕਿਉਂਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਈ ਆਗੂਆਂ ਦੇ ਬਾਦਲਕਿਆਂ ਨਾਲ ਗੁਪਤ ਸਮਝੌਤਿਆਂ ਦੀਆਂ ਅਫ਼ਵਾਹਾਂ ਕਰ ਕੇ ਮਨਪ੍ਰੀਤ ਬਾਦਲ ਦੇ ਵਿਰੋਧ ਨੇ ਬਾਦਲ ਵਿਰੋਧੀ ਲਾਬੀ ਵਿਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ ਸੀ। ਉਸ ਦੀਆਂ ਰੈਲੀਆਂ, ਮੀਟਿੰਗਾਂ ਵਿਚ ਆਮ ਵਰਕਰ ਆਉਣ ਲੱਗ ਪਿਆ ਸੀ। ਇਥੋਂ ਤਕ ਕਿ ਸੁਰਜੀਤ ਸਿੰਘ ਬਰਨਾਲਾ ਵਰਗੇ ਕਾਨੂੰਨਦਾਨ ਵੀ ਗਵਰਨਰ ਦੀ ਮਰਿਆਦਾ ਨੂੰ ਭੰਗ ਕਰਕੇ ਮਨਪ੍ਰੀਤ ਬਾਦਲ ਨੂੰ ਸਥਾਪਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਸਨ।


ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਦਾ ਪਿਛੋਕੜ ਸਿੱਖਾਂ ਦੀ ਗਰਮ ਸਿਆਸਤ ਦੀ ਪੁੱਠ ਨਾਲ ਰੰਗਿਆ ਹੋਣ ਕਰਕੇ ਵੱਖਰਾ ਚੱਲਣ ਦਾ ਆਦੀ ਹੈ। ਰਵੀਇੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ ਤੇ ਮਨਪ੍ਰੀਤ ਸਿੰਘ ਨੂੰ ਇਕੱਠੇ ਚੋਣ ਸਮਝੌਤਾ ਕਰਨ ਵਿਚ ਜ਼ਿਆਦਾ ਔਖ ਨਹੀਂ ਹੋ ਸਕਦੀ। ਅਕਾਲੀ ਦਲ ਹੁਣ ਪੇਂਡੂ ਵੋਟ ਬੈਂਕ ਨੂੰ ਖੋਰਾ ਲੱਗਣ ਦੇ ਡਰੋਂ ਬਸਪਾ ਤੇ ਖੱਬੇ ਪੱਖੀਆਂ ਨੂੰ ਨਾਲ ਲੈ ਕੇ ਚੋਣ ਸਮਝੌਤਾ ਕਰ ਸਕਦਾ ਹੈ ਪਰ ਇਸ ਸੂਰਤ ਵਿਚ ਉਸ ਨੂੰ ਭਾਜਪਾ ਦੀ ਬਲੀ ਦੇਣੀ ਪਵੇਗੀ। ਇਹ ਗੱਲ ਵੱਖਰੀ ਹੈ ਕਿ 1967 ਵਿਚ ਅਕਾਲੀ ਦਲ ਤੇ ਦੂਜੀਆਂ ਪਾਰਟੀਆਂ ਨਾਲ ਖੱਬੇ ਪੱਖੀਆਂ ਦੇ ਸਮਝੌਤੇ ਦੀ ਨਿੰਦਾ ਦੋਹਾਂ ਕਮਿਊਨਿਸਟ ਪਾਰਟੀਆਂ ਵਿਚ ਹੁੰਦੀ ਆਈ ਹੈ ਜੋ ਪੰਜਾਬ ਦੁਖਾਂਤ ਦੇ 12 ਸਾਲਾਂ ਵਿਚ ਆਪਣੀ ਚਰਮਸੀਮਾ 'ਤੇ ਪਹੁੰਚ ਗਈ ਸੀ। ਇਸ ਹਾਲਤ ਵਿਚ ਖੱਬੇ ਪੱਖੀ ਅਕਾਲੀ ਦਲਾਂ ਦੇ ਨਵੇਂ ਗੱਠਜੋੜਾਂ ਨਾਲ ਵੀ ਸਮਝੌਤਾ ਕਰ ਸਕਦੇ ਹਨ ਕਿਉਂਕਿ ਬਸਪਾ ਨਾਲ ਕਾਂਗਰਸ ਤੇ ਕਮਿਊਨਿਸਟ ਦੋਨੋਂ ਹੀ ਸਾਂਝੇ ਆਧਾਰ ਕਰਕੇ ਜਾਣੋਂ ਡਰਦੇ ਹਨ।

ਪੰਜਾਬ ਦਾ ਕਈ ਦਹਾਕਿਆਂ ਦਾ ਤਜਰਬਾ ਹੈ ਕਿ ਕਾਂਗਰਸ ਨਾਲ ਸੀ.ਪੀ.ਆਈ. ਅਤੇ ਸੀ.ਪੀ.ਐਮ. ਜਾਣ ਨੂੰ ਤਰਜੀਹ ਦਿੰਦੀਆਂ ਰਹੀਆਂ ਹਨ ਪਰ ਯੂ.ਪੀ.ਏ. ਦੇ ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਤੋਂ ਇਨ੍ਹਾਂ ਦਾ ਰਾਜਨੀਤਕ ਗੱਠਜੋੜ ਟੁੱਟ ਗਿਆ ਜਿਸ ਦਾ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੂੰ ਲੋਕ ਸਭਾ ਚੋਣਾਂ ਵਿਚ ਵੱਡਾ ਘਾਟਾ ਪਿਆ। ਇਹ ਹਕੀਕਤ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਨਿਯੁਕਤੀ ਤੇ ਮਨਪ੍ਰੀਤ ਦੇ ਵਰਤਾਰੇ ਨੇ ਬਾਦਲ ਪਰਿਵਾਰ ਤੇ ਅਕਾਲੀ ਦਲ ਵਿਚ ਘਬਰਾਹਟ ਪੈਦਾ ਕਰ ਦਿੱਤੀ ਹੈ। ਚਾਰ ਸਾਲਾਂ ਦੇ ਅਰਸੇ ਵਿਚ ਪਹਿਲੀ ਵਾਰ ਰੁੱਸਿਆਂ ਨੂੰ ਮਨਾਉਣ ਦਾ ਚੇਤਾ ਆਇਆ ਹੈ।

ਇਹ ਘਬਰਾਹਟ ਇਸ ਕਦਰ ਫੈਲ ਗਈ ਕਿ ਉਹ ਪਹਿਲੀ ਨਵੰਬਰ ਦਾ 'ਪੰਜਾਬ ਦਿਵਸ' ਮਨਾਉਣਾ ਹੀ ਭੁੱਲ ਗਏ। ਕਾਂਗਰਸ ਪਾਰਟੀ ਦੀਆਂ ਹੇਠਲੇ ਪੱਧਰ ਦੀਆਂ ਸਫ਼ਾਂ ਵਿਚ ਖੁਸ਼ੀ ਦੀ ਲਹਿਰ ਹੈ ਭਾਵੇਂ ਉਪਰਲੇ ਪੱਧਰ 'ਤੇ ਆਗੂਆਂ ਦਾ ਏਕਾ ਨਰੋਈ ਪਹੁੰਚ, ਸੋਚ ਤੇ ਹੇਠਲੇ ਕਾਡਰ ਦੇ ਦਿਨੋ-ਦਿਨ ਵਧ ਰਹੇ ਦਬਾਅ ਕਾਰਨ ਹੋ ਸਕੇਗਾ। ਅਕਾਲੀ-ਕਾਂਗਰਸੀ ਸ਼ਰੀਕੇਬਾਜ਼ੀ ਵਿਚ ਅਕਾਲੀ-ਭਾਜਪਾ ਸਰਕਾਰ ਨੇ ਨੀਵੇਂ ਪੱਧਰ 'ਤੇ ਜਾ ਕੇ ਵਰਕਰਾਂ, ਆਗੂਆਂ ਖ਼ਿਲਾਫ਼ ਵੱਡੀ ਪੱਧਰ 'ਤੇ ਕੇਸ ਬਣਾਏ ਹਨ ਜਿਸ ਕਰਕੇ ਵਰਕਰ ਕਾਂਗਰਸ ਦੀ ਸਰਕਾਰ ਸੂਬੇ ਵਿਚ ਬਣੀ ਵੇਖਣਾ ਚਾਹੁੰਦੇ ਹਨ। ਇਸ ਕਰਕੇ ਸਾਰੀਆਂ ਸਿਆਸੀ ਪਾਰਟੀਆਂ ਨਵੇਂ ਉਭਰ ਰਹੇ ਸਮੀਕਰਨਾਂ ਦੇ ਪ੍ਰਭਾਵਾਂ ਦਾ ਜਾਇਜ਼ਾ ਲੈ ਰਹੀਆਂ ਹਨ।

# ਪ੍ਰਚਾਰ, ਵਪਾਰ ਤੇ ਤ੍ਰਿਸਕਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਹੁਣੇ ਹੁਣੇ ਸਿਆਟਲ ਵਿਚ ਕੁਝ ਸਿੱਖ ਜਥੇਬੰਦੀਆਂ ਵੱਲੋਂ ਕਰਵਾਈ ਗਈ ਕੌਮਾਂਤਰੀ ਕਨਵੈਂਨਸ਼ਨ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਉਥੇ ਪੰਥ ਦੀ ਇਕ ਵਿਸ਼ੇਸ਼ ਰਾਜਸੀ ਵਿਚਾਰਧਾਰਾ ਦੇ ਝੰਡਾ-ਬਰਦਾਰ ਇਕ ਨਾਮੀ-ਗਰਾਮੀ ਬੁਲਾਰੇ ਨੇ ਕੌਮੀ ਗ਼ਫ਼ਲਤ ਦੇ ਦੁਖੜੇ ਫੋਲਦਿਆਂ ਸ਼ਿਕਵਾ ਕੀਤਾ ਕਿ ਉਸ ਨੇ ਕੌਮੀ ਏਜੰਡੇ ਦੇ ਪ੍ਰਚਾਰ ਲਈ ਆਪਣੇ ਨਿਜੀ ਯਤਨਾਂ ਨਾਲ ਮੁੱਖ ਦਫ਼ਤਰ ਇਹ ਸੋਚ ਕੇ ਖੋਲ੍ਹਿਆ ਸੀ ਕਿ ਸਿੱਖ ਸੰਗਤਾਂ ਮੇਰੇ ਨਾਲ ਹੱਥ ਵਟਾਉਣਗੀਆਂ, ਪਰ ਅਫ਼ਸੋਸ! ਕਿਸੇ ਨੇ ਦਫ਼ਤਰੀ ਖ਼ਰਚਿਆਂ ਲਈ ਹਾਮੀ ਨਾ ਭਰੀ। ਭਰੇ ਮਨ ਨਾਲ ਉਸਨੂੰ ਦਫ਼ਤਰ ਬੰਦ ਕਰਨਾ ਪਿਆ। ਹੁਣ ਉਹ ਆਪਣੇ ਕਿਰਾਏ ਦੇ ਅਪਾਰਟਮੈਂਟ ਵਿਚ ਹੀ ਯਥਾ-ਸ਼ਕਤੀ ਬੁੱਤਾ ਧੱਕ ਰਿਹਾ ਹੈ। ਉਸ ਨੇ ਖ਼ਾਸ ਤੌਰ 'ਤੇ ਅਮਰੀਕੀ ਸਿੱਖਾਂ ਉਤੇ ਗਿਲਾ ਕੀਤਾ ਕਿ ਜਿਥੇ ਨੱਬੇ ਦੇ ਕਰੀਬ ਗੁਰਦੁਆਰੇ ਹੋਣ, ਪਰ ਕੌਮੀ ਕਾਜ਼ ਲਈ ਅਸੀਂ ਆਪਣਾ ਦਫ਼ਤਰ ਵੀ ਨਾ ਬਣਾ ਸਕੀਏ! ਓ ਯਾਰੋ, ਹੈ ਸਾਨੂੰ...!! ਰੋਸ ਭਰੇ ਅਜਿਹੇ ਅਲਫ਼ਾਜ਼ ਬੋਲਦਿਆਂ ਉਸ ਦੀਆਂ ਅੱਖਾਂ ਨਮ ਹੋ ਗਈਆਂ ਪਰ ਅੱਗੇ ਬੈਠੇ ਸਰੋਤੇ ਨਿਸ਼ਚਿੰਤ ਹੋ ਕੇ ਸੁਣਦੇ ਰਹੇ।

ਗੁਰਦੁਆਰਾ ਸਾਹਿਬ ਵਿਖੇ ਹੋ ਰਹੀ ਇਸ ਕਨਵੈਨਸ਼ਨ ਵਿਚ ਜਿਸ ਡਾਇਸ 'ਤੇ ਖਲੋ ਕੇ ਬੁਲਾਰੇ ਲੈਕਚਰ ਕਰ ਰਹੇ ਸਨ, ਉਸ ਦੇ ਨਾਲ ਲਗਦੀ ਸਟੇਜ ਉਪਰ ਰਾਗੀ ਸਿੰਘਾਂ ਦੇ ਹਾਰਮੋਨੀਅਮ ਅਤੇ ਤਬਲਾ ਨੀਲੇ ਕੱਪੜੇ ਵਿਚ ਬੱਝੇ ਪਏ ਸਨ। ਸਵੇਰ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਰਾਗੀ ਸਿੰਘ ਤਾਂ ਉਠ ਕੇ ਚਲੇ ਗਏ ਪਰ ਇਹ ਸਾਜ਼ ਇਸੇ ਤਰ੍ਹਾਂ ਸਟੇਜ ਉਪਰ ਪਏ ਰਹੇ। ਹੋ ਰਹੀ ਕਨਵੈਨਸ਼ਨ ਕਰਕੇ ਸੰਗਤਾਂ ਦੀ ਭਰਪੂਰ ਆਵਾਜਾਈ ਸੀ। ਪਰਪੰਰਾ ਅਨੁਸਾਰ ਸ਼ਰਧਾਲੂ ਮਾਈ ਭਾਈ ਗੋਲਕ ਵਿਚ ਮਾਇਆ ਭੇਟ ਕਰ ਰਹੇ ਸਨ ਪਰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਕੁਝ ਵਿਰਲੇ ਸ਼ਰਧਾਲੂਆਂ ਨੂੰ ਛੱਡ ਕੇ ਬਹੁਤੇ ਵੀਰ-ਭੈਣਾਂ ਗੋਲਕ ਵਿਚ ਡਾਲਰ ਪਾਉਣ ਦੇ ਨਾਲ ਨਾਲ ਸਟੇਜ 'ਤੇ ਬੰਨ੍ਹੇ ਪਏ ਵਾਜਿਆਂ ਦੇ ਕੋਲ ਵੀ ਮਾਇਆ ਰੱਖੀ ਜਾ ਰਹੇ ਸਨ। ਕਈ ਬੀਬੀਆਂ ਤੇ ਸਿੰਘ ਸਾਜ਼ਾਂ ਅੱਗੇ ਪੂਰੀ ਤਰ੍ਹਾਂ ਝੁਕ ਕੇ ਮਸਤਕ ਨਿਵਾਉਂਦੇ ਵੀ ਦੇਖੇ ਗਏ!!

ਸ਼ਾਮ ਦੇ ਪੰਜ ਵਜੇ ਤਕ ਬੁਲਾਰੇ ਵੀ ਬੋਲਦੇ ਗਏ, ਸੰਗਤਾਂ ਦੀ ਆਵਾਜਾਈ ਵੀ ਚੱਲਦੀ ਰਹੀ। ਵਾਜਿਆਂ ਦੇ ਕੋਲ 'ਸੁਖ ਨਾਲ' ਡਾਲਰਾਂ ਦੀ ਢੇਰੀ ਵੀ ਵਧੀ ਗਈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੌਜੂਦ ਇਤਿਹਾਸਕ ਬੇਰੀਆਂ ਦੇ ਮੁੱਢ, ਲਾਲ ਅੱਖਰਾਂ ਵਿਚ ਲਿਖੇ ਬੋਰਡ ਰੱਖੇ ਹੋਏ ਹਨ ਜਿਨ੍ਹਾਂ 'ਤੇ ਹਦਾਇਤ ਹੈ ਕਿ ਇਥੇ ਮਾਇਆ ਭੇਟ ਕਰਨੀ ਸਖ਼ਤ ਮਨ੍ਹਾ ਹੈ ਪਰ ਧੰਨ ਹਨ ਸ਼ਰਧਾਲੂ ਜਿਹੜੇ ਖ਼ਾਲੀ ਪਈ ਸਟੇਜ 'ਤੇ ਵੀ ਡਾਲਰ ਚੜ੍ਹਾਈ ਜਾਂਦੇ ਨੇ!!

ਪੰਜਾਬ ਵਿਚ ਅਲੋਪ ਹੁੰਦੇ ਜਾ ਰਹੇ ਸਿੱਖੀ ਸਰੂਪ ਦੀ ਚਿੰਤਾ ਕਰਦਿਆਂ ਅਮਰੀਕੀ ਸਿੱਖਾਂ ਦੀ ਇਕ ਸੰਸਥਾ ਨੇ ਉਥੇ ਵੱਡੇ ਪੱਧਰ 'ਤੇ ਪ੍ਰਚਾਰ ਲਹਿਰ ਚਲਾਉਣ ਦਾ ਤਹੱਈਆ ਕੀਤਾ ਹੈ। ਇਕ ਅਮਰੀਕੀ ਪੰਜਾਬੀ ਅਖ਼ਬਾਰ ਵਿਚ ਛਪੇ ਇਸ਼ਤਿਹਾਰ ਵਿਚ ਇਸ ਸੰਸਥਾ ਦੇ ਪ੍ਰਬੰਧਕਾਂ ਨੇ ਆਪਣੀ ਪ੍ਰਚਾਰ ਮੁਹਿੰਮ ਦੇ ਵੇਰਵੇ ਦਿੰਦਿਆਂ ਕਿਹਾ ਹੈ ਕਿ ਉਹ ਕਾਫ਼ਲਾ ਬਣਾ ਕੇ ਪੰਜਾਬ ਦਾ 'ਕੱਲਾ 'ਕੱਲਾ ਪਿੰਡ ਕਵਰ ਕਰਨਗੇ। ਇਸ ਪ੍ਰਸਤਾਵਿਤ ਪ੍ਰਚਾਰ ਵਹੀਰ ਲਈ ਗੱਡੀਆਂ, ਮੋਟਰਾਂ, ਸਪੀਕਰਾਂ ਅਤੇ ਹੋਰ ਲੋੜੀਂਦੇ ਸਾਮਾਨ ਦੇ ਖ਼ਰਚਿਆਂ ਦਾ ਅਨੁਮਾਨਤ ਵੇਰਵਾ ਦਿੰਦੇ ਹੋਏ ਸਮੂਹ ਸੰਗਤਾਂ ਪਾਸੋਂ ਮਾਇਕ ਸਹਿਯੋਗ ਦੀ ਮੰਗ ਕੀਤੀ ਗਈ ਸੀ। ਲੇਕਿਨ ਇਸ ਇਸ਼ਤਿਹਾਰ ਦੇ ਅਖ਼ੀਰ ਵਿਚ ਸ਼ਾਇਦ ਕਿਸੇ 'ਯਕੀਨ ਵਰਗੇ' ਸ਼ੱਕ-ਸ਼ੁਬ੍ਹੇ ਕਾਰਨ ਪ੍ਰਬੰਧਕਾਂ ਨੇ ਇਹ ਲਿਖਿਆ ਹੈ ਕਿ ਸੰਗਤ ਜੀ, ਜੇ ਤੁਸੀਂ ਸਾਡੀ ਮਾਇਕ ਸਹਾਇਤਾ ਨਾ ਵੀ ਕੀਤੀ, ਤਾਂ ਵੀ ਅਸੀਂ ਮਿਥੇ ਹੋਏ ਪ੍ਰੋਗਰਾਮ ਮੁਤਾਬਕ ਪ੍ਰਚਾਰ ਮੁਹਿੰਮ ਜ਼ਰੂਰ ਵਿੱਢ ਦੇਣੀ ਹੈ।

ਮੇਰਾ ਖ਼ਿਆਲ ਹੈ ਕਿ ਨਾ ਤਾਂ ਸਿਆਟਲ ਵਾਲੀ ਕਨਵੈਨਸ਼ਨ ਵਿਚ ਅਮਰੀਕੀ ਸਿੱਖਾਂ 'ਤੇ ਸ਼ਿਕਵੇ ਕਰਨ ਵਾਲੇ ਬੁਲਾਰੇ ਕੋਲ ਹੀ ਕੋਈ ਸੰਤ ਹੋਣਾ ਹੈ, ਤੇ ਨਾ ਹੀ ਉਕਤ ਇਸ਼ਤਿਹਾਰ ਛਪਵਾਉਣ ਵਾਲੀ ਸੰਸਥਾ ਵਿਚ ਕੋਈ 'ਮਹਾਂ ਪੁਰਖ਼' ਹੋਣਾ ਹੈ! ਇਨ੍ਹਾਂ ਕੋਲ ਸਿਰਫ਼ 'ਪੁਰਖ਼' ਹੀ ਹੋਣਗੇ। ਇਸ ਲਈ ਇੱਟ ਵਰਗੀ ਪੱਕੀ ਗੱਲ ਹੈ ਕਿ ਮਾਇਕ ਪੱਖੋਂ ਹੱਥ ਤੰਗ ਹੀ ਰਹੇਗਾ ਇਨ੍ਹਾਂ ਦਾ!

ਬੀਤੇ ਦਿਨੀਂ ਅਮਰੀਕਾ ਭਰ ਵਿਚ ਧੂੰਆਂਧਾਰ 'ਧਰਮ ਪ੍ਰਚਾਰ' ਕਰ ਕੇ ਗਏ, ਹਲਕੀ ਜਿਹੀ ਉਮਰ ਦੇ ਇਕ ਬਾਬਾ ਜੀ ਵੱਲੋਂ ਕਿਸੇ ਗੁਰਦੁਆਰਾ ਸਾਹਿਬ ਵਿਚ ਕੀਤੇ ਗਏ 'ਗੁਰਮਤਿ ਪ੍ਰਚਾਰ' ਦੇ ਵੀਡੀਓ ਕਲਿੱਪ ਦੇਖਣ-ਸੁਣਨ ਨੂੰ ਮਿਲੇ। ਉਂਜ ਤਾਂ ਇਹ ਮਹਾਂ ਪੁਰਖ਼ ਜੀ ਦੁੱਧ-ਚਿੱਟੇ ਵਸਤਰਾਂ ਵਿਚ ਸਜੇ ਹੁੰਦੇ ਹਨ ਪਰ ਉਕਤ ਵੀਡੀਓ ਵਿਚ ਉਨ੍ਹਾਂ ਦੇ ਤਨ 'ਤੇ ਵੈਰਾਗੀਆਂ ਵਰਗਾ ਗੂੜ੍ਹਾ ਭਗਵਾਂ ਚੋਲਾ ਲਿਸ਼ਕਾਂ ਮਾਰ ਰਿਹਾ ਹੈ। ਕੁਝ ਕੁਝ ਇਸੇ ਰੰਗ ਦੀ ਉਚੀ ਜਿਹੀ ਗੋਲ ਦਸਤਾਰ ਵੀ ਸ਼ੋਭਾ ਵਧਾ ਰਹੀ ਹੈ। ਗੁਰਮਤਿ ਪ੍ਰਚਾਰ ਕਰਦਿਆਂ ਉਹ ਕੁਝ ਅਜਿਹੇ 'ਮਨੋਹਰ ਬਚਨ' ਉਚਾਰ ਰਹੇ ਹਨ-

"ਚਿੰਤ ਅਚਿੰਤਾ ਸਗਲੀ ਗਈ।। ਪ੍ਰਭ ਨਾਨਕ ਨਾਨਕ ਨਾਨਕ ਮਈ।।...ਭਾਈ ਸਿੱਖੋ, ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਚਿੰਤਾ ਮੁਕਤ ਕੀਤਾ ਹੋਇਐ... ਆਪਣੇ ਚਿੰਤਾ-ਫ਼ਿਕਰ ਗੁਰੂ ਅੱਗੇ ਰੱਖ ਦਿਉ ਤੇ ਗੁਰੂ-ਦਰੋਂ ਅਨੰਦ ਹੀ ਅਨੰਦ ਲੈ ਲਉ ਭਾਈ! ...ਉਂਜ ਆਹ ਚਿੰਤਾ ਰੋਗ ਹੈ ਬੜਾ ਨਾ-ਮੁਰਾਦ... ਆਹ ਸਾਡੇ ਡੇਰੇ ਦੇ ਕੁਝ ਸਿੰਘ ਚਿੰਤਾਗ੍ਰਸਤ ਹੋ ਕੇ ਇਕ ਦਿਨ ਮੈਨੂੰ ਆਖਣ ਲੱਗੇ- 'ਸੰਤ ਜੀ, ਆਪਣੇ ਡੇਰੇ ਦੇ ਨਾਲ ਲੱਗਦਾ ਇਕ ਪਲਾਟ ਵਿਕ ਰਿਹਾ ਹੈ ਪਰ ਮਾਲਕ ਉਸ ਦੀ ਕੀਮਤ ਹੀ ਬਹੁਤ ਜ਼ਿਆਦਾ ਦੱਸ ਰਿਹਾ ਹੈ! ...ਪੂਰੇ ਅੱਸੀ ਲੱਖ ਮੰਗਦਾ ਹੈ। ਇਹ ਪਲਾਟ ਹੱਥੋਂ ਨ੍ਹੀਂ ਜਾਣ ਦੇਣਾ ਚਾਹੀਦਾ। ਲੇਕਿਨ ਇੰਨੀ ਵੱਡੀ ਰਕਮ ਦਾ ਇੰਤਜ਼ਾਮ ਕਿਵੇਂ ਹੋਊ ਜੀ!'...ਹੂੰ, ਮੈਂ ਆਖਿਆ- ਭੋਲਿਉ, ਘਬਰਾਉਂਦੇ ਕਿਉਂ ਜੇ? ...ਐਹ ਅਮਰੀਕਾ ਦਾ ਇਕ ਗੇੜਾ ਲਾ ਲੈਣ ਦਿਉ, ਇਹੋ ਜਿਹੇ ਪਲਾਟ ਜਿੰਨੇ ਮਰਜ਼ੀ ਲੈ ਲਇਓ... ਬੋਲੋ ਵਾਹਿਗੁਰੂ!!"

ਡੇਰੇ ਦੀ ਸਮੱਸਿਆ ਦੇ ਹੱਲ ਦਾ ਅਮਰੀਕੀ ਗੇੜੇ ਵਾਲਾ 'ਫ਼ਾਰਮੂਲਾ' ਸੰਤਾਂ ਮੂੰਹੋਂ ਸੁਣ ਕੇ, ਅੱਗੇ ਬੈਠੇ ਸ਼ਰਧਾਲੂ-ਜਨ ਬਾਹਾਂ ਉਲਾਰ ਕੇ ਜੈਕਾਰੇ ਛੱਡਣ ਲੱਗਦੇ ਹਨ ਅਤੇ ਜੋਸ਼ ਵਿਚ ਆ ਕੇ ਆਪਣੀਆਂ ਜੇਬਾਂ ਵਿਚੋਂ ਬਟੂਏ ਖੋਲ੍ਹ ਰਹੇ ਹਨ!

ਅਗਲੀ ਵਾਰਤਾ ਅਸਲ ਵਿਚ ਇਕ ਟੈਕਸੀ ਡਰਾਈਵਰ ਭਰਾ ਦੀ ਆਪਣੀ ਹੱਡ-ਬੀਤੀ ਹੈ ਜੋ ਅਮਰੀਕਾ ਵਿਚ ਹੀ ਇਹ ਕਿਰਤ ਕਰਦਿਆਂ ਜੀਵਨ-ਨਿਰਬਾਹ ਚਲਾ ਰਿਹਾ ਹੈ। ਆਮ ਦੀ ਤਰ੍ਹਾਂ ਇਸ ਨੂੰ ਇਕ ਦਿਨ ਇੰਟਰ-ਸਟੇਟ ਬੱਸ ਅੱਡੇ ਤੋਂ ਇਕ ਸਵਾਰੀ ਦੀ ਕਾਲ ਆਈ। ਫ਼ੁਰਤੀ ਨਾਲ ਬੱਸ ਅੱਡੇ ਪਹੁੰਚ ਕੇ ਇਸ ਨੇ ਦੇਖਿਆ ਕਿ ਸਵਾਰੀ ਇਕ ਕਲੀਨ-ਸ਼ੇਵ ਗੋਰਾ ਜਿਹਾ ਨੌਜਵਾਨ ਹੈ ਜੋ ਇਕ ਅਟੈਚੀ ਅਤੇ ਹੈਂਡ ਬੈਗ ਲੈ ਕੇ ਬੈਂਚ 'ਤੇ ਬੈਠਾ ਹੈ। ਟੈਕਸੀ ਵਾਲੇ ਨੇ 'ਹਾਏ ਹੈਲੋ' ਕਰਦਿਆਂ ਉਸ ਨੂੰ 'ਗੁੱਡ ਆਫਟਰ ਨੂਨ' ਆਖਿਆ ਪਰ ਅਗਿਉਂ ਮੁੰਡਾ ਮੁਸਕਰਾਉਂਦਾ ਹੋਇਆ ਕਹਿੰਦਾ ਕਿ ਸਰਦਾਰ ਜੀ ਤੁਸੀਂ ਮੇਰੇ ਨਾਲ ਪੰਜਾਬੀ ਵਿਚ ਗੱਲ ਕਰ ਸਕਦੇ ਓ!

ਦੇਸੀ ਭਾਈ-ਬੰਦ ਮਿਲਣ ਕਰਕੇ ਟੈਕਸੀ ਚਾਲਕ ਨੂੰ ਖ਼ੁਸ਼ੀ ਤਾਂ ਹੋਈ ਪਰ ਜਦੋਂ ਚੰਗਾ-ਭਲਾ ਦਿਸਦਾ ਉਹ ਨੌਜਵਾਨ ਲੱਤਾਂ ਨੂੰ ਕਈ ਵਿੰਗ-ਵਲ ਪਾ ਕੇ ਡੰਗੋਰੀ ਦੇ ਸਹਾਰੇ ਨਾਲ ਬੈਂਚ ਤੋਂ ਉਠ ਕੇ ਤੁਰਨ ਦੀ ਕੋਸ਼ਿਸ਼ ਕਰਨ ਲੱਗਾ ਤਾਂ ਟੈਕਸੀ ਵਾਲਾ ਹੈਰਾਨ ਹੁੰਦਿਆਂ ਉਸ ਦੀ ਮਦਦ ਕਰਨ ਲਈ ਅਹੁਲਿਆ। ਜਿਵੇਂ ਕਿਵੇਂ ਉਸ ਨੇ ਮੁੰਡੇ ਨੂੰ ਗੱਡੀ 'ਚ ਬਹਾਇਆ। ਗੱਡੀ ਸੜਕ 'ਤੇ ਦੌੜਨ ਲੱਗੀ ਤੇ ਗੱਲਾਂ-ਬਾਤਾਂ ਚੱਲ ਪਈਆਂ। ਮੁੰਡੇ ਨੇ ਆਪਣੇ ਬਾਰੇ ਸੰਕੋਚਵੀਂ ਜਿਹੀ ਜਾਣਕਾਰੀ ਦਿੱਤੀ-

"ਮੈਂ ਪਾਕਿਸਤਾਨ ਦੇ ਸੂਬਾ ਪੰਜਾਬ ਤੋਂ ਮੁਸਲਿਮ ਪਰਿਵਾਰ ਤੋਂ ਹਾਂ। ਕਾਲਜ ਦੀ ਪੜ੍ਹਾਈ ਮੁਕੰਮਲ ਕਰਦਿਆਂ ਹੀ ਮੈਨੂੰ ਕਮਰ ਦੀ ਪ੍ਰਾਬਲਮ ਹੋ ਗਈ। ਗ਼ਲਤ ਅਪਰੇਸ਼ਨ ਕਾਰਨ ਮੇਰੀ ਸਿਹਤ ਇੰਨੀ ਵਿਗੜ ਗਈ ਕਿ ਇਸ ਦਾ ਇਲਾਜ ਅਮਰੀਕਾ ਵਿਚ ਹੀ ਹੋ ਸਕਦਾ ਸੀ। ਸੋ, ਹੁਣ ਮੈਂ ਇਥੇ ਆਪਣਾ ਇਲਾਜ ਕਰਵਾਉਣ ਆਇਆ ਹੋਇਆ ਹਾਂ।"

ਇੰਸ਼ੋਰੈਂਸ ਤੋਂ ਬਿਨਾਂ ਅਮਰੀਕਾ ਦੇ ਅਤਿ ਖ਼ਰਚੀਲੇ ਡਾਕਟਰੀ ਇਲਾਜ ਬਾਰੇ ਪੁੱਛੇ ਜਾਣ 'ਤੇ ਉਸ ਨੇ ਠੰਢਾ ਹੌਕਾ ਲੈ ਕੇ ਆਖਿਆ ਕਿ ਉਸ ਦੀ ਘਰੇਲੂ ਹਾਲਤ ਇੰਨੀ ਮਜ਼ਬੂਤ ਨਹੀਂ ਕਿ ਉਹ ਇਥੇ ਆ ਕੇ ਆਪਣਾ ਇਲਾਜ ਕਰਵਾ ਸਕਦਾ। ਇਹ 'ਤੇ ਬਾਬਾ ਨਾਨਕ ਪੀਰ ਦੀ ਰਹਿਮਤ ਹੋਈ ਏ। 'ਇਕ ਮੁਸਲਮਾਨ, ਗੁਰੂ ਦੀ ਬਖ਼ਸ਼ਿਸ਼ ਦੀਆਂ ਗੱਲਾਂ ਕਰ ਰਿਹਾ ਐ!' ਆਪਣੇ ਵੱਲ ਉਤਸੁਕਤਾ ਨਾਲ ਦੇਖ ਰਹੇ ਟੈਕਸੀ ਚਾਲਕ ਦੀਆਂ ਅੱਖਾਂ ਵਿਚ ਤੈਰ ਰਿਹਾ ਉਕਤ ਸਵਾਲ, ਤੀਖਣ-ਬੁੱਧੀ ਵਾਲੇ ਮੁਸਲਿਮ ਮੁੰਡੇ ਨੇ ਆਪੇ ਹੀ ਭਾਂਪ ਲਿਆ! ਸਪਸ਼ਟੀਕਰਨ ਦੇਣ ਵਾਂਗ ਉਸ ਨੇ ਗੁਰੂ ਨਾਨਕ ਦੀ ਰਹਿਮਤ ਦਾ ਭੇਤ ਖੋਲ੍ਹਣਾ ਸ਼ੁਰੂ ਕੀਤਾ-

"ਬੀਮਾਰੀ ਵਿਗੜ ਜਾਣ 'ਤੇ ਮੈਂ ਤੁਰਨੋਂ ਵੀ ਅਵਾਜਾਰ ਹੋ ਗਿਆ ਪਰ ਮੈਂ ਵਿਆਕੁਲ ਜਾਂ ਲਾਚਾਰ ਹੋਣ ਦੀ ਥਾਂ ਇਲਾਜ ਕਰਵਾਉਣ ਦੀਆਂ ਤਰਕੀਬਾਂ ਸੋਚਣ ਲੱਗਾ। ਮੈਨੂੰ ਇਸ ਗੱਲ ਦਾ ਇਲਮ ਸੀ ਕਿ ਕੁੱਲ ਦੁਨੀਆਂ ਵਿਚ ਵਸਦੇ ਸਿੱਖ ਭਰਾ, ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨਾਂ ਦੀ ਮੰਗ ਸਵੇਰੇ-ਸ਼ਾਮ ਕਰਦੇ ਹਨ। ਸੋ ਮੈਂ ਸੋਚਿਆ ਕਿ ਕਿਉਂ ਨਾ ਸਿੱਖ ਭਾਈਆਂ ਦੀ ਇਹ ਲੋਚਾ ਪੂਰੀ ਕਰਨ ਦਾ ਯਤਨ ਕੀਤਾ ਜਾਏ। ਕੁਝ ਮਿਹਰਬਾਨ ਦੋਸਤਾਂ ਦੀ ਮਦਦ ਨਾਲ ਮੈਂ ਪਾਕਿਸਤਾਨ ਦੇ ਸਾਰੇ ਗੁਰਧਾਮਾਂ ਅਤੇ ਹੋਰ ਇਤਿਹਾਸਕ ਅਸਥਾਨਾਂ ਦੀ ਖੋਜ-ਭਰਪੂਰ ਡਾਕੂਮੈਂਟਰੀ ਫ਼ਿਲਮ ਦੀ ਸੀ.ਡੀ. ਬਣਾਈ। ਕੁਝ ਅਮਰੀਕੀ ਗੁਰਦੁਆਰਿਆਂ ਵਿਚ ਜਾ ਕੇ ਮੈਂ ਇਹ ਸੀ.ਡੀ. ਲਾਗਤ ਮੁੱਲ 'ਤੇ ਵੇਚ ਰਿਹਾ ਹਾਂ ਅਤੇ ਆਪਣੇ ਇਲਾਜ ਦਾ ਬੰਦੋਬਸਤ ਕਰ ਰਿਹਾ ਹਾਂ।"

ਇਸ ਮੁਸਲਿਮ ਮੁੰਡੇ ਦੇ ਕਹਿਣ 'ਤੇ ਟੈਕਸੀ ਵਾਲਾ ਉਸ ਨੂੰ ਆਪਣੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਚ ਛੱਡ ਆਇਆ। ਹਾਲੇ ਦੋ-ਢਾਈ ਘੰਟੇ ਹੀ ਬੀਤੇ ਸਨ ਕਿ ਟੈਕਸੀ ਡਰਾਈਵਰ ਨੂੰ ਉਸ ਮੁੰਡੇ ਦਾ ਫਿਰ ਫੋਨ ਆ ਗਿਆ। ਉਹ ਫਿਰ ਟੈਕਸੀ ਦੀ ਮੰਗ ਕਰ ਰਿਹਾ ਸੀ। ਹੈਰਾਨ ਹੋਇਆ ਟੈਕਸੀ ਵਾਲਾ ਗੁਰਦੁਆਰੇ ਪਹੁੰਚਿਆ ਤਾਂ ਉਥੇ ਉਹ ਮੁੰਡਾ ਆਪਣਾ ਸਾਮਾਨ ਲੈ ਕੇ ਜਾਣ ਦੀ ਤਿਆਰੀ ਕਰੀ ਬੈਠਾ ਸੀ।

'ਇਹਨੇ ਤਾਂ ਕੱਲ੍ਹ ਦੇ ਹਫ਼ਤਾਵਾਰੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਇਥੋਂ ਜਾਣਾ ਸੀ ਪਰ ਇਹ ਅੱਜ ਹੀ ਸਾਮਾਨ ਬੰਨ੍ਹ ਕੇ ਬਹਿ ਗਿਆ ਹੈ!' ਟੈਕਸੀ ਵਾਲਾ ਮਨ ਵਿਚ ਸੋਚ ਰਿਹਾ ਸੀ।

ਤੁਰਨ ਤੋਂ ਆਤੁਰ ਇਸ ਨੌਜਵਾਨ ਨਾਲ ਪਤਾ ਜੇ ਇਥੇ ਕੀ ਸਲੂਕ ਹੋਇਆ?

ਗੁਰਦੁਆਰਾ ਸਾਹਿਬ ਪਹੁੰਚ ਕੇ ਇਸ ਨੇ ਲੰਗਰ ਛਕਣ ਤੋਂ ਬਾਅਦ ਰਾਤ ਦੇ ਟਿਕਾਣੇ ਲਈ ਗੁਰੂਘਰ ਵਾਲਿਆਂ ਪਾਸੋਂ ਵਿਸਰਾਮ ਲਈ ਜਗ੍ਹਾ ਪੁੱਛੀ। ਉਨ੍ਹਾਂ ਆਖਿਆ ਕਿ ਰਿਹਾਇਸ਼ੀ ਕਮਰੇ ਸਿਰਫ਼ ਸਟਾਫ ਲਈ ਹੀ ਹਨ। ਮੁੱਖ ਦੀਵਾਨ ਹਾਲ ਵਿਚ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਤੂੰ ਉਥੇ ਰਾਤ ਬਿਤਾ ਲਵੀਂ। ਉਨ੍ਹਾਂ ਦੀ ਇਜਾਜ਼ਤ ਨਾਲ ਇਹ ਸਿਰ 'ਤੇ ਪੀਲਾ ਸਾਫ਼ਾ ਲਪੇਟ ਕੇ ਦੀਵਾਨ ਹਾਲ ਦੇ ਇਕ ਖੂੰਜੇ ਵਿਚ ਲੰਮਾ ਪੈ ਗਿਆ। ਔਖਾ-ਸੌਖਾ ਹੋ ਕੇ ਹਾਲੇ ਇਹ ਪਿਆ ਹੀ ਸੀ ਕਿ ਉਥੇ ਪ੍ਰਬੰਧਕ ਕਮੇਟੀ ਦੇ ਇਕ 'ਅਹੁਦੇਦਾਰ ਸਾਹਿਬ' ਆ ਪਹੁੰਚੇ। ਉਨ੍ਹਾਂ ਆਉਂਦਿਆਂ ਹੀ ਇਸ ਯਾਤਰੂ ਦਾ ਨਾਂ ਪੁੱਛਿਆ। ਮੁੰਡੇ ਦੇ ਮੂੰਹੋਂ ਸੁਣਦਿਆਂ ਹੀ ਉਨ੍ਹਾਂ ਇਸ ਨੂੰ ਆਪਣਾ ਫੱਟੀ-ਬਸਤਾ ਲਪੇਟ ਕੇ ਇਥੋਂ ਚਲੇ ਜਾਣ ਦਾ ਹੁਕਮ ਸੁਣਾ ਦਿੱਤਾ।

ਲਾਗੇ ਦੇ ਹੀ ਇਕ ਹੋਰ ਗੁਰਦੁਆਰਾ ਸਾਹਿਬ ਵੱਲ ਨੂੰ ਜਾਂਦਿਆਂ ਟੈਕਸੀ ਡਰਾਈਵਰ ਨੇ ਦੇਖਿਆ ਕਿ 'ਪੰਥ ਤੋਂ ਵਿਛੋੜੇ ਗਏ ਗੁਰਧਾਮਾਂ' ਦੇ ਇਸ ਦੁਖੀਏ ਤੇ ਲੋੜਵੰਦ ਪ੍ਰਚਾਰਕ ਦੇ ਚਿਹਰੇ ਉਤੇ ਨਿਰਾਸ਼ਾ ਜਾਂ ਪਛਤਾਵੇ ਦੇ ਸ਼ਿਕਨ ਨਹੀਂ ਸਨ, ਸਗੋਂ ਉਹ ਕਹਿ ਰਿਹਾ ਸੀ-

"ਪੀਰ ਬਾਬਾ ਨਾਨਕ ਉਸ ਪ੍ਰਬੰਧਕ ਨੂੰ ਤੌਫ਼ੀਕ ਅਤਾ ਫ਼ਰਮਾਉਣ... ਸਾਡੇ ਮਜ਼੍ਹਬ ਵਿਚ ਵੀ ਐਸੇ ਤੁਅਸਬੀ ਲੋਕ ਬਹੁਤ ਨੇ!"

# ...ਤੇ ਸਿੱਖ ਵੀ ਨਿਗਲਿਆ ਗਿਆ

ਕੁਝ ਦਿਨ ਪਹਿਲਾਂ ਮੈਨੂੰ ਇਕ ਕਿਤਾਬ ਪੜ੍ਹਨ ਦਾ ਮੌਕਾ ਮਿਲਿਆ ਜਿਸ ਦਾ ਨਾਂ ਹੈ "...ਤੇ ਸਿੱਖ ਵੀ ਨਿਗਲਿਆ ਗਿਆ!" ਇਹ ਕਿਤਾਬ ਲਿਖੀ ਨੂੰ ਕਈ ਸਾਲ ਹੋ ਚੁੱਕੇ ਹਨ ਪਰ ਪਤਾ ਨਹੀਂ ਕਿਉਂ ਇਹ ਕਿਤਾਬ ਜਿੰਨੇ ਪਾਠਕਾਂ ਤਕ ਪਹੁੰਚਣੀ ਚਾਹੀਦੀ ਸੀ, ਨਹੀਂ ਪਹੁੰਚ ਸਕੀ। ਇਸ ਕਿਤਾਬ ਦਾ ਵਿਸ਼ਾ ਭਾਰਤ ਵਿਚ ਸਿੱਖਾਂ ਤੇ ਪੰਜਾਬੀਆਂ ਨਾਲ ਹੋ ਰਿਹਾ ਵਿਤਕਰਾ ਤੇ ਨਾਇਨਸਾਫ਼ੀ ਹੈ। ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿਚ ਰਹਿ ਰਹੇ ਸਿੱਖ ਤੇ ਪੰਜਾਬੀ ਆਪਣੇ ਆਪ ਨੂੰ ਵੱਖਰੀ ਕੌਮ ਸਮਝ ਕੇ ਫ਼ਖ਼ਰ ਮਹਿਸੂਸ ਕਰਦੇ ਹਨ ਤੇ ਇਸ ਵਿਚ ਕੋਈ ਸ਼ੱਕ ਵੀ ਨਹੀਂ ਹੈ ਕਿ ਪੰਜਾਬੀ ਵੱਖਰੀ ਕੌਮ ਹੈ।

ਭਾਰਤ ਦੀ ਆਜ਼ਾਦੀ ਦੀ ਜੰਗ ਦੌਰਾਨ ਜਿੰਨੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ, ਉਸ ਦਾ ਇਕ-ਚੌਥਾਈ ਭਾਗ ਵੀ ਸਾਰੇ ਭਾਰਤ ਨੇ ਨਹੀਂ ਦਿੱਤਾ ਪਰ ਪੰਜਾਬੀਆਂ ਦੇ ਦੇਸ਼ ਦੀ ਆਜ਼ਾਦੀ ਵਿਚ ਪਾਏ ਇਸ ਯੋਗਦਾਨ ਦੇ ਬਾਵਜੂਦ ਸਵਾਲ ਇਹ ਉਠਦਾ ਹੈ ਕਿ ਹੁਣ ਪੰਜਾਬੀਆਂ ਨੂੰ ਉਨ੍ਹਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਦੇ ਬਦਲੇ ਉਨ੍ਹਾਂ ਦਾ ਬਣਦਾ ਮਾਣ-ਸਤਿਕਾਰ ਤੇ ਹੱਕ ਦਿੱਤੇ ਜਾਂਦੇ ਹਨ ਕਿ ਨਹੀਂ?

ਦੁਨੀਆਂ ਦੇ ਹੋਰ ਧਰਮ ਹਜ਼ਾਰਾਂ ਸਾਲ ਪੁਰਾਣੇ ਹੋਣ ਦੇ ਬਾਵਜੂਦ ਦਿਨੋ-ਦਿਨ ਪ੍ਰਫੁੱਲਤ ਹੋ ਰਹੇ ਹਨ ਅਤੇ ਦੂਸਰੇ ਧਰਮਾਂ ਨੂੰ ਆਪਣੇ ਵਿਚ ਸਮਾ ਰਹੇ ਹਨ ਪਰ ਸਿੱਖ ਧਰਮ ਦੂਸਰੇ ਧਰਮਾਂ ਨਾਲੋਂ ਨਵਾਂ ਹੋਣ ਦੇ ਬਾਅਦ ਵੀ ਦਿਨ-ਬ-ਦਿਨ ਲੋਪ ਹੁੰਦਾ ਜਾ ਰਿਹਾ ਹੈ। ਇਸ ਕਿਤਾਬ ਦੇ ਲੇਖਕ ਮਰਹੂਮ ਸ. ਕੁਲਬੀਰ ਸਿੰਘ ਕੌੜਾ ਨੇ ਇਸ ਕਿਤਾਬ ਵਿਚ ਸਿੱਖ ਧਰਮ ਤੇ ਹੋਰਨਾਂ ਧਰਮਾਂ ਦੀ ਜੋ ਤਸਵੀਰ ਪੇਸ਼ ਕੀਤੀ ਹੈ, ਉਸ ਨੂੰ ਦੇਖ ਕੇ ਤਾਂ ਇਉਂ ਲਗਦਾ ਹੈ ਕਿ ਆਪਣੇ ਧਰਮ ਦੀ ਵਿਚਾਰਧਾਰਾ ਨੂੰ ਸਮਝਣਾ ਤਾਂ ਦੂਰ ਦੀ ਗੱਲ, ਅਸੀਂ ਉਸ ਦੇ ਨੇੜੇ-ਤੇੜੇ ਵੀ ਨਹੀਂ ਹਾਂ।




ਇਸ ਕਿਤਾਬ ਵਿਚ ਦੱਸਿਆ ਗਿਆ ਹੈ ਕਿ ਸਾਡੇ ਆਗੂਆਂ ਤੇ ਯੁੱਗਪੁਰਸ਼ਾਂ ਨੇ ਸਾਡੇ ਧਰਮ ਦੇ ਜੋ ਅਸੂਲ ਜਾਂ ਨਿਯਮ ਬਣਾਏ ਸਨ, ਉਹ ਕਿੰਨੇ ਸਾਫ਼ ਤੇ ਮਨੁੱਖਤਾ-ਪੱਖੀ ਸਨ ਪਰ ਸਾਡੇ ਧਰਮ ਵਿਰੋਧੀਆਂ ਨੇ ਇਨ੍ਹਾਂ ਨਿਯਮਾਂ ਵਿਚ ਉਹ ਵਿਗਾੜ ਪੈਦਾ ਕੀਤੇ ਕਿ ਸਾਡੇ ਧਰਮ ਦਾ ਅਕਸ ਹੀ ਵਿਗੜ ਗਿਆ। ਜਿਸ ਤਰ੍ਹਾਂ ਇਨ੍ਹਾਂ ਕੁਰੀਤੀਆਂ ਨੂੰ ਸਾਡੇ ਧਰਮ ਵਿਚ ਸ਼ਾਮਲ ਹੋਣ ਲਈ ਵਕਤ ਲੱਗਾ ਹੈ, ਉਸ ਤਰ੍ਹਾਂ ਇਨ੍ਹਾਂ ਕੁਰੀਤੀਆਂ ਨੂੰ ਬਾਹਰ ਕੱਢਣ ਲਈ ਵੀ ਵਕਤ ਜ਼ਰੂਰ ਲੱਗੇਗਾ। ਇਸ ਕਿਤਾਬ ਵਿਚ ਲੇਖਕ ਨੇ ਸਿੱਖ ਧਰਮ ਅਤੇ ਹੋਰਨਾਂ ਧਰਮਾਂ ਦੇ ਮੁੱਢ, ਵਿਕਾਸ, ਅਸੂਲ, ਬੇ-ਅਸੂਲ ਅਤੇ ਮੌਜੂਦਾ ਹਾਲਾਤ ਬਾਰੇ ਵਿਸਥਾਰ ਵਿਚ ਜਿਸ ਤਰ੍ਹਾਂ ਜਾਣਕਾਰੀ ਦਿੱਤੀ ਹੈ, ਉਸ ਨੂੰ ਪੜ੍ਹ ਕੇ ਤਾਂ ਸਾਨੂੰ ਆਪਣੇ ਸਿੱਖ ਤੇ ਪੰਜਾਬੀ ਹੋਣ 'ਤੇ ਫ਼ਖ਼ਰ ਨਹੀਂ, ਤਰਸ ਆਉਂਦਾ ਹੈ। ਇਸ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਕਿਹੜੇ ਕਿਹੜੇ ਧਰਮ ਹਨ ਤੇ ਉਨ੍ਹਾਂ ਵਿਚ ਕੀ ਕੀ ਵੱਖਰੇਵੇਂ ਹਨ ਅਤੇ ਉਹ ਸਾਡੇ ਧਰਮ ਦੇ ਮੁਕਾਬਲੇ ਕਿਵੇਂ ਵਿਕਾਸ ਕਰ ਰਹੇ ਹਨ। ਤੇ ਉਹ ਕਿਹੜੇ ਪਾਖੰਡੀ ਲੋਕ ਹਨ ਜੋ ਸਾਡੇ ਧਰਮ ਦਾ ਲਿਬਾਸ ਪਾ ਕੇ ਇਸ ਨੂੰ ਖੋਖਲਾ ਕਰ ਰਹੇ ਹਨ?

ਇਹੋ ਜਿਹੀਆਂ ਜਿੰਨੀਆਂ ਕਿਤਾਬਾਂ ਲਿਖੀਆਂ ਤੇ ਪੜ੍ਹੀਆਂ-ਪੜ੍ਹਾਈਆਂ ਜਾਣ, ਓਨਾ ਹੀ ਚੰਗਾ ਹੈ ਤਾਂ ਜੋ ਸਾਡੇ ਲੋਪ ਹੋ ਰਹੇ ਧਰਮ ਨੂੰ ਬਚਾਇਆ ਜਾ ਸਕੇ ਤੇ ਸਿੱਖ ਤੇ ਪੰਜਾਬੀਅਤ ਦੀ ਅਸਲੀਅਤ ਨੂੰ ਸਮਝਿਆ ਜਾ ਸਕੇ ਤੇ ਇਸ ਕੌਮ ਨੂੰ ਸੱਚਮੁਚ ਹੀ ਫ਼ਖ਼ਰ ਕਰਨ ਯੋਗ ਬਣਾਇਆ ਜਾ ਸਕੇ।

ਕਈ ਪਾਠਕ ਸੋਚ ਸਕਦੇ ਹਨ ਕਿ ਕਿਤੇ ਇਹ ਪ੍ਰਚਾਰ ਕਿਤਾਬ ਨੂੰ ਵੇਚਣ ਦਾ ਉਪਰਾਲਾ ਤਾਂ ਨਹੀਂ ਪਰ ਮੈਂ ਪਾਠਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕਿਤਾਬ ਪੜ੍ਹਨ ਤੋਂ ਬਾਅਦ ਮੈਂ ਸੋਚਿਆ ਕਿ ਇਸ ਨੂੰ ਵੱਧ ਤੋਂ ਵੱਧ ਪਾਠਕਾਂ ਨੂੰ ਪੜ੍ਹਾਇਆ ਜਾਵੇ ਪਰ ਸਿਰਫ਼ ਇਕ ਕਿਤਾਬ ਰਾਹੀਂ ਇਸ ਦਾ ਪ੍ਰਚਾਰ ਸੰਭਵ ਨਹੀਂ ਸੀ। ਇਸ ਕਰਕੇ ਮੈਂ ਕੁਝ ਕਿਤਾਬਾਂ ਦਾ ਪ੍ਰਬੰਧ ਆਪਣੇ ਤੌਰ 'ਤੇ ਕੀਤਾ ਹੈ। ਇਸ ਨੂੰ ਪੜ੍ਹਨ ਦੇ ਚਾਹਵਾਨ ਸੱਜਣ ਇਸ ਕਿਤਾਬ ਨੂੰ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ।

ਇਸ ਕਿਤਾਬ ਦੀ ਕੀਮਤ ਸਿਰਫ਼ ਇਹੀ ਹੈ ਕਿ ਇਸ ਨੂੰ ਸਾਡੇ ਕੋਲੋਂ ਪ੍ਰਾਪਤ ਕਰਨ ਵਾਲੇ ਸੱਜਣ ਇਸ ਨੂੰ ਵੱਧ ਤੋਂ ਵੱਧ ਲੋਕਾਂ ਤਕ ਲੈ ਕੇ ਜਾਣ ਤਾਂ ਜੋ ਸਾਡੀ ਕੌਮ ਦਾ ਕੋਈ ਨਾਮ-ਓ-ਨਿਸ਼ਾਨ ਬਾਕੀ ਰਹਿ ਸਕੇ। ਇਹੀ ਸਾਡਾ ਮਕਸਦ ਹੈ...!

*-ਅੰਗਰੇਜ਼ ਸਿੰਘ ਜੱਸਲ, ਫੋਨ:510-512-3200*

# ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥ ਗਉੜੀ ਮਹਲਾ ੫

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥

ਪਾਇ ਲਗਉ ਮੋਹਿ ਕਰਉ ਬੇਨਤੀ ਕੋਇ ਸੰਤੁ ਮਿਲੈ ਵਡਭਾਗੀ॥

ਮਨ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥

ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨ ਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਉ ਪੁਰਖੁ ਰਸਿਕ ਬੈਰਾਗੀ॥

ਮਿਟਿਉ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਅੰਦਰ ਉਹ ਰਸਤਾ ਦਿਖਾ ਰਹੇ ਹਨ ਕਿ ਪ੍ਰਭੂ ਮਿਲਾਪ ਲਈ ਤੜਪ ਰਹੀ ਜੀਵ ਆਤਮਾ ਪ੍ਰਭੂ ਮਿਲਾਪ ਤਕ ਕਿਵੇਂ ਪਹੁੰਚ ਸਕਦੀ ਹੈ। ਜੀਵ ਆਤਮਾ ਦਾ ਤਰਲਾ ਹੈ, ਉਸ ਵਾਹਿਗੁਰੂ ਨੂੰ ਮਿਲਣ ਦੇ ਲਈ ਮੇਰੇ ਅੰਦਰ ਪ੍ਰੀਤ ਜਾਗ ਉਠੀ ਹੈ ਅਤੇ ਹੁਣ ਜੇ ਕਿਤੇ ਵੱਡੇ ਭਾਗਾਂ ਨਾਲ ਕੋਈ ਪੂਰਾ ਗੁਰੂ ਮੈਨੂੰ ਮਿਲ ਜਾਵੇ ਤਾਂ ਮੈਂ ਉਸ ਦੇ ਪੈਰਾਂ 'ਤੇ ਡਿੱਗ ਪਵਾਂ ਅਤੇ ਬੇਨਤੀ ਕਰਾਂ, ਤਰਲੇ ਪਾਵਾਂ ਕਿ ਮੈਨੂੰ ਉਸ ਸੋਹਣੇ ਪ੍ਰਭੂ ਦੇ ਮਿਲਾਪ ਕਰਾ ਦੇ।

ਮਨ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥

ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨ ਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥

ਹੁਣ ਸਤਿਗੁਰੂ ਉਚਾਰਨ ਕਰਦੇ ਹਨ ਕਿ ਕੋਈ ਰੱਬ ਦਾ ਪਿਆਰਾ ਮੈਨੂੰ ਉਸ ਪ੍ਰਭੂ ਦੀਆਂ ਕਥਾ-ਕਹਾਣੀਆਂ ਸੁਣਾਵੇ, ਮਾਲਿਕ ਦੇ ਘਰ ਦੀਆਂ ਗੱਲਾਂ ਸੁਣਾਵੇ। ਮੈਂ ਪ੍ਰਭੂ ਪ੍ਰੇਮ ਵਿਚ ਝੱਲੀ ਹੋਈ ਹੋਈ ਹਰ ਵੇਲੇ ਉਸ ਦੇ ਪਿੱਛੇ ਪਿੱਛੇ ਫਿਰਦੀ ਰਵਾਂ ਅਤੇ ਆਪਣਾ ਮਨ ਵੀ ਉਸ ਨੂੰ ਅਰਪਣ ਕਰ ਦੇਵਾਂ ਅਤੇ ਧਨ ਵੀ ਉਸ ਦੇ ਅੱਗੇ ਰੱਖ ਦੇਵਾ, ਕਿਉਂਕਿ ਹੁਣ ਮੈਂ ਆਪਣੇ ਮਨ ਦੀ ਮਤਿ ਭਾਵ ਮਨਮਤਿ ਨੂੰ ਛੱਡ ਦਿੱਤਾ ਹੈ ਅਤੇ ਹੁਣ ਮੈਨੂੰ ਪ੍ਰਭੂ ਦਾ ਨਾਂ ਹੀ ਭਾਉਂਦਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਉ ਪੁਰਖੁ ਰਸਿਕ ਬੈਰਾਗੀ॥

ਮਿਟਿਉ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥

ਹੁਣ ਸਤਿਗੁਰੂ ਕਹਿੰਦੇ ਹਨ ਕਿ ਹੇ ਨਾਨਕ! ਜਿਸ ਜੀਵ ਆਤਮਾ ਦੇ ਪਹਿਲੇ ਜਨਮਾਂ ਦੇ ਕੀਤੇ ਹੋਏ ਕਰਮਾਂ ਦੇ ਅੰਕੁਰ ਪ੍ਰਗਟ ਹੋ ਜਾਂਦੇ ਹਨ, ਸਾਹਮਣੇ ਆ ਜਾਂਦੇ ਹਨ। ਉਸ ਜੀਵ ਆਤਮਾ ਨੂੰ ਕਰਤਾ ਪੁਰਖ ਪ੍ਰਭੂ ਦਾ ਮਿਲਾਪ ਹੁੰਦਾ ਹੈ ਅਤੇ ਉਸ ਪ੍ਰਭੂ ਨੂੰ ਮਿਲਦਿਆਂ ਸਾਰ ਹੀ ਜੀਵ ਦੇ ਅੰਦਰੋਂ ਮੋਹ-ਮਾਇਆ ਅਤੇ ਅਗਿਆਨ ਦਾ ਅੰਧੇਰਾ ਮੁਕ ਜਾਂਦਾ ਹੈ ਅਤੇ ਫਿਰ ਜਨਮਾਂ ਜਨਮਾਂ ਤੋਂ ਸੁੱਤੀ ਹੋਈ ਆਤਮਾ ਜਾਗ ਉਠਦੀ ਹੈ ਤੇ ਪ੍ਰਭੂ ਵਿਚ ਲੀਨ ਹੋ ਜਾਂਦੀ ਹੈ। ਸੋ, ਪ੍ਰਭੂ ਭਗਤੀ ਅਤੇ ਸੇਵਾ ਸਿਮਰਨ ਹੀ ਪ੍ਰਭੂ ਮਿਲਾਪ ਦਾ ਰਸਤਾ ਹੈ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*

# ਭਾਈ ਘਨਈਆ (ਇੰਟਰਨੈਸ਼ਨਲ) ਮਿਸ਼ਨ, ਸੈਕਰਾਮੈਂਟੋ

ਸਮੂਹ ਸੰਗਤਾਂ ਨੂੰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

**ਲੱਖ ਲੱਖ ਵਧਾਈ**



## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ‘ਤੇ

## “ਜਨਮ ਦਿਨ ਤੋਹਫਾ”

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਨਵੰਬਰ ਅਤੇ ਦਸੰਬਰ ਮਹੀਨੇ ਵਿਚ ਅਮਰੀਕਾ ਸਮੇਤ ਸਾਰੇ ਸੰਸਾਰ ਵਿਚ ਇਸਾਈ ਲੋਕ ਦਾਨ-ਪੁੰਨ ਜ਼ਰੂਰ ਕਰਦੇ ਹਨ (ਨਵੰਬਰ ਵਿਚ ਥੈਂਕਸ ਗਿਵਿੰਗ ਡੇ ਮਨਾਇਆ ਜਾਂਦਾ ਹੈ ਅਤੇ ਦਸੰਬਰ ਵਿਚ ਕ੍ਰਿਸਮਸ)। ਇਨ੍ਹਾਂ ਮਹੀਨਿਆਂ ਵਿਚ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਸਹਾਇਤਾ ਪਹੁੰਚਾਈ ਜਾਂਦੀ ਹੈ ਜੋ ਆਰਥਿਕ ਪੱਖੋਂ ਲੋੜਵੰਦ ਹੁੰਦੇ ਹਨ। ਇਸ ਸਹਾਇਤਾ ਵਿਚ ਖਾਣ-ਪੀਣ ਦੀ ਸਮੱਗਰੀ, ਕੱਪੜੇ-ਲੀੜੇ ਅਤੇ ਖਾਸ ਤੌਰ ‘ਤੇ ਬੱਚਿਆਂ ਲਈ ਖੇਡਾਂ ਦਾ ਸਾਮਾਨ ਸ਼ਾਮਲ ਹੁੰਦਾ ਹੈ। ਇਹ ਸਭ ਇਸਾਈ ਭਾਈਚਾਰੇ ਦੀ ਪਰੰਪਰਾ ਹੀ ਬਣ ਚੁਕੀ ਹੈ। ਇਸ ਪਰੰਪਰਾ ਦੇ ਨਤੀਜੇ ਵਜੋਂ ਕਈ ਗੈਰਮੁਨਾਫਾ ਸੰਸਥਾਵਾਂ ਹੋਂਦ ਵਿਚ ਆ ਚੁਕੀਆਂ ਹਨ ਜਿਵੇਂ ਕਿ ਫੂਡ ਬੈਂਕ ਅਤੇ ਸੈਕੰਡ ਹਾਰਵੈਸਟ ਫੂਡ ਬੈਂਕ ਆਦਿ। ਇਹ ਸੰਸਥਾਵਾਂ ਬੜੇ ਹੀ ਸੁਚੱਜੇ ਢੰਗ ਨਾਲ ਭੁੱਖੇ ਜਾਂ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਨ ਦਾ ਕੰਮ ਬਖੂਬੀ ਨਿਭਾ ਰਹੀਆਂ ਹਨ।

ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਰੀਤ ਵੀਹ ਰੁਪਏ ਨਾਲ ‘ਸੱਚਾ ਸੌਦਾ’ ਕਰਕੇ ਸ਼ੁਰੂ ਕੀਤੀ ਸੀ। ਇਹ ਰੀਤ ਅੱਜ ਵੀ ਉਸੇ ਤਰੀਕੇ ਨਾਲ ਚੱਲ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀ ‘ਸੱਚੇ ਸੌਦੇ’ ਵਾਲੀ ਸਾਖੀ ਤੋਂ ਅਸੀਂ ਸਾਰੇ ਹੀ ਭਲੀਭਾਂਤ ਵਾਕਫ ਹਾਂ ਕਿ ਕਿਵੇਂ ਉਨ੍ਹਾਂ ਪਿਤਾ ਮਹਿਤਾ ਕਾਲੂ ਵਲੋਂ ਵਪਾਰ ਕਰਨ ਲਈ ਦਿੱਤੇ ਗਏ ਵੀਹ ਰੁਪਏ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ‘ਸੱਚਾ ਸੌਦਾ’ ਕੀਤਾ।

ਅੱਜ ਅਮਰੀਕਾ ਅਤੇ ਹੋਰ ਬਾਹਰਲੇ ਮੁਲਕਾਂ ਵਿਚ ਗੁਰੂ ਘਰਾਂ ਵਿਚ ਲੰਗਰ ਤਾਂ ਹਮੇਸ਼ਾ ਚੱਲਦੇ ਹਨ ਜੋ ਕਿ ਆਪਣੇ ਭਾਈਚਾਰੇ ਜਾਂ ਸਮਾਜਕ ਇਕੱਠਾਂ ਤੱਕ ਹੀ ਸੀਮਤ ਰਹਿੰਦੇ ਹਨ। ਵਿਚਾਰ ਹੈ, ਕਿਉਂ ਨਾ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਨੂੰ ਦੂਜੇ ਧਰਮਾਂ ਦੇ ਲੋਕਾਂ ਸਾਹਮਣੇ ਵੀ ਰੱਖੀਏ। ਆਪਣੀ ਕਿਰਤ ਕਮਾਈ ਵਿਚੋਂ ਕੁਝ ਹਿੱਸਾ ਉਨ੍ਹਾਂ ਲੋਕਾਂ ਤੱਕ ਪਹੁੰਚਾਇਆ ਜਾਵੇ ਜਿਨ੍ਹਾਂ ਨੂੰ ਅਸਲ ਵਿਚ ਲੋੜ ਹੈ। ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਉਹ ਵੀਹ ਰੁਪਏ ਅਜੇ ਵੀ ਖਤਮ ਨਹੀਂ ਹੋਏ-ਜਿਸ ਦੀ ਬਰਕਤ ਨਾਲ ਹਮੇਸ਼ਾ ਅਤੁੱਟ ਲੰਗਰ ਚੱਲ ਰਹੇ ਹਨ ਅਤੇ ਚੱਲਦੇ ਰਹਿਣਗੇ। ਗੁਰੂ ਨਾਨਕ ਦੇਵ ਜੀ ਦੇ ਲੰਗਰ ਦੀ ਰਸਦ ਵਿਚ ਜ਼ਰੂਰ ਹਿੱਸਾ ਪਾਓ ਤਾਂ ਜੋ ਭੁੱਖੇ ਅਤੇ ਲੋੜਵੰਦ ਲੋਕਾਂ ਦੀ ਮਦਦ ਹੋ ਸਕੇ ਜੋ ਕਿਸੇ ਵੀ ਕਾਰਨ ਕਰਕੇ ਇਸ ਸਮੇਂ ਖਾਣ-ਪੀਣ ਦੀ ਸਮਗਰੀ ਲਈ ਲੋੜਵੰਦ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ 21 ਨਵੰਬਰ ਨੂੰ ਹੈ ਜੋ ਵੱਖ ਵੱਖ ਗੁਰੂ ਘਰਾਂ ਵਲੋਂ ਅੱਗੇ-ਪਿਛੇ ਮਨਾਇਆ ਜਾਵੇਗਾ। ਸਾਡੀ ਬੇਨਤੀ ਹੈ ਕਿ ਸਾਰਾ ਸਿੱਖ ਜਗਤ ਜੇਕਰ ਇਨ੍ਹੀਂ ਦਿਨੀਂ ਭੋਜਨ (ਖਾਣ-ਪੀਣ ਵਾਲੀਆਂ ਵਸਤਾਂ ਜੋ ਕਿ ਬੰਦ ਪੈਕਟਾਂ, ਕੈਨਾਂ ਆਦਿ ਵਿਚ ਹੋਣ ਅਤੇ ਲੰਮੇ ਸਮੇਂ ਤੱਕ ਠੀਕ ਰਹਿ ਸਕਦੀਆਂ ਹੋਣ) ਇਕੱਤਰ ਕਰਕੇ ਜ਼ਰੂਰਤਮੰਦਾਂ ਤੱਕ ਪਹੁੰਚਾ ਸਕੇ ਤਾਂ ਸਾਡੇ ਗੁਰੂ ਦੇ ਲੰਗਰ ਦਾ ਅਸਲ ਮੰਤਵ ਪੂਰਾ ਹੋ ਸਕੇਗਾ ਅਤੇ ਗੁਰੂ ਜੀ ਦਾ ਉਹ ਸੁਨੇਹਾ ਦੂਜੇ ਧਰਮਾਂ ਦੇ ਲੋਕਾਂ ਤੱਕ ਵੀ ਪਹੁੰਚੇਗਾ।

ਇਸ ਵੇਲੇ ਸਾਡੀ ਇਹ ਸ਼ੁਰੂਆਤ ਹੈ, ਪੂਰੇ ਸਾਧਨ ਵੀ ਨਹੀਂ, ਸਰਮਾਇਆ ਵੀ ਨਹੀਂ-ਉਮੀਦ ਹੈ ਕਦੇ ਸਮਾਂ ਆਵੇਗਾ ਜਦੋਂ ਸਿੱਖ ਜਗਤ ਸਭ ਦੇ ਸਹਿਯੋਗ ਨਾਲ ਆਪਣੇ “ਗੁਰੂ ਨਾਨਕ” ਫੂਡ ਬੈਂਕ ਵੀ ਬਣਾ ਸਕਣ ਦੇ ਸਮਰਥ ਹੋਵੇਗਾ। ਇਸ ਸਾਲ ਜੇਕਰ ਅਸੀਂ ਗੁਰੂ ਘਰਾਂ ਵਿਚ ਰਾਸ਼ਨ ਇਕੱਠਾ ਕਰਕੇ ਅਮਰੀਕਨ ਫੂਡ ਬੈਂਕਾਂ ਵਿਚ ਪਹੁੰਚਾ ਸਕੀਏ ਤਾਂ ਇਸ ਪਾਸੇ ਸਾਡਾ ਇਹ ਪਹਿਲਾ ਕਦਮ ਹੋਵੇਗਾ।

ਹਰ ਸ਼ਹਿਰ ਵਿਚ ਅਮਰੀਕਨ ਫੂਡ ਬੈਂਕ ਦੀ ਸਾਖਾ ਹੈ। ਸਾਰੇ ਗੁਰੂ ਘਰਾਂ ਵਿਚ ਭੋਜਨ-ਰਸਦ ਇਕੱਠੀ ਕਰਕੇ ਪਹੁੰਚਾ ਦੇਣਾ ਕੋਈ ਔਖਾ ਕੰਮ ਨਹੀਂ ਹੈ। ਸਮੂਹ ਪ੍ਰਬੰਧਕਾਂ ਅਤੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਬੇਨਤੀ ਹੈ, ਜੋਦੜੀ ਹੈ ਕਿ ਇਸੇ ਹੀ ਵਰ੍ਹੇ ਗੁਰੂ ਜੀ ਦੇ ਜਨਮ ਦਿਨ ਦਾ ਤੋਹਫਾ ਭੇਟਾ ਵਜੋਂ ਪ੍ਰਦਾਨ ਕਰੋ ਜੀ।

**ਕਿਸੇ ਵੀ ਜਾਣਕਾਰੀ ਲਈ ਭਾਈ ਘਨਈਆ ਮਿਸ਼ਨ, ਸੈਕਰਾਮੈਂਟੋ ਦੇ ਇਨ੍ਹਾਂ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ:**

| ਮਨਜੀਤ ਸਿੰਘ | ਅਜੀਤ ਸਿੰਘ | ਸ਼ੇਰ ਸਿੰਘ | ਸੰਤੋਖ ਸਿੰਘ | ਡਾ. ਰਾਜਵੰਤ ਸਿੰਘ ਬੇਦੀ |
|---|---|---|---|---|
| 916-391-7447 | 916-613-9184 | 916-955-8102 | 916-218-8489 | 530-574-1942 |

# ਕੀ ਹੈ ਅਮਰੀਕਾ ਦੀ ਸੀਕਰਿਟ ਸਰਵਿਸ ਏਜੰਸੀ

## ਚਲਦੇ-ਫਿਰਦੇ



ਮਨਦੀਪ ਮਾਨ
ਫੋਨ:661-889-1927

ਤੁਸੀਂ ਕਰੀਬ ਕਰੀਬ ਸਭ ਨੇ ਟੈਲੀਵਿਜ਼ਨ ਉਪਰ ਰਾਸ਼ਟਰਪਤੀ ਨੂੰ ਭਾਸਣ ਕਰਦਿਆਂ ਜਾਂ ਲੋਕਾਂ ਨਾਲ ਹੱਥ ਮਿਲਾਉਂਦਿਆਂ ਦੇਖਿਆ ਹੋਵੇਗਾ ਪਰ ਸ਼ਾਇਦ ਤੁਹਾਡਾ ਧਿਆਨ ਉਸ ਦੇ ਆਸੇ-ਪਾਸੇ ਕਾਲੀਆਂ ਐਨਕਾਂ ਲਾਈ ਖੁਲ੍ਹੇ ਬਟਨਾਂ ਵਾਲੇ ਕੋਟ-ਪੈਂਟ ਪਾਈ ਗੰਭੀਰ ਮੁਦਰਾ ਵਿਚ ਖੜੇ ਵਿਅਕਤੀਆਂ ਵਲ ਨਾ ਗਿਆ ਹੋਵੇ। ਇਹ ਵਿਅਕਤੀ ਹਨ, ਰਾਸ਼ਟਰਪਤੀ ਨੂੰ ਪ੍ਰਦਾਨ ਕੀਤੀ ਜਾਂਦੀ ਸੁਰੱਖਿਆ ਏਜੰਸੀ ਯਾਨਿ ਸੀਕਰਿਟ ਸਰਵਿਸ ਦੇ ਏਜੰਟ।

ਅਮਰੀਕਾ ਦੀ ਸੀਕਰਿਟ ਸਰਵਿਸ ਏਜੰਸੀ ਸੰਨ 1865 ਵਿਚ ਮਰਹੂਮ ਰਾਸ਼ਟਰਪਤੀ ਅਬਰਾਹਮ ਲਿੰਕਨ ਵਲੋਂ ਬਣਾਈ ਗਈ ਸੀ ਪਰ ਇਸ ਏਜੰਸੀ ਨੇ ਅਧਿਕਾਰਤ ਤੌਰ 'ਤੇ 1930 ਵਿਚ ਜਾ ਕੇ ਹੀ ਆਪਣੀ ਵਖਰੀ ਹੋਂਦ ਗ੍ਰਹਿਣ ਕੀਤੀ। ਉਸ ਤੋਂ ਪਹਿਲਾਂ ਇਸ ਏਜੰਸੀ ਕੋਲ ਬਹੁਤ ਸਾਰੇ ਅਪਰਾਧਿਕ ਮਾਮਲਿਆਂ ਸਬੰਧੀ ਕੇਸਾਂ ਨੂੰ ਹੱਲ ਕਰਨ ਦਾ ਅਧਿਕਾਰ ਸੀ ਪਰ ਬਾਅਦ ਵਿਚ ਇਸ ਏਜੰਸੀ ਦਾ ਕੰਮ ਸਿਰਫ ਤੇ ਸਿਰਫ ਅਮਰੀਕੀ ਰਾਸ਼ਟਰਪਤੀ, ਉਪਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਤੇ ਸਾਬਕਾ ਉਪਰਾਸ਼ਟਰਪਤੀ ਦੀ ਸੁਰੱਖਿਆ ਕਰਨਾ ਨਿਸ਼ਚਿਤ ਕਰ ਦਿਤਾ ਗਿਆ।

ਅਜ ਇਸ ਏਜੰਸੀ ਦਾ ਸਾਲਾਨਾ ਬਜਟ 1.5 ਮਿਲੀਅਨ ਡਾਲਰ ਹੈ ਅਤੇ ਇਸ ਵਿਚ 6500 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ ਜਿਨ੍ਹਾਂ ਵਿਚ ਅੱਧੇ ਸਪੈਸ਼ਲ ਏਜੰਟ ਹਨ। ਏਜੰਸੀ ਦੇ ਕੁਲ ਦੁਨੀਆਂ ਵਿਚ 19 ਦਫਤਰ ਹਨ ਤੇ ਅਮਰੀਕਾ ਵਿਚ 136 ਦਫਤਰਾਂ ਤੋਂ ਇਲਾਵਾ ਥੋੜੇ-ਬਹੁਤ ਹੋਰ ਵੀ ਅੱਡੇ ਹਨ।

ਸੀਕਰਿਟ ਸਰਵਿਸ ਏਜੰਟਾਂ ਦਾ ਮੁਖ ਕੰਮ ਅਮਰੀਕਾ ਦੇ ਰਾਸ਼ਟਰਪਤੀ ਅਤੇ ਉਸ ਦੇ ਪਰਿਵਾਰ ਦੀ ਸੁਰੱਖਿਆ ਕਰਨਾ ਹੁੰਦਾ ਹੈ। ਇਹ ਸਭ ਕੁਝ ਕਰਨ ਲਈ ਉਨ੍ਹਾਂ ਨੂੰ ਬੜੇ ਕਠਿਨ ਅਭਿਆਸਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਸ ਵਿਚ ਸਰੀਰਕ ਟੈਸਟ ਅਤੇ ਇਸ ਵਿਚ ਖਾਸ ਤੌਰ 'ਤੇ ਅੱਖਾਂ ਦੀ ਨਜ਼ਰ 20/20 ਹੋਣਾ ਬਹੁਤ ਜਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਹਥਿਆਰਾਂ ਦੀ ਟਰੇਨਿੰਗ ਵੀ ਸ਼ਾਮਲ ਹੁੰਦੀ ਹੈ।



*ਸੀਕਰਿਟ ਸਰਵਿਸ ਏਜੰਸੀ ਦਾ ਸੁਰੱਖਿਆ ਘੇਰਾ*

ਅਮਰੀਕਾ ਦਾ ਰਾਸ਼ਟਰਪਤੀ ਸੀਕਰਿਟ ਸਰਵਿਸ ਦੇ ਏਜੰਟਾਂ ਦੀ ਇਜ਼ਾਜਤ ਤੋਂ ਬਿਨਾ ਆਪਣੇ ਤੌਰ 'ਤੇ ਕਿਸੇ ਪਾਰਟੀ ਵਿਚ, ਕਿਸੇ ਦੇਸ਼ ਦੀ ਯਾਤਰਾ 'ਤੇ ਨਹੀਂ ਜਾ ਸਕਦਾ ਜਾਂ ਫਿਰ ਵਾਈਟ ਹਾਊਸ ਵਿਚ ਕਿਸੇ ਵੀ ਇਨਸਾਨ ਨੂੰ ਭਾਵੇਂ ਉਹ ਉਸਦੇ ਕਿਡਾ ਵੀ ਕਰੀਬੀ ਕਿਉਂ ਨਾ ਹੋਵੇ ਜਾਂ ਜੋ ਮਰਜੀ ਹੋਵੇ, ਆਪਣੀ ਮਰਜੀ ਨਾਲ ਨਹੀਂ ਬੁਲਾ ਸਕਦਾ। ਏਜੰਟਾਂ ਦੀ ਇਜ਼ਾਜਤ ਤੋਂ ਬਗੈਰ ਰਾਸ਼ਟਰਪਤੀ ਵਾਈਟ ਹਾਊਸ ਤੋਂ ਬਾਹਰ ਕਿਤੇ ਸਵੇਰ ਦੀ ਸੈਰ ਵੀ ਨਹੀਂ ਕਰ ਸਕਦਾ। ਇਸ ਖਾਤਰ ਵੀ ਸੀਕਰਿਟ ਸਰਵਿਸ ਦੇ ਏਜੰਟ ਰਾਸ਼ਟਰਪਤੀ ਦੇ ਨਾਲ ਨਾਲ ਦੌੜਨਗੇ।

ਸੀਕਰਿਟ ਸਰਵਿਸ ਦੇ ਏਜੰਟਾਂ ਨੂੰ ਅਜਿਹੀ ਸਿਖਲਾਈ ਦਿਤੀ ਜਾਂਦੀ ਹੈ ਕਿ ਉਹ ਰਾਸ਼ਟਰਪਤੀ ਦੀ ਸੁਰੱਖਿਆ ਲਈ ਆਪਣੀ ਜਾਨ ਦੀ ਬਾਜੀ ਲਗਾਉਣ ਤੋਂ ਜਰਾ ਵੀ ਨਹੀਂ ਝਿਜਕਦੇ। ਮਰਹੂਮ ਰਾਸ਼ਟਰਪਤੀ ਕੈਨੇਡੀ ਉਤੇ ਹੋਏ ਹਮਲੇ ਸਮੇਂ ਉਸਦੀ ਖੁਲ੍ਹੀ ਕਾਰ ਵਿਚ ਪਿਛੇ ਖੜੇ ਹੋਏ ਏਜੰਟ ਦੀ ਗੋਲੀ ਲਗਣ ਕਾਰਨ ਮੌਤ ਹੋ ਗਈ ਸੀ। ਉਸ ਤੋਂ ਪਿਛੋਂ 30 ਮਾਰਚ 1981 ਨੂੰ ਉਦੋਂ ਦੇ ਰਾਸ਼ਟਰਪਤੀ ਸ੍ਰੀ ਰੀਗਨ ਉਤੇ ਹੋਏ ਹਮਲੇ (ਜਿਸ ਵਿਚ ਸ੍ਰੀ ਰੀਗਨ ਜ਼ਖਮੀ ਹੋ ਗਏ ਸਨ) ਵਿਚ ਵੀ ਏਜੰਸੀ ਦੇ ਏਜੰਟ ਰਾਸ਼ਟਰਪਤੀ ਨੂੰ ਬਚਾਉਂਦਿਆਂ ਜਖਮੀ ਹੋ ਗਏ ਸਨ ਪਰ ਉਨ੍ਹਾਂ ਸ੍ਰੀ ਰੀਗਨ ਉਪਰ ਆਪਣੇ-ਆਪ ਨੂੰ ਡੇਗ ਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਲਿਆ ਸੀ। ਇਸੇ ਹੀ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਫੋਰਡ ਉਪਰ ਵੀ ਦੋ ਵਾਰ ਜਾਨਲੇਵਾ ਹਮਲਾ ਹੋਇਆ ਜੋ ਸੀਕਰਿਟ ਸਰਵਿਸ ਦੇ ਏਜੰਟਾਂ ਨੇ ਅਸਫਲ ਬਣਾ ਦਿਤਾ। 11 ਸਤੰਬਰ 2001 ਨੂੰ ਅਮਰੀਕਾ ਦੇ ਜੁੜਵੇਂ ਟਾਵਰਾਂ ਉਪਰ ਹਮਲੇ ਤੋਂ ਬਾਅਦ ਸੀਕਰਿਟ ਸਰਵਿਸ ਦੇ 67 ਏਜੰਟ ਮੌਕੇ ਉਪਰ ਪਹੁੰਚੇ ਅਤੇ ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਬਚਾਈਆਂ। ਉਸ ਸਮੇਂ ਇਕ ਏਜੰਟ ਦੀ ਵੀ ਲੋਕਾਂ ਨੂੰ ਬਚਾਉਂਦਿਆਂ ਮੌਤ ਹੋ ਗਈ ਸੀ।

ਸੀਕਰਿਟ ਸਰਵਿਸ ਏਜੰਸੀ ਵਿਚ ਦੁਨੀਆਂ ਦੇ ਚੋਟੀ ਦੇ ਸਨਾਈਪਰ ਸੂਟਰ ਸ਼ਾਮਲ ਹਨ ਜੋ ਕਿ ਲੋੜ ਪੈਣ 'ਤੇ ਆਪਣੀ ਅਤਿ ਆਧੁਨਿਕ ਸਨਾਈਪਰ ਰਾਈਫਲ ਨਾਲ ਇਕ ਲੱਖ ਤੋਂ ਵੱਧ ਦੀ ਭੀੜ ਵਿਚੋਂ ਹਮਲਾਵਰ ਨੂੰ ਪਹਿਚਾਣ ਕੇ ਠੀਕ ਨਿਸ਼ਾਨਾ ਸਾਧ ਸਕਦੇ ਹਨ ਜਿਸ ਦਾ ਕਿ ਆਸੇ ਪਾਸੇ ਦੀ ਭੀੜ ਨੂੰ ਭੋਰਾ ਵੀ ਗਿਆਨ ਨਹੀਂ ਹੁੰਦਾ। ਇਸ ਵੇਲੇ ਏਜੰਸੀ ਕੋਲ ਪੰਦਰਾਂ ਸ਼ਾਰਪ ਸੂਟਰ ਮੌਜੂਦ ਹਨ ਜੋ ਕਿ ਕਿਸੇ ਵੀ ਹੰਗਾਮੀ ਹਾਲਤ ਵਿਚ ਰਾਸ਼ਟਰਪਤੀ ਤੋਂ ਪੰਜ ਇੰਜ ਦੀ ਦੂਰੀ ਉਤੇ ਖੜ੍ਹੇ ਕਿਸੇ ਵੀ ਹਮਲਾਵਰ ਨੂੰ ਨੇਸਤੋ-ਨਾਬੂਦ ਕਰਨ ਦੀ ਸਮਰਥਾ ਰੱਖਦੇ ਹਨ।

ਰਾਸ਼ਟਰਪਤੀ ਦੀ ਸੇਵਾ ਵਿਚ ਲੱਗੇ ਏਜੰਟਾਂ ਨੂੰ ਆਪਣੇ ਕੋਟ ਦੇ ਬਟਨ ਬੰਦ ਕਰਨ ਦੀ ਇਜਾਜ਼ਤ ਨਹੀਂ ਹੈ ਕਿਉਂਕਿ ਹੰਗਾਮੀ ਹਾਲਤ ਵਿਚ ਇਹ ਉਨ੍ਹਾਂ ਵਲੋਂ ਆਪਣੇ ਲੁਕਾਏ ਹੋਏ ਹਥਿਆਰ ਕੱਢਣ ਵਿਚ ਅੜਿੱਕਾ ਬਣ ਸਕਦੇ ਹਨ। ਸੋ, ਜਦੋਂ ਵੀ ਤੁਸੀਂ ਅਮਰੀਕਾ ਦੇ ਰਾਸ਼ਟਰਪਤੀ ਦੇ ਸੁਰੱਖਿਆ ਘੇਰੇ ਨੂੰ ਦੇਖਦੇ ਹੋ ਤਾਂ ਤੁਸੀਂ ਸਾਫ ਦੇਖ ਸਕਦੇ ਹੋ ਕਿ ਸਭਨਾਂ ਦੀ ਬਟਨ ਖੁੱਲ੍ਹੇ ਰਹਿੰਦੇ ਹਨ।

ਸੀਕਰਿਟ ਸਰਵਿਸ ਦੇ ਏਜੰਟਾਂ ਕੋਲ ਹਥਿਆਰ ਵੀ ਅਤਿ ਆਧੁਨਿਕ ਹੁੰਦੇ ਹਨ ਜਿਨ੍ਹਾਂ ਵਿਚ ਐਫ ਐਨ 57 ਪਿਸਟਲ ਅਤੇ ਐਫ ਐਨ ਪੀ 90 ਸਬ ਮਸ਼ੀਨਗਨ ਵੀ ਸ਼ਾਮਲ ਹੈ। ਇਨ੍ਹਾਂ ਦਾ ਨਿਸ਼ਾਨਾ ਬੜਾ ਸਟੀਕ ਹੁੰਦਾ ਹੈ। ਇਨ੍ਹਾਂ ਹਥਿਆਰਾਂ ਨੂੰ ਲੁਕੋ ਕੇ ਰੱਖਣਾ ਅਤੇ ਮੌਕੇ 'ਤੇ ਵਰਤਣਾ ਵੀ ਇਨ੍ਹਾਂ ਏਜੰਟਾਂ ਦਾ ਮੁੱਖ ਕੰਮ ਹੁੰਦਾ ਹੈ। ਆਮ ਆਦਮੀ ਸਿਰਫ ਰਾਸ਼ਟਰਪਤੀ ਦੇ ਦੁਆਲੇ ਖੜ੍ਹੇ 4-5 ਵਿਅਕਤੀਆਂ ਦੇ ਕੰਨਾਂ ਵਿਚ ਲੱਗੀ ਇਕ ਤਾਰ ਵਾਲੀ ਮਸ਼ੀਨ ਨੂੰ ਹੀ ਦੇਖਦੇ ਹਨ ਜਦਕਿ ਅਸਲੀ ਮਸ਼ੀਨ ਏਜੰਟਾਂ ਦੇ ਖੱਬੇ ਪਾਸੇ ਕੋਟ ਦੇ ਮੁੱਖ ਕਾਲਰ ਉਪਰ ਲੱਗੀ ਹੁੰਦੀ ਹੈ ਜਿਸ ਨੂੰ ਕਿ ਕੋਡ ਦੇ ਜ਼ਰੀਏ ਹੀ ਬੁਲਾਇਆ ਜਾ ਸਕਦਾ ਹੈ। ਸੁਰੱਖਿਆ ਖਾਤਰ ਇਹ ਕੋਡ ਹਰ ਰੋਜ਼ ਬਦਲਦਾ ਰਹਿੰਦਾ ਹੈ।

ਜੇ ਤੁਸੀਂ ਵੀ ਸੀਕਰਿਟ ਸਰਵਿਸ ਦੇ ਏਜੰਟ ਬਣਨਾ ਚਾਹੁੰਦੇ ਹੋ ਤੇ ਤੁਹਾਡੀ ਉਮਰ 21 ਤੋਂ 37 ਸਾਲ ਦਰਮਿਆਨ ਹੈ ਤਾਂ ਕਿਰਪਾ ਕਰਕੇ ਆਪਣੀ ਯੋਗਤਾ ਜ਼ਰੂਰ ਵਰਤੋ ਅਤੇ ਲਓ ਇਕ ਵੱਖਰਾ ਹੀ ਅਨੰਦ ਜਿਸ ਦੀ ਤੁਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ।




## ਸ਼ਮੀਲ ਦੀਆਂ ਕਵਿਤਾਵਾਂ ਦੀ ਐਲਬਮ ਰਿਲੀਜ਼




**ਪਟਿਆਲਾ:** ਸ਼ਮੀਲ ਦੀਆਂ ਪ੍ਰਗੀਤਕ ਕਵਿਤਾਵਾਂ ਦੀ ਐਲਬਮ 'ਵਰ ਦੇ ਦੇ ਮੇਰੇ ਵਿਜੋਗ ਨੂੰ' ਬੀਤੇ ਦਿਨੀਂ ਇਥੇ ਪੰਜਾਬੀ ਯੂਨੀਵਰਸਿਟੀ ਵਿਚ ਉਸ ਦੀ ਗੈਰ ਹਾਜ਼ਰੀ ਵਿਚ ਇਕ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਸ਼ਮੀਲ ਅੱਜ ਕਲ੍ਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਰਹਿੰਦਾ ਹੈ।

ਇਸ ਐਲਬਮ ਵਿਚ ਸ਼ਮੀਲ ਨੇ ਆਪਣੀਆਂ ਕਵਿਤਾਵਾਂ ਨੂੰ ਤਰੰਨੁਮ ਵਿਚ ਪੇਸ਼ ਕੀਤਾ ਹੈ। ਇਹ ਐਲਬਮ ਯੂਨੀਸਟਾਰ ਬੁਕਸ, ਚੰਡੀਗੜ੍ਹ ਵਲੋਂ ਤਿਆਰ ਕੀਤੀ ਗਈ ਹੈ। ਰਿਲੀਜ਼ ਸਮਾਰੋਹ ਮੌਕੇ ਖੱਬਿਓਂ ਸੱਜੇ ਭਾਰਤੀ ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਡਾ. ਸੁਤਿੰਦਰ ਸਿੰਘ ਨੂਰ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਯੂਨੀਸਟਾਰ ਬੁੱਕਸ ਦੇ ਪ੍ਰੈਜ਼ੀਡੈਂਟ ਹਰੀਸ਼ ਜੈਨ ਅਤੇ ਪ੍ਰਮੁੱਖ ਪੰਜਾਬੀ ਸ਼ਾਇਰ ਸੁਰਜੀਤ ਪਾਤਰ। ***ਫੋਟੋ ਤੇ ਵੇਰਵਾ:ਅਜੇ ਸ਼ਰਮਾ***






# ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦਾ ਸਿਟੀ ਆਫ ਸੈਨ ਹੋਜ਼ੇ ਵਲੋਂ ਸਨਮਾਨ

**ਸੈਨ ਹੋਜ਼ੇ:** ਸਿਟੀ ਆਫ ਸੈਨ ਹੋਜ਼ੇ ਵਲੋਂ ਇਥੇ ਸਿਟੀ ਹਾਲ ਵਿਚ ਸਿੱਖ ਧਰਮ ਬਾਰੇ ਇਕ ਖਾਸ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦਾ ਸੈਨ ਹੋਜ਼ੇ ਦੇ ਮੇਅਰ ਚੱਕ ਰੀਡ ਵਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਹ ਸਮਾਗਮ ਕੈਲੀਫੋਰਨੀਆ ਸਰਕਾਰ ਵਲੋਂ ਨਵੰਬਰ ਮਹੀਨੇ ਨੂੰ ਸਿੱਖ ਚੇਤਨਾ ਅਤੇ ਪ੍ਰਸ਼ੰਸਾ ਮਹੀਨੇ ਵਜੋਂ ਮਨਾਏ ਜਾਣ ਦੇ ਸਿਲਸਿਲੇ ਵਿਚ ਕੀਤਾ ਗਿਆ ਸੀ। ਇਸ ਮੌਕੇ ਮੇਅਰ ਚੱਕ ਰੀਡ ਤੋਂ ਇਲਾਵਾ ਕਰੀਬ ਸਾਰੇ ਸਿਟੀ ਕੌਂਸਲ ਮੈਂਬਰ ਹਾਜ਼ਰ ਸਨ।

ਮੇਅਰ ਚੱਕ ਰੀਡ, ਕੌਂਸਲ ਮੈਂਬਰ ਰੋਜ਼ ਹਰੇਰਾ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਅਤੇ ਸਿੱਖਾਂ ਵਲੋਂ ਅਮਰੀਕਾ ਦੀ ਤਰੱਕੀ ਲਾਈ ਪਾਏ ਯੋਗਦਾਨ ਦੀ ਤਾਰੀਫ ਕੀਤੀ।

ਇਸ ਸਮਾਗਮ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਕਮੇਟੀ ਮੈਂਬਰ ਕਿਰਪਾਲ ਸਿੰਘ ਅਟਵਾਲ, ਨੀਤੂ ਸਿੰਘ ਕਾਹਲੋਂ, ਸੁਰਜੀਤ ਸਿੰਘ ਬੈਂਸ, ਸੁਰਿੰਦਰ ਸਿੰਘ ਪੁਰੇਵਾਲ, ਸੁਖਦੇਵ ਸਿੰਘ ਬੈਣੀਵਾਲ, ਸਰਬਜੋਤ ਸਿੰਘ ਸਵੱਦੀ ਅਤੇ ਬੀਬੀ ਰਾਜਿੰਦਰ ਕੌਰ (ਧਰਮਪਤਨੀ ਭੁਪਿੰਦਰ ਸਿੰਘ ਢਿੱਲੋਂ) ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਥੇ ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਅਸੈਂਬਲੀ ਵਲੋਂ ਪਾਸ ਕੀਤੇ ਗਏ ਮਤੇ (ਏ ਸੀ ਆਰ-181) ਅਨੁਸਾਰ ਸਿੱਖ ਸਕੂਲਾਂ ਅਤੇ ਹੋਰ ਸਥਾਨਾਂ 'ਤੇ ਸਿੱਖ ਧਰਮ ਬਾਰੇ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਨ। ਵੱਖ-ਵੱਖ ਸਿੱਖ ਸੰਸਥਾਵਾਂ ਕੈਲੀਫੋਰਨੀਆ ਸਰਕਾਰ ਦੇ ਇਸ ਫੈਸਲੇ ਦਾ ਲਾਭ ਉਠਾ ਕੇ ਆਪੋ-ਆਪਣੇ ਤਰੀਕੇ ਅਨੁਸਾਰ ਸਿੱਖ ਧਰਮ ਦੇ ਪ੍ਰਚਾਰ ਲਈ ਜੁਟੀਆਂ ਹੋਈਆਂ ਹਨ। ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਗੁਰੂਘਰ ਵਲੋਂ ਚਲਾਏ ਜਾਂਦੇ ਖਾਲਸਾ ਸਕੂਲ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਟਰੇਨਿੰਗ ਕਲਾਸਾਂ ਲਾਈਆਂ ਜਾ ਰਹੀਆਂ ਹਨ ਅਤੇ ਪੋਸਟਰ ਬਣਾ ਕੇ ਦਿੱਤੇ ਜਾ ਰਹੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਤੇ ਹੋਰ ਸਿੱਖ ਸ਼ਖਸੀਅਤਾਂ ਅਤੇ ਸਿੱਖ ਧਰਮ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ।



*ਮੇਅਰ ਚੱਕ ਰੀਡ, ਸਿਟੀ ਕੌਂਸਲ ਮੈਂਬਰ ਰੋਜ਼ ਹਰੇਰਾ, ਬੀਬੀ ਰਾਜਿੰਦਰ ਕੌਰ ਢਿੱਲੋ, ਸਰਬਜੋਤ ਸਿੰਘ ਸਵੱਦੀ, ਹਰਦੇਵ ਸਿੰਘ ਤੱਖਰ, ਸੁਰਿੰਦਰ ਸਿੰਘ ਪੁਰੇਵਾਲ, ਕਿਰਪਾਲ ਸਿੰਘ ਅਟਵਾਲ, ਨੀਤੂ ਸਿੰਘ ਕਾਹਲੋਂ, ਸੁਰਜੀਤ ਸਿੰਘ ਬੈਂਸ ਅਤੇ ਸੁਖਦੇਵ ਸਿੰਘ ਬੈਣੀਵਾਲ*

*To Advertise with Punjab Times Call: 847-359-0746*










# ਐਨ ਆਰ ਆਈ ਸਭਾ ਨੇਵਾਡਾ ਦਾ ਗਠਨ

**ਬੇਕਰਜ਼ਫੀਲਡ:** ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਅਤੇ ਪ੍ਰਧਾਨ ਸ. ਜਸਪ੍ਰੀਤ ਸਿੰਘ ਨੇ ਪੰਜਾਬ ਦੇ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਸਲਾਹ ਪਿਛੋਂ ਨੇਵਾਡਾ ਸਟੇਟ ਦੀ ਐਨ ਆਰ ਆਈ ਸਭਾ ਦਾ ਗਠਨ ਕਰ ਦਿੱਤਾ ਹੈ।



ਰਣਬੀਰ ਸਿੰਘ ਛੀਨਾ



ਕਮਲ ਸਿੰਘ ਸਿੱਧੂ



ਗੁਰਵਿੰਦਰ ਸਿੰਘ ਸੰਧੂ

ਸਭਾ ਦੇ ਮੀਡੀਆ ਸਲਾਹਕਾਰ ਮਨਦੀਪ ਮਾਨ ਅਨੁਸਾਰ ਇਸ ਇਕਾਈ ਦੇ ਚੇਅਰਮੈਨ ਰਣਬੀਰ ਸਿੰਘ ਛੀਨਾ, ਪ੍ਰਧਾਨ ਗੁਰਵਿੰਦਰ ਸਿੰਘ ਸੰਧੂ (ਸਾਬੀ), ਵਾਈਸ ਚੇਅਰਮੈਨ ਜਤਿੰਦਰ ਸ਼ਰਮਾ, ਸਤਪਾਲ ਤੇ ਹਰਭੇਜ ਸਿੰਘ, ਸਕੱਤਰ ਜਨਰਲ ਕਮਲ ਸਿੰਘ ਸਿੱਧੂ, ਸੀਨੀਅਰ ਮੀਤ ਪ੍ਰਧਾਨ ਬਹਾਦਰ ਸਿੰਘ ਗਰੇਵਾਲ (ਬਾਬ ਗਰੇਵਾਲ), ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਕਪੂਰ, ਅਨਿਲ ਕੁਮਾਰ ਕਾਲੀਆ, ਸੁਰਜੀਤ ਸਿੰਘ ਸਮਰਾ ਅਤੇ ਸੁਰਜੀਤ ਸਿੰਘ ਹੀਰਾ, ਜਨਰਲ ਸਕੱਤਰ ਕਰਮਜੀਤ ਸਿੰਘ, ਇੰਦਰਪਾਲ ਸਿੰਘ ਤੇ ਸਤਨਾਮ ਸਿੰਘ, ਸਕੱਤਰ ਦਿਲਰਾਜ ਸਿੰਘ ਤੇ ਗੁਰਦੀਪ ਸਿੰਘ, ਮੀਤ ਸਕੱਤਰ ਇੰਦਰਜੀਤ ਸਿੰਘ ਜੱਜ, ਸ਼ਿਵਦੀਪ ਸਿੰਘ ਤੇ ਬਲਵਿੰਦਰ ਸਿੰਘ ਥਿੰਦ ਅਤੇ ਖਜ਼ਾਨਚੀ ਹਰਪ੍ਰੀਤ ਸਿੰਘ ਮਾਂਗਟ ਬਣਾਏ ਗਏ ਹਨ।













ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ ਵਲੋਂ ਗਾਹਕਾਂ ਅਤੇ ਸਰਪ੍ਰਸਤਾਂ ਨੂੰ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

# Kash Fabrics

One Stop Shopping Center
29576 Mission Blvd, Hayward, CA 94544 Phone: 510-538-1138

ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

26 ਸਾਲ ਤੋਂ ਤੁਹਾਡੀ ਸੇਵਾ ਵਿਚ
The Name You Can Trust

ਤੁਹਾਡੇ ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ ਅਤੇ ਬੱਚਿਆਂ ਦੇ ਪੰਜਾਬੀ ਸੂਟ

*Bridal
*Boutique
*Jewelry



Brand New Shipment of Designer Ladies Suits and other Dress Material

ਸੂਟਾਂ, ਸਾੜੀਆਂ ਅਤੇ ਲਹਿੰਗਿਆਂ ਨਾਲ ਮੈਚ ਕਰਦੀ ਮਨਮੋਹਕ ਅਤੇ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੇਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

Visit us on the Web at
www.kashfabrics.com



ਸਪੈਸ਼ਲ ਸੇਲ ➔ ਬਰੇਕਸ 89.99

GILL EXPRESS
Fast & Friendly Service

# WASH, TIRE & REPAIR



ਪੰਜਾਬੀ ਢਾਬਾ

Tractor Wash .................. $ 29.99
Full Service Oil Change... $189.99
Flat Repair .................. $ 35.00
☞ Mount & Dismount .................. $ 25.00
☞ Hourly Labor Rate .................. $ 60.00

We are a full service repair shop, From a simple seal to a new transmission, We have you covered.

ਵਧੀਆ ਕੁਆਲਟੀ ਦੇ ਟਾਇਰ ਸਸਤੇ ਰੇਟਾਂ 'ਤੇ ਲੈਣ ਲਈ ਕਾਲ ਕਰੋ

Oklahoma City • 405-324-8473 Spiceland IN • 765-987-7000 Madera CA • 559-673-8473
Bakersfield CA • 661-369-4368 Ripon CA • 209-599-6662 Fresno CA • 559-283-2644

ੴ ਸਤਿਗੁਰ ਪ੍ਰਸਾਦਿ



# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ
# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

*ਧੰਨ ਧੰਨ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ 'ਕਿਰਤ ਕਰੋ,' 'ਵੰਡ ਛਕੋ,' ਅਤੇ 'ਨਾਮ ਜਪੋ'।*
*ਆਓ ਆਪਾਂ ਸਾਰੇ ਗੁਰੂ ਸਾਹਿਬ ਦੇ ਉਪਦੇਸ਼ 'ਤੇ ਚਲਦੇ ਹੋਏ ਆਪਣਾ ਜਨਮ ਸਫਲਾ ਕਰੀਏ।*

ਪੰਥ ਦੇ ਦਾਸ

ਜੀਤ ਸਿੰਘ ਬੈਣੀਵਾਲ, ਸੁਖਦੇਵ ਸਿੰਘ ਬੈਣੀਵਾਲ, ਹਿੰਮਤ ਸਿੰਘ ਬੈਣੀਵਾਲ
ਅਤੇ ਪਰਿਵਾਰ (ਸੈਨ ਹੋਜ਼ੈ, ਕੈਲੀਫੋਰਨੀਆ)

ਫੋਨ: 408-421-9463

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।

## ਰੱਬ ਨੂੰ ਤੈਂ ਕੀ ਦਰਦ ਨਾ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਭਾਈਚਾਰੇ ਨੂੰ

# ਕੋਟਾਨਿ ਕੋਟਿ ਵਧਾਈ



ਸ. ਪ੍ਰੀਤਮ ਸਿੰਘ ਗਰੇਵਾਲ

ਸੰਗਤਾਂ ਦਾ ਦਾਸ

## ਪ੍ਰੀਤਮ ਸਿੰਘ ਗਰੇਵਾਲ ਅਤੇ ਸਮੂਹ ਪਰਿਵਾਰ

**Grewal Enterprises**
**San Jose, CA,**
**Ph: 408-406-0703**






**Hardev Gill**
( Chief Financial Officer )



**Gurinderjit Grewal**
( Chief Operational Officer &
Chief executive Midwest States.)



**Karamjit Sidhu**
Karamjit Sidhu (Chief of
operation East Coast)



**Gulinder Gill**
(Chief Executive officer.)

Franchise
owners of Denny's
Restaurants in
NEW YORK
PENNSYLVANIA
WISCONSIN
IOWA
CALIFORNIA

8707, Elk Grove Blvd,
Elk Grove 95624 CA



**Gurdip Gill**
(Chief of operations West
Coast & Midwest).

ੴ ਸਤਿਗੁਰ ਪ੍ਰਸਾਦਿ

ਸਮੂਹ ਸਿੱਖ ਸੰਗਤ ਨੂੰ
ਸਿੱਖ ਪੰਥ ਦੇ ਬਾਨੀ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ

541ਵੇਂ ਆਗਮਨ ਪੁਰਬ ਦੀ

# ਬਹੁਤ ਬਹੁਤ ਵਧਾਈ

ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ
ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ:

# ਰੇਡੀਓ ਚੜ੍ਹਦੀ ਕਲਾ

www.radiock.com

ਚੜ੍ਹਦੀ ਕਲਾ ਫਰੀਮਾਂਟ, ਕੈਲੀਫੋਰਨੀਆ

ਹੋਰ ਜਾਣਕਾਰੀ ਲਈ ਫੋਨ ਕਰੋ

Gurcharan Singh Mann
510-557-0061
Mann@radiock.com

Lakhbir Singh
510-760-9882
Lakhbir@radiock.com

ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਸਟੂਡੀਓ ਦਾ ਨੰਬਰ 510-972-0820

ਰੇਡੀਓ ਚੜ੍ਹਦੀ ਕਲਾ ਦੇ ਸਮੂਹ ਸਰੋਤਿਆਂ, ਵਿਗਿਆਪਕਾਂ, ਗੁਰਬਾਣੀ ਸਪਾਂਸਰਾਂ ਅਤੇ
ਸ਼ੁਭਚਿੰਤਕਾਂ ਦਾ ਅਦਾਰਾ ਰੇਡੀਓ ਚੜ੍ਹਦੀ ਕਲਾ ਵਲੋਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ

ੴ ਸਤਿਗੁਰ ਪ੍ਰਸਾਦਿ

ਫਿਰ ਬਾਬਾ ਗਇਆ ਬਗਦਦਿ ਨੋ ਬਾਹਿਰ ਜਾਇ ਕੀਆ ਅਸਥਾਨਾ।
ਇਕ ਬਾਬਾ ਆਕਾਲ ਰੂਪ ਦੂਜਾ ਰਬਾਬੀ ਮਰਦਾਨਾ ।- ਭਾਈ ਗੁਰਦਾਸ

## ਰਵਿੰਦਰ ਸਿੰਘ (ਰਿੰਪੀ) ਧਾਲੀਵਾਲ ਅਤੇ ਦਰਸ਼ਨ ਕੌਰ ਧਾਲੀਵਾਲ ਵਲੋਂ

ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ ਅਤੇ
ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ ਗੁਰੂ ਨਾਨਕ
ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ




MC# 583299 DOT#1575042



ਰਵਿੰਦਰ ਸਿੰਘ ਧਾਲੀਵਾਲ

# American Freight Corp.

60 Argillite Ave. Lathrop, CA 95330

**Ph: 209-451-1726, Fax: 209-323-5527**

**Ravinder Singh Dhaliwal**

***Cell: 209-405-1544***

SIDHU TRUCK LINE INC.

Exit 36, Interstate Highway 40, Vega TX 79092

ਸਮੂਹ ਸੰਗਤਾਂ, ਟਰੱਕਰ ਭਰਾਵਾਂ ਅਤੇ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

ਕੋਟਾਨਿ ਕੋਟਿ ਵਧਾਈ



CALIFORNIA TO TEXAS DEDICATED VAN & REFER



# ਸਿੱਖੀ ਸਰੂਪ ਵਾਲਾ ਨੌਜਵਾਨ ਅਮਰੀਕੀ ਫ਼ੌਜ 'ਚ ਭਰਤੀ

**ਵਾਸ਼ਿੰਗਟਨ:** ਪੰਜਾਬੀ ਜਿੱਥੇ ਵੀ ਜਾਂਦੇ ਹਨ ਨਵਾਂ ਕੀਰਤੀਮਾਨ ਕਾਇਮ ਕਰਦੇ ਹਨ। ਸਿੱਖੀ ਸਰੂਪ ਵਾਲੇ ਨੌਜਵਾਨ ਸਿਮਰਨਪ੍ਰੀਤ ਸਿੰਘ ਲਾਂਬਾ ਨੇ ਅਮਰੀਕੀ ਫ਼ੌਜੀ 'ਚ ਭਰਤੀ ਹੋ ਕੇ ਇਹ ਧਰਾਨਾ ਹੋਰ ਪੀਢੀ ਕਰ ਦਿੱਤੀ ਹੈ। ਅਮਰੀਕੀ ਫ਼ੌਜ ਨੇ ਦੋ ਦਹਾਕਿਆਂ ਪਿੱਛੋਂ ਸਾਬਤ ਸੂਰਤ ਸਿੱਖ ਸਿਮਰਨਪ੍ਰੀਤ ਸਿੰਘ ਲਾਂਬਾ ਨੂੰ ਸਿੱਖੀ ਦੇ ਧਾਰਮਿਕ ਚਿੰਨ ਪੱਗ ਬੰਨਣ ਤੇ ਦਾੜ੍ਹੀ ਰੱਖਣ ਦੀ ਛੋਟ ਦੇ ਕੇ ਮੁਢਲੀ ਸਿਖਲਾਈ ਮੁਕੰਮਲ ਕਰਨ ਪਿੱਛੋਂ ਸੈਨਿਕ ਵਜੋਂ ਭਰਤੀ ਕਰ ਲਿਆ ਹੈ। ਉਸ ਨੂੰ ਧਾਰਮਿਕ ਚਿੰਨ ਰੱਖਣ ਦੀ ਛੋਟ ਇਸ ਲਈ ਦਿੱਤੀ ਹੈ ਕਿਉਂਕ ਫ਼ੌਜ ਨੂੰ ਉਸ ਦੀ ਪੰਜਾਬੀ ਤੇ ਹਿੰਦੀ ਵਿਚ ਮੁਹਾਰਤ ਦੀ ਲੋੜ ਸੀ।




ਫ਼ੌਜ ਨੇ ਲਾਂਬਾ ਦੀ ਹਿੰਦੀ ਤੇ ਪੰਜਾਬੀ ਭਾਸ਼ਾ ਵਿਚ ਮੁਹਾਰਤ ਨੂੰ ਦੇਖਦੇ ਹੋਏ ਸਾਲ 2009 ਵਿਚ ਉਸ ਨੂੰ ਭਰਤੀ ਕੀਤਾ ਸੀ। ਸ੍ਰੀ ਲਾਂਬਾ ਨੇ ਪੱਗ ਤੇ ਦਾੜ੍ਹੀ ਨਾਲ ਫੋਰਟ ਜੈਕਸਨ ਵਿਚ ਆਪਣੀ ਸਿਖਲਾਈ ਪੂਰੀ ਕੀਤੀ। ਉਹ ਹੁਣ ਅਮਰੀਕੀ ਨਾਗਰਿਕ ਬਣ ਗਏ ਹਨ। ਸ੍ਰੀ ਲਾਂਬਾ ਨੇ ਕਿਹਾ ਕਿ ਉਹ ਆਪਣੇ ਸਾਥੀ ਸੈਨਿਕਾਂ ਤੇ ਅਮਰੀਕਾ ਲਈ ਕੰਮ ਕਰਨ ਪ੍ਰਤੀ ਕਾਫੀ ਉਤਸ਼ਾਹਿਤ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਹ ਆਪਣੀ ਸਿਖਲਾਈ ਦੇ ਸਾਰੇ ਪਹਿਲੂਆਂ 'ਤੇ ਅਮਲ ਕਰੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀ ਸੈਨਿਕਾਂ ਤੋਂ ਮਿਲੇ ਸਹਿਯੋਗ ਤੋਂ ਬਹੁਤ ਖੁਸ਼ ਹੈ। ਅਮਰੀਕਾ ਦੀ ਵਰਤਮਾਨ ਨੀਤੀ ਉਨ੍ਹਾਂ ਸਿੱਖਾਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦੀ ਜਿਹੜੇ ਪੱਗ ਬੰਨ੍ਹਦੇ ਹਨ ਤੇ ਦਾੜ੍ਹੀ ਰੱਖਦੇ ਹਨ। ਅਮਰੀਕੀ ਫ਼ੌਜ ਵਿਚ ਸਿਰਫ ਉਹੀ ਸੈਨਿਕ ਪੱਗ ਬੰਨ੍ਹਦੇ ਤੇ ਦਾੜ੍ਹੀ ਰੱਖਦੇ ਹਨ ਜਿਨ੍ਹਾਂ ਨੂੰ ਅਜਿਹਾ ਕਰਨ ਦੀ ਵਿਅਕਤੀਗਤ ਛੋਟ ਮਿਲੀ ਹੋਈ ਹੈ। ਲਾਂਬਾ ਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਉਸ ਨੂੰ ਸਿੱਖ ਮਤ ਦੇ ਧਾਰਮਿਕ ਚਿੰਨ੍ਹਾਂ ਨੂੰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇਗੀ ਪਰ ਮਈ 2010 ਵਿਚ ਉਸ ਨੂੰ ਅਜਿਹੀ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਸ੍ਰੀ ਲਾਂਬਾ ਨੇ ਇਸ ਫ਼ੈਸਲੇ ਵਿਰੁੱਧ ਅਪੀਲ ਕੀਤੀ ਤੇ ਸਤੰਬਰ 2010 ਵਿਚ ਉਸ ਦੀ ਅਪੀਲ ਸਵੀਕਾਰ ਕਰ ਲਈ ਗਈ। ਅਮਰੀਕੀ ਫ਼ੌਜ ਦੀਆਂ ਚਿੰਤਾਵਾਂ ਦੇ ਉਲਟ ਲਾਂਬਾ ਨੇ ਮੁਢਲੀ ਸਿਖਲਾਈ ਦੌਰਾਨ ਇਕ ਸੈਨਿਕ ਦੇ ਸਾਰੇ ਅਭਿਆਸ ਪੂਰੇ ਕੀਤੇ। ਉਸ ਨੇ ਬਾਹਰੀ ਸਿਖਲਾਈ ਦੌਰਾਨ ਛੋਟੀ ਪੱਗ 'ਤੇ ਹੈਲਮਟ ਪਹਿਨਿਆ। ਗੈਸ ਨਕਾਬ ਪਾਉਣ ਦੇ ਅਭਿਆਸ ਦੌਰਾਨ ਉਸ ਨੇ ਸਫਲਤਾ ਪੂਰਵਕ ਨਕਾਬ ਨੂੰ ਸੀਲ ਕਰ ਲਿਆ।

1981 ਵਿਚ ਅਮਰੀਕੀ ਫ਼ੌਜ ਨੇ ਸੈਨਿਕ ਵਜੋਂ ਸੇਵਾ ਨਿਭਾਉਣ ਲਈ ਪੱਗ ਤੇ ਦਾੜ੍ਹੀ ਸਮੇਤ ਸ਼ੱਕੀ ਧਾਰਮਿਕ ਚਿੰਨ੍ਹ ਰੱਖਣ 'ਤੇ ਪਾਬੰਦੀ ਲਾ ਦਿੱਤੀ ਸੀ। ਸਿੱਖਾਂ ਵਲੋਂ ਧਾਰਮਿਕ ਪਛਾਣ ਗੁਆਉਣ ਤੋਂ ਬਿਨਾਂ ਅਮਰੀਕੀ ਫ਼ੌਜ ਵਿਚ ਲੰਬਾ ਸਮਾਂ ਸੇਵਾ ਨਿਭਾਉਣ ਦੇ ਇਤਿਹਾਸ ਦੇ ਬਾਵਜੂਦ ਇਹ ਪਾਬੰਦੀ ਲਾ ਦਿੱਤੀ ਗਈ। ਬਿਨ੍ਹਾਂ ਸ਼ੱਕ ਸਿੱਖਾਂ ਨੂੰ ਅਮਰੀਕੀ ਫ਼ੌਜ ਵਿਚ ਸ਼ਾਮਲ ਕੀਤੇ ਜਾਣ ਦੇ ਯਤਨਾਂ ਨੂੰ ਪਿਛਲੇ ਸਾਲ ਬੂਰ ਪਿਆ ਸੀ ਜਦੋਂ ਮਾਰਚ ਮਹੀਨੇ ਦੰਦਾਂ ਦੇ ਡਾਕਟਰ ਤੇਜਦੀਪ ਸਿੰਘ ਰਤਨ ਦੋ ਦਹਾਕਿਆਂ ਪਿੱਛੋਂ ਪਹਿਲੇ ਸਿੱਖ ਕਮਿਸ਼ਨਡ ਅਧਿਕਾਰੀ ਬਣੇ। ਸਤੰਬਰ ਵਿਚ ਕੈਪਟਨ ਕਮਲਜੀਤ ਸਿੰਘ ਕਲਸੀ ਜਿਹੜਾ ਪੇਸ਼ੇ ਵਜੋਂ ਡਾਕਟਰ ਹੈ, ਨੂੰ ਦੂਸਰਾ ਸਿੱਖ ਕਮਿਸ਼ਨਡ ਅਧਿਕਾਰੀ ਬਣਾਇਆ ਗਿਆ ਸੀ।

# ਲਾਸ ਏਂਜਲਸ 'ਚ ਪਰਵਾਸੀ ਭਾਰਤੀ ਦੀ ਗੋਲੀ ਮਾਰ ਕੇ ਹੱਤਿਆ

**ਲਾਸ ਏਂਜਲਸ:** ਇਥੋਂ ਦੀ ਇਕ ਸਬਰਬ ਰਿਵਰ ਸਾਈਡ ਵਿਚ ਬੀਤੇ ਮੰਗਲਵਾਰ ਇਕ ਸ਼ੱਕੀ ਲੁਟੇਰੇ ਨੇ 45 ਸਾਲਾ ਅਮਰਜੀਤ ਸਿੰਘ ਢੀਂਡਸਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਆਪਣੇ ਸਟੋਰ (800 ਨਾਰਥ ਮਾਊਂਟ ਵਰਨਨ ਐਵਨਿਊ) ਉਪਰ ਕੰਮ ਕਰ ਰਿਹਾ ਸੀ ਕਿ ਲੁੱਟਣ ਦੀ ਨੀਅਤ ਨਾਲ ਆਏ ਵੀਹ ਕੁ ਸਾਲ ਦੇ ਇਕ ਨੌਜਵਾਨ ਨੇ ਉਸ ਉਪਰ ਗੋਲੀ ਚਲਾ ਦਿੱਤੀ। ਅਮਰਜੀਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਆਪਣੇ ਪਿਛੇ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ। ਪੁਲਿਸ ਕਾਤਲ ਦੀ ਭਾਲ ਕਰ ਰਹੀ ਹੈ।



ਅਮਰਜੀਤ ਸਿੰਘ ਪੂਰਨ ਗੁਰਸਿੱਖ ਸੀ ਤੇ ਗੁਰਮਤਿ ਦਾ ਧਾਰਨੀ ਸੀ। ਉਹ ਰੋਜ਼ਾਨਾ ਵਾਂਗ ਆਪਣਾ ਸਟੋਰ ਬੰਦ ਕਰਕੇ ਘਰ ਨੂੰ ਜਾ ਰਿਹਾ ਸੀ ਤਾਂ ਇਕ ਲੁਟੇਰੇ ਨੇ ਉਸ ਨੂੰ ਲੁੱਟਣ ਦੇ ਇਰਾਦੇ ਨਾਲ ਗੋਲੀ ਮਾਰ ਦਿੱਤੀ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਲੁਟੇਰਾ ਬੁਖਲਾ ਕੇ ਬਿਨਾਂ ਨਗਦੀ ਲਏ ਭੱਜ ਗਿਆ।

ਅਮਰਜੀਤ ਸਿੰਘ ਪੰਜਾਬ ਦੀ ਫਿਲੌਰ ਤਹਿਸੀਲ ਦੇ ਪਿੰਡ ਮੋਰੋ ਦਾ ਵਾਸੀ ਸੀ। ਉਹ ਪਿੰਡ ਮੋਰੋ ਦੇ ਸਾਬਕਾ ਸਰਪੰਚ ਅਜਾਇਬ ਸਿੰਘ ਢੀਂਡਸਾ ਦਾ ਭਤੀਜਾ ਸੀ ਅਤੇ ਪਿਛਲੇ 18 ਸਾਲ ਤੋਂ ਲਾਸ ਏਂਜਲਸ ਵਿਚ ਰਹਿ ਰਿਹਾ ਸੀ।

# ਪਤਨੀ ਦੇ ਹੱਤਿਆਰੇ ਨੂੰ ਸਜ਼ਾ ਮੁਆਫੀ ਦੀ ਅਪੀਲ ਮਹਿੰਗੀ ਪਈ

**ਨਵੀਂ ਦਿੱਲੀ:** ਆਪਣੀ ਪਤਨੀ ਦੇ ਕਤਲ 'ਚ ਉਮਰ ਕੈਦ ਭੁਗਤ ਰਹੇ ਸ਼ਖ਼ਸ਼ ਨੂੰ ਆਪਣੀ ਸਜ਼ਾ ਵਿਰੋਧ ਕੀਤੀ ਅਪੀਲ ਉਸ ਸਮੇਂ ਮਹਿੰਗੀ ਪਈ ਜਦੋਂ ਅਦਾਲਤ ਨੇ ਉਸ ਦੀ ਸਜ਼ਾ ਨੂੰ ਮੌਤ ਦੀ ਸਜ਼ਾ 'ਚ ਤਬਦੀਲ ਕਰ ਦਿਤਾ। ਜਸਟਿਸ ਮਾਰਕੰਡੇ ਕਾਟਜੂ ਅਤੇ ਗਿਆਨ ਸੁਧਾ ਮਿਸ਼ਰਾ ਨੇ ਪਟੀਸ਼ਨਰ ਨੂੰ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਇਹ ਸਮਾਜਿਕ ਅਪਰਾਧ ਹਨ। ਇਕ ਸਮਾਜੀ ਤਾਣੇ-ਬਾਣੇ ਵਿਚ ਵਿਘਨ ਪਾਉਂਦੇ ਹਨ ਅਤੇ ਇਨ੍ਹਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਪਟੀਸ਼ਨਰ ਕੇਸ ਦੇ ਤੱਥਾਂ ਬਾਰੇ ਜਿਰ੍ਹਾ ਕਰ ਸਕਦਾ ਹੈ। ਬੈਂਚ ਨੇ ਕਿਹਾ ਕਿ ਸਾਡੀ ਰਾਏ ਮੁਤਾਬਕ ਇਸ ਕੇਸ 'ਚ ਜਿਸ ਕਿਸਮ ਦਾ ਗੁਨਾਹ ਕੀਤਾ ਗਿਆ ਹੈ ਉਹ ਅਜੋਕੀ ਜ਼ਮੀਰ ਨੂੰ ਝੰਜੋੜਦਾ ਹੈ ਅਤੇ ਇਹ ਉਨ੍ਹਾਂ ਵਿਰਲੇ ਟਾਵੇਂ ਕੇਸਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਜਿਸ ਵਿਚ ਫਾਂਸੀ ਦੀ ਸਜ਼ਾ ਦੇਣੀ ਬਣਦੀ ਹੈ।

ਸੁਪਰੀਮ ਕੋਰਟ ਨੇ ਸੁਖਦੇਵ ਸਿੰਘ ਵੱਲੋਂ ਪਾਈ ਅਪੀਲ 'ਤੇ ਇਹ ਹੁਕਮ ਜਾਰੀ ਕੀਤਾ ਹੈ। ਉਸ ਨੂੰ ਆਪਣੀ ਪਤਨੀ ਦਲਜੀਤ ਕੌਰ ਦੀ ਹੱਤਿਆ ਕਰਕੇ ਅਪਰਾਧ ਨੂੰ ਛੁਪਾਉਣ ਲਈ ਲਾਸ਼ ਨੂੰ ਚੋਰੀ ਛਿਪੇ ਸਾੜਨ ਦੇ ਦੋਸ਼ ਵਿਚ ਸੈਸ਼ਨ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਸੈਸ਼ਨ ਕੋਰਟ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਉਸ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ। ਜੱਜਾਂ ਨੇ ਕਿਹਾ ਕਿ ਸਾਡੀ ਰਾਏ ਮੁਤਾਬਕ ਇਹ ਦਲਜੀਤ ਕੌਰ ਦੀ ਬੇਕਿਰਕ ਹੱਤਿਆ ਦਾ ਸਪਸ਼ਟ ਕੇਸ ਹੈ। ਡਾ. ਰਣਜੀਤ ਵੱਲੋਂ ਦਿੱਤੇ ਫੋਰੈਂਸਿਕ ਸਬੂਤਾਂ ਅਨੁਸਾਰ ਮ੍ਰਿਤਕ ਦੀ ਪਹਿਲਾਂ ਗਲ ਘੁੱਟ ਕੇ ਹੱਤਿਆ ਕੀਤੀ ਗਈ ਅਤੇ ਫੇਰ ਉਸ ਨੂੰ ਸਾੜ ਦਿਤਾ ਗਿਆ।ਡਾਕਟਰ ਦੀ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਦਲਜੀਤ ਕੌਰ ਦੀ ਧੌਣ ਦੀਆਂ ਕੁਝ ਹੱਡੀਆਂ ਟੁੱਟੀਆਂ ਸਨ ਅਤੇ ਖੂਨ ਵੀ ਵਗਿਆ ਹੋਇਆ ਸੀ। ਪਹਿਲੀ ਨਜ਼ਰੇ ਇਹ ਆਪਣੇ ਹੱਥੀਂ ਖਾਧੀਆਂ ਸੱਟਾਂ ਨਜ਼ਰ ਨਹੀਂ ਆਉਂਦੀਆਂ। ਪੂਰੇ ਸਰੀਰ 'ਤੇ ਅੱਗ ਦੇ ਨਿਸ਼ਾਨ ਸਨ। ਸੁਖਦੇਵ ਸਿੰਘ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਪਤਨੀ ਨੇ ਖੁਦਕੁਸ਼ੀ ਕੀਤੀ ਸੀ।

# ਭਾਰਤ ਨੂੰ ਮਿਲੀ ਸੰਯੁਕਤ ਰਾਸ਼ਟਰ ਮਹਿਲਾ ਬੋਰਡ ਦੀ ਮੈਂਬਰੀ


**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਵੱਲੋਂ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣਾਈ ਗਈ ਏਜੰਸੀ 'ਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਸਮਾਨਤਾ ਨੂੰ ਵਧਾਵਾ ਦੇਣ ਲਈ ਬਣਾਈ ਗਈ ਨਵੀਂ ਏਜੰਸੀ ਈਰਾਨ ਦੇ ਮੈਂਬਰ ਬਣਨ ਦੇ ਦਾਅਵੇ ਦਾ ਸੰਯੁਕਤ ਰਾਸ਼ਟਰ ਅਤੇ ਮਨੁੱਖੀ ਅਧਿਕਾਰ ਗੁੱਟਾਂ ਵੱਲੋਂ ਵਿਰੋਧ ਕਰਨ ਕਰਕੇ ਭਾਰਤ ਬਾਕੀ 40 ਹੋਰ ਦੇਸ਼ਾਂ ਨਾਲ ਇਸ ਦਾ ਮੈਂਬਰ ਬਣ ਗਿਆ। 'ਯੂ.ਐਨ. ਵੂਮੇਨ' ਨਾਮੀ ਇਹ ਏਜੰਸੀ ਸੰਯੁਕਤ ਰਾਸ਼ਟਰ ਦੀਆਂ ਹੋਰ ਸੰਸਥਾਵਾਂ ਤੋਂ ਮਿਲ ਕੇ ਬਣੀ ਹੈ।

ਇਹ ਏਜੰਸੀ ਇਸ ਸਾਲ ਲਿੰਗ ਸਮਾਨਤਾ ਅਤੇ ਔਰਤਾਂ ਦੇ ਸਸ਼ਕਤੀਕਰਨ ਲਈ ਬਣਾਈ ਗਈ ਹੈ। ਭਾਰਤ ਨੇ ਇਸ ਏਜੰਸੀ ਦੇ 41 ਦੇਸ਼ਾਂ ਦੇ ਕਾਰਜਕਾਰੀ ਬੋਰਡ ਦੀ ਸੀਟ ਹਾਸਿਲ ਕੀਤੀ ਹੈ ਇਸ ਬੋਰਡ 'ਚ ਅਮਰੀਕਾ ਅਤੇ ਬਰਤਾਨੀਆ ਵੀ ਸ਼ਾਮਿਲ ਹਨ।

ਬੇ-ਏਰੀਆ ਕਾਲਜ ਆਫ ਨਰਸਿੰਗ
...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!
* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ
BAY AREA COLLEGE OF NURSING 2004

ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888
3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888
ਪੰਜਾਬੀ ਵਿਚ ਜਾਣਕਾਰੀ ਲੈਣ ਲਈ ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।
www.bayareacollege.net

ਲੋੜ ਹੈ
SIDHU TRUCK LINE INC.
ਕੈਸ਼ੀਅਰ ਅਤੇ ਡੀਜ਼ਲ ਮਕੈਨਿਕ
ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।
ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।
ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
806-678-3832

Realtor & Mortgage Specialist
Bay Area & Central Valley
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Doing Short Sale is much better than Forclosure home.
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
RAJ SINGH
Cell:510-452-7370
RAJ SINGH
M.A., M.Ed Retd. Principal
Realtor & Financial Adviser
Lic#01776459 & OG22467
MISSIONPEAK BROKERS, INC.
46560 Fremont Blvd., Suite #111 Fremont, CA 94538
singhrajpaul@yahoo.com

# ਸੋਨੀਆ ਗਾਂਧੀ ਖਿਲਾਫ਼ ਟਿੱਪਣੀ ਤੋਂ ਕਾਂਗਰਸ ਤੇ ਆਰ.ਐਸ.ਐਸ. ਭਿੜੇ

**ਨਵੀਂ ਦਿੱਲੀ:** ਆਰ.ਐਸ.ਐਸ ਦੇ ਸਾਬਕਾ ਮੁਖੀ ਕੇ.ਐਸ. ਸੁਦਰਸ਼ਨ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਿਰੁੱਧ ਕੀਤੀ ਗਈ



ਬਿਆਨਬਾਜ਼ੀ ਤੋਂ ਬਾਅਦ ਕਾਂਗਰਸ ਤੇ ਆਰ.ਐਸ.ਐਸ. ਆਹਮੋ-ਸਾਹਮਣੇ ਆ ਗਏ ਹਨ। ਕਾਂਗਰਸ ਸਮਰਥਕਾਂ ਨੇ ਦੇਸ਼ ਭਰ ਵਿਚ ਜ਼ਬਰਦਸਤ ਪ੍ਰਦਰਸ਼ਨ ਕੀਤੇ ਮੰਗ ਕੀਤੀ ਕਿ ਆਰ.ਐਸ.ਐਸ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਜਾਵੇ। ਕਈ ਥਾਵਾਂ 'ਤੇ ਕਾਂਗਰਸੀਆਂ ਤੇ ਆਰ.ਐਸ.ਐਸ ਸਮਰਥਕਾਂ ਵਿਚਾਲੇ ਟਕਰਾਅ ਵੀ ਹੋਇਆ। ਦਿੱਲੀ ਵਿਚ ਪੁਲੀਸ ਨੇ ਆਰ.ਐਸ.ਐਸ. ਦੇ ਦਫ਼ਤਰ ਵਿਚ ਦਾਖਲ ਹੋਣ ਦਾ ਯਤਨ ਕਰ ਰਹੇ ਕਾਂਗਰਸ ਕਾਰਕੁਨਾਂ ਨੂੰ ਖਿੰਡਾਉਣ ਲਈ ਪਾਣੀ ਦੀਆਂ ਬੁਛਾੜਾਂ ਮਾਰੀਆਂ। ਕਾਂਗਰਸੀ ਆਗੂਆਂ ਨੇ ਕਿਹਾ ਕਿ ਆਰ.ਐਸ.ਐਸ ਫਿਰਕੂ ਸੰਗਠਨ ਹੈ ਤੇ ਇਸ ਉਪਰ ਪਾਬੰਦੀ ਲਾਈ ਜਾਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਸੁਦਰਸ਼ਨ ਨੇ ਬੀਤੇ ਦਿਨ ਭੂਪਾਲ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੋਨੀਆ ਗਾਂਧੀ ਉਪਰ ਦੋਸ਼ ਲਾਇਆ ਸੀ ਕਿ ਉਹ ਆਪਣੀ ਸੱਸ ਇੰਦਰਾ ਗਾਂਧੀ ਤੇ ਆਪਣੇ ਪਤੀ ਰਾਜੀਵ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਹੈ। ਦੂਜੇ ਪਾਸੇ ਆਰ.ਐਸ.ਐਸ ਨੇ ਆਪਣੇ ਆਪ ਨੂੰ ਇਸ ਬਿਆਨ ਤੋਂ ਇਹ ਕਹਿ ਕੇ ਵੱਖ ਕਰ ਲਿਆ ਸੀ ਕਿ ਸੋਨੀਆ ਬਾਰੇ ਸੁਦਰਸ਼ਨ ਦੇ ਨਿੱਜੀ ਵਿਚਾਰ ਹਨ ਤੇ ਸੰਘ ਦਾ ਇਸ ਨਾਲ ਸਬੰਧ ਨਹੀਂ ਹੈ।

ਕਾਂਗਰਸ ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਵੀ ਇਹ ਮੁੱਦਾ ਉਠਾਇਆ ਸੀ। ਦੂਜੇ ਪਾਸੇ ਭੁਪਾਲ ਦੀ ਅਦਾਲਤ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਿਰੁੱਧ ਅਪਮਾਨਜਨਕ ਸ਼ਬਦਾਵਲੀ ਵਰਤਣ ਲਈ ਸੁਦਰਸ਼ਨ ਵਿਰੁੱਧ ਮਾਣਹਾਨੀ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਚੀਨ ਤਾਂ ਮੇਰੇ ਘਰ ਵਰਗਾ-ਜ਼ਰਦਾਰੀ

**ਇਸਲਾਮਾਬਾਦ:** ਅਮਰੀਕਾ ਵੱਲੋਂ ਭਾਰਤ ਨਾਲ ਨੇੜਤਾ ਵਧਾਉਣ ਨਾਲ ਪਾਕਿਸਤਾਨ ਨੇ ਚੀਨ ਦੇ ਗੁਣ ਗਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਬਾਰੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਚੀਨ, ਉਥੋਂ ਦੀ ਜਨਤਾ ਤੇ ਸੱਭਿਆਚਾਰ ਨਾਲ ਪਿਆਰ ਹੈ ਤੇ ਚੀਨ ਜਾਣਾ ਉਨ੍ਹਾਂ ਨੂੰ ਘਰ ਜਾਣ ਵਰਗਾ ਲੱਗਦਾ ਹੈ। ਪਾਕਿਸਤਾਨ ਦੇ ਰਾਸ਼ਟਰਪਤੀ ਨੇ ਇਹ ਗੱਲ ਚੀਨ ਰਵਾਨਾ ਹੋਣ ਤੋਂ ਪਹਿਲਾਂ ਕਹੀ। ਉਹ ਚੀਨ ਦੇ ਗਵਾਂਗਜ਼ੋ ਵਿਚ ਹੋ ਰਹੀਆਂ ਏਸ਼ੀਆਈ ਖੇਡਾਂ ਦੇਖਣ ਲਈ ਗਏ ਹਨ। ਉਨ੍ਹਾਂ ਕਿਹਾ ਕਿ ਚੀਨ ਪ੍ਰਤੀ ਉਨ੍ਹਾਂ ਦਾ ਬਹੁਤ ਝੁਕਾਅ ਹੈ। ਉਹ ਚੀਨ ਦੇ ਹਰ ਹਿੱਸੇ ਨੂੰ ਪਿਆਰ ਕਰਦੇ ਹਨ। ਇਸ ਦੇਸ਼ ਦੀ ਜਨਤਾ ਤੇ ਸੱਭਿਆਚਾਰ ਦੀ ਖੂਬਸੂਰਤੀ ਨਾਲ ਉਨ੍ਹਾਂ ਨੂੰ ਪਿਆਰ ਹੈ।

ਉਨ੍ਹਾਂ ਦੀ ਤਮੰਨਾ ਹੈ ਕਿ ਉਹ ਸੜਕ ਦੇ ਰਸਤੇ ਚੀਨ ਜਾਣ ਪਰ ਵਰ੍ਹਿਆਂ ਦੀ ਕੋਸ਼ਿਸ਼ ਤੋਂ ਬਾਅਦ ਇਹ ਵੀ ਸੰਭਵ ਨਹੀਂ ਹੋ ਸਕਿਆ। ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਪੁੱਤਰ ਬਿਲਾਵਲ ਨੂੰ ਵੀ ਨਾਲ ਲੈ ਕੇ ਜਾ ਰਹੇ ਹਨ ਜੋ ਕਿ ਉਨ੍ਹਾਂ ਦੇ ਪਾਰਟੀ ਦੇ ਮੁਖੀ ਵੀ ਹਨ।

## ਪ੍ਰਧਾਨ ਮੰਤਰੀ ਦਫ਼ਤਰ ਦੇ ਅਖ਼ਬਾਰਾਂ ਦਾ ਬਿੱਲ 34 ਲੱਖ ਰੁਪਏ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦਫ਼ਤਰ ਦਾ ਪਿਛਲੇ 3 ਸਾਲਾਂ ਦੇ ਅਖ਼ਬਾਰਾਂ ਤੇ ਮੈਗਜ਼ੀਨਾਂ ਦਾ ਬਿੱਲ 34 ਲੱਖ ਰੁਪਏ ਬਣਿਆ ਹੈ। ਇਸ ਦਾ ਖੁਲਾਸਾ ਸੰਸਦੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਵੀ. ਨਰਾਇਣਾਸਵਾਮੀ ਨੇ ਰਾਜ ਸਭਾ ਦੇ ਪ੍ਰਸ਼ਨ ਕਾਲ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ 2009-10 ਦੌਰਾਨ ਪ੍ਰਕਾਸ਼ਨ 'ਤੇ 11, 92, 910 ਰੁਪਏ, 2008-09 ਦੌਰਾਨ ਅਖ਼ਬਾਰਾਂ ਤੇ ਮੈਗਜ਼ੀਨਾਂ 'ਤੇ 12, 09, 505 ਰੁਪਏ ਖਰਚ ਕੀਤੇ ਗਏ ਹਨ।

ਸਾਲ 2007-08 ਦੌਰਾਨ ਅਖ਼ਬਾਰਾਂ ਤੇ ਮੈਗਜ਼ੀਨਾਂ 'ਤੇ 10, 30, 346 ਰੁਪਏ ਖਰਚ ਕੀਤੇ ਗਏ। ਪਿਛਲੇ 3 ਸਾਲਾਂ 'ਚ ਅਖ਼ਬਾਰਾਂ ਤੇ ਮੈਗਜ਼ੀਨਾਂ 'ਤੇ ਸਭ ਤੋਂ ਜ਼ਿਆਦਾ ਖਰਚ ਹੋਇਆ ਹੈ। ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦਫਤਰ 'ਚ 18 ਹਿੰਦੀ, 5 ਉਰਦੂ, 2 ਮਰਾਠੀ, 2 ਗੁਜਰਾਤੀ ਤੇ ਇਕ ਮਲਿਆਲਮ, ਇਕ ਬੰਗਲਾ ਤੇ ਇਕ ਤੇਲਗੂ ਦੇ ਅਖ਼ਬਾਰ ਆਉਂਦੇ ਹਨ।

## ਬਰਤਾਨੀਆ ਨੇ ਵੀ ਕੀਤੀ ਭਾਰਤ ਦੀ ਸਥਾਈ ਸੀਟ ਦੀ ਹਮਾਇਤ

**ਸਿਓਲ:** ਅਮਰੀਕਾ ਤੋਂ ਬਾਅਦ ਬਰਤਾਨੀਆਂ ਨੇ ਵੀ ਭਾਰਤ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਥਾਈ ਸੀਟ ਦੀ ਹਮਾਇਤ ਕਰ ਦਿੱਤੀ ਹੈ। ਜੀ-20 ਸਿਖ਼ਰ ਸੰਮੇਲਨ ਵਿਚ ਭਾਗ ਲੈਣ ਪੁੱਜੇ ਭਾਰਤ ਤੇ ਬਰਤਾਨੀਆ ਦੇ ਪ੍ਰਧਾਨ ਮੰਤਰੀਆਂ ਡਾ. ਮਨਮੋਹਨ ਸਿੰਘ ਤੇ ਡੇਵਿਡ ਕੈਮਰੂਨ ਦਰਮਿਆਨ ਹੋਈ ਮੀਟਿੰਗ 'ਚ ਬਰਤਾਨੀਆ ਨੇ ਕਿਹਾ ਹੈ ਕਿ ਬੇਸ਼ੱਕ ਪਹਿਲਾਂ ਵੀ ਉਹ ਭਾਰਤ ਦੇ ਹੱਕ ਵਿਚ ਭੁਗਤਦਾ ਰਿਹਾ ਹੈ ਪਰ ਇਸ ਮੀਟਿੰਗ ਵਿਚ ਕੈਮਰੂਨ ਨੇ ਮੁੜ ਦੁਹਰਾਇਆ ਕਿ ਬਰਤਾਨੀਆ ਭਾਰਤ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਥਾਈ ਸੀਟ ਦਾ ਸਮਰਥਨ ਕਰਦਾ ਹੈ।

ਦੱਸਣਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨ ਆਪਣੀ ਭਾਰਤ ਫ਼ੇਰੀ ਦੌਰਾਣ ਭਾਰਤ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸਥਾਈ ਸੀਟ ਦੀ ਹਮਾਇਤ ਕੀਤੀ ਸੀ।

# ਮੁੱਖ ਮੰਤਰੀ ਬਣਦਿਆਂ ਹੀ ਚਵਾਨ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਘਿਰਿਆ

**ਮੁੰਬਈ:** ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਸਿਰਫ 24 ਘੰਟੇ ਬਾਅਦ ਹੀ ਪ੍ਰਿਥਵੀ ਰਾਜ ਚਵਾਨ ਬਾਰੇ ਅਹਿਮ ਖੁਲਾਸਾ ਹੋਇਆ ਹੈ। ਚਵਾਨ ਨੇ ਮੁੰਬਈ ਦੇ ਵਡਾਲਾ 'ਚ ਤਕਰੀਬਨ 40 ਲੱਖ ਦਾ ਫਲੈਟ ਕਮਜ਼ੋਰ ਵਰਗ ਦੇ ਕੋਟੇ 'ਚੋਂ ਸਿਰਫ 4 ਲੱਖ 'ਚ ਖਰੀਦਿਆ ਹੈ। ਇਥੋਂ ਤੱਕ ਕਿ ਉਨ੍ਹਾਂ ਨੇ ਰਾਜ ਸਭਾ ਲਈ ਭਰੇ ਨਾਮਜ਼ਦਗੀ ਪੱਤਰ ਦੌਰਾਨ ਦਿੱਤੀ ਗਈ ਸੰਪਤੀ ਦੀ ਜਾਣਕਾਰੀ 'ਚ ਇਸ ਫਲੈਟ ਦਾ ਕੋਈ ਜ਼ਿਕਰ ਨਹੀਂ ਕੀਤਾ।

ਚਵਾਨ ਨੂੰ ਸਾਫ-ਸੁਥਰੀ ਸ਼ਖ਼ਸੀਅਤ ਕਾਰਨ ਪਾਰਟੀ ਹਾਈਕਮਾਨ ਨੇ ਮੁੱਖ ਮੰਤਰੀ ਦਾ ਅਹੁਦਾ ਸੌਂਪਿਆ ਸੀ। ਸੂਚਨਾ ਦੇ ਅਧਿਕਾਰ ਤਹਿਤ ਮਿਲੀ ਜਾਣਕਾਰੀ ਦੇ ਹਵਾਲੇ ਨਾਲ ਆਰ.ਟੀ.ਆਈ. ਕਾਰਕੁਨ ਅਨਿਲ ਗਲਗਲੀ ਨੇ ਦੱਸਿਆ ਕਿ ਚਵਾਨ ਨੂੰ ਭਗਤੀ ਪਾਰਕ 'ਚ 20 ਮਈ 2003 ਨੂੰ 1032.7 ਸੁਕੇਅਰ ਫੁੱਟ ਦਾ ਫਲੈਟ ਦਿੱਤਾ ਗਿਆ। ਰਹਿਣ ਲਈ ਜਮ੍ਹਾਂ ਕੀਤੇ ਦਸਤਾਵੇਜ਼ਾਂ 'ਚ ਵੀ ਬੇਨਿਯਮੀਆਂ ਪਾਈਆਂ ਗਈਆਂ ਹਨ। ਸਾਲ 2003 'ਚ ਕਮਜ਼ੋਰ ਵਰਗ ਦੀ ਪਰਿਭਾਸ਼ਾ ਅਨੁਸਾਰ ਪਰਿਵਾਰ ਦੀ ਸਾਲਾਨਾ ਆਮਦਨ 1. 5 ਲੱਖ ਰੁਪਏ ਹੋਣੀ ਚਾਹੀਦੀ ਹੈ ਪਰ ਚਵਾਨ ਵਲੋਂ ਜਮ੍ਹਾਂ ਕੀਤੀ ਅਰਜ਼ੀ 'ਚ ਮਾਸਿਕ ਆਮਦਨ 76, 000 ਰੁਪਏ ਦੱਸੀ ਗਈ ਹੈ। ਉਹ ਉਸ ਸਮੇਂ ਲੋਕ ਸਭਾ ਸੰਸਦ ਮੈਂਬਰ ਸਨ।

ਇਸੇ ਅਰਜ਼ੀ 'ਚ ਉਨ੍ਹਾਂ ਦੀ ਸਵਰਗਵਾਸੀ ਮਾਂ ਦਾਜੀ ਸਾਹਿਬ ਚਵਾਨ ਦੇ ਨਾਂ 'ਤੇ ਜਾਰੀ ਰਾਸ਼ਨ ਕਾਰਡ ਵੀ ਲੱਗਿਆ ਹੈ ਜਿਸ ਅਨੁਸਾਰ ਪੂਰੇ ਪਰਿਵਾਰ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਹੈ।

# ਆਸਟਰੇਲੀਆ ਵੱਲੋਂ ਨਵੀਂ ਪਰਵਾਸ ਨੀਤੀ ਦਾ ਐਲਾਨ

**ਮੈਲਬਰਨ:** ਆਸਟਰੇਲੀਆ ਨੇ ਪੁਆਇੰਟਾਂ 'ਤੇ ਆਧਾਰਤ ਅਜਿਹੀ ਨਵੀਂ ਪਰਵਾਸ ਯੋਜਨਾ ਤਿਆਰ ਕੀਤੀ ਹੈ ਜਿਸ ਵਿਚ ਉੱਚ ਪੱਧਰੀ ਯੋਗਤਾ ਤੇ ਅੰਗਰੇਜ਼ੀ ਭਾਸ਼ਾ ਵਿਚ ਨਿਪੁੰਨਤਾ ਨੂੰ ਤਰਜੀਹ ਦਿੱਤੀ ਜਾਵੇਗੀ ਜਦੋਂਕਿ ਕਿੱਤਾਮੁਖੀ ਯੋਗਤਾ ਤੇ ਤਜਰਬੇ ਨੂੰ ਘੱਟ ਤਵੱਜੋ ਦਿੱਤੀ ਜਾਵੇਗੀ।

ਆਸਟਰੇਲੀਆ ਦੇ ਪਰਵਾਸ ਮੰਤਰੀ ਕ੍ਰਿਸ ਬੋਵਨ ਅਨੁਸਾਰ ਨਵੀਂ ਪਰਵਾਸ ਨੀਤੀ ਤਹਿਤ ਲਏ ਜਾਣ ਵਾਲੇ ਟੈਸਟ ਦੌਰਾਨ ਅੰਗਰੇਜ਼ੀ ਨੂੰ ਵੱਧ ਮਹੱਤਤਾ ਦਿੱਤੀ ਜਾਵੇਗੀ ਤੇ ਕੰਮ ਕਰਨ ਦਾ ਤਜਰਬਾ ਤੇ ਉੱਚ ਵਿਦਿਅਕ ਯੋਗਤਾ ਦੇ ਵੱਖਰੇ ਪੁਆਇੰਟ ਹੋਣਗੇ। ਉਨ੍ਹਾਂ ਕਿਹਾ ਕਿ ਆਸਟਰੇਲੀਆ ਸਰਕਾਰ ਨੇ ਇਸ ਵਰ੍ਹੇ ਫਰਵਰੀ ਮਹੀਨੇ ਤੋਂ ਜੋ ਪਰਵਾਸ ਨੀਤੀ ਦਾ ਖਰੜਾ ਤਿਆਰ ਕੀਤਾ ਹੈ ਉਸ ਅਨੁਸਾਰ ਸਕਿੱਲਡ ਲੇਬਰ (ਨਿਪੁੰਨ ਵਰਕਰਾਂ) ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਨਵੀਂ ਯੋਜਨਾ ਦਾ ਇਕ ਮੰਤਵ ਇਹ ਵੀ ਹੈ ਕਿ ਜੋ ਵਿਦਿਆਰਥੀ ਹੋਰਨਾਂ ਦੇਸ਼ਾਂ ਤੋਂ ਆਸਟਰੇਲੀਆ ਵਿਚ ਪੜ੍ਹਾਈ ਕਰਨ ਆਉਂਦੇ ਹਨ ਉਹ ਇੱਥੇ ਸਥਾਈ ਤੌਰ 'ਤੇ ਨਾ ਵਸ ਸਕਣ।

ਨਵੀਂ ਯੋਜਨਾ ਅਨੁਸਾਰ ਜਿਨ੍ਹਾਂ ਲੋਕਾਂ ਦੇ ਰਿਸ਼ਤੇਦਾਰ ਆਸਟਰੇਲੀਆ ਵਿਚ ਰਹਿੰਦੇ ਹਨ ਉਨ੍ਹਾਂ ਲੋਕਾਂ ਨੂੰ ਪਰਵਾਸ ਦੌਰਾਨ ਬੋਨਸ ਪੁਆਇੰਟ ਦੇਣ ਦੀ ਯੋਜਨਾ ਵੀ ਰੱਦ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਜਿਨ੍ਹਾਂ ਲੋਕਾਂ ਨੇ ਆਪਣੇ ਦੇਸ਼ ਵਿਚ ਕਿੱਤਾਮੁਖੀ ਵਿਦਿਆ ਹਾਸਲ ਕੀਤੀ ਹੈ ਤੇ ਉਨ੍ਹਾਂ ਨੇ ਆਸਟਰੇਲੀਆ ਵਿਚ ਇਸ ਵਿਦਿਅਕ ਯੋਗਤਾ ਨੂੰ ਉੱਚਾ ਕਰਨ ਲਈ ਕੋਈ ਕੋਰਸ ਜਾਂ ਪੜ੍ਹਾਈ ਕੀਤੀ ਹੈ ਉਨ੍ਹਾਂ ਨੂੰ ਵੀ ਨੌਕਰੀਆਂ ਵਿਚ ਤਰਜੀਹ ਦਿੱਤੀ ਜਾਵੇਗੀ। ਆਸਟਰੇਲੀਆ 'ਚ ਇਹ ਨਵੀਂ ਪਰਵਾਸ ਯੋਜਨਾ ਅਗਲੇ ਸਾਲ ਪਹਿਲੀ ਜੁਲਾਈ ਤੋਂ ਲਾਗੂ ਹੋ ਜਾਵੇਗੀ ਬਾਸ਼ਰਤੇ ਕਿ ਆਸਟਰੇਲੀਆ ਦੀ ਪਾਰਲੀਮੈਂਟ ਵੱਲੋਂ ਇਸ ਯੋਜਨਾ ਨੂੰ ਪ੍ਰਵਾਨਗੀ ਮਿਲ ਜਾਵੇ।

Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

## ਗਿੱਲ ਇੰਸ਼ੋਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ

## ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 541ਵੇਂ ਆਗਮਨ ਪੁਰਬ ਦੀ

# ਲਖ ਲਖ ਵਧਾਈ ਹੋਵੇ ਜੀ



ਹੈਰੀ ਗਿੱਲ



ਅਵਤਾਰ ਗਿੱਲ

**ਹੁਣ ਪੂਰੇ ਅਮਰੀਕਾ ਵਿਚ ਇੰਸ਼ੋਰੈਂਸ ਕਰਨ ਲਈ ਲਾਈਸੈਂਸਸ਼ੁਦਾ**

ਅਸੀਂ ਮੁਕਾਬਲੇ ਦੀ ਇੰਸ਼ੋਰੈਂਸ ਦੇ ਕਿਸੇ ਵੀ ਰੇਟ ਨੂੰ ਮਾਤ ਪਾਵਾਂਗੇ

**ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ-ਗੈਸ ਸਟੇਸ਼ਨ, ਹੋਟਲ-ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।**

We will meet or beat any competetors quote

**For All Your Insurance Needs Please Call**

# Gill Insurance & Properties

**2452 W Tahoe, PO Box 67 Caruthers, CA 93609**
**Ph: 559-864-8800 or 1-800-348-Crop (2767)Cell: 559-352-9222**
**Fax: 559-864-8688**

# ਵਿਰੋਧੀਆਂ ਨੂੰ ਦਬਾਉਣ ਲਈ ਜਲੀਲ ਕਰਦੀ ਹੈ ਚੀਨੀ ਪੁਲੀਸ

**ਪੇਇਚਿੰਗ:** ਜਿਵੇਂ ਹੀ ਅਫਸਰਾਂ ਖ਼ਿਲਾਫ਼ ਸ਼ਿਕਾਇਤਾਂ ਵਧਦੀਆਂ ਜਾ ਰਹੀਆਂ ਹਨ, ਚੀਨੀ ਪੁਲੀਸ ਨੇ ਉਨ੍ਹਾਂ ਦੀ ਆਵਾਜ਼ ਕੁਚਲਣ ਲਈ ਲੋਕਾਂ ਅੱਗੇ ਉਨ੍ਹਾਂ ਨੂੰ 'ਸ਼ਰਮਿੰਦਾ' ਕਰਨ ਦਾ ਢੰਗ ਅਪਣਾ ਲਿਆ ਹੈ। ਅਜਿਹਾ ਹੀ ਵਤੀਰਾ 1966 ਵਿਚ ਮਾਓ ਜ਼ੀਡੋਂਗ ਵੱਲੋਂ 'ਸਭਿਆਚਾਰਕ ਕ੍ਰਾਂਤੀ' ਦੌਰਾਨ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਅਪਣਾਇਆ ਗਿਆ ਸੀ।

ਸਰਕਾਰ ਵੱਲੋਂ ਇਸ ਵਤੀਰੇ ਨੂੰ ਗੈਰ-ਕਾਨੂੰਨੀ ਐਲਾਨੇ ਜਾਣ ਦੇ ਬਾਵਜੂਦ 'ਜਨਤਕ ਸ਼ਰਮਿੰਦਗੀ' ਦੀਆਂ ਘਟਨਾਵਾਂ ਨਿੱਤ ਦੇਖਣ ਨੂੰ ਮਿਲ ਰਹੀਆਂ ਹਨ। ਇਸ ਬਾਰੇ ਰੋਜ਼ਾਨਾ 'ਗਲੋਬਲ ਟਾਈਮਜ਼' ਨੇ 'ਸ਼ੇਅ ਆਨ ਯੂ' ਸਿਰਲੇਖ ਹੇਠ ਲੇਖ ਛਾਪਿਆ ਹੈ। ਲੇਖ ਮੁਤਾਬਕ ਲੋਕਾਂ ਨੂੰ ਸਥਾਨਕ ਅਧਿਕਾਰੀਆਂ ਖ਼ਿਲਾਫ਼ ਮੂੰਹ ਨਾ ਖੋਲ੍ਹਣ ਦਾ ਡਰ ਦੇਣ ਲਈ ਹੀ ਸ਼ਿਕਾਇਤਕਰਤਾ ਨੂੰ ਲੋਕਾਂ ਅੱਗੇ ਸ਼ਰਮਿੰਦਾ ਕੀਤਾ ਜਾ ਰਿਹਾ ਹੈ।ਇਸ ਵਿਚ 42 ਸਾਲਾ ਡੂਆਨ ਡਿੰਗਮੇਈ ਦੀ ਕਹਾਣੀ ਬਿਆਨੀ ਗਈ ਹੈ। ਉਸ ਨੂੰ ਭੀੜ ਅੱਗੇ ਇਕ ਮੁਜਰਮ ਵਾਂਗ ਪੇਸ਼ ਕੀਤਾ ਗਿਆ ਕਿਉਂਕਿ ਉਸ ਨੇ ਆਪਣੇ ਪਿੰਡ ਦੇ ਅਧਿਕਾਰੀਆਂ ਖ਼ਿਲਾਫ਼ ਉਚ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਸੀ।

ਹੋਰਨਾਂ ਲੋਕਾਂ ਵਾਂਗ ਡੂਆਨ ਵੀ ਇੱਥੇ ਸ਼ਹਿਰ ਵਿਚ ਨਿਆਂ ਲੈਣ ਆਈ ਸੀ। ਜਿਵੇਂਕਿ ਉਸ ਨੂੰ ਉਮੀਦ ਸੀ ਪੁਲੀਸ ਨੇ ਉਸ ਨੂੰ ਵਾਪਸ ਘਰ ਤੋਰ ਦਿੱਤਾ। ਪਰ ਜਦੋਂ ਉਹ ਵਾਪਸ ਪਹੁੰਚੀ ਤਾਂ ਪਿੰਡ ਦੇ ਇਕ ਵੱਡੇ ਗਰੁੱਪ ਨੇ ਉਸ ਨੂੰ ਤੁਰੰਤ ਸਟੇਜ 'ਤੇ ਖੜ੍ਹਾ ਕਰਕੇ ਜ਼ਲੀਲ ਕੀਤਾ। ਡੂਆਨ ਨੇ ਕਿਹਾ ਕਿ ਉਸ ਨੇ ਤੁਰੰਤ ਮਹਿਸੂਸ ਕੀਤਾ ਕਿ ਇਹ ਅਧਿਕਾਰੀਆਂ ਵੱਲੋਂ ਅਪਣਾਇਆ ਗਿਆ ਢੰਗ ਹੈ। ਉਸ ਨੂੰ ਭੀੜ ਵਿਚ ਇਸ ਤਰ੍ਹਾਂ ਜ਼ਲੀਲ ਕੀਤਾ ਕਿ ਉਸ ਨੂੰ ਸਚਮੁੱਚ ਲੱਗਣ ਲੱਗਾ ਕਿ ਉਸ ਨੇ ਕੋਈ ਅਪਰਾਧ ਕੀਤਾ ਹੈ। ਡੂਆਨ ਮਹਿਸੂਸ ਕਰ ਰਹੀ ਹੈ ਕਿ ਜਦੋਂ ਵੀ ਉਹ ਗਲੀਆਂ ਵਿਚ ਨਿਕਲਦੀ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਲੋਕਾਂ ਦੀਆਂ ਨਜ਼ਰਾਂ ਉਸ ਨੂੰ ਦੇਖ ਰਹੀਆਂ ਹਨ ਤੇ ਉਹ ਬਾਹਰ ਨਿਕਲਣ ਦੀ ਹਿੰਮਤ ਨਹੀਂ ਕਰ ਪਾਉਂਦੀ।

# ਓਬਾਮਾ ਦੀ ਭਾਰਤ ਯਾਤਰਾ ਪਾਕਿ ਤੇ ਚੀਨ ਵਿਰੁੱਧ ਸਾਜ਼ਿਸ਼-ਸਈਦ

**ਇਸਲਾਮਾਬਾਦ:** ਅਤਿਵਾਦੀ ਜਥੇਬੰਦੀ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਮੁਹੰਮਦ ਸਈਦ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਹਾਲੀਆ ਭਾਰਤ ਯਾਤਰਾ ਪਾਕਿਸਤਾਨ ਤੇ ਚੀਨ ਵਿਰੁੱਧ ਸਾਜ਼ਿਸ਼ ਦਾ ਹਿੱਸਾ ਸੀ। ਭਾਰਤ ਸਾਲ 2008 ਵਿਚ ਮੁੰਬਈ ਅੱਤਵਾਦੀ ਹਮਲਿਆਂ ਲਈ ਜਮਾਤ-ਉਦ-ਦਾਵਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ।

ਸਈਦ ਨੇ ਆਪਣੇ ਸੰਗਠਨ ਨਾਲ ਜੁੜੇ ਵਕੀਲਾਂ ਦੇ ਇਕ ਗਰੁੱਪ ਵਲੋਂ ਲਾਹੌਰ ਵਿਚ ਕਰਵਾਏ ਸੰਮੇਲਨ ਵਿਚ ਕਿਹਾ ਕਿ ਓਬਾਮਾ ਦੀ ਹਾਲੀਆ ਭਾਰਤ ਯਾਤਰਾ ਪਾਕਿਸਤਾਨ ਤੇ ਚੀਨ ਵਿਰੁੱਧ ਸਾਜ਼ਿਸ਼ ਦਾ ਹਿੱਸਾ ਸੀ। ਇਹ ਸੰਮੇਲਨ ਕਸ਼ਮੀਰ ਮੁੱਦੇ, ਪਾਕਿਸਤਾਨੀ ਮਾਮਲਿਆਂ ਵਿਚ ਅਮਰੀਕੀ ਦਖਲਅੰਦਾਜ਼ੀ ਤੇ ਅਫਗਾਨਿਸਤਾਨ ਵਿਚ ਅਮਰੀਕੀ ਫੌਜੀਆਂ 'ਤੇ ਹਮਲਾ ਕਰਨ ਲਈ ਅਮਰੀਕਾ ਵਿਚ ਪਾਕਿਸਤਾਨ ਵਿਗਿਆਨੀ ਆਫੀਆ ਸਦੀਕੀ ਨੂੰ ਦੋਸ਼ੀ ਠਹਿਰਾਏ ਦੇ ਮਾਮਲੇ 'ਤੇ ਜ਼ੋਰ ਦੇਣ ਲਈ ਕੀਤਾ ਗਿਆ ਸੀ। ਸਈਦ ਨੇ ਕਿਹਾ ਕਿ ਅਮਰੀਕਾ ਭਾਰਤ ਨੂੰ ਚੀਨ ਵਿਰੁੱਧ ਖੜ੍ਹਾ ਕਰਨਾ ਚਾਹੁੰਦਾ ਹੈ ਪਰ ਭਾਰਤ ਅਜਿਹਾ ਨਹੀਂ ਕਰੇਗਾ ਕਿਉਂਕਿ ਉਹ ਅਮਰੀਕਾ ਦੀ ਵਰਤੋਂ




ਕਰ ਰਿਹਾ ਹੈ। ਉਸ ਨੇ ਕਿਹਾ ਕਿ ਪਾਕਿਸਤਾਨੀ ਸਾਸ਼ਕਾਂ ਦੀ ਸਿਆਸਤ ਅਮਰੀਕਾ ਦੇ ਆਲੇ-ਦੁਆਲੇ ਘੁੰਮ ਰਹੀ ਹੈ ਤੇ ਉਨ੍ਹਾਂ ਨੇ ਇਸਲਾਮ ਵਿਰੁੱਧ ਨੀਤੀਆਂ ਸਾਹਮਣੇ ਗੋਡੇ ਟੇਕ ਦਿੱਤੇ ਹਨ। ਉਸ ਨੇ ਕਿਹਾ ਕਿ ਕੋਈ ਵੀ ਕੌਮਾਂਤਰੀ ਸੰਕਟ ਮੁਸਲਮਾਨਾਂ ਵਲੋਂ ਕੰਮ ਨਹੀਂ ਕਰ ਰਹੇ ਹਨ। ਇਸੇ ਲਈ ਆਫੀਆ ਨੂੰ ਅਮਰੀਕਾ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਸਈਦ ਕਿਹਾ ਕਿ ਮੇਰ ਕੋਲ ਆਫੀਆ ਨੂੰ ਕਰਾਚੀ ਤੋਂ ਅਗਵਾ ਕਰਨ ਦੇ ਕਾਫੀ ਸਬੂਤ ਹਨ ਪਰ ਪਾਕਿਸਤਾਨੀ ਏਜੰਸੀਆਂ ਅਮਰੀਕਾ ਦੀਆਂ ਗੁਲਾਮ ਬਣ ਗਈਆਂ ਹਨ।

ਜ਼ਿਕਰਯੋਗ ਹੈ ਕਿ ਪਾਕਿਸਤਾਨੀ ਮਹਿਲਾ ਆਫੀਆ ਨੂੰ ਅਫਗਾਨਿਸਤਾਨ ਵਿਚ ਅਮਰੀਕੀ ਫੌਜੀਆਂ 'ਤੇ ਹਮਲਾ ਕਰਨ ਦੇ ਜੁਰਮ ਵਿਚ ਅਮਰੀਕਾ ਦੇ ਇਕ ਜੱਜ ਨੇ 86 ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਕਸ਼ਮੀਰ ਮਸਲੇ ਦਾ ਜ਼ਿਕਰ ਕਰਦੇ ਹੋਏ ਸਈਅਦ ਨੇ ਕਿਹਾ ਕਿ ਪਾਕਿ ਸਰਕਾਰ ਨੂੰ ਇਸ ਮੁੱਦੇ 'ਤੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਾਰੀਆਂ ਧਿਰਾਂ ਨੂੰ ਭਰੋਸੇ 'ਚ ਲੈਣਾ ਚਾਹੀਦਾ ਹੈ। ਸੰਮੇਲਨ ਨੂੰ ਜਮਾਤ-ਏ-ਇਸਲਾਮੀ ਦੇ ਮੁਖੀ ਸਈਦ ਮੁਨਵਰ ਹੁਸੈਨ ਨੇ ਵੀ ਸੰਬੋਧਨ ਕੀਤਾ।

# ਬੰਬ ਧਮਾਕੇ 'ਚ ਡਾਕਟਰ ਮਾਨ ਨੂੰ ਸਜ਼ਾ ਦੇਣ ਦਾ ਅਮਲ ਟਲਿਆ

**ਬੋਸਟਨ:** ਅਮਰੀਕਾ 'ਚ ਭਾਰਤੀ ਮੂਲ ਦੇ ਡਾਕਟਰ ਨੂੰ ਬੰਬ ਧਮਾਕੇ ਦੀ ਸਾਜ਼ਿਸ਼ ਦੇ ਮਾਮਲੇ 'ਚ ਸਜ਼ਾ ਆਉਂਦੀ ਫਰਵਰੀ ਨੂੰ ਸੁਣਾਈ ਜਾਵੇਗੀ।



ਫੈਡਰਲ ਜੱਜ ਸਜ਼ਾ ਸੁਣਾਏ ਜਾਣ ਦਾ ਮਾਮਲਾ ਅੱਗੇ ਪਾਉਣ 'ਚ ਸਹਿਮਤ ਹੋ ਗਏ। ਇਸ ਬੰਬ ਧਮਾਕੇ 'ਚ ਆਰਕਾਂਸਸ ਸੂਬੇ ਦੇ ਮੈਡੀਕਲ ਬੋਰਡ ਦੇ ਚੇਅਰਮੈਨ ਵਾਲ-ਵਾਲ ਬਚੇ ਸਨ।

ਇਸ ਬੰਬ ਧਮਾਕੇ 'ਚ ਇਸ ਸਾਲ ਅਗਸਤ 'ਚ ਰਣਦੀਪ ਮਾਨ ਨੂੰ ਦੋਸ਼ੀ ਪਾਇਆ ਗਿਆ ਸੀ। ਇਸ ਧਮਾਕੇ 'ਚ ਆਰਕਾਂਸਾਸ ਸੂਬੇ ਦੇ ਮੈਡੀਕਲ ਬੋਰਡ ਦੇ ਚੇਅਰਮੈਨ ਟਰੈਂਟ ਪੀਅਰਸ ਦੀ ਸ਼ਕਲ-ਸੂਰਤ ਹੀ ਵਿਗੜ ਗਈ ਸੀ ਤੇ ਉਹ ਅੰਸ਼ਕ ਰੂਪ 'ਚ ਦ੍ਰਿਸ਼ਟੀਹੀਣ ਵੀ ਹੋ ਗਏ। ਇਸ ਮਾਮਲੇ 'ਚ 10 ਦਸੰਬਰ ਨੂੰ ਸਜ਼ਾ ਸੁਣਾਈ ਜਾਣੀ ਸੀ ਜੋ ਹੁਣ ਫਰਵਰੀ 'ਚ ਸੁਣਾਈ ਜਾਵੇਗੀ। ਬਚਾਓ ਪੱਖ ਦੇ ਵਕੀਲ ਬਲੇਕ ਹੈਂਡਰਿਕਸ ਨੇ ਅਦਾਲਤ ਤੋਂ ਹੋਰ ਸਮੇਂ ਦੀ ਮੰਗ ਕੀਤੀ ਸੀ। ਅਮਰੀਕੀ ਜ਼ਿਲ੍ਹਾ ਜੱਜ ਬਰੀਅਨ ਮਿਲਰ ਨੇ ਅੱਜ ਬੇਨਤੀ ਮਨਜ਼ੂਰ ਕਰ ਲਈ। 52 ਸਾਲਾ ਮਾਨ ਨੂੰ ਉਮਰ ਕੈਦ ਤੇ 17 ਲੱਖ ਡਾਲਰ ਹਰਜਾਨਾ ਦੇਣਾ ਪੈ ਸਕਦਾ ਹੈ। ਫਰਵਰੀ 2009 ਵਿਚ ਪੀਅਰਸ ਦੇ ਮੈਂਫਿਸ ਸਥਿਤ ਘਰ ਦੇ ਬਾਹਰ ਹੋਏ ਧਮਾਕੇ ਲਈ ਮਾਨ ਮੁੱਖ ਦੋਸ਼ੀ ਮੰਨਿਆ ਗਿਆ ਹੈ। ਉਹਦੇ ਵੱਲੋਂ ਬੋਰਡ ਤੋਂ ਵਾਰ-ਵਾਰ ਅਨੁਸ਼ਾਸਨੀ ਕਾਰਵਾਈਆਂ ਕੀਤੇ ਜਾਣ ਦਾ ਬਦਲਾ ਲਿਆ ਦੱਸਿਆ ਜਾਂਦਾ ਹੈ। ਮਾਨ ਦੀ ਪਤਨੀ ਸੰਗੀਤਾ ਵੀ ਸਜ਼ਾ ਸੁਣਾਏ ਜਾਣ 'ਚ ਦੇਰੀ ਦੀ ਮੰਗ ਕਰ ਰਹੀ ਹੈ। ਉਸ 'ਤੇ ਨਿਆਂ ਦੇ ਰਾਹ 'ਚ ਅੜਿੱਕਾ ਬਣਨ ਦੇ ਦੋਸ਼ ਹਨ ਤੇ ਉਸ ਨੂੰ 20 ਸਾਲ ਸਜ਼ਾ ਹੋ ਸਕਦੀ ਹੈ। ਗੈਰ-ਕਾਨੂੰਨੀ ਢੰਗ ਨਾਲ ਉਹ ਗਰਨੇਡ ਤੇ ਮਸ਼ੀਨਗੰਨ ਰੱਖਣ ਦਾ ਵੀ ਦੋਸ਼ੀ ਪਾਇਆ ਗਿਆ ਹੈ।

ਮਾਨ ਨੇ ਬੰਬ ਬਣਾਉਣ ਲਈ ਨਿਸਾਨ ਆਲਟਿਮਾ ਦੇ ਟਾਇਰ ਦੀ ਵਰਤੋਂ ਕੀਤੀ ਸੀ ਤੇ ਜਾਂਚਕਾਰਾਂ ਨੇ ਦੇਖਿਆ ਮੁਲਜ਼ਮ ਦੇ ਇਕ ਦੋਸਤ ਤੇ ਭਾਈਵਾਲ ਕੋਲ ਆਲਟਿਮਾ ਵਾਹਨ ਸੀ ਜਿਸ 'ਚ ਇਹ ਪਾਰਟ ਗਾਇਬ ਸੀ। ਮਗਰੋਂ ਇਸੇ ਦੋਸਤ ਨੇ ਪੁਸ਼ਟੀ ਕੀਤੀ ਸੀ ਕਿ ਇਹ ਡਾਕਟਰ (ਮਾਨ) ਵਾਰ-ਵਾਰ ਕਹਿੰਦਾ ਸੀ ਕਿ ਆਰਕਾਂਸਾਸ ਬੋਰਡ ਦੇ ਮੈਂਬਰਾਂ ਨੂੰ ਵੀ ਉਵੇਂ ਹੀ ਪ੍ਰੇਸ਼ਾਨ ਕਰੇਗਾ ਜਿਵੇਂ ਉਹ ਪ੍ਰੇਸ਼ਾਨ ਹੋਇਆ ਸੀ। ਪੀਅਰਸ ਨੇ ਉਸ ਪੈਨਲ ਦੀ ਅਗਵਾਈ ਕੀਤੀ ਸੀ ਜਿਸ ਨੇ ਸ਼ਿਕਾਇਤਾਂ ਮਗਰੋਂ ਇਹ ਜਾਂਚ ਕੀਤੀ ਸੀ ਕਿ ਮਾਨ ਨਸ਼ੱਈਆਂ ਨੂੰ ਦਰਦ ਤੋਂ ਰਾਹਤ ਲਈ ਦਵਾਈਆਂ ਦੀ 'ਓਵਰਡੋਜ਼' ਦੀ ਸਿਫਾਰਸ਼ ਕਰ ਰਿਹਾ ਸੀ।

## ਹੈਡਲੀ ਨੇ ਬੱਚਿਆਂ ਨੂੰ ਦਿੱਤੀ ਸੀ ਸਿਖਲਾਈ

**ਬੌਸਟਨ:** ਲਸ਼ਕਰ-ਏ-ਤੋਇਬਾ ਦੇ ਕਾਰਕੁਨ ਡੇਵਿਡ ਕੋਲਮਨ ਹੈਡਲੀ ਨੇ ਪਿਛਲੇ ਸਾਲ ਗਰਮੀਆਂ ਵਿਚ ਸ਼ਿਕਾਗੋ 'ਚ ਆਪਣੇ ਬੱਚਿਆਂ ਨੂੰ 'ਫ਼ੌਜੀ ਡਰਿੱਲ' ਕਰਵਾਈ ਸੀ ਤੇ ਇਸੇ ਕਰਕੇ ਇਹ ਪਾਕਿਸਤਾਨੀ ਅਮਰੀਕੀ ਅਤਿਵਾਦੀ ਸ਼ੱਕ ਦੇ ਘੇਰੇ 'ਚ ਆ ਗਿਆ ਸੀ। ਛਪੀਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਗਰਮੀਆਂ 'ਚ ਆਮ ਮਾਪਿਆਂ ਵਾਂਗ ਹੈਡਲੀ ਆਪਣੇ ਬੱਚਿਆਂ ਨੂੰ ਸ਼ਿਕਾਗੋ ਦੇ ਪਾਰਕ ਵਿਚ ਲੈ ਗਿਆ। ਉਥੇ ਉਸ ਨੇ ਆਪਣੇ ਬੱਚਿਆਂ ਦੀ ਫੌਜੀ ਡਰਿੱਲ ਵਿਚ ਦੌੜ ਲਗਵਾਈ ਤੇ ਉਨ੍ਹਾਂ ਨੂੰ ਲੇਟ ਕੇ ਗੋਲੀਬਾਰੀ ਦਾ ਅਭਿਆਸ ਵੀ ਕਰਵਾਇਆ।

ਸ਼ਿਕਾਗੋ ਪੁਲੀਸ ਦੇ ਅਧਿਕਾਰੀ ਸਟੀਵ ਕੈਲੂਰੀਜ਼ ਨੇ ਦੱਸਿਆ ਕਿ ਅਫ਼ਸਰ ਦੇ ਦੱਸਣ ਮੁਤਾਬਕ ਹੈਡਲੀ ਉਰਦੂ ਬੋਲ ਰਿਹਾ ਸੀ ਤੇ ਇਵੇਂ ਉਹ ਰਾਡਾਰ 'ਤੇ ਆ ਗਿਆ।

# ਮੁਸ਼ੱਰਫ ਅਫਗਾਨਿਸਤਾਨ 'ਚ ਭਾਰਤ ਦੀ ਹਾਜ਼ਰੀ 'ਤੇ ਭੜਕਿਆ

**ਨਿਊਯਾਰਕ:** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਭਾਰਤ 'ਤੇ ਦੋਸ਼ ਲਾਏ ਹਨ ਕਿ ਉਹ ਪਾਕਿਸਤਾਨ ਵਿਰੋਧੀ ਅਫਗਾਨਿਸਤਾਨ ਖੜ੍ਹਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਆਪਣੇ ਜਲਾਲਾਬਾਦ ਤੇ ਕੰਧਾਰ ਵਿਚਲੇ ਕੌਂਸਲੇਟਾਂ ਨੂੰ ਉਨ੍ਹਾਂ ਦੇ ਦੇਸ਼ 'ਚ ਮੁਸੀਬਤਾਂ ਪੈਦਾ ਕਰਨ ਲਈ ਵਰਤ ਰਿਹਾ ਹੈ।



ਵਿਦੇਸ਼ ਸਬੰਧਾਂ ਲਈ ਕੌਂਸਲ 'ਚ ਭਾਸ਼ਣ ਦੇਂਦਿਆਂ ਮੁਸ਼ੱਰਫ ਨੇ ਖਿੱਤੇ 'ਚ ਅਤਿਵਾਦ ਫੈਲਾਉਣ ਵਾਲੇ ਅਨਸਰਾਂ ਨੂੰ ਨਜਿੱਠਣ ਲਈ ਪਾਕਿਸਤਾਨ ਦੀ ਕੀਤੀ ਜਾ ਰਹੀ ਆਲੋਚਨਾ ਦੇ ਜਵਾਬੀ ਵਾਰ 'ਚ ਕਿਹਾ ਕਿ ਅਸਫਲਤਾ ਲਈ ਅਮਰੀਕਾ ਤੇ ਅਫਗਾਨਿਸਤਾਨੀ ਫ਼ੌਜ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਪਾਕਿਸਤਾਨ ਦੀ ਸਿਆਸਤ 'ਚ ਮੁੜ ਪੈਰ ਜਮਾਉਣ ਦੇ ਯਤਨ ਕਰ ਰਹੇ ਮੁਸ਼ੱਰਫ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਖੁੱਲ੍ਹ ਲੈਣ ਦੀ ਆਗਿਆ ਹੋਵੇ ਤਾਂ ਉਹ ਕਹਿਣਾ ਚਾਹੁੰਦੇ ਹਨ ਕਿ ਅਫਗਾਨਿਸਤਾਨ 'ਚ ਭਾਰਤ ਸਿਰਫ 'ਪਾਕਿਸਤਾਨ ਵਿਰੋਧੀ ਅਫਗਾਨਿਸਤਾਨ' ਪੈਦਾ ਕਰ ਰਿਹਾ ਹੈ। ਪਾਕਿਸਤਾਨ 'ਚ ਆਪਣੀ ਸਿਆਸੀ ਵਾਪਸੀ ਲਈ ਹਮਾਇਤ ਬਟੋਰਨ ਵਾਸਤੇ ਅਮਰੀਕਾ ਗਏ ਮੁਸ਼ੱਰਫ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪੂਰਾ ਚਾਨਣ ਹੈ ਕਿ ਕੰਧਾਰ ਤੇ ਜਲਾਲਬਾਦ ਵਿਚਲੇ ਭਾਰਤ ਦੇ ਕੌਂਸਲੇਟ ਅਸਲ 'ਚ ਪਾਕਿਸਤਾਨ ਲਈ ਕਸੂਤੀ ਸਥਿਤੀ ਪੈਦਾ ਕਰ ਰਹੇ ਹਨ ਤੇ ਉਨ੍ਹਾਂ ਦੀ ਹੋਰ ਕੋਈ ਭੂਮਿਕਾ ਨਹੀਂ ਹੈ। ਅਫਗਾਨਿਸਤਾਨ 'ਚ ਭਾਰਤ ਦੀ ਹਾਜ਼ਰੀ ਤੋਂ ਖਫਾ ਮੁਸ਼ੱਰਫ ਨੇ ਪੁੱਛਿਆ ਕਿ ਜੇਕਰ ਅਜਿਹਾ ਨਹੀਂ ਤਾਂ ਫਿਰ ਇਹ ਕੌਂਸਲੇਟ ਉਜ਼ਬੇਕਿਸਤਾਨ ਜਾਂ ਤਾਜ਼ਿਕਸਤਾਨ ਵਾਲੇ ਪਾਸੇ ਉਤਰ 'ਚ ਕਿਉਂ ਨਹੀਂ ਹਨ।

ਪਾਕਿਸਤਾਨੀ ਅਧਿਕਾਰੀਆਂ ਨੇ ਪਹਿਲਾਂ ਵੀ ਭਾਰਤ ਦੀ ਹਾਜ਼ਰੀ ਬਾਰੇ ਇਤਰਾਜ਼ ਕੀਤੇ ਸਨ ਪਰ ਭਾਰਤ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਇਹ ਉਥੇ ਵਿਕਾਸ ਕਾਰਜਾਂ ਲਈ ਹੈ। ਭਾਰਤ ਨੇ ਜੰਗ ਮਾਰੇ ਅਫਗਾਨਿਸਤਾਨ 'ਚ 1.3 ਅਰਬ ਡਾਲਰ ਦੀ ਮੁੜ ਉਸਾਰੀ ਕਰਨ ਦਾ ਵਾਅਦਾ ਕੀਤਾ ਹੈ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

Global Multi Services


ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ





Rajinder Singh
Insurance Lic No. 0G73739

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

Cell:(510) 557-6988, Ph:209-982-9996

# 'ਭਾਰਤੀ ਸੰਸਕ੍ਰਿਤੀ' ਦੇ ਅਖੌਤੀ ਰਾਖਿਆਂ ਦੇ ਅਸਲ ਕਾਰਨਾਮੇ

**ਜਤਿੰਦਰ ਪਨੂੰ**

ਗਿਆਰਾਂ ਅਤੇ ਬਾਰਾਂ ਨਵੰਬਰ ਦੇ ਦੋਵੇਂ ਦਿਨ ਭਾਰਤ ਵਿਚ ਇਕ ਨਵੇਂ ਭੇੜ ਦੇ ਗਵਾਹ ਬਣ ਗਏ ਜਿਸ ਵਿਚ ਇਕ ਪਾਸੇ ਭਾਰਤ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਕਾਂਗਰਸ ਸੀ ਅਤੇ ਦੂਜੇ ਪਾਸੇ ਹਿੰਦੂ ਫਿਰਕਾਪ੍ਰਸਤੀ ਦੀ ਸਭ ਤੋਂ ਵੱਡੀ ਧਿਰ ਆਰ.ਐਸ.ਐਸ. ਵਾਲੇ ਸਨ। ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਪ੍ਰਕਾਸ਼ ਜਾਵੜੇਕਰ ਅਤੇ ਮੁਖ਼ਤਾਰ ਅੱਬਾਸ ਨਕਵੀ ਨੇ ਇਹ ਦੋਸ਼ ਲਾ ਦਿੱਤਾ ਕਿ ਕਾਂਗਰਸ ਪਾਰਟੀ ਨੇ ਆਪਣੇ ਆਗੂਆਂ ਦੇ ਭ੍ਰਿਸ਼ਟਾਚਾਰ ਦੇ ਕਿੱਸਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਹਟਾਉਣ ਲਈ ਆਰ.ਐਸ.ਐਸ. ਦੇ ਵਿਰੁਧ ਮਾਮੂਲੀ ਗੱਲ ਨੂੰ ਵੱਡੀ ਬਣਾ ਕੇ ਨੌਟੰਕੀ ਸ਼ੁਰੂ ਕੀਤੀ ਹੈ। ਇਹ ਗੱਲ ਸੋਲ੍ਹਾਂ ਆਨੇ ਸੱਚ ਹੈ ਕਿ ਕਾਂਗਰਸ ਪਾਰਟੀ ਆਪਣੇ ਇਕ ਮੁੱਖ ਮੰਤਰੀ ਨੂੰ ਪਾਸੇ ਕਰ ਕੇ ਵੀ ਭ੍ਰਿਸ਼ਟਾਚਾਰ ਵਿਰੁੱਧ ਪੈ ਰਹੇ ਚੀਕ-ਚਿਹਾੜੇ ਨੂੰ ਮੱਠਾ ਨਹੀਂ ਪਾ ਸਕੀ ਕਿਉਂਕਿ ਉਸ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਵਿਚ ਸ਼ਾਮਲ ਰਹੇ ਡੀ.ਐਮ.ਕੇ. ਆਗੂ ਏ. ਰਾਜਾ ਵੱਲੋਂ




ਪ੍ਰਕਾਸ਼ ਜਾਵੜੇਕਰ

ਟੈਲੀਕਾਮ ਖੇਤਰ ਦੇ ਹੁਣ ਤਕ ਦੇ ਸਭ ਤੋਂ ਵੱਡੇ ਘੁਟਾਲੇ ਵਿਚੋਂ ਨਿਕਲਣ ਦਾ ਇਸ ਨੂੰ ਰਾਹ ਨਹੀਂ ਲੱਭ ਰਿਹਾ। ਮਾਮਲਾ ਸੁਪਰੀਮ ਕੋਰਟ ਵਿਚ ਵੀ ਹੈ ਤੇ ਪਾਰਲੀਮੈਂਟ ਵਿਚ ਵੀ, ਜਿਥੇ ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ ਦੀ ਰਿਪੋਰਟ ਨੇ ਸਰਕਾਰ ਨੂੰ ਇਸ ਬਾਰੇ ਬੋਲਣ ਜੋਗੀ ਨਹੀਂ ਰਹਿਣ ਦਿੱਤਾ। ਫਿਰ ਵੀ ਉਸ ਨੂੰ ਇਸ ਵੇਲੇ ਧਿਆਨ ਪਾਸੇ ਪਾਉਣ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਇਸ ਸੱਚ ਦਾ ਭਾਜਪਾ ਦੇ ਬੁਲਾਰਿਆਂ ਨੂੰ ਵੀ ਪਤਾ ਹੈ ਜਿਸ ਨੂੰ ਮੰਨਣ ਤੋਂ ਉਹ ਬਚਣਾ ਚਾਹੁੰਦੇ ਹਨ।

ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਸਭ ਤੋਂ ਪਹਿਲਾਂ ਬਹਿਸ ਹੋਣੀ ਬਣਦੀ ਸੀ, ਉਸ ਨਾਲੋਂ ਵੱਡਾ ਮੁੱਦਾ ਬਣ ਗਿਆ ਹੈ ਆਰ.ਐਸ.ਐਸ. ਦੇ ਸਾਬਕਾ ਮੁਖੀ ਕੇ. ਸੁਦਰਸ਼ਨ ਦੀ ਬੋਲ-ਬਾਣੀ ਦਾ ਜਿਸ ਨੇ ਬੇਹੂਦਗੀ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੱਤੀ। ਆਖਿਆ ਉਸ ਨੇ ਸਾਰਾ ਕੁਝ ਊਲ-ਜਲੂਲ ਹੈ ਤੇ ਨਿਸ਼ਾਨਾ ਬਣਾਇਆ ਹੈ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਨਿਜੀ ਤੌਰ 'ਤੇ।

ਸੁਦਰਸ਼ਨ ਨੇ ਪਹਿਲੀ ਗੱਲ ਇਹ ਆਖੀ ਕਿ ਰਾਜੀਵ ਗਾਂਧੀ ਜਦੋਂ ਸੋਨੀਆ ਗਾਂਧੀ ਨੂੰ ਛੱਡਣਾ ਚਾਹੁੰਦਾ ਸੀ, ਉਦੋਂ ਸੋਨੀਆ ਗਾਂਧੀ ਦੇ ਮਨ ਵਿਚ ਇਕ ਵਿਚਾਰ ਆਇਆ ਕਿ ਉਸ ਨੇ ਰਾਜੀਵ ਗਾਂਧੀ ਦੇ ਕਤਲ ਦੀ ਸਾਜ਼ਿਸ਼ ਰਚ ਕੇ ਉਸ ਦੀ ਸੁਰੱਖਿਆ ਘਟਾ ਦਿੱਤੀ। ਇਹ ਦੋਵੇਂ ਗੱਲਾਂ ਕਿਸੇ ਥਾਂ ਛਪੀਆਂ ਨਹੀਂ, ਕਦੇ ਕਿਸੇ ਨੇ ਕਹੀਆਂ ਨਹੀਂ, ਸੁਦਰਸ਼ਨ ਨੂੰ ਕਿੱਥੋਂ ਪਤਾ ਲੱਗ ਗਈਆਂ? ਉਹ ਕਹਿੰਦਾ ਹੈ ਕਿ ਮੇਰਾ ਖ਼ਿਆਲ ਹੈ ਕਿ ਏਦਾਂ ਹੋਇਆ ਹੋਵੇਗਾ। ਰਾਜੀਵ ਨੇ ਸੋਨੀਆ ਨੂੰ ਛੱਡਣ ਬਾਰੇ ਸਿਰਫ਼ 'ਸੋਚਿਆ' ਤੇ ਸੋਨੀਆ ਗਾਂਧੀ ਦੇ 'ਮਨ ਵਿਚ' ਹੀ ਪਤੀ ਬਾਰੇ ਮਾੜਾ ਵਿਚਾਰ ਬਣਿਆ, ਇਸ ਦਾ ਸੁਦਰਸ਼ਨ ਨੂੰ 'ਖ਼ਿਆਲ' ਆ ਗਿਆ, ਇਹ ਸਿਰਫ਼ ਤਦੇ ਹੋ ਸਕਦਾ ਹੈ, ਜੇ ਉਸ ਬੰਦੇ ਦੇ ਦਿਮਾਗ਼ ਦੇ ਪੁਰਜ਼ੇ ਢਿੱਲੇ ਹੋਣ ਤੇ ਜਾਂ ਫਿਰ ਉਹ ਕਿਸੇ ਗਿਣੀ-ਮਿੱਥੀ ਸੋਚ ਅਧੀਨ ਕੰਮ ਰਿਹਾ ਹੋਵੇ। ਸੋਨੀਆ ਨੇ ਰਾਜੀਵ ਦੀ ਸੁਰੱਖਿਆ ਕਿਵੇਂ ਘਟਾ ਦਿੱਤੀ, ਇਸ ਦਾ ਵੀ ਕੋਈ ਸਬੂਤ ਨਹੀਂ। ਉਹ ਉਦੋਂ ਪਾਰਲੀਮੈਂਟ ਦੀ ਮੈਂਬਰ ਵੀ ਨਹੀਂ ਸੀ ਤੇ ਰਾਜੀਵ ਦੀ ਸੁਰੱਖਿਆ ਉਸ ਵੇਲੇ ਵੀ.ਪੀ. ਸਿੰਘ ਦੀ ਸਰਕਾਰ ਨੇ ਘਟਾਈ ਸੀ ਜਿਸ ਦੀ ਮਦਦ ਭਾਰਤੀ ਜਨਤਾ ਪਾਰਟੀ ਕਰਦੀ ਸੀ, ਇਹ ਦੋਸ਼ ਤਾਂ ਭਾਜਪਾ ਦੇ ਸਿਰ ਲੱਗ ਸਕਦਾ ਸੀ। ਸੁਦਰਸ਼ਨ ਨੇ ਸੋਨੀਆ ਗਾਂਧੀ ਨੂੰ ਆਪਣੀ ਸੱਸ ਇੰਦਰਾ ਗਾਂਧੀ ਦੇ ਕਤਲ ਬਾਰੇ ਵੀ ਸਾਜ਼ਿਸ਼ ਦੇ ਘੇਰੇ ਵਿਚ ਰੱਖ ਦਿੱਤਾ। ਅਗਲੀ ਗੱਲ ਇਹ ਕਿ ਉਸ ਨੇ ਸੋਨੀਆ ਗਾਂਧੀ ਨੂੰ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦੀ ਏਜੰਟ ਵੀ ਕਹਿ ਦਿੱਤਾ ਤੇ ਹੱਦੋਂ ਬਾਹਰੀ ਬਦਤਮੀਜ਼ੀ ਕਰਦੇ ਹੋਏ ਇਹ ਘਟੀਆ ਗੱਲ ਕਹਿ ਦਿੱਤੀ ਕਿ ਜਦੋਂ ਸੋਨੀਆ ਦਾ ਜਨਮ ਹੋਇਆ, ਦੋ ਸਾਲ ਪਹਿਲਾਂ ਉਸ ਦਾ ਬਾਪ ਜੇਲ੍ਹ ਵਿਚ ਸੀ, ਜਿਸ ਦਾ ਪਰਦਾ ਰੱਖਣ ਲਈ ਉਹ ਆਪਣਾ ਜਨਮ 1944 ਦੀ ਥਾਂ 1946 ਦਾ ਦੱਸਦੀ ਹੈ। ਇਹ ਸਾਰੀ ਗੱਲ ਕਹਿ ਕੇ ਉਸ ਨੇ ਸੋਨੀਆ ਗਾਂਧੀ ਨੂੰ ਆਪਣੇ ਮਾਂ-ਬਾਪ ਦੀ ਨਾਜਾਇਜ਼ ਔਲਾਦ ਵੀ ਆਖ ਦਿੱਤਾ। ਇੰਨੀ ਘਟੀਆ ਬੋਲ-ਬਾਣੀ ਭਾਰਤ ਦੀ ਰਾਜਨੀਤੀ ਵਿਚ ਸ਼ਾਇਦ ਹੀ ਕਿਸੇ ਨੇ ਕਦੇ ਵਰਤੀ ਹੋਵੇ!

ਜਦੋਂ ਆਰ.ਐਸ.ਐਸ. ਦੇ ਮੰਚ ਉਤੇ ਬੈਠ ਕੇ ਸੁਦਰਸ਼ਨ ਨੇ ਇਹ ਕੁਝ ਆਖਿਆ ਸੀ, ਇਸ ਸੰਸਥਾ ਦੇ ਲੀਡਰਾਂ ਨੂੰ ਫ਼ੌਰਨ ਇਸ ਬਾਰੇ ਆਪਣਾ ਪੱਖ ਰੱਖਣਾ ਚਾਹੀਦਾ ਸੀ ਪਰ ਉਹ ਵੇਖਦੇ ਰਹੇ ਕਿ ਲੋਕ ਸ਼ਾਇਦ ਇਸ ਨੂੰ ਬਾਹਲਾ ਵਜ਼ਨ ਨਹੀਂ ਦੇਣਗੇ। ਜਦੋਂ ਇਸ ਦਾ ਵਿਰੋਧ ਹੋਣ ਲੱਗਾ ਤਾਂ ਕਹਿ ਦਿੱਤਾ ਕਿ ਸੁਦਰਸ਼ਨ ਦੇ ਇਹ ਨਿਜੀ ਵਿਚਾਰ ਹਨ। ਗੱਲ ਹੋਰ ਅੱਗੇ ਵਧੀ ਤਾਂ ਕਹਿ ਦਿੱਤਾ ਕਿ ਇਹ ਆਰ.ਐਸ.ਐਸ. ਦੀ ਸੋਚ ਨਹੀਂ ਪਰ ਜਿਵੇਂ ਵੀ ਇਹ ਗੱਲ ਕਿਸੇ ਨੇ ਕਹੀ ਹੈ, ਅਫ਼ਸੋਸਨਾਕ ਹੈ। ਜਿਸ ਕਾਂਗਰਸ ਪਾਰਟੀ ਦੀ ਲੀਡਰ ਬਾਰੇ ਇਹ ਕੁਝ ਕਿਹਾ ਗਿਆ ਸੀ, ਉਨ੍ਹਾਂ ਲਈ ਇੰਨਾ ਕਾਫ਼ੀ ਨਹੀਂ ਸੀ, ਉਹ ਬਾਕਾਇਦਾ ਮੁਆਫ਼ੀ ਮੰਗੇ ਜਾਣ ਦੀ ਮੰਗ ਕਰਦੇ ਸਨ। ਜੇ ਆਰ.ਐਸ.ਐਸ. ਲੀਡਰਸ਼ਿਪ ਨੇ ਮੰਗ ਮੰਨ ਲਈ ਹੁੰਦੀ ਤਾਂ ਗੱਲ ਵਧਣੀ ਹੀ ਨਹੀਂ ਸੀ। ਆਪਣੀ ਬੇਵਕੂਫ਼ੀ ਜਾਂ ਸਾਜ਼ਿਸ਼ੀ ਚੁੱਪ ਨਾਲ ਜਦੋਂ ਗੱਲ ਉਨ੍ਹਾਂ ਨੇ ਖ਼ੁਦ ਹੀ ਵਧਾ ਲਈ ਤਾਂ ਕਾਂਗਰਸ ਨੂੰ ਦੋਸ਼ ਦੇਣ ਦਾ ਕੀ ਫ਼ਾਇਦਾ?

...ਤੇ ਅਸਲ ਗੱਲ ਵੀ ਨਾ ਭ੍ਰਿਸ਼ਟਾਚਾਰ ਹੈ ਤੇ ਨਾ ਸੋਨੀਆ ਗਾਂਧੀ ਬਾਰੇ ਸੁਦਰਸ਼ਨ ਦੀ ਬੋਲ-ਬਾਣੀ, ਸਗੋਂ ਉਹ ਹੈ, ਜਿਸ ਵੱਲੋਂ ਲੋਕਾਂ ਦਾ ਧਿਆਨ ਹਟਾਉਣ ਵਾਸਤੇ ਆਰ.ਐਸ.ਐਸ. ਦੇ ਇਸ ਸਾਬਕਾ ਮੁਖੀ ਨੇ ਸੋਨੀਆ ਗਾਂਧੀ ਵੱਲ ਚਾਂਦਮਾਰੀ ਕੀਤੀ ਹੈ। ਉਸ ਦਿਨ ਉਥੇ ਭ੍ਰਿਸ਼ਟਾਚਾਰ ਦੇ ਵਿਰੋਧ ਲਈ ਵੀ ਮੰਚ ਨਹੀਂ ਸੀ ਲੱਗਾ ਤੇ ਸੋਨੀਆ ਗਾਂਧੀ ਦੀ ਬੰਸਾਵਲੀ ਪੜ੍ਹਨ ਲਈ ਵੀ ਨਹੀਂ, ਸਗੋਂ ਆਰ.ਐਸ.ਐਸ. ਦੇ ਆਗੂਆਂ ਵਿਰੁੱਧ ਬਣ ਰਹੇ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਹੋਣ ਦੇ ਮੁਕੱਦਮਿਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਲਾਇਆ ਗਿਆ ਸੀ। ਸੁਦਰਸ਼ਨ ਅਤੇ ਹੋਰ ਆਰ.ਐਸ.ਐਸ. ਆਗੂ ਅਸਲ ਬਹਿਸ ਤੋਂ ਲੋਕਾਂ ਦਾ ਧਿਆਨ ਪਾਸੇ ਪਾਉਣਾ ਚਾਹੁੰਦੇ ਸਨ ਕਿਉਂਕਿ ਉਸ ਬਾਰੇ ਕਹਿਣ ਲਈ ਇਨ੍ਹਾਂ ਦੇ ਪੱਲੇ ਕੁਝ ਨਹੀਂ ਸੀ। ਇਸ ਕਰਕੇ ਉਹ ਗੱਲ ਛੇੜ ਦਿੱਤੀ ਜਿਹੜੀ ਏਜੰਡੇ ਉਤੇ ਹੀ ਨਹੀਂ ਸੀ। ਹਿੰਸਕ ਕਾਰਵਾਈਆਂ ਦਾ ਜਿਹੜਾ ਮੁੱਦਾ ਏਜੰਡੇ 'ਤੇ ਸੀ, ਉਸ ਬਾਰੇ ਤੱਥ ਉਂਜ ਹੀ ਸਾਰਾ ਕੁਝ ਬੋਲੀ ਜਾਂਦੇ ਹਨ।

ਜਦੋਂ ਤਕ ਸਾਧਵੀ ਪ੍ਰਗਿਆ ਸਿੰਘ ਠਾਕਰ ਨੂੰ ਇਕ ਧਮਾਕਾ ਕੇਸ ਦੇ ਸਾਜ਼ਿਸ਼ੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਫੜ ਨਾ ਲਿਆ ਗਿਆ, ਉਦੋਂ ਤਕ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਆਰ.ਐਸ.ਐਸ. ਨਾਲ ਜੁੜੇ ਲੋਕ ਇਹੋ ਜਿਹੇ ਕੰਮ ਵੀ ਕਰਦੇ ਹਨ। ਇਹ ਜ਼ਰੂਰ ਕਿਹਾ ਜਾਂਦਾ ਸੀ ਕਿ ਜਦੋਂ ਹਿੰਦੂ ਫਿਰਕੂਪੁਣੇ ਦਾ ਉਬਾਲਾ ਆਵੇ, ਉਦੋਂ ਇਹ ਲੋਕ ਦੰਗੇ ਭੜਕਾਉਂਦੇ ਤੇ ਘੱਟ-ਗਿਣਤੀਆਂ 'ਤੇ ਹਮਲੇ ਕਰਦੇ ਹਨ। ਭਾਜਪਾ ਦੀ ਵਿਦਿਆਰਥੀ ਵਿੰਗ ਦੀ ਆਗੂ ਰਹਿ ਚੁੱਕੀ ਅਤੇ ਆਰ.ਐਸ.ਐਸ. ਨਾਲ ਮਿਲ ਕੇ ਇਕ ਸੰਗਠਨ ਚਲਾ ਰਹੀ ਪ੍ਰਗਿਆ ਸਿੰਘ ਦੇ ਫੜੇ ਜਾਣ ਤੋਂ ਤੁਰੀ ਗੱਲ ਫ਼ੌਜ ਦੇ ਕਰਨਲ ਸ਼੍ਰੀਕਾਂਤ ਪੁਰੋਹਿਤ ਅਤੇ ਇਕ ਆਪੇ ਬਣੇ ਹੋਏ 'ਜਗਤ ਗੁਰੂ' ਸ਼ੰਕਰਾਚਾਰੀਆ ਦੇ ਗਲ ਰੱਸਾ ਪੈਣ ਤਕ ਪਹੁੰਚ ਗਈ। ਇਸ ਕੇਸ ਦੀ ਜਾਂਚ ਕਰ ਰਹੀ ਟੀਮ ਦੇ ਆਗੂ ਉਤੇ ਆਰ.ਐਸ.ਐਸ. ਅਤੇ ਭਾਜਪਾ ਦੇ ਲੀਡਰਾਂ ਨੇ ਹਰ ਊਜ ਲਾਈ ਪਰ ਜਦੋਂ ਉਹੋ ਅਫ਼ਸਰ ਮੁੰਬਈ ਵਿਚ ਦਹਿਸ਼ਤਗਰਦਾਂ ਨਾਲ ਲੜਦਾ ਮਾਰਿਆ ਗਿਆ, ਇਹ ਉਸ ਨੂੰ 'ਸ਼ਹੀਦ' ਦਾ ਦਰਜਾ ਦੇਣ ਉਸ ਦੇ ਘਰ ਨੂੰ ਤੁਰ ਪਏ। ਉਦੋਂ ਉਸ ਦੀ ਪਤਨੀ ਨੇ ਕਿਹਾ ਸੀ ਕਿ ਜਿਹੜੇ ਲੋਕ ਕੱਲ੍ਹ ਤਕ ਮੇਰੇ ਪਤੀ ਨੂੰ ਦੁਸ਼ਮਣ ਬਣਾ ਕੇ ਪੇਸ਼ ਕਰ ਰਹੇ ਸਨ, ਉਹ ਮੇਰੇ ਘਰ ਅਫ਼ਸੋਸ ਕਰਨ ਨਾ ਆਉਣ। ਉਹ ਦੇਸ਼ ਭਗਤ ਅਫ਼ਸਰ ਸੀ, ਕਿਸੇ ਧਰਮ ਵੱਲ ਲਿਹਾਜੂ ਨਾ ਹੋ ਕੇ ਸਿਰਫ਼ ਡਿਊਟੀ ਨੂੰ ਪਹਿਲ ਦਿੰਦਾ ਸੀ, ਤੇ ਇਹੋ ਕਾਰਨ ਸੀ ਕਿ ਹਿੰਦੂ ਹੁੰਦੇ ਹੋਏ ਵੀ ਉਹ ਹਿੰਦੂ ਅਤਿਵਾਦ ਨੂੰ ਬੇਪਰਦ ਕਰਨ ਤੋਂ ਨਹੀਂ ਸੀ ਝਿਜਕਿਆ।

ਜਾਂਚ ਹੋਰ ਅੱਗੇ ਵਧੀ ਤਾਂ ਦੂਜੀ ਥਾਂ ਹੋਏ ਧਮਾਕਿਆਂ ਵਿਚ ਵੀ ਉਸੇ ਜਥੇਬੰਦੀ ਨਾਲ ਜੁੜੇ ਕੁਝ ਲੋਕ ਕਾਬੂ ਆ ਗਏ। ਪਿਆਦੇ ਭਾਵੇਂ ਕੁਝ ਨਵੇਂ ਫੜੇ ਗਏ ਪਰ ਉਹ ਵੀ ਇਕ ਜਾਂ ਦੂਜੇ ਪਾਸੇ ਤੋਂ ਆਰ.ਐਸ.ਐਸ. ਨਾਲ ਜੁੜੇ ਹੋਏ ਸਨ। ਕੁਝ ਦੇਰ ਬਾਅਦ ਆਰ.ਐਸ.ਐਸ. ਦੇ ਇਕ ਆਗੂ ਸੁਨੀਲ ਜੋਸ਼ੀ ਦਾ ਮੱਧ ਪ੍ਰਦੇਸ਼ ਵਿਚ ਕਤਲ ਹੋ



ਇੰਦਰੇਸ਼ ਕੁਮਾਰ

ਗਿਆ। ਸੁਨੀਲ ਜੋਸ਼ੀ ਦੀ ਡਾਇਰੀ ਮੱਧ ਪ੍ਰਦੇਸ਼ ਪੁਲਿਸ ਦੇ ਰਿਕਾਰਡ 'ਤੇ ਆ ਗਈ। ਉਥੇ ਆਰ.ਐਸ.ਐਸ. ਨੂੰ ਮੱਥੇ ਟੇਕਣ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕਤਲ ਦੀ ਜਾਂਚ ਹੀ ਅੱਗੇ ਨਾ ਵਧਣ ਦਿੱਤੀ। ਹਾਲਾਂਕਿ ਬੰਦਾ ਉਨ੍ਹਾਂ ਦਾ ਆਪਣਾ ਮਰਿਆ ਸੀ, ਪਰ ਰਿਕਾਰਡ ਉਤੇ ਆਈ ਡਾਇਰੀ ਅਦਾਲਤ ਦੇ ਰਿਕਾਰਡ ਤਕ ਪੁੱਜ ਗਈ ਹੋਣ ਕਰਕੇ ਉਸ ਨੂੰ ਗੁੰਮ ਨਹੀਂ ਸਨ ਕਰ ਸਕਦੇ। ਫਿਰ ਉਸ ਡਾਇਰੀ ਦੀ ਇਕ ਕਾਪੀ ਕਾਨੂੰਨੀ ਤੌਰ 'ਤੇ ਰਾਜਸਥਾਨ ਦੀ ਪੁਲਿਸ ਨੂੰ ਮਿਲ ਗਈ ਤੇ ਉਸ ਨੇ ਇਸ ਦੇ ਆਧਾਰ 'ਤੇ ਅਜਮੇਰ ਸ਼ਹਿਰ ਵਿਚ ਹੋਏ ਬੰਬ ਧਮਾਕੇ ਦੀ ਜਾਂਚ ਕਰਦਿਆਂ ਜਦੋਂ ਕੁਝ ਬੰਦੇ ਫੜੇ, ਉਹ ਵੀ ਆਰ.ਐਸ.ਐਸ. ਦੇ ਨਿਕਲੇ ਅਤੇ ਉਨ੍ਹਾਂ ਦੀ ਪੁੱਛ-ਪੜਤਾਲ ਵਿਚ



ਸਾਧਵੀ ਪ੍ਰਗਿਆ ਸਿੰਘ ਠਾਕਰ

ਆਰ.ਐਸ.ਐਸ. ਦੇ ਕੇਂਦਰੀ ਆਗੂ ਇੰਦਰੇਸ਼ ਕੁਮਾਰ ਦਾ ਨਾਂ ਆ ਗਿਆ। ਫੜੇ ਗਏ ਬੰਦਿਆਂ ਨੇ ਕਹਿ ਦਿੱਤਾ ਕਿ ਉਨ੍ਹਾਂ ਨੇ ਜਦੋਂ ਇਹ ਕਾਰਾ ਕਰਨ ਦੀ ਵਿਉਂਤ ਬਣਾਈ ਸੀ, ਇੰਦਰੇਸ਼ ਕੁਮਾਰ ਨੂੰ ਪਤਾ ਸੀ ਤੇ ਉਸ ਨੇ ਕਿਹਾ ਸੀ ਕਿ ਵਾਰਦਾਤ ਕਰਨ ਦੇ ਦਿਨ ਤਕ ਕਿਸੇ ਸਮਾਜ ਸੇਵੀ ਸੰਸਥਾ ਨਾਲ ਜੁੜੇ ਰਹੋ, ਵਰਨਾ ਕਿਸੇ ਨੂੰ ਸ਼ੱਕ ਹੋ ਸਕਦਾ ਹੈ। ਇੰਦਰੇਸ਼ ਕੁਮਾਰ ਦਾ ਨਾਂ ਆਉਣ ਉਤੇ ਆਰ.ਐਸ.ਐਸ. ਦੀ ਕੇਂਦਰੀ ਲੀਡਰਸ਼ਿਪ ਵੀ ਅਤੇ ਭਾਜਪਾ ਵਾਲੇ ਵੀ ਇਹ ਕਹਿਣ ਲਗ ਪਏ ਕਿ ਰਾਜਸਥਾਨ ਦੀ ਕਾਂਗਰਸ ਸਰਕਾਰ ਦੇ ਇਸ਼ਾਰੇ ਉਤੇ ਜਾਂਚ ਟੀਮ ਉਨ੍ਹਾਂ ਦੇ ਇਸ ਆਗੂ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅੱਗੋਂ ਰਾਜਸਥਾਨ ਦੇ ਗ੍ਰਹਿ ਮੰਤਰੀ ਨੇ ਕਹਿ ਦਿੱਤਾ ਕਿ ਅਸੀਂ ਤਾਂ ਕਾਂਗਰਸੀ ਹੋਏ, ਜਿਸ ਡਾਇਰੀ ਨੇ ਉਸ ਦਾ ਖੁਰਾ ਦੱਸਿਆ ਹੈ, ਉਹ ਤਾਂ ਆਰ.ਐਸ.ਐਸ. ਦੇ ਮਾਰੇ ਗਏ ਲੀਡਰ ਸੁਨੀਲ ਜੋਸ਼ੀ ਦੀ ਹੈ ਤੇ ਸਾਨੂੰ ਉਸ ਮੱਧ ਪ੍ਰਦੇਸ਼ ਦੀ ਪੁਲਿਸ ਨੇ ਦਿੱਤੀ ਹੈ ਜਿਥੇ ਤੁਹਾਡੀ ਆਪਣੀ ਸਰਕਾਰ ਹੈ। ਇਸ ਸੱਚ ਦੀ ਕੋਈ ਕਾਟ ਉਨ੍ਹਾਂ ਕੋਲ ਹੈ ਨਹੀਂ ਸੀ, ਪਰ ਰੌਲਾ ਪਾਉਣ ਦਾ ਕੰਮ ਜਿਵੇਂ ਕਰਦੇ ਸਨ, ਫੇਰ ਵੀ ਕਰੀ ਗਏ।

ਅੱਗੇ ਵੀ ਇਹ ਗੱਲ ਅਸੀਂ ਕਈ ਵਾਰ ਕਰ ਚੁੱਕੇ ਹਾਂ ਤੇ ਫੇਰ ਛੇੜ ਕੇ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦੇ ਕਿ ਕਿੰਨੇ ਥਾਂਵਾਂ ਉਤੇ ਹੋਏ ਬੰਬ ਧਮਾਕਿਆਂ ਦੀ ਪੈੜ ਆਰ.ਐਸ.ਐਸ. ਨਾਲ ਜੁੜੇ ਬੰਦਿਆਂ ਤੱਕ ਪਹੁੰਚੀ ਅਤੇ ਅੱਗੋਂ ਪਹੁੰਚਦੀ ਜਾਪਦੀ ਹੈ। ਉਸ ਦੀ ਥਾਂ ਅਸੀਂ ਗੱਲ ਉਸ ਇੰਦਰੇਸ਼ ਕੁਮਾਰ ਦੀ ਕਰਨੀ ਚਾਹਾਂਗੇ, ਜਿਸ ਦਾ ਜ਼ਿਕਰ ਹੋਣ ਨਾਲ ਆਰ.ਐਸ.ਐਸ. ਦੇ ਕੇਂਦਰੀ ਲੀਡਰਾਂ ਨੂੰ ਘਾਬਰਾਂ ਛਿੜ ਗਈਆਂ ਹਨ।

ਇਹ ਕਹਿਣਾ ਗ਼ਲਤ ਹੈ ਕਿ ਇੰਦਰੇਸ਼ ਕੁਮਾਰ ਦਾ ਨਾਂ ਹੁਣ ਅਜਮੇਰ ਦੇ ਬੰਬ ਧਮਾਕਿਆਂ ਵਿਚ ਹੀ ਆਇਆ ਹੈ, ਪਹਿਲਾਂ ਕਦੇ ਨਹੀਂ ਸੀ ਆਇਆ। ਜਦੋਂ ਮਹਾਰਾਸ਼ਟਰ ਪੁਲਿਸ ਦੀ ਹੇਮੰਤ ਕਰਕਰੇ ਵਾਲੀ ਪਹਿਲੀ ਜਾਂਚ ਟੀਮ ਨੇ ਸਾਧਵੀ ਪ੍ਰਗਿਆ ਸਿੰਘ ਠਾਕਰ ਤੋਂ ਬਾਅਦ ਕਰਨਲ ਸ਼੍ਰੀਕਾਂਤ ਪੁਰੋਹਿਤ ਤਕ ਪਹੁੰਚ ਕੀਤੀ ਸੀ, ਉਦੋਂ ਵੀ ਇਹ ਜ਼ਿਕਰ ਆ ਗਿਆ ਸੀ ਕਿ ਆਰ.ਐਸ.ਐਸ. ਦਾ ਕੇਂਦਰੀ ਕਾਰਜਕਾਰਨੀ ਦਾ ਮੈਂਬਰ ਇੰਦਰੇਸ਼ ਕੁਮਾਰ ਵੀ ਇਨ੍ਹਾਂ ਲੋਕਾਂ ਦੀ 'ਅਭਿਨਵ ਭਾਰਤ' ਨਾਂ ਦੀ ਜਥੇਬੰਦੀ ਨਾਲ ਮਿਲਿਆ ਹੋਇਆ ਹੈ। ਹੈਰਾਨੀ ਵਾਲੀ ਗੱਲ ਇਹ ਕਿ ਫ਼ੌਜ ਦੀ ਨੌਕਰੀ ਕਰ ਰਿਹਾ ਕਰਨਲ ਪੁਰੋਹਿਤ ਜਦੋਂ ਪੁਲਿਸ ਦੇ ਕਾਬੂ ਆਇਆ ਤਾਂ ਉਸ ਨੇ ਇਹ ਸ਼ੱਕ ਜ਼ਾਹਿਰ ਕੀਤਾ ਸੀ ਕਿ ਉਸ ਨੂੰ ਗ੍ਰਿਫ਼ਤਾਰ ਹੀ ਇੰਦਰੇਸ਼ ਕੁਮਾਰ ਨੇ ਸੂਹ ਦੇ ਕੇ ਕਰਵਾਇਆ ਹੈ। ਕਾਰਨ ਇਸ ਦਾ ਇਹ ਕਿ ਇਕੋ ਜਥੇਬੰਦੀ ਅੰਦਰ ਕੰਮ ਕਰਦੇ ਹੋਏ ਵੀ ਦੋਵਾਂ ਵਿਚ ਮਤਭੇਦ ਪੈਦਾ ਹੋ ਕੇ ਗੱਲ ਇਕ-ਦੂਜੇ ਦੀ ਆਰ.ਐਸ.ਐਸ. ਕੋਲ ਸ਼ਿਕਾਇਤ ਕਰਨ ਤਕ ਪਹੁੰਚ ਗਈ ਸੀ। ਮਤਭੇਦਾਂ ਦਾ ਆਧਾਰ ਦੋ ਗੱਲਾਂ ਬਣੀਆਂ ਸਨ-ਇਕ ਅਮਰ ਨਾਥ ਮੰਦਰ ਦੇ ਰਾਹ ਵਾਲੀ ਉਹ ਜ਼ਮੀਨ, ਉਸ ਉਤੇ ਕਾਫ਼ੀ ਐਜੀਟੇਸ਼ਨ ਹੋਈ ਸੀ ਤੇ ਦੂਜਾ ਨੇਪਾਲ ਦੀ ਰਾਜਨੀਤੀ ਬਾਰੇ ਪਹੁੰਚ ਦਾ ਵੱਡਾ ਪਾੜਾ ਸੀ। ਨੇਪਾਲ ਵਿਚ ਉਨ੍ਹੀਂ ਦਿਨੀਂ ਹਾਲਾਤ ਕਾਫ਼ੀ ਖ਼ਰਾਬ ਸਨ ਤੇ ਉਥੇ ਇਹ ਗਰੁੱਪ ਦਖ਼ਲ ਦੇਣ ਦੀ ਪੁਜ਼ੀਸ਼ਨ ਵਿਚ ਸੀ। 'ਅਭਿਨਵ ਭਾਰਤ' ਨਾਲ ਜੁੜੇ ਹੋਏ ਕਰਨਲ ਪੁਰੋਹਿਤ ਅਤੇ ਉਸ ਦੇ ਸਾਥੀ ਇਹ ਸਮਝਦੇ ਸਨ ਕਿ ਨੇਪਾਲ ਵਿਚ ਹਿੰਦੂ ਰਾਸ਼ਟਰ ਕਾਇਮ ਕਰਨ ਲਈ ਜ਼ਰੂਰੀ ਹੈ ਕਿ ਉਥੇ ਰਾਜ-ਗੱਦੀ ਮੁੜ ਕੇ ਸਾਂਭਣ ਲਈ ਬਾਦਸ਼ਾਹ ਗਿਆਨੇਂਦਰ ਦੀ ਮਦਦ ਕੀਤੀ ਜਾਵੇ, ਜਦਕਿ ਇੰਦਰੇਸ਼ ਕੁਮਾਰ ਉਥੇ ਲੋਕ-ਰਾਜੀ ਸਰਕਾਰ ਦਾ ਪੱਖ ਲੈ ਰਿਹਾ ਸੀ। ਕਰਨਲ ਪੁਰੋਹਿਤ ਤੇ ਦੂਜੇ ਲੋਕ ਸਮਝਦੇ ਸਨ ਕਿ ਲੋਕ-ਰਾਜ ਦਾ ਪੱਖ ਲੈਣ ਨਾਲ ਮਾਓਵਾਦੀਆਂ ਨੂੰ ਫ਼ਾਇਦਾ ਹੋਵੇਗਾ। ਇਸ ਗੱਲ ਤੋਂ ਨਾਰਾਜ਼ ਹੋ ਕੇ ਕਰਨਲ ਪੁਰੋਹਿਤ ਨੇ ਜਬਲਪੁਰ ਵਿਚ ਆਰ.ਐਸ.ਐਸ. ਦੇ ਮੁਖੀ ਨਾਲ ਮਿਲ ਕੇ ਇੰਦਰੇਸ਼ ਕੁਮਾਰ ਦੀ ਸ਼ਿਕਾਇਤ ਕਰ ਦਿੱਤੀ ਤੇ ਬਦਲੇ ਵਿਚ ਕਰਨਲ ਪੁਰੋਹਿਤ ਦੇ ਕਹਿਣ ਅਨੁਸਾਰ, ਇੰਦਰੇਸ਼ ਕੁਮਾਰ ਨੇ ਪੁਲਿਸ ਨੂੰ ਸੂਹ ਦੇ ਕੇ ਉਸ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਕਿਸ ਦੀ ਕਿੰਨੀ ਭੂਮਿਕਾ ਸੀ, ਇਸ ਦਾ ਆਰ.ਐਸ.ਐਸ. ਦੀ ਹਾਈ ਕਮਾਂਡ ਨੂੰ ਕਿੰਨਾ ਪਤਾ ਹੋਵੇਗਾ, ਪਰ ਇੰਨਾ ਸਾਫ਼ ਹੈ ਕਿ ਇੰਦਰੇਸ਼ ਕੁਮਾਰ ਇਸ ਵਿਚ ਪੂਰੀ ਤਰ੍ਹਾਂ ਸ਼ਾਮਲ ਸੀ।

ਹੁਣ ਜਦੋਂ ਇੰਦਰੇਸ਼ ਕੁਮਾਰ ਤਕ ਗੱਲ ਆਈ ਕਿ ਆਈ ਜਾਪਦੀ ਹੈ, ਆਰ.ਐਸ.ਐਸ. ਲੀਡਰਸ਼ਿਪ ਇਸ ਗੱਲ ਤੋਂ ਤ੍ਰਬਕ ਰਹੀ ਹੈ ਕਿ ਉਸ ਤੋਂ ਉਤਲਿਆਂ ਵੱਲ ਨਾ ਤੁਰ ਪਈ ਹੋਵੇ। ਇੰਦਰੇਸ਼ ਕੁਮਾਰ ਛੋਟਾ-ਮੋਟਾ ਬੰਦਾ ਨਹੀਂ, ਆਰ.ਐਸ.ਐਸ. ਦੀਆਂ ਕਈ ਖੇਡਾਂ ਦਾ ਮੁੱਖ ਮੋਹਰਾ ਹੈ। ਜਦੋਂ ਸਿੰਧੂ ਦਰਸ਼ਨ ਦਾ ਪ੍ਰੋਗਰਾਮ ਬਣਾ ਕੇ ਸਿੰਧੂ ਨਦੀ ਦੇ ਮੁੱਢ ਵਾਲੀ ਥਾਂ ਪੂਜਾ ਸ਼ੁਰੂ ਕੀਤੀ ਗਈ, ਉਸ ਯੋਜਨਾ ਦਾ ਕਰਤਾ-ਧਰਤਾ ਵੀ ਇਹੋ ਸੀ। ਤੇ ਜਦੋਂ ਮੁਸਲਮਾਨਾਂ ਵਿਚ 'ਆਪਣੇ ਬੰਦੇ' ਲੱਭ ਕੇ 'ਰਾਸ਼ਟਰੀ ਮੁਸਲਿਮ ਮੰਚ' ਬਣਾਇਆ ਤਾਂ ਇਸ ਦਾ ਆਗੂ ਵੀ ਇਹੋ ਬਣਿਆ। ਹੁਣ ਤਕ ਉਹ ਘੱਟ ਜਾਣਿਆ ਜਾਂਦਾ ਵੱਡਾ ਬੰਦਾ ਸੀ, ਹੁਣ ਵੱਧ ਜਾਣੇ ਜਾਂਦਿਆਂ ਲਈ ਮੁਸ਼ਕਲ ਦਾ ਕਾਰਨ ਬਣ ਸਕਦਾ ਹੈ। ਇਸ ਨੂੰ ਮਹਿਸੂਸ ਕਰ ਕੇ ਆਰ.ਐਸ.ਐਸ. ਨੂੰ ਆਪਣੀਆਂ ਜਥੇਬੰਦੀਆਂ ਜਾਂ ਰਾਜਸੀ ਵਿੰਗ, ਭਾਜਪਾ ਨੂੰ ਅੱਗੇ ਕਰਨ ਦੀ ਥਾਂ ਖ਼ੁਦ ਸੜਕਾਂ 'ਤੇ ਨਿਕਲਣਾ ਪਿਆ ਹੈ, ਜਿਥੇ ਜਾ ਕੇ ਸੋਨੀਆ ਗਾਂਧੀ ਵੱਡਾ ਮੁੱਦਾ ਬਣ ਗਈ ਹੈ।

ਸੋਨੀਆ ਗਾਂਧੀ ਬਾਰੇ ਵੀ ਇਹ ਕੋਈ ਪਹਿਲਾ ਮੌਕਾ ਨਹੀਂ, ਜਦੋਂ ਭੱਦੀ ਸ਼ਬਦਾਵਲੀ ਵਰਤੀ ਗਈ ਹੋਵੇ। ਵਿਸ਼ਵ ਹਿੰਦੂ ਪ੍ਰੀਸ਼ਦ ਵੀ ਆਰ.ਐਸ.ਐਸ. ਦੀ ਸ਼ਾਖ ਹੈ ਤੇ ਉਸ ਦੇ ਆਗੂ ਪ੍ਰਵੀਨ ਤੋਗੜੀਆ ਨੇ ਗੁਜਰਾਤ ਵਿਚ ਜਾ ਕੇ ਨਿਹਾਇਤ ਗੰਦੀ ਭਾਸ਼ਾ ਸੋਨੀਆ ਗਾਂਧੀ ਬਾਰੇ ਵਰਤੀ ਸੀ ਜਿਸ ਦੀ ਮੌਕੇ ਦੇ ਭਾਜਪਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਵੀ ਨਿੰਦਾ ਕਰਨੀ ਪਈ ਸੀ। ਭਾਜਪਾ ਆਗੂ ਵਿਨੈ ਕਟਿਆਰ ਨੇ ਇਹ ਕਹਿ ਦਿੱਤਾ ਸੀ ਕਿ ਜਿਵੇਂ ਕਦੇ ਮਹਾਭਾਰਤ ਵੇਲੇ ਧ੍ਰਿਤਰਾਸ਼ਟਰ ਦੀ ਪਤਨੀ ਗੰਧਾਰੀ ਬਾਹਰੋਂ ਆ ਕੇ ਭਾਰਤ ਦੇ ਰਾਜ ਪਰਿਵਾਰ ਦੀ ਤਬਾਹੀ ਦਾ ਕਾਰਨ ਬਣੀ ਸੀ, ਉਵੇਂ ਹੀ ਜਦੋਂ ਦੀ ਸੋਨੀਆ ਗਾਂਧੀ ਆਈ ਹੈ, ਨਹਿਰੂ-ਗਾਂਧੀ ਪਰਿਵਾਰ ਦੀ ਤਬਾਹੀ ਦਾ ਕਾਰਨ ਬਣੀ ਹੋਈ ਹੈ। ਕਈ ਹੋਰ ਸੱਜਣ ਵੀ ਸੋਨੀਆ



ਕਰਨਲ ਸ਼੍ਰੀਕਾਂਤ ਪੁਰੋਹਿਤ

ਗਾਂਧੀ ਬਾਰੇ ਇਸੇ ਤਰ੍ਹਾਂ ਭੱਦੀ ਸ਼ਬਦਾਵਲੀ ਵਰਤਦੇ ਰਹੇ ਹਨ ਪਰ ਇਨ੍ਹਾਂ ਸਭਨਾਂ ਦੀ ਇਕ ਗੱਲ ਸਾਂਝੀ ਹੈ ਕਿ ਇਹ ਕਿਸੇ ਨਾ ਕਿਸੇ ਪਾਸਿਓਂ ਆਰ.ਐਸ.ਐਸ. ਨਾਲ ਜੁੜੇ ਹੋਏ ਹਨ।

ਭਾਰਤ ਵਿਚ ਹੋਰ ਵੀ ਜਥੇਬੰਦੀਆਂ ਅਤੇ ਰਾਜਸੀ ਪਾਰਟੀਆਂ ਹਨ, ਤਿੱਖੇ ਰਾਜਸੀ ਹਮਲੇ ਇਕ-ਦੂਜੇ 'ਤੇ ਬਹੁਤ ਹੁੰਦੇ ਹਨ ਪਰ ਇੰਨੇ ਨੀਵੇਂ ਪੱਧਰ ਦੇ ਸ਼ਬਦ ਸਿਰਫ਼ ਆਰ.ਐਸ.ਐਸ. ਨਾਲ ਜੁੜੇ ਲੋਕ ਵਰਤਦੇ ਹਨ। ਇਕ ਵਾਰੀ ਆਰ.ਐਸ.ਐਸ. ਦੇ ਆਗੂ ਨੇ ਕਿਹਾ ਸੀ ਕਿ ਇਹ ਸੱਚ ਹੈ ਕਿ ਹਰ ਮੁਸਲਮਾਨ ਦਹਿਸ਼ਤਗਰਦ ਨਹੀਂ ਪਰ ਇਹ ਵੀ ਸੱਚ ਹੈ ਕਿ ਸਾਰੇ ਦੇ ਸਾਰੇ ਦਹਿਸ਼ਤਗਰਦ ਮੁਸਲਮਾਨ ਨਿਕਲਦੇ ਹਨ। ਇਸ 'ਤੇ ਟਕੋਰ ਕਰਦਿਆਂ ਕਾਂਗਰਸੀ ਆਗੂ ਦਿਗਵਿਜੈ ਸਿੰਘ ਨੇ ਕਿਹਾ ਸੀ ਕਿ ਹਿੰਦੂ ਵੀ ਸਾਰੇ ਦੇ ਸਾਰੇ ਦਹਿਸ਼ਤਗਰਦ ਨਹੀਂ ਪਰ ਜਦੋਂ ਕੋਈ ਹਿੰਦੂ ਦਹਿਸ਼ਤਗਰਦ ਨਿਕਲਦਾ ਹੈ ਤਾਂ ਉਹ ਆਰ.ਐਸ.ਐਸ. ਦਾ ਬੰਦਾ ਹੀ ਨਿਕਲਦਾ ਹੈ। ਉਨ੍ਹਾਂ ਦੋਹਾਂ ਦੀ ਲੜਾਈ ਅਸੀਂ ਉਨ੍ਹਾਂ ਲਈ ਛੱਡ ਕੇ ਇਹ ਕਹਿਣ ਦੀ ਆਗਿਆ ਚਾਹੁੰਦੇ ਹਾਂ ਕਿ ਰਾਜਨੀਤੀ ਵਿਚ ਜਦੋਂ ਵੀ ਸਿਰੇ ਦੀ ਘਟੀਆ ਗੱਲ ਕਹੀ ਜਾਂਦੀ ਹੈ, ਇਹ ਉਸ ਆਰ.ਐਸ.ਐਸ. ਦੇ ਕਿਸੇ ਲੀਡਰ ਵੱਲੋਂ ਵੀ ਕਹੀ ਜਾਂਦੀ ਹੈ ਜਿਹੜਾ ਆਪਣੇ ਆਪ ਨੂੰ 'ਭਾਰਤੀ ਸੰਸਕ੍ਰਿਤੀ' ਦਾ ਆਲਮ-ਬਰਦਾਰ ਅਖਵਾਉਣਾ ਚਾਹੁੰਦਾ ਹੈ। ਆਖਿਰ ਕਿਉਂ?


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਮੇਰੇ ਮਾਮਾ ਜੀ

ਮੇਰੇ ਮਾਮਾ ਜੀ ਹੁਣ ਇਸ ਜਹਾਨ ਵਿਚ ਨਹੀਂ ਰਹੇ। ਜੋ ਆਇਆ ਸੋ ਚਲਸੀ ਦੇ ਮਹਾ ਕਥਨ ਅਨੁਸਾਰ ਮਾਮਾ ਤਾਂ ਕਿਸੇ ਦਾ ਵੀ ਇਸ ਜਹਾਨ 'ਚ ਨਹੀਂ ਰਹਿਣਾ। ਨਾਲੇ ਉਹ ਤਾਂ ਸੀ ਵੀ ਸਾਡਾ ਸਭ ਤੋਂ ਵੱਡਾ ਮਾਮਾ। ਉਸ ਦਾ ਸਭ ਤੋਂ ਪਹਿਲਾਂ ਇਸ ਜਹਾਨ ਤੋਂ ਤੁਰ ਜਾਣਾ ਹੀ ਬਣਦਾ ਸੀ। ਅੰਤਮ ਸਵਾਸ ਵੇਲੇ ਵੀ ਉਸ ਨੇ ਆਪਣੇ ਇਸ ਫਰਜ਼ ਤੋਂ ਕੁਤਾਹੀ ਨਹੀਂ ਕੀਤੀ। ਮੈਂ ਬਥੇਰੇ ਮਾਮੇ ਦੇਖੇ ਜੋ ਆਪਣੀ ਆਈ 'ਤੇ ਵੀ ਨਹੀਂ ਜਾਂਦੇ। ਸਾਡੇ ਇਸ ਵੱਡੇ ਮਾਮੇ ਨੇ ਜੋ ਅਮਿਟ ਛਾਪ ਆਪਣੇ ਭਾਣਜਿਆਂ 'ਤੇ ਛੱਡੀ, ਉਹ ਭਾਣਜਿਆਂ ਦੇ ਜੀਉਂਦੇ ਜੀਅ ਤਾਂ ਨਹੀਂ ਮਿਟ ਸਕਦੀ। ਕੈਦੋਂ ਮਾਮਾ ਹੀਰ ਦਾ ਅਤੇ ਸ਼ਕੁਨੀ ਮਾਮਾ ਤਾਂ ਰਹਿੰਦੀ ਦੁਨੀਆਂ ਤਕ ਦੁਨੀਆਂ ਭਰ ਦੇ ਭਾਣਜਿਆਂ ਦੀ ਸਿਮ੍ਰਤੀ ਵਿਚ ਘਰ ਕਰ ਗਏ ਹਨ।

ਮੇਰੇ ਮਾਮਾ ਜੀ ਦੀ ਜਵਾਨੀ ਉਨ੍ਹਾਂ ਦਿਨਾਂ ਵਿਚ ਪ੍ਰਵਾਨ ਚੜ੍ਹੀ ਜਦੋਂ ਪੰਜਾਬ ਦੇ ਪਿੰਡ ਪਿੰਡ, 'ਚਾਟੀਆਂ ਵਿਚ ਮਧਾਣੀਆਂ ਘੁੰਮਣ, ਘਰ ਘਰ ਨਿੱਤ ਸਵੇਰੇ।' ਦੁਧ ਘਿਉ ਦੇ ਨਾਲ ਨਾਲ ਉਨ੍ਹਾਂ ਆਪਣੀ ਜਵਾਨੀ ਵਿਚ ਖੂਬ ਬਦਾਮਾਂ ਦੀਆਂ ਗਿਰੀਆਂ ਛਕੀਆਂ ਅਤੇ ਸ਼ਰਦਾਈਆਂ ਪੀਤੀਆਂ। ਉਹ ਤਿੱਤਰਾਂ ਬਟੇਰਿਆਂ ਦੇ ਵੀ ਬੜੇ ਸ਼ੌਕੀਨ ਰਹੇ ਪਰ ਇਸ ਸਾਰੀ ਖੁਰਾਕ ਨੂੰ ਉਨ੍ਹਾਂ ਕਦੇ ਅਲਕਪੌਂ ਕਦ ਵਧਣ ਜਿਹੇ ਫਜ਼ੂਲ ਅਰਥ ਨਹੀਂ ਲੱਗਣ ਦਿੱਤੇ। ਉਹ ਜ਼ਿੰਦਗੀ ਨੂੰ ਇਕ ਜੀਵਨ ਫਲਸਫ਼ੇ ਅਨੁਸਾਰ ਜਿਉਣ ਵਿਚ ਵਿਸ਼ਵਾਸ ਰਖਦੇ ਸਨ। ਨਾਲੇ ਉਹ ਜ਼ਮਾਨਾ ਵੈਸੇ ਵੀ ਫਲਸਫਿਆਂ ਦਾ ਸੀ, ਇਕ ਫਲਸਫ਼ਾ ਧਾਰ ਕੇ ਜੀਵਨ ਨੂੰ ਉਸ ਦੀ ਸੇਧ ਵਿਚ ਹਿੱਕ ਦੇਣ ਦਾ। ਗੁਰਬਖਸ ਸਿੰਘ ਪ੍ਰੀਤਲੜੀ ਦੀ ਮਿਸਾਲ ਸਾਡੇ ਸਾਹਮਣੇ ਹੈ। ਸਾਡੇ ਇਸ ਮਾਮੇ ਨੇ ਜ਼ਿੰਦਗੀ ਨੂੰ ਇਸ ਲੇਖੇ ਲਾਇਆ।

ਮੈਂ ਆਪਣੇ ਮਾਮੇ ਦੀ ਜ਼ਿੰਦਗੀ ਦੇ ਜਿਉਂਦੇ ਜੀਅ ਕਾਫੀ ਨੋਟਸ ਲਏ, ਵੇਰਵੇ ਇਕੱਠੇ ਕੀਤੇ, ਜਾਣੂਆਂ ਪਛਾਣੂਆਂ ਨਾਲ ਇੰਟਰਵਿਊ ਕੀਤੇ ਤੇ ਆਖਰਕਾਰ ਉਨ੍ਹਾਂ ਦੇ ਜੀਵਨ ਫਲਸਫੇ ਨੂੰ ਸੂਤਰਬੱਧ ਕੀਤਾ। ਮੈਨੂੰ ਅਫਸੋਸ ਹੈ ਕਿ ਮੈਂ ਉਨ੍ਹਾਂ ਦੇ ਬਚਪਨ ਦੇ ਭਰੋਸੇਯੋਗ ਅੰਕੜੇ ਹਾਸਿਲ ਨਹੀਂ ਕਰ ਸਕਿਆ ਤੇ ਦੰਦ ਕਥਾਵਾਂ ਵਿਚ ਮੇਰਾ ਵਿਸ਼ਵਾਸ ਨਹੀਂ। ਅਸਲ ਵਿਚ ਮੇਰੇ ਮਾਮਾ ਜੀ ਆਪਣੇ ਜੀਵਨ ਫਲਸਫੇ ਦਾ ਕੁਝ ਵੀ ਵਿਸਤ੍ਰਿਤ ਲਿਖਤੀ ਰੂਪ ਛੱਡ ਕੇ ਨਹੀਂ ਗਏ। ਬੱਸ ਥੋੜੇ ਜਿਹੇ ਇੱਕੜ-ਦੁੱਕੜ ਡਾਇਰੀਆਂ 'ਤੇ ਝਰੀਟੇ ਇੰਦਰਾਜ ਹਨ ਤੇ ਜਾਂ ਫਿਰ ਢੇਰ ਸਾਰੇ ਲੋਕਾਂ ਨਾਲ ਉਨ੍ਹਾਂ ਦੇ ਹੋਏ ਪ੍ਰਵਚਨ। ਸਮੁਚੀ ਸਮੱਗਰੀ ਦੇ ਅਧਿਐਨ ਉਪਰੰਤ ਮੈਂ ਜੋ ਸੂਤਰ ਕਢਿਆ ਉਸ ਅਨੁਸਾਰ ਮਨੁਖਾ ਦੇਹ ਰੋਗਾਂ ਨਾਲ ਘਿਰੀ ਹੋਈ ਹੈ ਤੇ ਜ਼ਿੰਦਗੀ ਵਿਚ ਮਨੁੱਖ ਦਾ ਮੁਖ ਮਨੋਰਥ ਇਨ੍ਹਾਂ ਰੋਗਾਂ ਤੋਂ ਹੀ ਛੁਟਕਾਰਾ ਪਾਉਣਾ ਹੈ। ਮੇਰੇ ਮਾਮਾ ਜੀ ਦਾ ਬੁਧ ਮੱਤ ਨਾਲ ਤੀਖਣ ਮਤਭੇਦ ਸੀ ਕਿਉਂਕਿ ਬੁਧ ਮੱਤ ਨੇ ਤਾਂ ਜ਼ਿੰਦਗੀ ਨੂੰ ਹੀ ਦੁਖਾਂ ਦਾ ਘਰ ਮੰਨਿਆ। ਮੇਰੇ ਮਾਮਾ ਜੀ ਨੇ ਛੋਟੀ ਉਮਰ ਵਿਚ ਹੀ ਫਲਸਫਾ ਵਿਕਸਿਤ ਕਰ ਲਿਆ ਸੀ ਕਿ ਜ਼ਿੰਦਗੀ ਤਾਂ ਅਸਲ ਵਿਚ ਸੁੱਖਾਂ ਦਾ ਘਰ ਹੈ, ਐਪਰ ਰੋਗ-ਰੁਚਿਤ ਮਨੁਖਾ ਦੇਹ ਹੀ ਹੈ ਜੋ ਉਸ ਨੂੰ ਇਹ ਸੁਖ ਹਾਸਿਲ ਨਹੀਂ ਹੋਣ ਦੇ ਰਹੀ। ਇਸ ਲਈ ਮਨੁਖ ਨੂੰ ਸਭ ਤੋਂ ਪਹਿਲਾਂ ਤੰਦਰੁਸਤੀ ਕਾਇਮ ਰੱਖਣ ਦੇ ਮਾਰਗ ਢੂੰਡਣੇ ਚਾਹੀਦੇ ਹਨ। ਸੋ ਘਟੋ ਘਟ ਚਿੰਤਨਸ਼ੀਲ ਮਨੁਖ ਨੂੰ ਏਨੀ ਕੁ ਤਾਂ ਕੁਰਬਾਨੀ ਕਰਨੀ ਚਾਹੀਦੀ ਹੈ ਕਿ ਇਸ ਖੋਜ ਵਿਚ ਉਹ ਆਪਣੀ ਜ਼ਿੰਦਗੀ ਦੇ ਸੁਖ ਬਾਰੇ ਨਾ ਸੋਚੇ।

ਜਵਾਨੀ ਦੇ ਮੁਢਲੇ ਦੌਰ ਵਿਚ ਉਹ ਦੇਸ਼ ਦੀ ਆਜ਼ਾਦੀ ਦੀ ਲਹਿਰ ਤੋਂ ਪ੍ਰਭਾਵਤ ਹੋਏ ਤੇ ਕਮਿਉਨਿਸਟਾਂ ਦੇ ਨੇੜੇ ਰਹੇ। ਹਰਕਿਸ਼ਨ ਸਿੰਘ ਸੁਰਜੀਤ ਅਤੇ ਜਗਜੀਤ ਸਿੰਘ ਜੱਗੀ ਦੀ ਦੋਸਤੀ ਨਾਲ ਉਨ੍ਹਾਂ ਜ਼ਿੰਦਗੀ ਦੇ ਮਹਾਨ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਰਾ ਜੀਵਨ ਲੇਖੇ ਲਾ ਦੇਣ ਦਾ ਸਬਕ ਸਿੱਖਿਆ ਪਰ ਅਸਲ ਵਿਚ ਏਨੀਆਂ ਵੱਡੀਆਂ ਲਹਿਰਾਂ ਤੇ ਇਨ੍ਹਾਂ ਦੇ ਮਹਾਨ ਨੇਤਾਵਾਂ ਦੀ ਨੇੜਤਾ ਮਾਨਣ ਪਿਛੋਂ ਵੀ ਉਹ ਇਨ੍ਹਾਂ ਦੀਆਂ ਆਪਣੇ ਘਰ ਗੁਪਤ ਮਟਿੰਗਾਂ ਤਾਂ ਕਰਵਾ ਦਿੰਦੇ ਸਨ ਪਰ ਆਪ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਭਾਗ ਨਹੀਂ ਸਨ ਲੈਂਦੇ। ਇਸਦਾ ਕਾਰਨ ਇਹ ਸੀ ਕਿ ਸਾਡੇ ਮਾਮਾ ਜੀ ਮਨੁਖ ਦੀ ਮੁਕਤੀ ਲਈ ਨਵੇਂ ਨਵੇਲੇ ਰਾਹਾਂ ਦੇ ਢੂੰਡਾਊ ਸਨ। ਹਰਕਿਸ਼ਨ ਸਿੰਘ ਸੁਰਜੀਤ ਆਪਣੀ ਜਵਾਨੀ ਵਿਚ ਕਵਿਤਾ ਲਿਖਿਆ ਕਰਦੇ ਸਨ ਪਰ ਇਸ਼ਕ ਤੋਂ ਦੂਰ ਭਜਦੇ ਸਨ। ਮੇਰੇ ਮਾਮਾ ਜੀ ਇਸ਼ਕ ਕਰਨਾ ਚਾਹੁੰਦੇ ਸਨ ਪਰ ਕਵਿਤਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਸੀ। ਮੇਰੇ ਮਾਮੇ ਦੇ ਗੇੜ ਵਿਚ ਇਕ ਕੁੜੀ ਆਈ ਪਰ ਉਸ ਨੂੰ ਬੋਲ ਕੇ ਕੁਝ ਕਹਿਣ ਲਈ ਬੁਲ੍ਹਾਂ 'ਤੇ ਇਕ ਲਫ਼ਜ਼ ਨਾ ਆਇਆ। ਇਕ ਮੀਟਿੰਗ ਦੌਰਾਨ ਉਨ੍ਹਾਂ ਸੁਰਜੀਤ ਹੁਰਾਂ ਅੱਗੇ ਮਤੇ ਦੇ ਰੂਪ ਵਿਚ ਆਪਣੀ ਸਮੱਸਿਆ ਰੱਖ ਦਿਤੀ। ਕਾਮਰੇਡ ਸਾਹਿਬ ਨੇ ਕੁੜੀ ਦਾ ਹੁਲੀਆ ਸਮਝਿਆ, ਕਲਪਨਾ ਨੂੰ ਹਵਾ ਦਿੱਤੀ ਤੇ ਉਨ੍ਹਾਂ ਦੀ ਕਲਮ 'ਚੋਂ ਕਵਿਤਾ ਦਾ ਕੜ ਪਾਟ ਗਿਆ। ਇਸ ਤੋਂ ਬਾਅਦ ਪਹਿਲੇ ਮੌਕੇ ਹੀ ਜਦ ਉਹ ਕੁੜੀ ਸਾਡੇ ਮਾਮਾ ਜੀ ਦੇ ਸਾਹਮਣੇ ਪ੍ਰਗਟ ਹੋਈ, ਉਨ੍ਹਾਂ ਕਵਿਤਾ ਵਾਲਾ ਇਹ ਰੁੱਕਾ ਕੁੜੀ ਦੇ ਮੂਹਰੇ ਮੁਰਗੀਆਂ ਅੱਗੇ ਚੋਗਾ ਖਿਲਾਰਨ ਵਾਂਗ ਸੁੱਟ ਦਿੱਤਾ ਤੇ ਆਪ ਸੂਟ ਵੱਟ ਗਏ। ਡਰਦੇ ਸੁਰਜੀਤ ਨੂੰ ਕਹਿੰਦੇ, ਮੈਨੂੰ ਵੀ ਕਿਤੇ ਅੰਡਰਗਰਊਂਡ ਲੈ ਜਾ, ਕੁੜੀ ਨੇ ਪਤਾ ਨਹੀਂ ਹੁਣ ਕੀ ਗੁੱਲ ਖਿੜਾਉਣੇ ਹਨ। ਬਾਅਦ ਵਿਚ ਇਸ ਮਾਅਰਕੇ ਦਾ ਕੀ ਹਸ਼ਰ ਹੋਇਆ, ਇਸ ਦੇ ਵੇਰਵੇ ਪ੍ਰਾਪਤ ਨਹੀਂ।

ਸਾਡੇ ਮਾਮਾ ਜੀ ਦਾ ਵਿਆਹ ਤਾਂ ਹੋ ਗਿਆ ਜਾਂ ਕਰ ਦਿੱਤਾ ਗਿਆ ਪਰ ਤੁਹਾਨੂੰ ਪਤਾ ਹੀ ਹੈ ਮਹਾਪੁਰਸ਼ਾਂ ਨੂੰ ਆਪਣੇ ਇਸ਼ਟ ਤੋਂ ਥਿੜਕਾਉਣ ਲਈ ਵਿਆਹ ਕੋਈ ਰੁਕਾਵਟ ਨਹੀਂ ਬਣਦੇ। ਸਾਡੀ ਮਾਮੀ ਦੀ ਕੁਖੋਂ ਤਿੰਨ ਸੰਤਾਨਾਂ ਦੀ ਉਤਪਤੀ ਹੋਈ। ਸਾਡੇ ਮਾਮਾ ਜੀ ਇਤਿਹਾਸ ਦੀ ਐਮ. ਏ. ਸਨ, ਨਾਲੇ ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦ ਇਤਿਹਾਸ ਨਾਂ ਦੇ ਭੂਤਮੁਖੀ ਵਿਸ਼ੇ ਬਾਰੇ ਹਾਰੀ-ਸਾਰੀ ਨੂੰ ਕੱਖ ਗਿਆਨ ਨਹੀਂ ਸੀ। ਗ੍ਰਹਿਸਥੀ ਜੀਵਨ ਵਿਚ ਖਚਿਤ ਕਰਨ ਦੇ ਇਰਾਦੇ ਨਾਲ ਉਨ੍ਹਾਂ ਦੇ ਭਾਈਆ ਜੀ ਯਾਨਿ ਸਾਡੇ ਨਾਨੇ ਨੇ ਉਨ੍ਹਾਂ ਨੂੰ ਧੱਕ ਕੇ ਵਣ ਮਹਿਕਮੇ ਵਿਚ ਇੰਟਰਵਿਊ ਲਈ ਭੇਜ ਦਿੱਤਾ। ਸਿਲੈਕਟ ਹੋਣ ਪਿਛੋਂ ਵੀ ਉਨ੍ਹਾਂ ਫੌਰੈਸਟ ਰੇਂਜਰ ਦੀ ਨੌਕਰੀ ਜਾਇਨ ਨਹੀਂ ਕੀਤੀ ਕਿਉਂਕਿ ਉਹ ਜੰਗਲਾਂ ਨੂੰ ਕੱਟਣ ਦੇ ਬਰਖਿਲਾਫ ਸਨ। ਗ੍ਰਹਿਸਥੀ ਜੀਵਨ ਦੀ ਗੱਡੀ ਤੋਰਨ ਲਈ ਸਾਡੀ ਮਾਮੀ ਸਾਹਿਬਾ ਨੂੰ ਸਕੂਲ ਅਧਿਆਪਕੀ ਕਰਨੀ ਪਈ। ਦਰਅਸਲ ਸਾਡੇ ਮਾਮਾ ਜੀ ਇਨ੍ਹਾਂ ਦਿਨਾਂ ਵਿਚ ਆਪਣਾ ਅਰੋਗਤਾ ਮਾਰਗ ਵਿਕਸਿਤ ਕਰਨ 'ਤੇ ਲੱਗੇ ਹੋਏ ਸਨ। ਪਿੰਡ ਦੇ ਇਕ ਹੋਮੀਓਪੈਥੀ ਡਾਕਟਰ ਨਾਲ ਉਨ੍ਹਾਂ ਯਾਰੀ ਪਾ ਲਈ ਤੇ ਉਸ ਦੀ ਦੁਕਾਨ 'ਤੇ ਉਹ ਸੁਬਹ-ਸ਼ਾਮ ਫੇਰੇ ਮਾਰਨ ਲੱਗੇ। ਇਸ ਡਾਕਟਰ ਦੀਆਂ ਆਪਣੀਆਂ ਲੱਤਾਂ ਗਠੀਏ ਕਾਰਨ ਜੁੜੀਆਂ ਰਹਿੰਦੀਆਂ ਸਨ ਜਿਸ ਕਰਕੇ ਉਹ ਕੁਰਸੀ ਤੋਂ ਉਠ ਕੇ ਮਰੀਜ਼ ਨੂੰ ਨਹੀਂ ਸੀ ਦੇਖ ਸਕਦਾ।


ਇਸ ਡਾਕਟਰ ਦੀ ਚੌਕੀ ਭਰਨ ਦਾ ਨਤੀਜਾ ਇਹ ਹੋਇਆ ਕਿ ਇਕ ਦਿਨ ਪਿੰਡ ਦੇ ਲੋਕਾਂ ਨੇ ਸਾਡੇ ਮਾਮੇ ਦੇ ਹੱਥ ਵਿਚ ਇਕ ਸੰਦੂਕੜੀ ਦੇਖੀ ਜਿਸ ਦੇ ਖਾਨਿਆਂ ਵਿਚ ਹੋਮੀਓਪੈਥੀ ਦੀਆਂ ਗੋਲੀਆਂ ਨਾਲ ਭਰੀਆਂ ਬੇਸ਼ੁਮਾਰ ਸ਼ੀਸ਼ੀਆਂ ਜੜੀਆਂ ਹੋਈਆਂ ਸਨ। ਸਾਡੇ ਦੂਜੇ ਥਾਂ ਦੇ ਉਨ੍ਹਾਂ ਤੋਂ ਛੋਟੇ ਮਾਮੇ ਨੇ ਸਾਨੂੰ ਇਸ ਦੌਰ ਦੀ ਇਕ ਗੱਲ ਸੁਣਾਈ। ਪਿੰਡ ਦੇ ਇਕ ਨਾਈ ਦੇ ਘਰ ਸੱਤਵਾਂ ਬੱਚਾ ਹੋਇਆ। ਮੁੰਡੇ ਨੂੰ ਇਕ ਦਿਨ ਟੱਟੀਆਂ ਲੱਗ ਗਈਆਂ। ਉਨ੍ਹਾਂ ਬਥੇਰੇ ਓਹੜ-ਪੋਹੜ ਕੀਤੇ ਪਰ ਟੱਟੀਆਂ ਨੇ ਆਪਣੀ ਆਈ ਨਾ ਛੱਡੀ। ਅਚਾਨਕ ਇਕ ਦਿਨ ਉਸ ਨੂੰ ਸੰਦੂਕੜੀ ਚੁੱਕੀ ਸਾਡਾ ਮਾਮਾ ਗਲੀ ਵਿਚ ਟੱਕਰ ਪਿਆ। ਨਾਈ ਨੇ ਆਪਣੇ ਮੁੰਡੇ ਦੀ ਬੀਮਾਰੀ ਦੱਸੀ। ਸਾਡੇ ਮਾਮਾ ਜੀ ਨੇ ਫਟਾਫਟ ਪੱਟਾਂ 'ਤੇ ਸੰਦੂਕੜੀ ਰੱਖ ਨਕਸ-ਵੋਮਿਕਾ ਇਕ ਲੱਖ ਸ਼ਕਤੀ ਵਾਲੇ ਪਾਊਡਰ, ਜਿਸ ਨੂੰ ਉਹ ਅਰਜਣ ਬਾਣ ਕਹਿੰਦੇ ਸਨ, ਦੀਆਂ ਪੁੜੀਆਂ ਬਣਾ ਕੇ ਨਾਈ ਨੂੰ ਫੜਾ ਦਿੱਤੀਆਂ ਤੇ ਹਦਾਇਤ ਕਰ ਦਿੱਤੀ ਕਿ ਪਾਊਡਰ ਨੂੰ ਹੱਥ ਨਹੀਂ ਲਾਉਣਾ ਨਹੀਂ ਤਾਂ ਇਸ ਦਾ ਅਸਰ ਉਡ ਜਾਣਾ ਹੈ: ਚਾਰ ਚਾਰ ਘੰਟੇ ਪਿਛੋਂ ਇਕ ਪੁੜੀ ਸਿਧੀ ਬੱਚੇ ਦੇ ਮੂੰਹ ਵਿਚ ਖੋਲ੍ਹ ਦੇਣੀ ਹੈ। ਫਿਰ ਜਿਵੇਂ ਸਾਡੇ ਛੋਟੇ ਮਾਮੇ ਨੇ ਦੱਸਿਆ, ਮੁੰਡਾ ਤਾਂ ਪ੍ਰਲੋਕ ਸਿਧਾਰ ਗਿਆ ਪਰ ਜਿਉਂਦੇ ਜੀਅ ਉਸਨੂੰ ਟੱਟੀ ਨਹੀਂ ਆਈ। ਸ਼ਾਇਦ ਨਾਈ ਦਾ ਪਾਊਡਰ ਨੂੰ ਹੱਥ ਲੱਗ ਗਿਆ ਸੀ; ਨਾਲੇ ਜਿਉਂਦਾ ਰੱਖਣਾ ਤਾਂ ਰੱਬ ਦੇ ਹੱਥ ਵੱਸ ਸੀ। ਉਦੋਂ ਵੀ ਨਾਈ ਸਾਡੇ ਮਾਮੇ ਨੂੰ ਹੱਸ ਕੇ ਮਿਲਦਾ ਰਿਹਾ ਤੇ ਉਸੇ ਤਰ੍ਹਾਂ ਡਾਕਟਰ ਮੰਨਦਾ ਰਿਹਾ ਸੀ, ਉਸਦੇ ਬਥੇਰੇ ਪੁੱਤਰ ਬਚੇ ਪਏ ਸਨ।

ਇਕ ਗੱਲ ਮੈਂ ਤੁਹਾਨੂੰ ਰਾਜ਼ ਦੀ ਦੱਸਣ ਲੱਗਾ ਹਾਂ ਜਿਸ ਦਾ ਰਹੱਸ-ਉਦਘਾਟਨ ਮੇਰੇ ਲਈ ਵੀ ਪਿਛੇ ਜਿਹੇ ਹੀ ਹੋਇਆ। ਮੇਰੇ ਸਾਕ ਸਬੰਧੀਆਂ ਤੇ ਘਰਦਿਆਂ ਨੇ ਮੈਨੂੰ ਸਭ ਤੋਂ ਛੋਟਾ ਸਮਝਦਿਆਂ ਤੇ ਇਹ ਵਿਚਾਰ ਕੇ ਕਿ ਮੇਰੇ ਭੋਲੇ ਮਨ ਤੇ ਇਸ ਭੇਤ ਦਾ ਕੋਈ ਬੁਰਾ ਪ੍ਰਭਾਵ ਨਾ ਪਵੇ, ਮੈਥੋਂ ਛੁਪਾਈ ਰੱਖਿਆ। ਦਰਅਸਲ ਮੇਰੇ ਮਾਮਾ ਜੀ 'ਤੇ ਘਰ ਵਲੋਂ ਕਿਸੇ ਆਹਰੇ ਲੱਗਣ ਦਾ ਬਹੁਤ ਦਬਾਅ ਸੀ। ਇਸ ਦਬਾਅ ਹੇਠਾਂ ਆ ਕੇ ਉਨ੍ਹਾਂ ਬਹੁਤ ਸਾਰਾ ਧਨ ਘਰੋਂ ਲੈ ਕੇ ਕਮਾਈਆਂ ਕਰਨ ਲਈ ਆਪਣੇ ਇਕ ਦੋਸਤ ਅਵਤਾਰ ਕੋਲ ਬੰਬਈ ਜਾ ਡੇਰੇ ਲਾਏ। ਉਥੇ ਉਨ੍ਹਾਂ ਪਹਿਲਾਂ ਤਾਂ ਬਲੇਡ ਬਣਾਉਣ ਦਾ ਕਾਰਖਾਨਾ ਲਾਇਆ ਪਰ ਚੱਲਿਆ ਨਾ ਤੇ ਕੁਝ ਘਾਟਾ ਖਾਧਾ। ਕਿਸੇ ਨੇ ਦੱਸਿਆ ਕਿ ਦੇਸ਼ ਦੀ ਆਬਾਦੀ ਵਧ ਰਹੀ ਹੈ, ਨਿਰੋਧਾਂ ਦੇ ਕਾਰੋਬਾਰ ਦਾ ਭਵਿਖ ਉਜਲਾ ਹੈ। ਸਾਡੇ ਮਾਮਾ ਜੀ ਨੇ ਬਹੁਤ ਸਾਰੀ ਪੂੰਜੀ ਨਿਰੋਧ-ਉਤਪਾਦਨ 'ਤੇ ਲਾ ਦਿੱਤੀ ਤੇ ਪਿੰਡ ਵਿਚ ਧੁੰਮਾ ਦਿੱਤਾ ਕਿ ਉਹ ਭੂੰਪੜੇ (ਗੁਬਾਰੇ) ਬਣਾ ਰਹੇ ਹਨ। ਇਕ ਵਾਰੀ ਪਿੰਡ ਆਉਣਾ ਸੀ ਤਾਂ ਉਹ ਗਲੀ ਦੇ ਬੱਚਿਆਂ ਲਈ ਬੰਬਈ ਤੋਂ ਬਹੁਤ ਸਾਰੇ ਭੂੰਪੜੇ ਖਰੀਦ ਕੇ ਲੈ ਆਏ ਪਰ ਨਾਲ ਹੀ ਭੁਲੇਖੇ ਨਾਲ ਇਕ ਨਿਰੋਧ ਵੀ ਆ ਗਿਆ। ਉਨ੍ਹਾਂ ਦਾ ਬਚਾਅ ਹੋ ਗਿਆ, ਸਭ ਲੋਕਾਂ ਨੇ ਸਮਝਿਆ ਇਹ ਕੋਈ ਨਵੀਂ ਕਿਸਮ ਦਾ ਬੰਬਈਆ ਗੁਬਾਰਾ ਹੈ।

ਪਰ ਬੰਬਈ ਵਿਚ ਪੁੱਜੇ ਹੋਏ ਮਾਰਵਾੜੀਏ ਕਿਥੇ ਪੈਰ ਲੱਗਣ ਦਿੰਦੇ ਸਨ, ਨਾਲੇ ਸਾਡੇ ਮਾਮਾ ਜੀ ਤਾਂ ਅਵਤਾਰ ਨੂੰ ਲੈ ਕੇ ਸਾਰਾ ਸਾਰਾ ਦਿਨ ਮੁਜਰਾ ਹੀ ਦੇਖਦੇ ਰਹਿੰਦੇ ਸਨ। ਅਖੀਰ ਹਜ਼ਾਰਾਂ ਨੋਟਾਂ ਨੂੰ ਫੂਕ ਮਾਰ ਕੇ ਉਡਾਉਣ ਪਿਛੋਂ ਸਾਡੇ ਮਾਮਾ ਜੀ ਸਿਧੇ ਹੀ ਯੂ. ਕੇ. ਦੇ ਸ਼ਿਪ ਵਿਚ ਚੜ੍ਹ ਗਏ। ਇਸ ਦੇਸ਼ ਵਿਚ ਉਨ੍ਹਾਂ ਨੂੰ ਅਨੁਭਵ ਦੇ ਹੋਰ ਮੌਕੇ ਮਿਲੇ ਤੇ ਅਰੋਗਤਾ ਮਾਰਗ ਨੂੰ ਜਾਂਦੀਆਂ ਕਈ ਹੋਰ ਕੁੰਜ ਗਲੀਆਂ ਦਿਸੀਆਂ। ਇਸ ਤਰ੍ਹਾਂ ਉਹ ਸਾਰੀ ਉਮਰ ਆਪਣੇ ਦਰਸ਼ਨ ਵਿਚ ਨਵੇਂ ਤੋਂ ਨਵੇਂ ਹਾਸਿਲ ਹੋਏ ਤਜਰਬਿਆਂ ਨੂੰ ਸਮੋਂਦੇ ਰਹੇ ਪਰ ਏਥੇ ਉਨ੍ਹਾਂ ਨੂੰ ਰੋਟੀ ਰੋਜ਼ੀ ਦੀ ਖਾਤਿਰ ਬਹੁਤ ਝੱਖ ਮਾਰਨੀ ਪਈ। ਕੁਝ ਸਮਾਂ ਤਾਂ ਇਸ ਮਾਰਗ ਨੂੰ ਤਿਆਗਣਾ ਹੀ ਪਿਆ। ਟੁੱਟੜ ਜਿਹੀ ਕਾਰ ਲਈ, ਚੱਕਰਵਰਤੀ ਦੰਦਸਾਜ਼ਾਂ ਵਰਗਾ ਸੂਟਕੇਸ ਚੁੱਕੀ, ਉਹ ਘਰ ਘਰ ਟਾਈਆਂ, ਹੌਜ਼ਰੀ ਦਾ ਸਮਾਨ, ਕੱਛੇ-ਕੱਛੀਆਂ ਤੇ ਅਜੇਹਾ ਹੋਰ ਨਿਕਸੁਕ ਡੱਗੀ ਵਾਲਿਆਂ ਵਾਂਗ ਵੇਚਦੇ ਫਿਰਦੇ। ਮੇਮਾਂ ਘਰ 'ਚ ਕੱਲੀਆਂ ਹੁੰਦੀਆਂ, ਉਨ੍ਹਾਂ ਦੇ ਮਰਦ ਕੰਮਾਂ 'ਤੇ ਗਏ ਹੁੰਦੇ। ਸਾਡੇ ਮਾਮੇ ਨੇ ਭਾਵੇਂ ਸਾਰਾ ਜੀਵਨ ਤੰਦਰੁਸਤੀ ਕਾਇਮ ਕਰਨ ਦੇ ਲੇਖੇ ਲਾਇਆ ਪਰ ਉਹ ਸੂਟਕੇਸ ਕਾਰ 'ਚੋਂ ਕੱਢਣ ਲੱਗੇ ਹਫ਼ ਜਾਂਦੇ। ਜਦ ਕੋਈ ਮੇਮ ਉਨ੍ਹਾਂ ਨੂੰ ਆਪਣੇ ਘਰ ਬਿਠਾ ਲੈਂਦੀ ਤਾਂ ਉਹ ਸੂਟਕੇਸ ਰਖਾਉਣ ਵਿਚ ਉਨ੍ਹਾਂ ਦੀ ਮਦਦ ਕਰਦੀ। ਫਿਰ ਸਾਡੇ ਮਾਮਾ ਜੀ ਦੇ ਜਿਸਮ ਦੀ ਚੌੜਾਈ, ਉਚਾਈ ਤੇ ਮੁਟਾਈ ਤੇ ਤਰਸ ਖਾ ਕੇ ਉਹ ਕੋਈ ਨਾ ਕੋਈ ਟਾਈ ਖਰੀਦ ਲੈਂਦੀ। ਮਾਮਾ ਜੀ ਦਾ ਇਕ ਉਪ ਸਿਧਾਂਤ ਸੀ ਕਿ ਤੰਦਰੁਸਤੀ ਦਾ ਭਾਵ ਜੁੱਸੇ ਦਾ ਤਕੜਾ ਤੇ ਕੱਦ-ਕਾਠੀ ਹੋਣਾ ਨਹੀਂ ਬਲਕਿ ਰੋਗਰਹਿਤ ਹੋਣਾ ਹੁੰਦਾ ਹੈ। ਉਹ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਕਸਰਤਾਂ ਜਿਵੇਂ ਡੰਡ ਬੈਠਕਾਂ, ਮੂੰਗਲੀਆਂ ਫੇਰਨਾ, ਭਲਵਾਨੀ ਕਰਨਾ, ਕਬੱਡੀ ਖੇਲਣਾ, ਦੌੜਾਂ ਲਾਉਣਾ ਆਦਿ ਵਿਚ ਵਿਸ਼ਵਾਸ ਨਹੀਂ ਸੀ ਰੱਖਦੇ। ਉਹ ਤਾਂ ਬਹੁਤਾ ਸੈਰ ਕਰਨ ਦੇ ਵੀ ਸਿਧਾਂਤਕ ਤੌਰ 'ਤੇ ਵਿਰੁਧ ਸਨ। ਉਹ ਸਰੀਰ ਦੇ ਦੌੜਦੇ ਫਿਰਨ ਦੇ ਕਾਇਲ ਨਹੀਂ ਸਨ। ਮਾਲਸ਼ਾਂ ਕਰਕੇ ਧੁਪੇ ਲੇਟੇ ਰਹਿਣਾ ਉਨ੍ਹਾਂ ਦਾ ਮਨ ਭਾਉਂਦਾ ਨੁਸਖਾ ਸੀ। ਉਮਰ ਦੇ ਆਖਰੀ ਦਹਾਕੇ ਵਿਚ ਜਦ ਉਹ ਯੋਗਾ ਤੋਂ ਪ੍ਰਭਾਵਤ ਹੋਏ ਤਾਂ ਉਨ੍ਹਾਂ ਦੇ ਇਨ੍ਹਾਂ ਵਿਚਾਰਾਂ ਨੂੰ ਠੋਸ ਪੁਸ਼ਟੀ ਮਿਲੀ।

ਹੌਲੀ ਹੌਲੀ ਉਨ੍ਹਾਂ ਦਾ ਕੰਮ ਰਿੜ੍ਹਦਾ-ਰਿੜ੍ਹਦਾ ਫੱਟੇ ਲਾਉਣ ਤੇ ਪਹੁੰਚ ਗਿਆ। ਉਹ ਮੂੰਹ ਹਨੇਰੇ ਕੱਪੜਿਆਂ ਨਾਲ ਭਰੇ ਟਰੱਕ ਲੰਡਨ ਲੈ ਜਾਂਦੇ ਤੇ ਉਥੇ ਵੀਕਐਂਡ ਮਾਰਕਿਟ 'ਚ ਫੱਟੇ ਲਾਉਂਦੇ। ਆਪਣੇ ਸ਼ਹਿਰ ਵਿਚ ਵੀ ਉਨ੍ਹਾਂ ਕੱਪੜਿਆਂ ਦੀ ਦੁਕਾਨ ਖੋਲ੍ਹ ਲਈ। ਉਨ੍ਹਾਂ ਦੀ ਔਲਾਦ ਵੀ ਤੇ ਪਤਨੀ ਵੀ ਹੁਣ ਕੰਮ ਚੁੱਕਣ ਲੱਗ ਪਏ ਸਨ ਤੇ ਮਾਮਾ ਜੀ ਨੂੰ ਆਪਣਾ ਦਰਸ਼ਨ ਵਿਕਸਤ ਕਰਨ 'ਦਾ ਚੋਖਾ ਸਮਾ ਮਿਲਣ ਲੱਗਾ। ਹੁਣ ਉਹ ਦੇਸ਼ ਵੀ ਵਧ ਤੋਂ ਵਧ ਗੇੜਾ ਮਾਰਨ ਲੱਗ ਪਏ। ਉਨ੍ਹਾਂ ਸਮਿਆਂ ਵਿਚ ਹੀ ਹੋਸ਼ ਨੇ ਮੈਨੂੰ ਸੰਭਾਲਣਾ ਸ਼ੁਰੂ ਕੀਤਾ।

ਅਸਲ ਵਿਚ ਮਾਮਾ ਜੀ ਜਦ ਕਦੇ ਵੀ ਇੰਡੀਆ ਆਉਂਦੇ, ਉਹ ਨਵੇਂ ਤੋਂ ਨਵਾਂ ਗਿਆਨ ਲੈ ਕੇ ਆਉਂਦੇ। ਸਭ ਤੋਂ ਪਹਿਲਾਂ ਮੈਨੂੰ ਯਾਦ ਹੈ ਉਹ ਬਦਾਮ ਰੋਗ਼ਨ ਦੀਆਂ ਸ਼ੀਸ਼ੀਆਂ ਲੈ ਕੇ ਆਏ। ਉਨ੍ਹਾਂ ਦਾ ਮੱਤ ਸੀ ਕਿ ਸਾਰੀਆਂ ਬੀਮਾਰੀਆਂ ਪੇਟ ਤੋਂ ਸ਼ੁਰੂ ਹੁੰਦੀਆਂ ਹਨ ਤੇ ਬਦਾਮ ਰੋਗ਼ਨ ਪੇਟ ਨੂੰ ਸੈਟ ਕਰਦਾ ਹੈ। ਉਨ੍ਹਾਂ ਘਰ ਦੀ ਅਲਮਾਰੀ ਵਿਚ ਬਦਾਮ ਰੋਗ਼ਨ ਦੀਆਂ ਸ਼ੀਸ਼ੀਆਂ ਰੱਖ ਦਿੱਤੀਆਂ। ਉਨ੍ਹਾਂ ਦੀ ਇਸ ਫੇਰੀ ਦੌਰਾਨ ਸਾਡੀ ਬੀਬੀ ਤੇ ਅਸੀਂ ਉਸਦੇ ਭਾਣਜਿਆਂ ਨੇ ਜਦ ਵੀ ਅਲਮਾਰੀ ਖੋਲ੍ਹਣੀ, ਚਮਚਾ ਭਰ ਕੇ ਬਦਾਮ ਰੋਗ਼ਨ ਦਾ ਅੰਦਰ ਸੁੱਟ ਲੈਣਾ। ਸਾਨੂੰ ਇਵੇਂ ਲੱਗਣ ਲੱਗਾ ਜਿਵੇਂ ਸਾਡੇ ਅੰਦਰੋਂ ਜਮਾਂਦਰੂ ਰੋਗਾਂ ਦਾ ਨਿਕਾਸ ਹੋ ਰਿਹਾ ਹੋਵੇ ਪਰ ਇਸ ਫੇਰੀ ਦੌਰਾਨ ਖੁਦ ਮਾਮਾ ਜੀ ਦੇ ਭਗੰਦਰ ਫੋੜਾ ਹੋ ਗਿਆ। ਜਿਥੋਂ ਤੱਕ ਮੈਨੂੰ ਯਾਦ ਹੈ ਉਹ ਜਿੰਨਾ ਚਿਰ ਇੰਡੀਆ ਰਹੇ, ਬਿਸਤਰੇ 'ਤੇ ਹੀ ਲੰਮੇ ਪਏ ਰਹੇ। ਉਨ੍ਹਾਂ ਕੋਈ ਇਲਾਜ ਨਾ ਕਰਾਇਆ, ਉਨ੍ਹਾਂ ਦਾ ਮਤ ਸੀ ਕਿ ਇੰਗਲੈਂਡ ਦੀ ਭਿਅੰਕਰ ਠੰਡ ਕਾਰਨ ਇਹ ਫੋੜਾ ਪਤਾ ਨਹੀਂ ਕਦੋਂ ਦਾ ਅੰਦਰ ਜਾਮ ਹੋਇਆ ਪਿਆ ਸੀ; ਹੁਣ ਏਧਰਲੀਆਂ ਧੁੱਪਾਂ ਕਾਰਨ ਇਹ ਪੰਘਰ ਕੇ ਬਾਹਰ ਆ ਰਿਹਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਜਦੋਂ ਅੰਦਰਲੀ ਬੀਮਾਰੀ ਬਾਹਰ ਨਿੱਕਲ ਰਹੀ ਹੋਵੇ, ਇਸ ਨੂੰ ਰੋਕਣਾ ਨਹੀਂ ਚਾਹੀਦਾ। ਇਸ ਤਜਰਬੇ ਦੌਰਾਨ ਉਨ੍ਹਾਂ ਸ਼ਰਾਬ ਦਾ ਸੇਵਨ ਵੀ ਬੰਦ ਕਰ ਦਿੱਤਾ। ਥੋੜਾ ਚੱਲਣ ਜੋਗੇ ਹੋਏ ਤਾਂ ਇੰਗਲੈਂਡ ਪਰਤ ਗਏ। ਬਾਅਦ ਵਿਚ ਪਤਾ ਲੱਗਾ ਕਿ ਉਧਰ ਉਨ੍ਹਾਂ ਨੂੰ ਅਪਰੇਸ਼ਨ ਕਰਵਾਣਾ ਪਿਆ ਸੀ। ਬਹੁਤ ਚਿਰ ਪਿਛੋਂ ਉਨ੍ਹਾਂ ਦੱਸਿਆ ਕਿ ਉਹ ਅਪਰੇਸ਼ਨ ਦੇ ਉਲਟ ਨਹੀਂ ਹਨ। ਦਰਅਸਲ ਉਹ ਅੰਗਰੇਜ਼ੀ ਦਵਾਈਆਂ ਦੇ ਕੱਟੜ ਵਿਰੋਧੀ ਸਨ। ਇਸ ਵਿਸ਼ੇ 'ਤੇ ਫਿਰ ਮੌਕਾ ਮਿਲਿਆ ਤਾਂ ਅਵਾਂਗੇ।




# ਪੰਜਾਬ ਦੀ ਸੁਰਤ ਦੀ ਲੋ ਸੈਲਸਿਟੀਅਲ ਗ੍ਰੇਸ:ਅਮਨਦੀਪ ਸਿੰਘ

ਪੁਸਤਕ: ਸੈਲਸਿਟੀਅਲ ਗ੍ਰੇਸ
ਪੰਨੇ: 86
ਪ੍ਰਕਾਸ਼ਕ:ਸਿੰਘ ਬ੍ਰਦਰਜ਼, ਅੰਮ੍ਰਿਤਸਰ
ਕੀਮਤ: 7 ਅਮਰੀਕੀ ਡਾਲਰ
(ਇੰਡੀਆ 'ਚ ਸੌ ਰੁਪਏ)

## ਪੁਸਤਕ ਪੜਚੋਲ

ਮਿਸ਼ੀਗਨ ਸਟੇਟ ਦੇ ਪੱਕੇ ਵਸਨੀਕ ਸ. ਅਮਨਦੀਪ ਸਿੰਘ ਦੀ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪਲੇਠੀ ਰਚਨਾ ਸੈਲਸਿਟੀਅਲ ਗ੍ਰੇਸ ਹਾਲ ਹੀ ਵਿਚ ਛਪ ਕੇ ਆਈ ਹੈ। ਉਸ ਦੀ ਲਿਖਤ ਐਨੀ ਪਰਪੱਕ ਹੈ ਕਿ ਲੇਖਕ ਕਾਫੀ ਸੁਲਝਿਆ, ਦੂਰਦਰਸ਼ੀ ਅਤੇ ਸ਼ਬਦਾਂ ਦਾ ਖਜ਼ਾਨਾ ਸਾਂਭੀ ਬੈਠਾ ਭਾਸਦਾ ਹੈ।

ਲੇਖਕ ਨੇ ਇਸ ਪੁਸਤਕ ਰਾਹੀਂ ਅੱਜ ਦੀ ਪਦਾਰਥਵਾਦੀ ਤੇਜ਼ ਰਫਤਾਰ ਜ਼ਿੰਦਗੀ ਵਿਚ ਠਹਿਰਾਓ ਲਿਆਉਣ ਦਾ ਯਤਨ ਕੀਤਾ ਹੈ। ਇਹ ਠਹਿਰਾਓ ਇਨਸਾਨ ਦੇ ਅੰਦਰ ਦੇ ਪਰਮਾਤਮਾ ਨਾਲ ਉਸ ਨੂੰ ਰੂ-ਬ-ਰੂ ਕਰਨ ਦਾ ਇੱਕ ਸਾਰਥਕ ਉਪਰਾਲਾ ਹੈ। ਇਹ ਕਿਤਾਬ ਭਾਵੇਂ ਅੰਗਰੇਜ਼ੀ ਭਾਸ਼ਾ ਵਿਚ ਹੈ ਪਰ ਇਸ ਦੇ ਹਾਵ ਭਾਵ ਅਤੇ ਸ਼ਬਦਾਂ ਦਾ ਮੇਲ ਪਾਠਕ ਨੂੰ ਪੰਜਾਬੀ ਭਾਸ਼ਾ ਵਰਗਾ ਨਿੱਘ ਜ਼ਰੂਰ ਦਿੰਦੇ ਹਨ।

ਲੇਖਕ ਇਸ ਪੁਸਤਕ ਵਿਚ ਪੰਜਾਬ ਦੇ ਵਿਗੜਦੇ ਸਭਿਆਚਾਰ ਯਾਨਿ ਪੰਜਾਬੀ ਸੰਗੀਤ ਅਤੇ ਅਦਾਕਾਰੀ ਵਿਚੋਂ ਅਲੋਪ ਹੁੰਦੇ ਜਾ ਰਹੇ ਨਿੱਘ ਨੂੰ ਮਹਿਸੂਸ ਕਰ ਕੇ ਨੌਜਵਾਨ ਪੀੜ੍ਹੀ ਨੂੰ ਸੰਬੋਧਿਤ ਹੈ। ਲੇਖਕ ਦਾ ਹੇਰਵਾ ਹੈ ਕਿ ਪੰਜਾਬ ਆਪਣੇ ਅਮੀਰ ਵਿਰਸੇ ਦੀ ਨਿੱਘੀ, ਬਹੁਮੁੱਲੀ ਅਤੇ ਸਦੀਆਂ ਤੋਂ ਸੰਭਾਲੀ ਗਈ ਹੋਂਦ ਨੂੰ ਕਿਣਕਾ ਕਿਣਕਾ ਕਰਕੇ ਖੇਰੂੰ-ਖੇਰੂੰ ਕਰੀ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਦੇ ਪੰਜਾਬੀ ਨੌਜੁਆਨ ਆਪਣੀ ਕੀਮਤੀ ਜ਼ਿੰਦਗੀ ਨੂੰ ਨਸ਼ਿਆਂ ਵਰਗੇ ਕੋਹੜ ਦੇ ਹਵਾਲੇ ਕਰ ਕੇ ਜ਼ਿੱਲਤ ਦੀ ਜ਼ਿੰਦਗੀ ਜਿਉ ਰਹੇ ਹਨ। ਖਾਸ ਕਰਕੇ ਵਿਆਹਾਂ ਸ਼ਾਦੀਆਂ ਦੇ ਪਵਿੱਤਰ ਮੌਕੇ ਤੇ ਅਜੋਕਾ ਭੜਕਾਊ ਸੰਗੀਤ ਇਨਸਾਨ ਦੇ ਪਸ਼ੂਪਨ ਨੂੰ ਜਾਗ੍ਰਿਤ ਕਰਦਾ ਹੈ। ਇਹ ਸੰਗੀਤ ਅੱਗੋਂ ਨਸ਼ਿਆਂ ਨਾਲ ਜੁੜ ਕੇ ਇਸ ਪਸ਼ੂ ਬਿਰਤੀ ਨੂੰ ਹੋਰ ਉਜਾਗਰ ਕਰਦਾ ਹੈ। ਅੱਜ ਦੇ ਗਾਇਕਾਂ ਅਤੇ ਕਲਾਕਾਰਾਂ ਨੂੰ ਸੰਬੋਧਨ ਕਰਦਿਆਂ ਲੇਖਕ ਉਨ੍ਹਾਂ ਦੇ ਭੜਕੀਲੇ ਸੰਗੀਤ ਅਤੇ ਪਹਿਰਾਵੇ ਉਤੇ ਗੰਭੀਰ ਚੋਟ ਕਰਦਾ ਹੈ।

ਨਵੀਂ ਪੀੜ੍ਹੀ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਲੇਖਕ ਨੇ ਦੁਨੀਆਂ ਦੇ ਵੱਡੇ ਵੱਡੇ ਲੇਖਕਾਂ-ਰੂਮੀ, ਖਲੀਲ ਜਿਬਰਾਨ ਅਤੇ ਰੇਨੇ ਗੁਨਾਨ ਤੋਂ ਇਲਾਵਾ ਸਿੱਖ ਧਰਮ ਦੇ ਸਿਰਮੌਰ ਲੇਖਕਾਂ ਪ੍ਰੋ. ਪੂਰਨ ਸਿੰਘ ਅਤੇ ਡਾ. ਭਾਈ ਵੀਰ ਸਿੰਘ ਦੀਆਂ ਰੂਹ ਨਸ਼ਿਆਉਣ ਵਾਲੀਆਂ ਕਾਵਿ ਰਚਨਾਵਾਂ ਦਾ ਜ਼ਿਕਰ ਕੀਤਾ ਹੈ। ਲੇਖਕ ਕਈ ਥਾਂਵਾਂ 'ਤੇ ਮਨ ਨੂੰ ਇਸ ਤਰ੍ਹਾਂ ਝੰਜੋੜਦਾ ਹੈ ਕਿ ਬੰਦੇ ਦੀ ਬੰਦਗੀ ਪਰਮਾਤਮਾ ਦੇ ਦਰ 'ਤੇ ਦਸਤਕ ਦੇ ਜਾਂਦੀ ਹੈ।

ਲੇਖਕ ਅਨੁਸਾਰ ਇਸ ਪੁਸਤਕ ਦੀ ਵਿਕਰੀ ਤੋਂ ਇਕੱਤਰ ਹੋਈ ਸਾਰੀ ਮਾਇਆ ਆਪਣੇ ਕਿਸੇ ਨਿੱਜੀ ਸਵਾਰਥ ਲਈ ਨਹੀਂ ਸਗੋਂ ਪੰਜਾਬ ਦੇ ਵਾਤਾਵਰਨ ਦੀ ਸੰਭਾਲ ਅਤੇ ਨੌਜਵਾਨ ਬੱਚਿਆਂ ਦੀ ਪੜ੍ਹਾਈ ਲਈ ਖਰਚ ਕੀਤਾ ਜਾਵੇਗਾ।

ਇੰਜ ਲਗਦਾ ਹੈ ਕਿ ਇਸ ਰਚਨਾ ਰਾਹੀਂ ਲੇਖਕ ਨੇ ਪਰਮਾਤਮਾ ਅੱਗੇ ਇੱਕ ਅਰਦਾਸ ਕੀਤੀ ਹੈ ਜਿਸ ਵਿਚ ਦਰਜ ਪ੍ਰੇਰਨਾ (ਇੰਸਪੀਰੇਸ਼ਨ) ਨਾਂ ਦੀ ਕਵਿਤਾ ਤਾਂ ਇੱਕ ਵਾਰ ਝੰਜੋੜ ਕੇ ਰੱਖ ਦਿੰਦੀ ਹੈ। ਇਹ ਕਿਤਾਬ ਕੈਨੇਡਾ ਦੇ ਸ਼ਹਿਰ ਬਰੈਂਪਟਨ, ਟੋਰਾਂਟੋ ਤੋਂ ਸੱਚਾ ਸੌਦਾ ਨਾਮ ਦੀ ਸੰਸਥਾ ਤੋਂ ਅਤੇ ਇੰਡੀਆ ਤੋਂ ਪ੍ਰਕਾਸ਼ਕ ਸਿੰਘ ਬ੍ਰਦਰਜ਼, ਅਮ੍ਰਿਤਸਰ ਪਾਸੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

*-ਪ੍ਰੋ. ਰੇਸ਼ਮ ਸਿੰਘ ਸੈਣੀ*

# ਜਗਤ ਗੁਰੂ ਬਾਬਾ ਨਾਨਕ

ਪ੍ਰਿੰ. ਸ਼ਮਸ਼ੇਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸੰਸਾਰ ਦੀ ਧਰਮ ਚੇਤਨਾ ਵਿਚ ਇਕ ਅਲੌਕਿਕ ਕ੍ਰਿਸ਼ਮਾ ਹੋਇਆ। ਉਨ੍ਹਾਂ ਦਾ ਜੀਵਨ ਮਿਸ਼ਨ ਸਮੁਚੀ ਮਾਨਵਤਾ ਨੂੰ ਇਕ ਪਧਰ ਉਤੇ ਇਕਸਾਰਤਾ ਅਤੇ ਇਕਸੁਰਤਾ ਵਿਚ ਪਰੋਣਾ ਸੀ। ਆਖਣ ਵਿਚ ਸ਼ਬਦ ਇਕਸਾਰਤਾ ਅਤੇ ਇਕਸੁਰਤਾ ਬਹੁਤ ਸੌਖੇ ਅਤੇ ਸੰਖੇਪ ਜਾਪਦੇ ਹਨ ਪ੍ਰੰਤੂ ਇਨ੍ਹਾਂ ਨੂੰ ਧਾਰਨ ਕਰਨ ਅਤੇ ਕਰਵਾਉਣ ਲਈ ਪਹਾੜ ਜਿਡੇ ਜਿਗਰੇ ਤੇ ਉਤਸ਼ਾਹ ਦੀ ਲੋੜ ਹੈ, ਫਿਰ ਅਜਿਹੇ ਸਮੇਂ ਜਦੋਂ ਸੰਸਾਰ ਵਿਚ ਹਰ ਪਾਸੇ ਪਾਪ ਅਤੇ ਜ਼ੁਲਮ ਦਾ ਬੋਲਬਾਲਾ ਹੋਵੇ। ਸਮਕਾਲੀ ਸਮਾਜ ਵਿਚ ਮਨੁਖ ਦੀਆਂ ਇਖਲਾਕੀ ਕਦਰਾਂ ਕੀਮਤਾਂ ਇਤਨੀਆਂ ਗਿਰ ਚੁਕੀਆਂ ਸਨ ਕਿ ਉਨ੍ਹਾਂ ਵਿਚੋਂ ਸ਼ਾਇਦ ਚੰਗਿਆਈ ਦੇ ਤਤ ਖਤਮ ਹੀ ਹੋ ਗਏ ਹੋਣ। ਪਾਪ ਕਰਨ ਵਾਲੇ ਜ਼ਾਲਮਾਂ ਦੀ ਜ਼ਮੀਰ ਇਤਨੀ ਮਰ ਚੁਕੀ ਸੀ ਕਿ ਉਨ੍ਹਾਂ ਨੂੰ ਅਪਰਾਧ ਕਰਨਾ ਬੁਰਾ ਨਹੀਂ, ਸਗੋਂ ਚੰਗਾ ਲਗਦਾ ਸੀ। ਬੁਰਾਈ ਤੋਂ ਘਿਰਣਾ ਹੋਣ ਦੀ ਥਾਂ ਉਹ ਬੁਰੇ ਕਰਮ ਦੀ ਚਾਹਤ ਰਖਣ ਵਾਲੇ ਬਣ ਗਏ ਸਨ। ਗੁਰਬਾਣੀ ਵਿਚ ਗੁਰੂ ਪਾਤਸ਼ਾਹ ਨੇ ਮਾਨਵ ਦੀ ਇਸ ਬਿਰਤੀ ਦਾ ਬਹੁਤ ਥਾਈਂ ਜ਼ਿਕਰ ਕੀਤਾ ਹੈ, ਜਿਵੇਂ:

ਪਾਪੁ ਬੁਰਾ ਪਾਪੀ ਕਉ ਪਿਆਰਾ॥
ਪਾਪਿ ਲਦੇ ਪਾਪੇ ਪਾਸਾਰਾ॥

ਧਰਮ ਨਾਂ ਕਰਕੇ ਤਾਂ ਸੀ, ਪ੍ਰੰਤੂ ਧਰਮ ਦੀ ਸੂਝ ਤੋਂ ਮਾਨਵਤਾ ਸਖਣੀ ਹੋ ਚੁਕੀ ਸੀ। ਧਰਮ ਦੇ ਆਗੂਆਂ ਵਿਚ ਧਰਮ ਦੀ ਪ੍ਰਤੀਤੀ ਨਹੀਂ ਸੀ, ਇਸ ਲਈ ਪੂਜਾ ਵਿਅਰਥ ਸੀ। ਸੱਚ ਨਹੀਂ ਤਾਂ ਸੰਜਮ ਕਾਹਦਾ? ਜਤ ਨਹੀਂ ਤਾਂ ਜਨੇਊ ਦੇ ਕੀ ਅਰਥ? ਬਾਹਰਲੇ ਕਰਮ ਕਾਂਡਾਂ ਨਾਲ ਸੁਚ ਨਹੀਂ ਹੋ ਸਕਦੀ। ਅਜਿਹੀਆਂ ਫੋਕਟ ਪੂਜਾ ਵਿਧੀਆਂ ਦੀ ਉਨ੍ਹਾਂ ਨਿਰਭੈ ਹੋ ਕੇ ਵਿਰੋਧਤਾ ਕੀਤੀ। ਗੁਰੂ ਜੀ ਨੇ ਸਮੇਂ ਦੇ ਧਾਰਮਿਕ ਆਗੂਆਂ ਦੀ ਉਨ੍ਹਾਂ ਦੀਆਂ ਕਰਤੂਤਾਂ ਕਰਕੇ ਸਖਤ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਧਰਮ ਦੀ ਬਰਬਾਦੀ ਕਰਨ ਵਾਲੇ ਉਜਾੜੂ ਦਸਿਆ। ਗੁਰਦੇਵ ਜੀ ਦੇ ਸਮੇਂ ਬ੍ਰਾਹਮਣ, ਕਾਜ਼ੀ ਅਤੇ ਜੋਗੀ ਆਪਣੇ ਆਪਣੇ ਧਾਰਮਿਕ ਮਤਾਂ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਦਾ ਕਿਰਦਾਰ ਇਤਨਾ ਘਟੀਆ ਅਤੇ ਨਿੰਦਣਯੋਗ ਬਣ ਚੁਕਾ ਸੀ ਕਿ ਉਹ ਕਿਸੇ ਤਰ੍ਹਾਂ ਵੀ ਆਪਣੇ ਧਾਰਮਿਕ ਫਿਰਕਿਆਂ ਦੀ ਅਗਵਾਈ ਦੇ ਯੋਗ ਨਹੀਂ ਸਨ। ਹਜ਼ੂਰ ਦੇ ਸ਼ਬਦਾਂ ਵਿਚ ਉਨ੍ਹਾਂ ਦਾ ਇਖਲਾਕ ਇਉਂ ਬਿਆਨ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

ਕਾਜ਼ੀ ਇਸਲਾਮ ਧਰਮ ਵਿਚ ਨਿਆਂ ਕਰਨ ਵਾਲਾ ਅਧਿਕਾਰੀ ਹੁੰਦਾ ਸੀ। ਕਿਸੇ ਰਾਜਨੀਤਕ ਵਿਵਸਥਾ ਵਿਚ ਨਿਆਂ ਪ੍ਰਣਾਲੀ ਉਸ ਰਾਜ ਦਾ ਇਕ ਬਹੁਤ ਮਹਤਵਪੂਰਨ ਅੰਗ ਹੈ। ਨਿਆਂ ਦੀ ਪ੍ਰਾਪਤੀ ਨਾਲ ਲੋਕਾਈ ਵਿਚ ਰਾਜ ਦੇ ਮੁਖੀ ਪ੍ਰਤੀ ਵਿਸ਼ਵਾਸ ਦੀ ਭਾਵਨਾ ਉਪਜਦੀ ਹੈ ਪ੍ਰੰਤੂ ਜਦੋਂ ਨਿਆਂ ਕਰਨ ਵਾਲੇ ਅਧਿਕਾਰੀ ਰਿਸ਼ਵਤੀ, ਦੰਭੀ ਅਤੇ ਝੂਠੇ ਬਣ ਕੇ ਨਿਆਂ ਦੀਆਂ ਧਜੀਆਂ ਉਡਾਉਂਦੇ ਹੋਣ ਤਾਂ ਪਰਜਾ ਦੀ ਮਾਨਸਿਕਤਾ ਨੂੰ ਸਮਝਣਾ ਕੋਈ ਕਠਿਨ ਨਹੀਂ ਹੁੰਦਾ।

ਹਿੰਦੂ ਵਰਣ ਵੰਡ ਵਿਚ ਬ੍ਰਾਹਮਣ ਨੇ ਸਭ ਤੋਂ ਉਚੀ ਪਦਵੀ ਉਪਰ ਆਪਣਾ ਅਧਿਕਾਰ ਰਖਿਆ ਹੋਇਆ ਸੀ। ਸਾਰੀਆਂ ਧਾਰਮਿਕ ਕਿਰਿਆਵਾਂ ਦਾ ਉਹ ਮੁਖੀਆ ਹੁੰਦਾ। ਵਿਦਿਆ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਉਸ ਦੀ ਸੀ। ਵਿਦਿਆ ਪ੍ਰਾਪਤੀ ਨੂੰ ਉਸ ਨੇ ਦੋ ਵਰਣਾਂ ਤਕ ਸੀਮਤ ਕੀਤਾ ਹੋਇਆ ਸੀ। ਵਿਦਿਆ ਦੇ ਪ੍ਰਕਾਸ਼ ਨਾਲ ਅਗਿਆਨ ਦੂਰ ਹੁੰਦਾ ਹੈ ਤੇ ਮਾਨਵ ਨੂੰ ਆਪਣੇ ਕਰਤਵਾਂ ਅਤੇ ਫਰਜ਼ਾਂ ਪ੍ਰਤੀ ਸੁਚੇਤਤਾ ਹਾਸਿਲ ਹੁੰਦੀ ਹੈ ਪਰ ਇਨ੍ਹਾਂ ਪੂਜਾ ਦੇ ਧਾਨ ਖਾਣ ਵਾਲੇ ਕਪਟੀਆਂ ਨੇ ਲੋਕਾਈ ਨੂੰ ਅਗਿਆਨ ਦੀ ਜ਼ਹਾਲਤ ਵਿਚ ਡਕੀ ਰਖਿਆ ਤੇ ਕਈ ਪਖਾਂ ਤੋਂ ਮਾਨਵ ਦੀ ਬੌਧਿਕ ਉਸਾਰੀ ਦੇ ਕਾਤਲ ਬਣੇ।

ਜੋਗੀ ਪਰਮਾਤਮਾ ਨਾਲ ਮਿਲਾਪ ਲਈ ਇਕਾਂਤਵਾਸ ਦਾ ਸਹਾਰਾ ਲੈਣ ਲਈ ਜੰਗਲਾਂ ਵਿਚ ਨਿਵਾਸ ਕਰਨ ਲੱਗੇ। ਉਨ੍ਹਾਂ ਲਈ ਸੰਸਾਰ ਦਾ ਤਿਆਗ ਪਹਿਲਾ ਪੜ੍ਹਾਅ ਸੀ। ਗੁਰੂ ਜੀ ਨੇ ਜੋਗੀਆਂ ਨੂੰ ਸਪਸ਼ਟ ਕੀਤਾ ਕਿ ਜੁਗਤੀ ਤੋਂ ਬਿਨਾਂ ਪ੍ਰਭੂ ਮਿਲਾਪ ਲਈ ਟਕਰਾਂ ਮਾਰਨੀਆਂ ਕੇਵਲ ਅਗਿਆਨ ਹੀ ਨਹੀਂ, ਸਗੋਂ ਮੂਰਖਤਾ ਵੀ ਹੈ। ਜਿਸ ਸਮਾਜ ਵਿਚ ਤੁਸੀਂ ਪੈਦਾ ਹੋਏ, ਉਸ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੋ ਸਕੇਗਾ। ਉਨ੍ਹਾਂ ਉਸ ਸਮੇਂ ਦੇ ਧਾਰਮਿਕ ਮੁਖੀਆਂ ਦੇ ਕਿਰਦਾਰ ਨੂੰ ਨੰਗਿਆਂ ਕਰਦਿਆਂ ਸਪਸ਼ਟ ਕੀਤਾ ਕਿ ਉਹ ਆਗੂ ਹੀ ਪਰਜਾ ਨੂੰ ਬਰਬਾਦ ਕਰ ਰਹੇ ਹਨ:

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥

ਅਜਿਹੀ ਗਿਰਾਵਟ ਕੇਵਲ ਧਾਰਮਿਕ ਮਸਲਿਆਂ ਵਿਚ ਹੀ ਨਹੀਂ ਸੀ ਆਈ, ਸਗੋਂ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਵਿਵਸਥਾ ਵੀ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁਕੀ ਸੀ। ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਸੀ। ਉਹ ਸ਼ੀਹਾਂ ਦੀ ਤਰ੍ਹਾਂ ਪਰਜਾ ਦਾ ਘਾਤ ਕਰ ਰਹੇ ਸਨ। ਉਨ੍ਹਾਂ ਦੇ ਅਹਿਲਕਾਰਾਂ ਨੇ ਕੁਤਿਆਂ ਦੇ ਸੁਭਾਅ ਅਖਤਿਆਰ ਕਰ ਲਏ ਸਨ। ਇਸ


ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ

ਤਰ੍ਹਾਂ ਰਾਜ ਦੇ ਮੁਖੀ ਆਪਣੀਆਂ ਦਰਬਾਰੀ ਜੁੰਡਲੀਆਂ ਸਮੇਤ ਲੋਕਾਂ ਦਾ ਲਹੂ ਪੀ ਰਹੇ ਸਨ। ਅਜਿਹੇ ਜਾਬਰਾਂ, ਲਹੂ ਪੀਣਿਆਂ ਦੇ ਮੂੰਹ ਉਤੇ ਗੁਰੂ ਬਾਬੇ ਨੇ ਨਿਡਰਤਾ ਨਾਲ ਆਖਿਆ:

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥

ਜਦੋਂ ਬਾਬਰ ਨੇ ਹਿੰਦ ਉਪਰ ਹਮਲਾ ਕੀਤਾ ਤਾਂ ਇਥੋਂ ਦੇ ਡਰਪੋਕ ਰਾਜਿਆਂ ਤੇ ਦਰਬਾਰੀਆਂ ਨੇ ਉਸ ਦਾ ਢੁਕਵਾਂ ਉਤਰ ਨਹੀਂ ਦਿਤਾ।

ਹਿੰਦੂ ਜਾਤੀ ਦੀ ਵਰਣ ਵੰਡ ਦੇ ਸਿਟੇ ਵਜੋਂ ਦੇਸ਼ ਦੀ ਰਖਿਆ ਦੀ ਜ਼ਿੰਮੇਵਾਰੀ ਕੇਵਲ ਖਤਰੀਆਂ ਉਪਰ ਸੀ। ਜਦੋਂ ਕਿਸੇ ਸਮਾਜ, ਰਾਜ ਜਾਂ ਦੇਸ਼ ਦੀ ਸਮੁਚਤਾ ਵਿਚੋਂ ਕੇਵਲ ਇਕ ਵਰਗ ਨੇ ਟਾਕਰਾ ਕਰਨਾ ਹੋਵੇ ਤਾਂ ਜਿਤ ਦੀ ਆਸ ਕਰਨੀ ਮੂਰਖਤਾ ਹੈ। ਬਾਕੀ ਦੇ ਦੋ ਹਿਸੇ ਤਾਂ ਕਿਸੇ ਗਿਣਤੀ ਵਿਚ ਨਹੀਂ ਸਨ ਅਤੇ ਬ੍ਰਾਹਮਣਾਂ ਨੇ ਪੂਜਾ ਪਾਠ ਤੇ ਮਾਨਸਿਕ ਭੁਖ ਤੋਂ ਉਪਰ ਕਦੇ ਸੋਚਿਆ ਹੀ ਨਹੀਂ ਸੀ। ਇਸ ਲਈ ਬਾਬਰ ਦੀਆਂ ਫੌਜਾਂ ਨੇ ਰਤਨ ਵਰਗੇ ਖੂਬਸੂਰਤ ਦੇਸ਼ ਨੂੰ ਉਜਾੜ ਕੇ ਰਖ ਦਿਤਾ ਪਰ ਇਨ੍ਹਾਂ ਕੁਤਿਆਂ ਦੀ ਗੈਰਤ ਅਤੇ ਅਣਖ ਮਾਨੋ ਮਰ ਹੀ ਚੁਕੇ ਸਨ। ਇਸ ਸ਼ਰਮਨਾਕ ਅਵਸਥਾ ਵਿਚ ਜੀਵਨ ਬਸਰ ਕਰਨਾ ਗੁਰੂ ਜੀ ਨੂੰ ਪ੍ਰਵਾਨ ਨਹੀਂ ਸੀ, ਇਸੇ ਲਈ ਉਨ੍ਹਾਂ ਅਜਿਹੇ ਸਮਾਜ ਦਾ ਨਿਰਮਾਣ ਕਰਨ ਦਾ ਬੀੜਾ ਚੁਕਿਆ, ਜਿਥੇ ਅਣਖ ਜਿੰਦਾ ਹੋਵੇ, ਗੈਰਤ ਦੇ ਕੁਝ ਅਰਥ ਹੋਣ, ਨਿਰਭੈਤਾ ਅਤੇ ਨਿਰਵੈਰਤਾ ਜਿਥੇ ਇਕਸੁਰ ਹੋਣ, ਜਿਥੇ ਕੋਈ ਮੁਖੀਆ ਦੂਸਰਿਆਂ ਦਾ ਸ਼ੋਸ਼ਣ ਨਾ ਕਰੇ। ਜੇ ਅਜਿਹਾ ਨਹੀਂ ਹੈ ਤਾਂ ਜੀਵਨ ਦਾ ਕੋਈ ਮਕਸਦ ਨਹੀਂ, ਉਦੇਸ਼ ਨਹੀਂ।

ਜੇ ਜੀਵੈ ਪਤਿ ਲਥੀ ਜਾਇ॥
ਸਭ ਹਰਾਮੁ ਜੇਤਾ ਕਿਛੁ ਖਾਇ॥

ਸਮਾਜਿਕ ਪਧਰ ਉਤੇ ਵੀ ਉਸ ਸਮੇਂ ਬਹੁਤ ਲੁਟ-ਖਸੁਟ ਸੀ, ਸ਼ਕਤੀਸ਼ਾਲੀ ਵਿਅਕਤੀ ਕਮਜ਼ੋਰਾਂ ਲਈ ਹਊਆ ਬਣਿਆ ਰਹਿੰਦਾ। ਜਰਵਾਣਾ ਸਦਾ ਹੀ ਕਮਜ਼ੋਰ ਨੂੰ ਆਪਣੀ ਖੇਤੀ ਸਮਝਦਾ ਆਇਆ ਹੈ। ਮਾੜੇ ਦੇ ਹਕ ਨੂੰ ਦਬਾਉਣਾ ਉਸ ਦੀ ਸ਼ਾਨ ਦਾ ਇਕ ਹਿੱਸਾ ਬਣ ਗਿਆ ਸੀ। ਗੁਰੂ ਜੀ ਨੇ ਜਰਵਾਣੇ ਦੀ ਇਸ ਕੁਬੁਧ ਬਿਰਤੀ ਨੂੰ ਠਲ੍ਹ ਪਾਉਣ ਲਈ ਸਪਸ਼ਟ ਕੀਤਾ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ॥

ਸਮਾਜ ਨੂੰ ਜਾਤੀ ਵੰਡ ਨੇ ਸਾਹ ਸਤ ਹੀਣ ਕੀਤਾ ਹੋਇਆ ਸੀ। ਅਖੌਤੀ ਉਚੀਆਂ ਜਾਤਾਂ ਵਾਲੇ ਨੀਵੀਆਂ ਜਾਤਾਂ ਵਾਲੇ ਪ੍ਰਾਣੀਆਂ ਨੂੰ ਘਟੀਆ ਹੀ ਨਹੀਂ ਸਨ ਸਮਝਦੇ, ਸਗੋਂ ਘਿਰਣਾ ਅਤੇ ਨਫਰਤ ਵੀ ਕਰਦੇ ਸਨ। ਉਨ੍ਹਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਦਾ ਅਧਿਕਾਰ ਨਹੀਂ ਸੀ। ਉਹ ਮੰਦਰਾਂ ਵਿਚ ਪੂਜਾ ਨਹੀਂ ਸਨ ਕਰ ਸਕਦੇ। ਅਖੌਤੀ ਉਚ ਜਾਤੀਆਂ ਨਾਲ ਸਬੰਧਤ ਖੂਹਾਂ ਤੋਂ ਪਾਣੀ ਨਹੀਂ ਸਨ ਭਰ ਸਕਦੇ। ਗੁਰੂ ਜੀ ਨੇ ਅਜਿਹੀ ਵਰਗ ਵੰਡ ਨੂੰ ਮੂਲੋਂ ਹੀ ਰਦ ਕਰ ਦਿਤਾ ਅਤੇ ਜਾਤੀ ਅਭਿਮਾਨ ਨੂੰ ਫਜ਼ੂਲ ਦੀ ਬਕਵਾਸ ਦਾ ਨਾਂ ਦਿਤਾ। ਉਨ੍ਹਾਂ ਅਨੁਸਾਰ ਸਭ ਪ੍ਰਾਣੀ ਮਾਤਰ ਇਕ ਅਕਾਲ ਪੁਰਖ ਦੀ ਰਚਨਾ ਹਨ ਤੇ ਉਨ੍ਹਾਂ ਦੇ ਅਧਿਕਾਰ ਬਰਾਬਰ ਹਨ। ਉਨ੍ਹਾਂ "ਫਕੜ ਜਾਤੀ ਫਕੜ ਨਾਉ॥ ਸਭਨਾ ਜੀਆ ਇਕਾ ਛਾਉ॥" ਆਖ ਕੇ ਜਾਤੀ ਅਭਿਮਾਨ ਦੇ ਖੋਖਲੇ ਭਰਮਗੜ੍ਹ ਨੂੰ ਤੋੜ ਦਿਤਾ। ਉਨ੍ਹਾਂ ਆਪਣੇ ਆਪ ਨੂੰ ਉਨ੍ਹਾਂ ਨੀਚ ਕਹੇ ਜਾਣ ਵਾਲਿਆਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੀ ਸ਼ਕਤੀ ਸੰਭਾਵਨਾ ਨੂੰ ਉਜਾਗਰ ਕੀਤਾ ਅਤੇ ਸਪਸ਼ਟ ਕੀਤਾ ਕਿ ਜਿਥੇ ਨੀਵਿਆਂ ਦੀ ਸੰਭਾਲ ਹੁੰਦੀ ਹੈ ਉਥੇ ਪ੍ਰਭੂ ਦੀ ਮੇਹਰ ਦੀ ਨਜ਼ਰ ਹੁੰਦੀ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਸਮਾਜਿਕ ਜੀਵਨ ਦੀ ਨੀਂਹ, ਗ੍ਰਹਿਸਥੀ ਜੀਵਨ ਵਿਚ ਪਤੀ ਪਤਨੀ ਦਾ ਪਿਆਰ ਜੋ ਬੇਲਾਗ ਤੇ ਨਿਸਚੇਮਈ ਹੁੰਦਾ ਹੈ ਤੇ ਜੋ ਸਮਾਜ ਦੀ ਮੁਢਲੀ ਇਕਾਈ ਪਰਿਵਾਰ ਨੂੰ ਸਦਾ ਪ੍ਰਭਾਵਿਤ ਕਰਦਾ ਹੈ, ਵਿਚ ਵੀ ਇਖਲਾਕੀ ਕਦਰਾਂ ਕੀਮਤਾਂ ਵਿਚ ਅਣਕਿਆਸੀ ਗਿਰਾਵਟ ਆ ਚੁਕੀ ਸੀ। ਇਸ ਭਾਵਨਾਤਮਕ ਰਿਸ਼ਤੇ ਵਿਚ ਵੀ ਖਟੀ ਕਮਾਈ ਨੂੰ ਪਹਿਲ ਪ੍ਰਾਪਤ ਹੋ ਚੁਕੀ ਸੀ, ਜੇ ਖਟੀ ਨਹੀਂ ਤਾਂ ਭਾਵੇਂ ਕਿਥੇ ਕੋਈ ਪਿਆ ਜਾਵੇ-ਆਵੇ, ਕੋਈ ਪੁਛਦਾ ਨਹੀਂ ਸੀ।

ਇਸਤਰੀ ਪੁਰਖੈ ਖਟਿਐ ਭਾਉ॥
ਭਾਵੈ ਆਵਉ ਭਾਵੈ ਜਾਉ॥

ਇਸ ਪਹੁੰਚ ਨੂੰ ਖਤਮ ਕਰਨ ਲਈ ਗੁਰਦੇਵ ਜੀ ਨੇ ਪਤੀ ਪਤਨੀ ਦੇ ਪ੍ਰੇਮ ਨੂੰ ਪ੍ਰਭੂ ਪਰਾਇਣ ਕਰਦਿਆਂ ਸਪਸ਼ਟ ਕੀਤਾ ਕਿ ਜੇਕਰ ਇਸਤਰੀ ਵਿਚ ਪਤੀ ਦਾ ਬਹੁਤ ਪ੍ਰੇਮ ਹੋਵੇ ਤਾਂ ਦਿਆਲੂ ਪਤੀ ਖੁਸ਼ ਹੋ ਕੇ ਪਿਆਰ ਦਿੰਦਾ ਹੈ। ਫਿਰ ਪ੍ਰਭੂ ਪਤੀ ਆਪ ਕਿਰਪਾ ਕਰਦਾ ਹੈ ਤੇ ਇਸਤਰੀ ਦਾ ਪਤੀ ਨਾਲ ਮੇਲ ਹੁੰਦਾ ਹੈ। ਪਤੀ ਨਾਲ ਮਿਲ ਕੇ ਸੇਜ ਸੋਹਣੀ ਲਗਦੀ ਹੈ ਤੇ ਇਸਤਰੀ ਦੇ ਸਤੇ ਸ੍ਰੋਤ ਅੰਮ੍ਰਿਤ ਨਾਲ ਭਰ ਜਾਂਦੇ ਹਨ:

ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥
ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੂ ਕਿਰਪਾ ਕਰੇ॥
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ॥

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਭਿਆਚਾਰ ਦੀ ਅਧੋਗਤੀ ਸਿਖਰਾਂ ਛੁਹ ਰਹੀ ਸੀ। ਧਰਮ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਅਤੇ ਦ੍ਰਿੜ੍ਹਤਾ ਜਿਥੇ ਡਾਵਾਂਡੋਲ ਸੀ, ਉਥੇ ਲਿਬਾਸ ਅਤੇ ਖੁਰਾਕ ਵੀ ਉਨ੍ਹਾਂ ਦੀ ਆਪਣੀ ਨਹੀਂ ਸੀ। ਮਲੇਛਾਂ ਦਾ ਧਾਨ ਖਾਣ ਲਈ ਕਈ ਤਰ੍ਹਾਂ ਦੇ ਪਾਪੜ ਵੇਲੇ ਜਾਂਦੇ ਸਨ। ਹਾਲਤ ਇਹ ਸੀ ਅੰਦਰੀਂ ਲੁਕ ਛਿਪ ਕੇ ਪੂਜਾ ਕਰਦੇ ਸਨ ਪ੍ਰੰਤੂ ਡਰਦੇ ਮਾਰੇ ਦਿਖਾਵਾ ਮੁਸਲਮਾਨੀ ਪੁਸਤਕਾਂ ਪੜ੍ਹਨ ਦਾ ਕਰਦੇ ਸਨ ਤੇ ਰਹਿਣੀ ਬਹਿਣੀ ਵੀ ਉਨ੍ਹਾਂ ਵਾਲੀ ਹੀ ਰਖਣ ਦੇ ਆਦੀ ਹੋ ਗਏ ਸਨ:

ਅੰਤਰਿ ਪੂਜਾ ਪੜ੍ਹਹਿ ਕਤੇਬਾ ਸੰਜਮੁ ਤੁਰਕਾ ਭਾਈ॥

ਇਥੇ ਹੀ ਬਸ ਨਹੀਂ, ਸਭਿਆਚਾਰ ਦਾ ਮਹਤਵਪੂਰਨ ਤਤ ਮਾਂ ਬੋਲੀ ਨੂੰ ਤਿਆਰ ਕੇ ਇਨ੍ਹਾਂ ਅਖੌਤੀ ਆਗੂਆਂ ਨੇ ਸਭ ਤੋਂ ਵਡੀ ਅਵਗਿਆ ਕੀਤੀ ਅਤੇ ਆਪਣੇ ਦੀਵਾਲੀਏਪਨ ਦਾ ਸਬੂਤ ਦਿਤਾ। ਖੱਤਰੀ ਲੋਕਾਂ ਦਾ ਫਰਜ਼ ਸੀ ਕਿ ਆਪਣੇ ਦੇਸ਼ ਦੇ ਧਰਮ ਕਰਮ ਅਤੇ ਬੋਲੀ ਨੂੰ ਬਚਾ ਕੇ ਰਖਦੇ ਪ੍ਰੰਤੂ ਅਜਿਹਾ ਕਰਨ ਦੀ ਥਾਂ ਉਨ੍ਹਾਂ ਗੁਲਾਮੀ ਵਾਲੀ ਬਿਰਤੀ ਨੂੰ ਪਹਿਲ ਦਿਤੀ:

(ੳ) ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।

(ਅ) ਘਰਿ ਘਰਿ ਮੀਆ ਸਭਨਾਂ ਜੀਆ ਬੋਲੀ ਅਵਰ ਤੁਮਾਰੀ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਲਗਾਤਾਰ ਸਮਸਤ ਵਿਸ਼ਵ ਦਾ ਭਰਮਣ ਕਰਕੇ ਥਾਂ ਪਰ ਥਾਂ ਸੰਗਤਾਂ ਦੀ ਸਥਾਪਨਾ ਕੀਤੀ। ਆਮ ਜਨ ਸਾਧਾਰਨ ਨੂੰ ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਵਾ ਕੇ 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਉਪਦੇਸ਼ ਦਿਤਾ। ਜ਼ਬਰ ਦਾ ਟਾਕਰਾ ਸਬਰ ਨਾਲ ਕਰਨ ਦੇ ਨਾਲ ਨਾਲ ਹਲੇਮੀ ਰਾਜ ਦੇ ਆਦਰਸ਼ ਦੀ ਸਥਾਪਤੀ ਲਈ ਚੇਤੰਨ ਕੀਤਾ ਤੇ 'ਰਾਜੇ ਸੀਹ ਮੁਕਦਮ ਕੁਤੇ' ਦੇ ਅਤਿਆਚਾਰਾਂ ਦਾ ਅੰਤ ਕਰਨ ਲਈ ਜਥੇਬੰਦ ਕਰਕੇ ਇਕ ਕੌਮ ਵਜੋਂ ਉਭਾਰਿਆ। ਡਾ. ਮੁਹੰਮਦ ਇਕਬਾਲ ਦੇ ਬਾਂਗਿ ਦਰਾ ਵਿਚ ਲਿਖੇ ਇਹ ਬੋਲ ਇਸ ਪ੍ਰਸੰਗ ਵਿਚ ਸਹੀ ਹਨ:

ਫਿਰ ਉਠੀ ਆਖਰਿ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖਾਬ ਸੇ।

ਇਹ ਅਟਲ ਸੱਚਾਈ ਹੈ ਕਿ ਇਤਿਹਾਸ ਦੇ ਉਸ ਸੰਕਟ ਕਾਲ ਵਿਚ ਗੁਰੂ ਜੀ ਨੇ ਸੋਚ ਤੇ ਸੰਵੇਦਨਾ, ਸੱਚ ਤੇ ਸਚਿਆਰਤਾ, ਹਕ ਤੇ ਇਨਸਾਫ, ਪਤਿ ਤੇ ਪੂਜਾ ਅਤੇ ਸਚ ਤੇ ਸੁਹਜ ਦਾ ਵਿਲਖਣ ਜੀਵਨ ਲਕਸ਼ ਪੇਸ਼ ਕਰਕੇ ਜਗਤ ਜਲੰਦੇ ਨੂੰ ਠਾਰਿਆ।

## ਸੁਣ ਬਾਬਾ

ਹੱਥ ਜੋੜ ਕੇ ਅਰਜ਼ ਗੁਜਾਰਾਂ, ਬਾਬਾ ਸੁਣੀ ਸੁਣਾਵਾਂ।
ਭੁੱਲਾ, ਭਟਕਿਆ ਜਦ ਕਦੇ ਵੀ, ਤੇਰੇ ਦਰ 'ਤੇ ਆਵਾਂ।
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਬੇ-ਸ਼ੱਕ ਮੇਰੇ ਵਿਚ ਤੂੰ ਜਾਣੇ, ਗੁਣ ਚੰਗਾ ਨਾ ਕੋਈ,
ਪਰ ਤੇਰੇ ਦਰ ਬਾਝੋਂ ਬਾਬਾ, ਮਿਲਣੀ ਕਿਤੇ ਨਾ ਢੋਈ।
ਦੱਸ, ਫੇਰ ਤੇਰਾ ਬੂਹਾ ਛਡ ਕੇ ਕਿਸ ਦਾ ਹੋਰ ਖੜਕਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਅਣਖ ਨਾਲ ਜਿਉਣਾ ਦੱਸਿਆ, ਸਿਰ ਉਚਾ ਉਠਾ ਕੇ,
ਕਿਰਤ ਕਮਾਉਣੀ ਨਾਮ ਜਪਣਾ, ਛਕਣਾ ਵੰਡ ਵੰਡਾ ਕੇ।
ਸੰਗਤ, ਪੰਗਤ ਦੇ ਲੜ ਲੱਗ ਕੇ, ਸਾਂਝੀਵਾਲ ਸਦਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਬਖਸ਼ਿਸ਼ ਕਰਕੇ ਤੂੰ ਮੈਨੂੰ ਸੀ ਸੱਚਾ ਰਾਹ ਵਿਖਾਇਆ,
ਕਰਮਾਂ-ਕਾਂਡਾ ਵਿਚ ਡੁੱਬੇ ਨੂੰ, ਬਾਹੋਂ ਫੜ੍ਹ ਬਚਾਇਆ।
ਬਾਂਹ ਫੜੀ ਦੀ ਲਾਜ ਨਿਭਾਵੀਂ ਮਤੇ ਫੇਰ ਰੁੜ੍ਹ ਜਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਪਾਪੀ ਰਾਜੇ, ਮੁਕੱਦਮਾਂ ਤਾਈਂ ਬੇਖੌਫ ਸੱਚ ਸੁਣਾਇਆ,
ਬ੍ਰਾਹਮਣ, ਕਾਜ਼ੀ, ਜੋਗੀਆਂ ਨੂੰ ਸੱਚਾ ਰਾਹ ਵਖਾਇਆ।
ਪਾਪ, ਕੂੜ, ਕੁਸੱਤ ਭਰੀਆਂ ਉਜਲ ਕੀਤੀਆਂ ਰਾਹਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਜੁੱਗਾਂ ਤੋਂ ਮਨੁਖਤਾ ਦੀ ਜਣਨੀ, ਜਾਂਦੀ ਸੀ ਦੁਰਕਾਰੀ,
ਪਸ਼ੂਆਂ ਨਾਲੋਂ ਭੈੜੀ ਜ਼ਿੰਦਗੀ, ਜਿਊਂਦੀ ਸੀ ਵਿਚਾਰੀ।
ਡੁੱਬਦੀ ਨੂੰ ਗਲ ਲਾ ਕੇ ਬਾਬਾ, ਕੀਤੀਆਂ ਦੂਰ ਬਲਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਦੀਨ, ਦੁਖੀ ਨੂੰ ਗਲ ਲਾਵਾਂ, ਨਾਮ ਤੇਰਾ ਚਿਤ ਆਵੇ,
ਸੇਵਾ, ਸਿਮਰਨ, ਦਯਾ, ਧਰਮ, ਲੂੰ ਲੂੰ ਵਿਚ ਸਮਾਵੇ।
ਕੂੜ, ਕੁਸੱਤ, ਕੁਸੰਗਤ ਦਾ, ਪੈਣ ਨਾ ਦੇਈਂ ਪਰਛਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਧੂਏਂ, ਧੂਣੀਆਂ-ਭਸਮਾਂ, ਸਿੰਙੀਆਂ, ਬੀਆਬਾਨ ਉਜਾੜਾਂ,
ਰਿਧੀਆਂ-ਸਿਧੀਆਂ, ਕਰਾਮਾਤਾਂ, ਭੇਖ-ਪਖੰਡ ਹਜਾਰਾਂ।
ਭਰਮਾਂ, ਕਰਮਾਂ ਕਾਂਡਾਂ ਤੋਂ, ਦੱਸ ਪੱਲਾ ਕਿਵੇਂ ਛੁਡਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਝੂਠਿਆਂ ਸੰਤਾਂ, ਬਾਬਿਆਂ ਕੋਲੋਂ, ਹੱਥ ਦੇ ਮੈਨੂੰ ਬਚਾ ਲੈ,
ਦਰੋ-ਦਰ ਨਾ ਫਿਰਾਂ ਭਟਕਦਾ, ਆਪਣੇ ਚਰਨੀਂ ਲਾ ਲੈ।
ਬੁੱਤ, ਮੜ੍ਹੀ, ਮਸਾਣ ਪੂਜਦਾ ਪੂਜਦਾ ਨਾ ਮਰ ਜਾਵਾਂ,
ਬੂਹਾ ਆਪਣਾ ਖੁੱਲ੍ਹਾ ਰੱਖੀਂ, ਵੇਖੀਂ ਨਾ ਮੁੜ ਜਾਵਾਂ।

ਦੁਨੀਆਂ ਦੇ ਖਲਜਗਣਾਂ ਬਾਬਾ, ਡਾਢਾ ਘੇਰਾ ਪਾਇਆ,
ਕਿਰਪਾ ਕਰ ਦਾਤ ਨਾਮ ਦੀ, ਮਨ ਜਾਵੇ ਵਰੋਸਾਇਆ।
ਸੋਝੀ ਦੇਹ ਉਠ ਅੰਮ੍ਰਿਤ ਵੇਲੇ, ਤੇਰਾ ਹੀ ਜੱਸ ਗਾਵਾਂ,
ਬੂਹਾ ਬਾਬਾ ਖੁੱਲ੍ਹਾ ਰੱਖੀਂ, ਕਿਤੇ ਵੇਖੀਂ ਨਾ ਮੁੜ ਜਾਵਾਂ।
ਭੁੱਲਿਆ ਭੱਟਕਿਆ ਜਦ ਕਦੇ ਵੀ ਤੇਰੇ ਦਰ 'ਤੇ ਆਵਾਂ,
ਬੂਹਾ 'ਚੰਨ' ਲਈ ਖੁੱਲ੍ਹਾ ਰੱਖੀਂ ਵੇਖੀਂ ਨਾ ਮੁੜ ਜਾਵਾਂ।

*-ਚੰਨ, ਫੋਨ:908-788-8427*

# ਆਧੁਨਿਕ ਬੋਧ ਦੇ ਪਿਤਾਮਾ ਗੁਰੂ ਨਾਨਕ ਸਾਹਿਬ

**ਗੁਰਪੁਰਬ 'ਤੇ ਵਿਸ਼ੇਸ਼**

**ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਦੇ ਫਲਸਰੂਪ ਸੰਨਿਆਸਵਾਦ ਨੂੰ ਠਲ੍ਹ ਪਈ ਤੇ ਲੋਕ ਕਿਰਤ ਵਲ ਵਿਸ਼ੇਸ਼ ਤਵਜੋ ਦੇਣ ਲਗੇ। ਇਸ ਦਾ ਪ੍ਰਤਖ ਸਿੱਟਾ ਇਹ ਸੀ ਕਿ ਸ਼ਹਿਰੀਕਰਣ ਕੀਤਾ ਗਿਆ ਤੇ ਸਿੱਖ ਗੁਰੂਆਂ ਨੇ ਕਈ ਨਵੇਂ ਸ਼ਹਿਰ ਵਸਾ ਕੇ ਉਦਯੋਗ ਆਦਿ ਨੂੰ ਵਧਾਉਣ ਲਈ ਉਪਰਾਲੇ ਕੀਤੇ। ਅਜ ਦੇਸ਼ ਭਰ ਵਿਚੋਂ ਪੰਜਾਬੀ ਸਭ ਤੋਂ ਵਧੇਰੇ ਖ਼ੁਸ਼ਹਾਲ ਨਜ਼ਰ ਆਉਂਦੇ ਹਨ ਤੇ ਉਨ੍ਹਾਂ ਨੇ ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਪਿਛੋਂ ਹਰਿਆਣਾ, ਰਾਜਸਥਾਨ ਤੇ ਉਤਰ ਪ੍ਰਦੇਸ਼ ਦੀਆਂ ਨਾ-ਵਾਹੁਣਯੋਗ ਜ਼ਮੀਨਾਂ ਨੂੰ ਆਪਣੀ ਮਿਹਨਤ ਸਦਕਾ ਹਰਾ-ਭਰਾ ਕਰਕੇ, ਦੇਸ਼ ਦੇ ਖ਼ਜ਼ਾਨੇ ਵਿਚ ਵਾਧਾ ਵੀ ਕੀਤਾ ਹੈ ਤੇ ਦੇਸ਼ ਨੂੰ ਅਮਨ ਵਿਚ ਆਤਮ-ਨਿਰਭਰ ਕਰਨ ਦੀ ਲਹਿਰ ਵਿਚ ਸਭ ਤੋਂ ਵਧ ਹਿੱਸਾ ਪਾਇਆ ਹੈ।**

**ਡਾ. ਗੁਰਸ਼ਰਨਜੀਤ ਸਿੰਘ**

ਪਦਾਰਥਕ ਅਤੇ ਬੌਧਿਕ ਵਿਕਾਸ, ਨਿਰੰਤਰ ਜਾਰੀ ਰਹਿਣ ਵਾਲੀ ਪ੍ਰਕ੍ਰਿਆ ਹੈ। ਆਧੁਨਿਕ ਯੁਗ ਨੂੰ ਵਿਗਿਆਨਕ ਲਭਤਾਂ ਤੋਂ ਇਲਾਵਾ ਕਾਰਲ ਮਾਰਕਸ, ਫਰਾਇਡ, ਆਇਨਸਟਾਇਨ, ਥਾਮਸ ਮੋਰ, ਮਾਰਟਨ ਲੂਥਰ ਆਦਿ ਵਲੋਂ ਬੌਧਿਕ ਵਿਕਾਸ ਦੇ ਖੇਤਰ ਵਿਚ ਪਾਏ ਪੂਰਨਿਆਂ ਬਾਰੇ ਭਾਵੇਂ ਕੌਮਾਂਤਰੀ ਪਧਰ ਉਤੇ ਚਰਚਾ ਹੋਈ ਹੈ ਪਰ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦਾ ਜਨਮ ਮਧ ਯੁਗ ਦੇ ਅੰਤਲੇ ਸਾਲਾਂ ਵਿਚ ਮੰਨਿਆ ਜਾ ਸਕਦਾ ਹੈ, ਦੁਆਰਾ ਆਧੁਨਿਕ ਯੁਗ ਦੀ ਸਿਰਜਣਾ ਲਈ ਪਾਏ ਯੋਗਦਾਨ ਤੋਂ ਅਜੇ ਦੁਨੀਆਂ ਜਾਣੂੰ ਨਹੀਂ। ਇਹ ਲੇਖ ਇਸ ਪਾਸੇ ਧਿਆਨ ਦਿਵਾਉਣ ਦਾ ਇਕ ਨਿਮਾਣਾ ਯਤਨ ਹੈ।

ਆਧੁਨਿਕਤਾ ਵਿਚੋਂ ਆਧੁਨਿਕ ਬੋਧ ਜਨਮ ਲੈਂਦਾ ਹੈ। ਮੁਲਾਂ ਦੇ ਟਕਰਾਅ ਵਿਚੋਂ ਨਵੀਆਂ ਕੀਮਤਾਂ ਨੂੰ ਲਭਣ ਅਤੇ ਪੁਰਾਣੀਆਂ ਰੂੜ੍ਹੀਆਂ ਨੂੰ ਤਿਆਗਣ ਦੀ ਪ੍ਰਕ੍ਰਿਆ ਆਧੁਨਿਕ ਬੋਧ ਨੂੰ ਜਨਮ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਸਥਾਪਤ ਕਦਰਾਂ-ਕੀਮਤਾਂ ਵਿਚੋਂ ਬਹੁਤ ਸਾਰੀਆਂ ਨੂੰ ਰਦ ਕੀਤਾ। ਬਹੁ-ਦੇਵਵਾਦ, ਮੂਰਤੀ ਪੂਜਾ, ਜਾਤ-ਪਾਤ, ਮਾਇਆਵਾਦ ਦੀ ਥਾਂ ਇਕ ਈਸ਼ਵਰਵਾਦ ਤੇ ਭਰਾਤਰੀਵਾਦ ਦੀ ਸਥਾਪਨਾ ਕੀਤੀ। ਗੁਰੂ ਨਾਨਕ ਸਾਹਿਬ ਭਾਰਤੀ ਧਾਰਮਿਕ ਮਤਾਂ ਵਲੋਂ ਸਥਾਪਿਤ ਮੁਲਾਂ ਦੇ ਉਸ ਤਰ੍ਹਾਂ ਪ੍ਰਸ਼ੰਸਕ ਨਹੀਂ, ਜਿਵੇਂ 19ਵੀਂ ਤੇ 20ਵੀਂ ਸਦੀ ਦੇ ਕੁਝ ਪ੍ਰਸਿਧ ਚਿੰਤਕ ਵਿਵੇਕਾਨੰਦ, ਅਰਬਿੰਦ ਤੇ ਡਾ. ਰਾਧਾ ਕ੍ਰਿਸ਼ਨਨ ਹਨ। ਗੁਰੂ ਜੀ ਨੇ ਭਾਰਤੀ ਸਭਿਆਚਾਰ ਵਿਚੋਂ, ਜੋ ਠੀਕ ਸੀ ਅਪਨਾ ਲਿਆ, ਜੋ ਤਿਆਗਣਯੋਗ ਸੀ, ਉਹ ਤਿਆਗ ਦਿਤਾ। ਉਨ੍ਹਾਂ ਨੇ ਕੌਮੀ ਹਉਮੈ ਜਿਸ ਨੂੰ 'ਦੇਸ਼ ਭਗਤੀ ਜਾਂ ਇਲਾਕਾਪ੍ਰਸਤੀ' ਕਿਹਾ ਜਾਂਦਾ ਹੈ, ਨੂੰ ਕੋਈ ਮਹਤਵ ਨਹੀਂ ਦਿਤਾ। ਗੁਰੂ ਜੀ ਦੀ ਵਿਸ਼ਾਲ ਦ੍ਰਿਸ਼ਟੀ ਬ੍ਰਹਿਮੰਡ ਦੇ ਕਿਨਾਰਿਆਂ ਨੂੰ ਛੂਹਣ ਵਾਲੀ ਹੈ। ਉਨ੍ਹਾਂ ਅਨੁਸਾਰ ਸਾਰਾ ਬ੍ਰਹਿਮੰਡ ਮਨੁਖ ਦਾ ਹੈ। ਇਹ ਉਹ ਨੁਕਤਾ ਹੈ, ਜਿਹੜਾ ਕੌਮਾਂਤਰੀਵਾਦ ਨੂੰ ਵਧਾਉਣ ਵਾਲਾ ਹੈ ਪਰ ਗੁਰੂ ਨਾਨਕ ਸਾਹਿਬ ਦਾ ਕੌਮਾਂਤਰੀਵਾਦ ਕੌਮਪ੍ਰਸਤੀ ਦਾ ਵਿਰੋਧੀ ਵੀ ਨਹੀਂ ਹੈ। ਹਿਤਾਂ ਦੀ ਵਿਸ਼ਾਲਤਾ ਦਾ ਇਹ ਭਾਵ ਨਹੀਂ ਕਿ ਆਪਣੀ ਕੌਮ ਦੇ ਹਿਤ ਵਿਸਾਰ ਦਿਤੇ ਜਾਣ।

ਗੁਰੂ ਨਾਨਕ ਸਾਹਿਬ ਨੇ ਵਹਿਮਾਂ-ਭਰਮਾਂ ਤੇ ਰੂੜ੍ਹੀਆਂ ਤੋਂ ਇਲਾਵਾ ਕਰਮ-ਕਾਂਡਾਂ ਤੇ ਭੇਖਾਂ ਦਾ ਖੰਡਨ ਕੀਤਾ। ਇਹ ਸਭ ਕਦਰਾਂ-ਕੀਮਤਾਂ ਸਿੱਖਾਂ ਨੇ ਅਪਨਾ ਲਈਆਂ ਹਨ। ਸੰਗਤ ਤੇ ਪੰਗਤ ਦੀ ਪ੍ਰੰਪਰਾ ਨੇ ਮਨੁਖੀ ਬਰਾਬਰੀ, ਭਾਈਚਾਰਾ ਤੇ ਮਾਨਵਵਾਦੀ ਮੁਲਾਂ ਨੂੰ ਸਥਾਪਿਤ ਕੀਤਾ ਹੈ। ਇਸ ਪ੍ਰੰਪਰਾ ਦੀ ਨੀਂਹ ਵੀ ਗੁਰੂ ਨਾਨਕ ਸਾਹਿਬ ਨੇ ਹੀ ਰਖੀ ਸੀ। ਸੰਗਤ ਤੇ ਪੰਗਤ ਵਿਚ ਹਰ ਵਿਅਕਤੀ ਬਿਨਾ ਕਿਸੇ ਵਿਤਕਰੇ ਤੋਂ ਸ਼ਾਮਿਲ ਹੋ ਸਕਦਾ ਹੈ। ਇਉਂ ਇਸ ਪ੍ਰੰਪਰਾ ਨੇ ਜ਼ਾਤੀ ਹਉਮੈ ਨੂੰ ਸਟ ਮਾਰੀ ਤੇ ਮਨੁਖੀ ਏਕਤਾ ਨੂੰ ਬੜ੍ਹਾਵਾ ਦਿਤਾ।

ਇਕ ਹੋਰ ਮੂਲ, ਜੋ ਭਾਰਤਵਾਸੀਆਂ ਨੂੰ ਗੁਰਮਤਿ ਨੇ ਦਿਤਾ, ਉਹ ਸੀ ਨਿਰਭੈਤਾ ਦਾ। ਜ਼ੁਲਮ ਅਤੇ ਦਬਾਅ ਵਿਰੁਧ ਸੰਘਰਸ਼ ਕਰਨਾ ਸਿੱਖ ਧਰਮ ਤੇ ਸਿੱਖ ਲਹਿਰ ਦਾ ਇਕ ਉਦੇਸ਼ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਨਿਰਭੈਤਾ ਦੇ ਸਦਗੁਣ ਨੂੰ ਧਾਰਨ ਕਰਨ ਲਈ ਤੇ ਜ਼ਾਲਮ ਰਾਜਿਆਂ ਵਿਰੁਧ ਸੰਘਰਸ਼ ਦੀ ਪ੍ਰੇਰਨਾ ਦਿੰਦਿਆਂ ਕੁਰਬਾਨੀ ਤੇ ਤਿਆਗ ਉਪਰ ਬਲ ਦਿਤਾ ਗਿਆ ਹੈ। ਸਿੱਖੀ ਨੇ ਅਹਿੰਸਾ ਨੂੰ ਆਦਰਸ਼ ਨਾ ਮੰਨਦਿਆਂ ਰਣ-ਤੱਤੇ ਵਿਚ ਜੂਝ ਮਰਨ ਦੀ ਜਾਚ ਸਿਖਾਈ। 'ਅਹਿੰਸਾ ਪਰਮੋ ਧਰਮਾ' ਦੇ ਸਿਧਾਂਤ ਨੇ ਭਾਰਤੀਆਂ ਨੂੰ ਨਿਰਜਿੰਦ ਕਰ ਦਿਤਾ ਸੀ। ਇਸੇ ਨਿਰਭੈਤਾ ਦੀ ਸਪਿਰਟ ਕਾਰਨ ਸਿੱਖਾਂ ਨੇ 18ਵੀਂ ਸਦੀ ਅਤੇ ਭਾਰਤੀ ਸੁਤੰਤਰਤਾ ਦੇ ਅੰਦੋਲਨ ਵਿਚ ਬੇਮਿਸਾਲ ਤੇ ਅਣਗਿਣਤ ਕੁਰਬਾਨੀਆਂ ਕੀਤੀਆਂ।

ਕਿਰਤ ਦਾ ਸਤਿਕਾਰ ਤੇ ਵਿਹਲੜਾਂ ਦਾ ਤ੍ਰਿਸਕਾਰ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਬੜੀ ਮਹਤਤਾ ਰਖਦਾ ਹੈ। ਗੁਰੂ ਜੀ ਨੇ ਗ੍ਰਹਿਸਥ ਅਤੇ ਕਿਰਤ ਧਾਰਨ ਕਰਨ ਦੀ ਸਿਖਿਆ ਦਿਤੀ ਅਤੇ ਦੂਜਿਆਂ ਦੀ ਕਮਾਈ ਨੂੰ ਲੁਟ-ਖਸੁਟ ਜਾਂ ਭੀਖ ਮੰਗ ਕੇ ਪ੍ਰਾਪਤ ਕਰਨ ਨੂੰ ਨਿੰਦਿਆ। ਗੁਰੂ ਜੀ ਦੀਆਂ ਨਜ਼ਰਾਂ ਵਿਚ ਵਿਹਲੜ ਬੰਦੇ ਲਈ ਕੋਈ ਸਤਿਕਾਰ ਨਹੀਂ। ਗੁਰੂ ਘਰ ਵਿਚ ਕਿਰਤੀ ਸਿੱਖਾਂ ਦਾ ਹਮੇਸ਼ਾ ਸਤਿਕਾਰ ਹੋਇਆ ਹੈ। ਸ੍ਰੀ ਅਰਬਿੰਦੂ ਨੇ ਲਿਖਿਆ ਹੈ ਕਿ ਭਾਰਤ ਵਿਚ ਦਰਸ਼ਨ ਦਾ ਵਧੇਰੇ ਵਿਕਾਸ ਹੋਣ ਕਾਰਨ ਇਥੇ 13ਵੀਂ ਸਦੀ ਤੋਂ ਬਾਅਦ ਭੌਤਿਕ ਕੀਮਤਾਂ ਦਾ ਪਤਨ ਹੋਣਾ ਸ਼ੁਰੂ ਹੋਇਆ। ਫਲਸਰੂਪ ਲੋਕਾਂ ਨੇ ਖ਼ੁਸ਼ਹਾਲੀ ਵਲੋਂ ਮੂੰਹ ਮੋੜ ਕੇ ਸੰਨਿਆਸ ਧਾਰਨ ਕਰਕੇ, ਘਰ-ਬਾਰ ਤਿਆਗ ਕੇ ਜੰਗਲਾਂ-ਪਹਾੜਾਂ ਵਲ ਚਾਲੇ ਪਾ ਦਿਤੇ। ਇਸ ਸੋਚ ਵਿਚ ਸ਼ੰਕਰ ਦੇ ਅਦਵੈਤਵਾਦ ਤੇ ਬੁਧ ਦੇ ਸ਼ੂੰਨਵਾਦ ਦਾ ਬਹੁਤ ਯੋਗਦਾਨ ਸੀ। ਇਸ ਸੋਚ ਬਾਰੇ ਮੈਲਕਾਮ ਡਾਰਲਿੰਗ ਲਿਖਦਾ ਹੈ:


"ਭਾਰਤੀ ਧਰਮ ਮਨੁਖ ਨੂੰ ਮੋਹ ਮਾਇਆ ਦੇ ਤਿਆਗ ਦੀ ਤੇ ਹਿੰਦੂ ਧਰਮ ਤਾਂ ਸਾਰੇ ਸੰਸਾਰ ਨੂੰ ਹੀ ਮਾਇਆ ਸਮਝਣ ਦੀ ਸਿਖਿਆ ਦਿੰਦੇ ਰਹੇ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਅਨੁਸਾਰ ਭਾਰਤੀ ਸਭਿਅਤਾ ਅਸੀਮ ਦੇ ਸੰਕਲਪ ਨਾਲ ਬਝੀ ਰਹੀ ਜਦ ਕਿ ਪ੍ਰਗਤੀ ਦਾ ਸੰਕਲਪ ਮਨੁਖ ਨੂੰ ਪਦਾਰਥਕ ਵਸਤਾਂ ਦਾ ਵਧ ਤੋਂ ਵਧ ਉਤਪਾਦਨ ਕਰਨ ਦੀ ਪ੍ਰੇਰਨਾ ਦਿੰਦਾ ਹੈ, ਤਾਂ ਜੋ ਉਹ ਆਪਣੀ ਸੁਖ ਸੁਵਿਧਾ ਵਿਚ ਵਾਧਾ ਕਰ ਸਕੇ।"

ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਦੇ ਫਲਸਰੂਪ ਸੰਨਿਆਸਵਾਦ ਨੂੰ ਠਲ੍ਹ ਪਈ ਤੇ ਲੋਕ ਕਿਰਤ ਵਲ ਵਿਸ਼ੇਸ਼ ਤਵਜੋ ਦੇਣ ਲਗੇ। ਇਸ ਦਾ ਪ੍ਰਤਖ ਸਿੱਟਾ ਇਹ ਸੀ ਕਿ ਸ਼ਹਿਰੀਕਰਣ ਕੀਤਾ ਗਿਆ ਤੇ ਸਿੱਖ ਗੁਰੂਆਂ ਨੇ ਕਈ ਨਵੇਂ ਸ਼ਹਿਰ ਵਸਾ ਕੇ ਉਦਯੋਗ ਆਦਿ ਨੂੰ ਵਧਾਉਣ ਲਈ ਉਪਰਾਲੇ ਕੀਤੇ। ਅਜ ਦੇਸ਼ ਭਰ ਵਿਚੋਂ ਪੰਜਾਬੀ ਸਭ ਤੋਂ ਵਧੇਰੇ ਖ਼ੁਸ਼ਹਾਲ ਨਜ਼ਰ ਆਉਂਦੇ ਹਨ ਤੇ ਉਨ੍ਹਾਂ ਨੇ ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਪਿਛੋਂ ਹਰਿਆਣਾ, ਰਾਜਸਥਾਨ ਤੇ ਉਤਰ ਪ੍ਰਦੇਸ਼ ਦੀਆਂ ਨਾ-ਵਾਹੁਣਯੋਗ ਜ਼ਮੀਨਾਂ ਨੂੰ ਆਪਣੀ ਮਿਹਨਤ ਸਦਕਾ ਹਰਾ-ਭਰਾ ਕਰਕੇ, ਦੇਸ਼ ਦੇ ਖ਼ਜ਼ਾਨੇ ਵਿਚ ਵਾਧਾ ਵੀ ਕੀਤਾ ਹੈ ਤੇ ਦੇਸ਼ ਨੂੰ ਅਮਨ ਵਿਚ ਆਤਮ-ਨਿਰਭਰ ਕਰਨ ਦੀ ਲਹਿਰ ਵਿਚ ਸਭ ਤੋਂ ਵਧ ਹਿੱਸਾ ਪਾਇਆ ਹੈ।

ਇਕ ਹੋਰ ਅਹਿਮ ਤਬਦੀਲੀ ਜੋ ਸਿੱਖ ਸਮਾਜ ਨੇ ਲਿਆਂਦੀ, ਉਹ ਸੀ-ਇਸਤਰੀ ਦਾ ਮਾਣ ਤੇ ਸਨਮਾਨ। ਗੁਰੂ ਨਾਨਕ ਸਾਹਿਬ ਦੀ ਬਾਣੀ ਸਿੱਖਾਂ ਨੂੰ ਇਸਤਰੀ ਦਾ ਸਤਿਕਾਰ ਕਰਨ ਦਾ ਆਦੇਸ਼ ਦਿੰਦੀ ਹੈ। ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ, ਰਾਣੀ ਜਿੰਦਾਂ ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਰਖਿਆ ਹੈ। 18ਵੀਂ ਸਦੀ ਵਿਚ ਸਿੱਖ ਬੀਬੀਆਂ ਨੇ ਜਿਸ ਤਰ੍ਹਾਂ ਦ੍ਰਿੜ੍ਹਤਾ, ਸੂਰਬੀਰਤਾ ਤੇ ਕੁਰਬਾਨੀ ਦੀਆਂ ਮਿਸਾਲਾਂ ਪੇਸ਼ ਕੀਤੀਆਂ, ਉਹ ਸੰਸਾਰ ਵਿਚ ਕਿਧਰੇ ਪ੍ਰਾਪਤ ਨਹੀਂ ਹੁੰਦੀਆਂ। ਇਨ੍ਹਾਂ ਬੀਬੀਆਂ ਨੇ ਇਸਤਰੀਤਵ ਦੇ ਜਿਸ ਸਿੱਖਰ ਨੂੰ ਪ੍ਰਾਪਤ ਕੀਤਾ, ਉਸ ਉਪਰ ਇਸਤਰੀ ਸਮਾਜ ਮਾਣ ਕਰ ਸਕਦਾ ਹੈ। ਪਰਦਾ ਪ੍ਰਥਾ ਤੇ ਸਤੀ ਪ੍ਰਥਾ ਨੂੰ ਸਿੱਖਾਂ ਵਿਚੋਂ ਪੂਰੀ ਤਰ੍ਹਾਂ ਵਖ ਕਰ ਦਿਤਾ ਗਿਆ ਹੈ। ਅੰਤਰਜਾਤੀ ਤੇ ਵਿਧਵਾ ਵਿਆਹ ਨੂੰ ਧਾਰਮਿਕ ਪ੍ਰਵਾਨਗੀ ਹਾਸਲ ਹੈ। ਗੁਰੂ ਨਾਨਕ ਸਾਹਿਬ ਦੀ ਕਲਿਆਣਕਾਰੀ ਸਿਖਿਆ ਕਾਰਨ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਇਸਤਰੀ ਵਿਚ ਸਵੈ-ਵਿਸ਼ਵਾਸ ਤੇ ਉਸਾਰੂ ਕੰਮ ਕਰਨ ਦੀ ਚਾਹ ਪੈਦਾ ਹੋ ਗਈ। ਸਿੱਖ ਬੀਬੀਆਂ ਨੇ ਧਾਰਮਿਕ ਤੇ ਰਾਜਨੀਤਕ ਜ਼ਿੰਮੇਵਾਰੀ ਨੂੰ ਪੂਰੀ ਯੋਗਤਾ ਅਤੇ ਸਮਰਥਾ ਨਾਲ ਨਿਭਾਇਆ।

ਸ੍ਰੀ ਅਰਬਿੰਦੋ ਦਾ ਕਥਨ ਹੈ, "ਸਿੱਖਾਂ ਦਾ ਖਾਲਸਾ ਸੰਪਰਦਾਇ ਇਕ ਅਜਿਹੀ ਰਚਨਾ ਸੀ ਜੋ ਹੈਰਾਨੀਜਨਕ ਰੂਪ ਵਿਚ ਮੌਲਿਕ ਅਤੇ ਅਨੂਠੀ ਸੀ ਅਤੇ ਉਸ ਦੀ ਦ੍ਰਿਸ਼ਟੀ ਭੂਤ ਨਹੀਂ, ਭਵਿਖ ਉਪਰ ਲਗੀ ਹੋਈ ਸੀ।" ਭਾਰਤੀ ਸਭਿਆਚਾਰ ਅਤੀਤਮੁਖੀ ਹੈ। ਭਾਰਤੀ ਲੋਕ ਆਪਣੇ ਬੀਤੇ ਉਪਰ ਮਾਣ ਕਰਨ ਵਾਲੇ ਹਨ। ਸਦੀਆਂ ਪਹਿਲਾਂ ਗੁਜ਼ਰ ਚੁਕੇ ਸਮੇਂ ਦੀ ਪ੍ਰਸ਼ੰਸਾ ਕਰਦੇ ਭਾਰਤੀ ਬਹੁਤ ਖ਼ੁਸ਼ ਹੁੰਦੇ ਹਨ। ਭਾਰਤੀ ਲੋਕ ਆਪਣੇ ਵਰਤਮਾਨ ਤੇ ਭਵਿਖ ਬਾਰੇ ਘਟ ਸੋਚਦੇ ਹਨ। ਇਸ ਤੋਂ ਉਲਟ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਵਿਕਾਸਮੁਖੀ ਹੋਣ ਦੇ ਨਾਲ ਇਨਕਲਾਬੀ ਵੀ ਸੀ।

ਗੁਰੂ ਨਾਨਕ ਸਾਹਿਬ ਦੀ ਸਮੁਚੀ ਬਾਣੀ ਵਿਚ ਕਿਧਰੇ ਵੀ ਭੂਤ ਦੀ ਪ੍ਰਸ਼ੰਸਾ ਪ੍ਰਾਪਤ ਨਹੀਂ ਹੁੰਦੀ; ਸਗੋਂ ਸਮਾਜ ਨੂੰ ਸੁਖੀ ਤੇ ਖ਼ੁਸ਼ਹਾਲ ਬਣਾਉਣ ਦੀ ਚਾਹ ਨਜ਼ਰ ਆਉਂਦੀ ਹੈ। ਮਨੁਖ ਦੇ ਸਦਾਚਾਰ ਤੇ ਨੈਤਿਕਤਾ ਉਪਰ ਬਲ ਦਿਤਾ ਹੈ, ਤਾਂ ਜੋ ਚੰਗਾ ਸਮਾਜ ਬਣ ਸਕੇ। ਉਹ ਗੁਰਮੁਖਾਂ ਦੀ ਜਥੇਬੰਦੀ 'ਸੰਗਤ' ਬਣਾਉਣ ਦੇ ਮੁਦਈ ਸਨ। ਉਨ੍ਹਾਂ ਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ। ਗੁਰੂ ਜੀ ਨੇ ਸਮਾਜ ਅਤੇ ਸਭਿਆਚਾਰ ਵਿਚ ਮਨੁਖੀ ਕਦਰਾਂ-ਕੀਮਤਾਂ ਹੀ ਨਹੀਂ, ਚੇਤਨਾ ਦਾ ਸੰਚਾਰ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੇ ਤੋਂ ਪਹਿਲਾਂ ਦੇ ਅਤੇ ਸਮਕਾਲੀ ਭਗਤਾਂ ਜਾਂ ਸੰਤਾਂ ਨਾਲੋਂ ਵਧੇਰੇ ਚੇਤਨ ਰੂਪ ਵਿਚ ਸਭਿਆਚਾਰਕ ਕ੍ਰਾਂਤੀ ਲਿਆਉਣ ਦਾ ਯਤਨ ਕੀਤਾ।



ਭਾਰਤੀ ਲੋਕਾਂ ਵਿਚ ਭਾਵਨਾਤਮਕ ਏਕਤਾ ਨੂੰ ਪਕਿਆਂ ਕਰਨ ਲਈ, ਗੁਰੂ ਜੀ ਨੇ ਆਪਣੀ ਬਾਣੀ ਦੇ ਸੰਚਾਰ ਲਈ ਸੰਗੀਤ ਨੂੰ ਮਾਧਿਅਮ ਬਣਾ ਕੇ ਭਾਰਤ ਦੇ ਵਖ-ਵਖ ਸੰਗੀਤ ਪ੍ਰਬੰਧਾਂ ਦੀ ਵਰਤੋਂ ਕੀਤੀ। ਇਸ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ :

"ਇਹ ਸਪਸ਼ਟ ਹੈ ਕਿ ਆਪਣੀ ਦਖਣ ਦੀ ਉਦਾਸੀ ਸਮੇਂ ਸਤਿਗੁਰੂ ਨਾਨਕ ਪਾਤਸ਼ਾਹ ਨੂੰ ਦਖਣੀ ਭਾਰਤ ਦੇ ਸੰਗੀਤ ਤੇ ਉਥੋਂ ਦੇ ਮੰਦਰਾਂ ਦੀ ਭਵਨ ਨਿਰਮਾਣ ਕਲਾ ਨੇ ਪ੍ਰਭਾਵਿਤ ਕੀਤਾ ਸੀ ਅਤੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਰਾਹੀਂ ਬਾਣੀ ਵਿਚ ਵਰਤੇ ਗਏ ਕਈ ਰਾਗ ਅਤੇ ਰਾਗਣੀਆਂ ਪਹਿਲੀ ਵੇਰ ਉਤਰੀ ਭਾਰਤ ਵਿਚ ਦਿਖਾਈ ਦਿਤੇ।"

ਗੁਰੂ ਜੀ ਨੇ ਸੰਗੀਤ ਤੇ ਸਾਹਿਤ ਨੂੰ ਸਮਾਜਿਕ ਕਾਰਜ ਲਈ ਵਰਤਿਆ। ਉਨ੍ਹਾਂ ਨੇ ਇਸ ਮਾਧਿਅਮ ਰਾਹੀਂ ਸਮੇਂ ਦੀ ਬੇਅਸਰ ਰਾਜ-ਵਿਵਸਥਾ ਨੂੰ ਭੰਡਿਆ, ਜ਼ਾਲਮਾਂ ਦੀ ਨਿਖੇਧੀ ਕੀਤੀ ਤੇ ਗਰੀਬਾਂ, ਮਜ਼ਲੂਮਾਂ ਦਾ ਪਖ ਪੂਰਿਆ। ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਹਰਮਨ ਪਿਆਰੇ ਕਾਵਿ-ਰੂਪ ਦੇ ਮਾਧਿਅਮ ਰਾਹੀਂ ਆਪਣਾ ਉਪਦੇਸ਼ ਦੇ ਕੇ, ਪ੍ਰੰਪਰਾਵਾਦੀ ਕਾਵਿ ਪ੍ਰਤੀ ਆਪਣੀ ਚੇਤਨਤਾ ਦਾ ਪ੍ਰਗਟਾਵਾ ਕੀਤਾ।

ਗੁਰਮਤਿ ਨੇ ਹਿੰਦੂ ਮਤ ਦੇ ਸਮਾਜਿਕ ਆਧਾਰ 'ਜਾਤ-ਪਾਤ' ਉਪਰ ਕਰਾਰੀ ਸਟ ਮਾਰੀ। ਗੁਰੂ ਨਾਨਕ ਸਾਹਿਬ ਦੀ ਬਾਣੀ ਮਨੁਖ ਦੀ ਨਵੀਂ ਘਾੜਤ ਘੜਨ ਲਈ ਯਤਨਸ਼ੀਲ ਹੈ। ਮਨੁਖੀ ਅਧਿਕਾਰਾਂ ਦੇ ਮੁਦੇ ਨੂੰ ਪਹਿਲੀ ਵੇਰ ਗੁਰੂ ਨਾਨਕ ਸਾਹਿਬ ਨੇ ਧਾਰਮਿਕ ਪ੍ਰਵਾਨਗੀ ਦਿਤੀ। ਸਭ ਮਨੁਖਾਂ ਨੂੰ ਬਰਾਬਰੀ ਤੇ ਸੁਤੰਤਰਤਾ ਦਾ ਮੈਨੀਫੈਸਟੋ ਹੈ। ਜਾਤ-ਪਾਤ, ਲਿੰਗ, ਨਸਲ, ਦੇਸ਼, ਧਰਮ ਆਦਿ ਕਾਰਨਾਂ ਕਰਕੇ ਹੁੰਦੇ ਵਿਤਕਰੇ ਦੂਰ ਕਰਨ ਦਾ ਸੰਦੇਸ਼ ਦਿੰਦੀ ਹੈ, ਗੁਰੂ ਨਾਨਕ ਸਾਹਿਬ ਦੀ ਬਾਣੀ। ਗੁਰੂ ਜੀ ਦੇ ਇਨ੍ਹਾਂ ਵਿਚਾਰਾਂ ਕਾਰਨ ਉਸ ਸਮੇਂ ਨੀਵੀਆਂ ਜਾਤਾਂ ਦੇ ਲੋਕ, ਕਿਰਤੀ ਲੋਕ ਅਤੇ ਸ਼ੋਸ਼ਿਤ ਵਰਗ ਬੜੀ ਤੇਜ਼ੀ ਨਾਲ ਸਿੱਖ ਸਜੇ। ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ :

"ਨਾਨਕ ਨੇ ਸਵੈ-ਅਭਿਮਾਨੀ ਨਰ-ਨਾਰੀਆਂ, ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਅਤੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।"

ਆਧੁਨਿਕ ਬੋਧ ਨੂੰ ਗੁਰੂ ਨਾਨਕ ਸਾਹਿਬ ਨੇ ਇਹ ਸੇਧ ਵੀ ਦਿਤੀ ਕਿ ਰਾਜ ਨੂੰ ਧਰਮ-ਨਿਰਪਖ ਰਹਿਣਾ ਚਾਹੀਦਾ ਹੈ। ਗੁਰੂ ਨਾਨਕ

**(ਬਾਕੀ ਸਫਾ 39 'ਤੇ)**

## ਬਾਬਾ ਨਾਨਕ

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ
ਧਿਆਨ ਧਰਨਾ।
ਪੈਂਡੇ ਦੀ ਧੂੜ ਨਾਲ ਲਥਪਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖ਼ੁਸ਼ਕ ਦਾਹੜੀ
ਲੂਆਂ ਬਰਫ਼ਾਂ ਦੀ ਡੰਗੀ ਪਕਰੋੜ ਚਮੜੀ
ਗੱਲ੍ਹਾਂ ਦਾ ਚਿਪਕਿਆ ਮਾਸ
ਤੇ ਚਿਹਰੇ ਦੀਆਂ
ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ।
ਅੱਖਾਂ ਜੋ-
ਪਰਿਵਾਰ ਨੂੰ, ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ ਟਿੱਚ ਜਾਣਦੀਆਂ।

ਬਹੁਤ ਖ਼ਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ।
ਅਜਿਹੇ ਨਾਨਕ ਦਾ ਅਸੀਂ
ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰ ਕੇ
ਪ੍ਰਕਰਮਾ 'ਚ ਲੇਟਣ ਲਈ ਉਕਸਾ ਸਕਦਾ।
ਲਿਹਾਜ਼ਾ
ਲੱਤਾਂ ਤੁੜਵਾ ਜਾਂ ਲੱਤਾਂ ਵਢਵਾ ਸਕਦਾ
ਤੇ ਹੋਰ ਵੀ ਬੜਾ ਕੁਝ
ਗ਼ਲਤ ਕਰਵਾ ਸਕਦਾ, ਮਸਲਨ
ਅਸੀਂ ਮਜ਼ਹਬੀ ਚਿੰਨ੍ਹਾਂ ਦੇ
ਥੋਥੇਪਣ ਨੂੰ ਨਾਪ ਸਕਦੇ ਹਾਂ
ਵਹਿਣਾਂ ਨੂੰ ਮੋੜਨ ਦਾ
ਮਰਿਯਾਦਾ ਨੂੰ ਤੋੜਨ ਦਾ
ਐਲਾਨਨਾਮਾ ਛਾਪ ਸਕਦੇ ਹਾਂ।

ਅਜਿਹੇ ਖ਼ਤਰਨਾਕ ਨਾਨਕ ਤੋਂ
ਬਹੁਤ ਚਾਲੂ ਹਾਂ ਅਸੀਂ
ਸਾਨੂੰ ਤਾਂ ਚਾਹੀਦੀ ਏ ਖ਼ੈਰ, ਸੁੱਖ, ਸ਼ਾਂਤੀ
ਸਾਨੂੰ ਤਾਂ ਚਾਹੀਦੀਆਂ ਨੇ
ਮਿੱਠੀਆਂ ਦਾਤਾਂ, ਵਧਦੀਆਂ ਵੇਲਾਂ
ਤੇ ਵੇਲਾਂ ਨੂੰ ਲਗਦੇ ਰੁਪਈਏ
ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ-ਸ਼ਾਂਤ, ਲੀਨ
ਲਕਸ਼ਮੀ ਦੇਵੀ ਵਾਂਗ
ਉਠਾਇਆ ਆਸ਼ੀਰਵਾਦੀ ਹੱਥ
ਹੱਥ 'ਚੋਂ ਫੁੱਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ ਕੋਮਲਤਾ
ਸੰਨ ਸਿਲਕੀ ਸ਼ਫ਼ਾਫ ਦਾਹੜੀ
ਗੋਲ ਮਟੋਲ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ਼ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲੇ ਬਾਰਬੀ ਹੱਥ
ਪੈਗੰਬਰੀ ਵਸਤਰਾਂ ਦਾ ਏਰੀਅਲੀ ਨਿਖ਼ਾਰ।

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ 'ਤੇ
ਨਾਨਕ ਦੇ ਸੋਭਾ ਸਿੰਘੀ
ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕੇ ਤੁਰਨ ਵਾਲੇ
ਖ਼ਤਰਨਾਕ ਨਾਨਕ ਦੀ
ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ।

ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਏ ਨਿਆਣੇ
ਹੱਥੋਂ ਨਹੀਂ ਗੁਆਉਣੇ।
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ
ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ।

**-ਜਸਵੰਤ ਜ਼ਫ਼ਰ**

# ਜੰਮੂਆਂ ਵਾਲਾ ਬਾਬਾ

***ਬਹੁਤ ਹੀ ਜਜ਼ਬਾਤੀ ਕਿਸਮ ਦੀ ਕਿਸੇ ਪਾਕਿਸਤਾਨੀ ਲੇਖਕ ਦੀ ਇਹ ਕਹਾਣੀ ਸਾਨੂੰ ਪੰਜਾਬ ਟਾਈਮਜ਼ ਦੇ ਇਕ ਪਾਠਕ ਹਰਪਾਲ ਸਿੰਘ ਭਿੰਡਰ ਨੇ ਭੇਜੀ ਹੈ। ਇਸ ਦੇ ਲੇਖਕ ਵਜੋਂ ਸਿਰਫ ਆਸ਼ਿਕ ਹੀ ਲਿਖਿਆ ਮਿਲਿਆ ਹੈ। ਇਸ ਦੇ ਅਸਲ ਲੇਖਕ ਦਾ ਨਾ ਉਨ੍ਹਾਂ ਨੂੰ ਪਤਾ ਹੈ, ਨਾ ਸਾਨੂੰ। ਜੇ ਕਿਸੇ ਪਾਠਕ ਨੂੰ ਇਸ ਕਹਾਣੀ ਦੇ ਲੇਖਕ ਦਾ ਪਤਾ ਹੋਵੇ ਤਾਂ ਉਹ ਹੋਰ ਪਾਠਕਾਂ ਨਾਲ ਸਾਂਝਾ ਕਰਕੇ ਸਾਨੂੰ ਖੁਸ਼ੀ ਹੋਵੇਗੀ। -ਸੰਪਾਦਕ***

ਜੰਮੂਆਂ ਵਾਲਾ ਬਾਬਾ...ਆਲੇ-ਦੁਆਲੇ ਦੇ ਸਾਰੇ ਬਾਲ ਉਹਨੂੰ ਇੰਜ ਈ ਬੁਲਾਂਵਦੇ ਸਨ। ਉਹ ਚਾਰ ਕਨਾਲਾਂ ਦੀ ਕੋਠੀ 'ਚ ਕੱਲਮ 'ਕੱਲਾ ਰਹਿੰਦਾ ਸੀ। ਕੋਠੀ 'ਚ ਵੰਨ-ਸੁਵੰਨੇ ਫੁੱਲ ਬੂਟੇ ਤੇ ਫ਼ਲਾਂ ਦੇ ਰੁੱਖ ਸਨ। ਬਾਬਾ ਸਾਰਾ ਦਿਨ ਇਨ੍ਹਾਂ ਬੂਟਿਆਂ ਦੀ ਸੇਵਾ ਕਰਦਾ ਰਹਿੰਦਾ ਤੇ ਰਾਤ ਨੂੰ ਥੱਕ ਟੁੱਟ ਕੇ ਇੰਜ ਮੰਜੀ 'ਤੇ ਡਿੱਗਦਾ ਜਿਵੇਂ ਉਹਨੂੰ ਗਸ਼ ਪੈ ਗਿਆ ਹੋਵੇ। ਉਹਦੀ ਉਮਰ ਕੋਈ ਘੱਟੋ-ਘੱਟ ਸੱਤਰ ਸਾਲ ਹੋਵੇਗੀ ਪਰ ਅਜੇ ਵੀ ਉਹ ਸਿੱਧੇ ਤੀਰ ਵਾਂਗੂੰ ਖਲੋਂਵਦਾ ਸੀ ਤੇ ਬੜੇ ਮਜ਼ੇ ਨਾਲ ਪੈਰਾਂ ਭਾਰ ਬੈਠ ਕੇ ਰੁੱਖਾਂ ਦੀਆਂ ਜੜ੍ਹਾਂ 'ਚ ਗੋਡੀ ਕਰਦਾ ਸੀ। ਕੋਠੀ ਦੇ ਰੁੱਖਾਂ ਨੂੰ ਜਿਹੜਾ ਵੀ ਫੁੱਲ ਫ਼ਲ ਲੱਗਦਾ, ਉਹ ਆਲੇ-ਦੁਆਲੇ ਦੇ ਬਾਲਾਂ ਦਾ ਹੱਕ ਸੀ। ਕੋਈ ਵੀ ਵੱਡਾ ਕੋਠੀ 'ਚ ਨਹੀਂ ਸੀ ਵੜ ਸਕਦਾ।

ਬਾਬਾ ਦੁਨੀਆਂ 'ਚ ਇਕੱਲਾ ਨਹੀਂ ਸੀ। ਉਹਦੇ ਧੀਆਂ-ਪੁੱਤਰ ਤੇ ਅੱਗੋਂ ਦੋਹਤਰੇ-ਪੋਤਰੇ ਹੈ ਸਨ ਪਰ ਉਹ ਸਮੁੰਦਰੋਂ ਪਾਰ ਕਿਸੇ ਦੂਰ ਦੇਸ਼ ਦੇ ਵਾਸੀ ਸਨ ਤੇ ਬੜੇ ਚਿਰਾਂ ਤੋਂ ਮੁੜ ਕੇ ਨਹੀਂ ਸਨ ਪਰਤੇ। ਉਨ੍ਹਾਂ ਨੇ ਤੇ ਬਾਬੇ ਨੂੰ ਆਪਣੇ ਕੋਲ ਬੁਲਾਵਣ ਤੇ ਰੱਖਣ ਲਈ ਬੜਾ ਟਿੱਲ ਲਾਇਆ ਸੀ ਪਰ ਬਾਬੇ ਨੇ ਇਹ ਸੁਝਾਅ ਉਕਾ ਹੀ ਨਹੀਂ ਸੀ ਕਬੂਲਿਆ। ਉਹ ਕਿਸੇ ਵੀ ਹਾਲ 'ਚ ਆਪਣਾ ਜੱਦੀ ਸ਼ਹਿਰ ਛੱਡਣ ਲਈ ਤਿਆਰ ਨਹੀਂ ਸੀ।

ਉਹਨੂੰ ਕੱਲਮ-'ਕੱਲਿਆਂ ਰਹਿਣ ਦੀ ਜਾਚ ਆ ਗਈ ਸੀ। ਸਗੋਂ ਕਹਿਣਾ ਚਾਹੀਦਾ ਏ ਹੁਣ ਉਹਨੂੰ ਬੰਦੇ ਲਾਗ ਹੋ ਗਈ ਸੀ। ਜੇ ਕਦੀ ਉਹਨੂੰ ਕਿਸੇ ਬੰਦੇ ਨਾਲ ਕੋਈ ਜ਼ਰੂਰੀ ਕੰਮ ਵੀ ਪੈਂਦਾ ਤਾਂ ਵੀ ਉਹ ਛੇਤੀ ਤੋਂ ਛੇਤੀ ਵਿਹਲਾ ਹੋਣ ਦਾ ਚਾਰਾ ਕਰਦਾ ਤੇ ਆਪਣੀ ਕਲਮ 'ਕੱਲੀ ਦੁਨੀਆਂ 'ਚ ਪਰਤ ਜਾਂਦਾ। ਦੁਆਲੇ ਉਗੇ ਹੋਏ ਸਭਨਾਂ ਰੁੱਖਾਂ ਨੂੰ ਆਪਣੇ-ਆਪਣੇ ਵੇਲੇ, ਕੁਦਰਤ ਵੱਲੋਂ ਮਿੱਥੇ ਹੋਏ ਵੇਲੇ ਸਿਰ ਫੁੱਲ ਤੇ ਫਲ ਲੱਗਦੇ ਸਨ ਪਰ ਉਹ ਇਕ ਰੁੱਖ ਲਈ ਬੜਾ ਦੁਖੀ ਸੀ। ਇਹ ਇਕ ਜੰਮੂ ਦਾ ਰੁੱਖ ਸੀ। ਜਵਾਨ ਰੁੱਖ, ਜਿਹਦੀ ਉਠਾਣ ਕਿਸੇ ਵੀ ਦੂਜੇ ਬੂਟੇ ਨਾਲੋਂ ਘੱਟ ਨਹੀਂ ਸੀ। ਹੁਣ ਉਹ ਛੇ ਵਰ੍ਹਿਆਂ ਦਾ ਹੋ ਗਿਆ ਸੀ, ਪਰ ਅਜੇ ਤੀਕਰ ਉਹਨੂੰ ਫ਼ਲ ਤੇ ਦੂਰ ਦੀ ਗੱਲ ਬੂਰ ਵੀ ਨਹੀਂ ਸੀ ਪਿਆ।

ਬਾਬਾ ਅਠਵਾਰੇ ਦੇ ਅਠਵਾਰੇ ਕੋਠੀ ਨੂੰ ਜਿੰਦਰਾ ਮਾਰ ਕੇ ਪੁਰਾਣੇ ਲਾਹੌਰ ਵੱਲ ਨਿਕਲ ਜਾਂਦਾ। ਉਥੇ ਉਹ ਹਮੇਸ਼ਾ ਇਕੋ ਈ ਇਲਾਕੇ 'ਚ ਜਾਂਦਾ। ਇਧਰ-ਉਧਰ ਫਿਰਦਾ, ਪੁਰਾਣੇ ਵਾਕਫ਼ਾਂ ਨਾਲ ਧੜੇਬਾਜ਼ੀ ਕਰਦਾ ਤੇ ਦੋ ਤਿੰਨ ਘੰਟਿਆਂ ਬਾਅਦ ਵਾਪਸ ਕੋਠੀ ਅੱਪੜ ਜਾਂਦਾ। ਪਿਛਲੇ ਅਣਗਿਣਤ ਵਰ੍ਹਿਆਂ ਤੋਂ ਬਾਬਾ ਇੰਜ ਈ ਕਰਦਾ ਪਿਆ ਸੀ। ਐਤਕੀਂ ਜਦੋਂ ਜੰਮੂ ਪੂਰੇ ਛੇ ਵਰ੍ਹਿਆਂ ਦਾ ਹੋ ਗਿਆ ਤੇ ਫੇਰ ਵੀ ਉਹਨੂੰ ਬੂਰ ਨਾ ਲੱਗਾ ਤਾਂ ਫੇਰ ਬਾਬੇ ਨੇ ਆਪਣੇ ਏਸ ਮਿਥੇ ਹੋਏ ਪ੍ਰੋਗਰਾਮ 'ਚ ਇਕ ਨਿੱਕੀ ਜਿਹੀ ਤਬਦੀਲੀ ਕੀਤੀ। ਪੁਰਾਣੇ ਸ਼ਹਿਰ ਦੀ ਸੈਰ ਤੋਂ ਵਿਹਲਿਆਂ ਹੋ ਕੇ ਬਾਬਾ ਬੰਨ੍ਹ ਪਾਰ ਇਕ ਵੱਡੀ ਨਰਸਰੀ ਜਾ ਅੱਪੜਿਆ। ਉਹਦੀ ਕੋਠੀ 'ਚ ਲੱਗੇ ਹੋਏ ਫੁੱਲਾਂ ਤੇ ਫ਼ਲਾਂ ਦੇ ਸਾਰੇ ਬੂਟੇ ਤੇ ਰੁੱਖ ਇੱਥੋਂ ਈ ਗਏ ਸਨ ਤੇ ਇੰਜ ਨਰਸਰੀ ਦਾ ਮਾਲਕ ਜਿਹੜਾ ਹਰ ਬੂਟੇ ਦੀ ਰਗ਼ ਰਗ਼ ਦਾ ਜਾਣੂ ਸੀ, ਕਿਸੇ ਹੱਦ ਤੀਕਰ ਬਾਬੇ ਦਾ ਬੇਲੀ ਬਣ ਗਿਆ ਸੀ। ਬਾਬੇ ਨੇ ਆਪਣੇ ਜੰਮੂ ਦੇ ਅਫ਼ਲ ਹੋਵਣ ਦੀ ਸਾਰੀ ਕਥਾ ਨਰਸਰੀ ਵਾਲੇ ਨੂੰ ਸੁਣਾਈ। ਨਰਸਰੀ ਵਾਲਾ ਹਸਿਆ ਤੇ ਆਖਣ ਲੱਗਾ, 'ਬਾਬਾ ਜੀ ਇਹ ਜੰਮੂ ਏ, ਜਿਹਨੂੰ ਲੱਗੇ ਉਹਨੂੰ ਆਪਣੇ ਰੰਗ 'ਚ ਰੰਗ ਦੇਵੇ। ਇਹਨੂੰ ਇੰਜ ਫਲ ਨਹੀਂ ਲੱਗਦਾ ਹੋਂਵਦਾ। ਇਹਦੇ ਆਪਣੇ ਨਖ਼ਰੇ ਤੇ ਲੋੜਾਂ ਨੇ। ਇਹਦੇ ਤਣੇ ਉਤੇ ਕੱਟ ਲਾਵਣੇ ਪੈਂਦੇ ਨੇ। ਫੇਰ ਇਨ੍ਹਾਂ ਕੱਟਾਂ ਉਤੇ ਲੂਣ ਰਲੇ ਕੋਸੇ ਪਾਣੀ ਦੇ ਛਿੱਟੇ ਮਾਰਨੇ ਪੈਂਦੇ ਨੇ ਫੇਰ ਇਹਦੀਆਂ ਜੜ੍ਹਾਂ 'ਚ ਕਿਸੇ ਸੁਹਾਗਣ ਦੇ ਗਹਿਣਿਆਂ ਦੇ ਧੋਣ ਦਾ ਪਾਣੀ ਪਾਣਾ ਪੈਂਦਾ ਏ ਤਾਂ ਕਿਧਰੇ ਜਾ ਕੇ ਇਹ ਰੁੱਖ ਫ਼ਲ ਦੇਂਦਾ ਏ। ਇਹ ਪੱਕੇ ਰੰਗ ਵਾਲਾ ਤੇ ਛੇਤੀ ਚੜ੍ਹਨ ਵਾਲੇ ਰੰਗ ਦਾ ਫ਼ਲ ਏ ਤੇ ਸੌਖੇ ਕੀਤਿਆਂ ਨਹੀਂ ਲੱਗਦਾ।'

ਬਾਬੇ ਨੇ ਆਪਣੇ ਪੁਰਾਣੇ ਬੇਲੀ ਨਾਲ ਕੁਝ ਗੱਪਾਂ ਮਾਰੀਆਂ ਤੇ ਵਾਪਸ ਆਪਣੀ ਦੁਨੀਆਂ 'ਚ ਪਰਤ ਆਇਆ। ਉਹਨੂੰ ਇੰਜ ਲੱਗਦਾ ਜਿਵੇਂ ਕੋਠੀ ਦੇ ਸਾਰੇ ਰੁੱਖ ਉਹਦੀ ਉਡੀਕ 'ਚ ਦੁਖੀ ਸਨ। ਬਾਬਾ ਉਡੀਕ ਦੇ ਦੁੱਖ ਦਾ ਚੰਗੀ ਤਰ੍ਹਾਂ ਜਾਣੂ ਸੀ।

ਫੇਰ ਉਹਨੇ ਅੰਦਰੋਂ ਛਵ੍ਹੀ ਲਿਆਂਦੀ। ਜੰਮੂ ਦੇ ਮੁੱਢੋਂ ਸ਼ੁਰੂ ਹੋਇਆ ਤੇ ਜਿੱਥੋਂ ਤੀਕਰ ਉਹਦੇ ਹੱਥ ਅਪੜ ਸਕਦੇ ਸਨ, ਉਥੋਂ ਤੀਕਰ ਜੰਮੂ ਦੇ ਤਣੇ ਉਤੇ ਟੱਕ ਲਾਂਦਾ ਗਿਆ। ਏਸ ਕੰਮ ਤੋਂ ਵਿਹਲਿਆਂ ਹੋ ਕੇ ਉਹਨੇ ਝੱਟ ਕੁ ਸਾਹ ਲਿਆ। ਅੰਦਰੋਂ ਰਸੋਈ ਗੈਸ ਦਾ ਚੁੱਲ੍ਹਾ ਬਾਲ ਕੇ ਪਤੀਲੀ ਭਰ ਕੇ ਪਾਣੀ ਕੋਸਾ ਕੀਤਾ। ਉਹਦੇ 'ਚ ਲੂਣ ਦੀ ਚਮਚੀ ਖੋਰੀ ਤੇ ਫੇਰ ਇਹ ਕੋਸਾ ਪਾਣੀ ਲਿਆ ਕੇ ਜੰਮੂ ਦੇ 'ਫੱਟਾਂ' ਉਤੇ ਛਿੱਟੇ ਮਾਰੇ। ਉਹਦੇ ਮਗਰੋਂ ਇਕ ਸੇਫ਼ ਖੋਲ੍ਹ ਕੇ ਆਪਦੀ ਘਰ ਵਾਲੀ ਦੀਆਂ ਟੂੰਬਾਂ ਕੱਢੀਆਂ। ਇਹ ਉਹਨੇ ਮਰਨ ਵਾਲੀ ਦੀ ਨਿਸ਼ਾਨੀ ਕਰਕੇ ਰੱਖੀਆਂ ਹੋਈਆਂ ਸਨ। ਇਕ ਹੋਰ ਪਤੀਲੀ ਪਾਣੀ ਦੀ ਭਰ ਕੇ ਉਹਦੇ 'ਚ ਇਹ ਟੂੰਬਾਂ ਚੰਗੀ ਤਰ੍ਹਾਂ ਧੋਤੀਆਂ ਤੇ ਫੇਰ ਟੂੰਬਾਂ ਦੀ ਏਸ ਧੋਣ ਦੇ ਬੜੇ ਪਿਆਰ ਨਾਲ ਜੰਮੂ ਦੇ ਮੁੱਢ ਦੁਆਲੇ ਦੀ ਭੋਇੰ ਉਤੇ ਛਿੱਟੇ ਮਾਰੇ। ਉਹਨੇ ਸੋਚਿਆ ਪਈ ਪਾਣੀ ਆਪੇ ਈ ਮਿੱਟੀ ਰਾਹੀਂ ਜਜ਼ਬ ਹੋ ਕੇ ਜੜ੍ਹਾਂ ਤੀਕਰ ਅੱਪੜ ਜਾਏਗਾ।

ਆਉਂਦੇ ਵਰ੍ਹੇ ਦੇ ਮਈ, ਜੂਨ ਤੇ ਫੇਰ ਜੁਲਾਈ ਵੀ ਲੰਘ ਗਈ, ਪਰ ਜੰਮੂ ਨੂੰ ਬੂਰ ਨਾ ਪਿਆ। ਬਾਬਾ ਇਕ ਵਾਰੀ ਫੇਰ ਆਪਣੇ ਨਰਸਰੀ ਵਾਲੇ ਬੇਲੀ ਕੋਲ ਜਾ ਅੱਪੜਿਆ, ਜਿਹਨੂੰ ਉਹ 'ਬਾਊ ਜੀ' ਬੁਲਾਂਦਾ ਸੀ। ਉਹਨੇ ਬਾਊ ਜੀ ਨੂੰ ਸਾਰੀ ਕਥਾ ਸੁਣਾਈ। ਬਾਊ ਹੱਸਿਆ ਤੇ ਆਖਣ ਲੱਗਾ, 'ਭੋਲੇ ਬਾਦਸ਼ਾਹੋ, ਇਹ ਤੁਹਾਡੇ ਵੱਸ ਦਾ ਕੰਮ ਨਹੀਂ। ਸਾਨੂੰ ਈ ਕੁਝ ਕਰਨਾ ਪਵੇਗਾ।' ਫੇਰ ਉਹਨੇ ਆਵਾਜ਼ ਮਾਰੀ, 'ਉਏ ਜੈਦਿਆ, ਛੇਤੀ ਏਧਰ ਆ ਜਾ।'

ਅਠਾਰ੍ਹਾਂ ਵੀਹਾਂ ਵਰ੍ਹਿਆਂ ਦਾ ਇਕ ਗੱਭਰੂ ਭੱਜ ਕੇ ਬਾਊ ਹੁਰਾਂ ਕੋਲ ਆਣ ਖਲੋਤਾ। ਬਾਊ ਆਖਣ ਲੱਗਾ, 'ਬਾਕੀ ਸਾਰੇ ਕੰਮ ਛੱਡ। ਉਥੋਂ ਕੁਹਾੜੀ ਚੁੱਕ ਕੇ ਬਾਬੇ ਹੁਰਾਂ ਦੇ ਨਾਲ ਜਾ। ਇਨ੍ਹਾਂ ਦੇ ਜੰਮੂ ਨੂੰ ਐਤਕੀਂ ਵੀ ਬੂਰ ਨਹੀਂ ਪਿਆ। ਅਗਲਾ ਸਾਲ ਖ਼ਾਲੀ ਨਹੀਂ ਜਾਣਾ ਚਾਹੀਦਾ। ਇਹ ਕਿਰਾਇਆ ਮੇਰੇ ਕੋਲੋਂ ਫੜ, ਬਾਬੇ ਹੁਰਾਂ ਕੋਲੋਂ ਕੁਝ ਨਹੀਂ ਲੈਣਾ। ਇਹ ਸਾਡੇ ਬੜੇ ਪੁਰਾਣੇ ਸੱਜਣ ਤੇ ਬੇਲੀ ਨੇ।' ਜਵਾਨ ਨੇ ਕੁਹਾੜੀ ਮੋਢੇ 'ਤੇ ਰੱਖੀ ਤੇ ਆਖਿਆ, 'ਚਲੋ ਬਾਬਾ ਜੀ।' ਬਾਬਾ ਕੁਹਾੜੀ ਵੇਖ ਕੇ ਹੈਰਾਨ ਤੇ ਹੋਇਆ ਪਰ ਮੂੰਹੋਂ ਕੁਝ ਨਾ ਬੋਲਿਆ ਤੇ ਫੇਰ ਮਾਲੀ ਮੁੰਡਾ ਤੇ ਬਾਬਾ ਕੋਠੀ ਅੱਪੜ ਗਏ। ਉਥੇ ਜੈਦੇ ਨੇ ਜੰਮੂ ਦੇ ਆਲ-ਦਵਾਲੇ ਫਿਰ ਕੇ ਉਹਨੂੰ ਚੰਗੀ ਤਰ੍ਹਾਂ ਵਾਚਿਆ ਤੇ ਆਖਣ ਲੱਗਾ, 'ਬਾਬਾ ਜੀ ਇਹ ਕੱਟ ਲਾਏ ਜੇ? ਇਹ ਤੇ ਝਰੀਟਾਂ ਨੇ।' ਫੇਰ ਉਹਨੇ ਇਕ ਕਦਮ ਪਿੱਛੇ ਹਟ ਕੇ ਆਪਣੇ ਹੱਥ ਥੁੱਕ ਨਾਲ ਗਿੱਲੇ ਕੀਤੇ, ਕੁਹਾੜੀ ਚੁੱਕੀ ਤੇ ਜੰਮੂ ਦੇ ਮੁੱਢ ਤੋਂ ਸ਼ੁਰੂ ਹੋ ਕੇ ਛੇ ਫੁੱਟ ਉਤੇ ਤੀਕਰ ਜੰਮੂ ਦੇ ਪੂਰੇ ਤਣੇ ਨੂੰ ਜ਼ੋਰਦਾਰ ਸੱਟਾਂ ਲਾ ਕੇ ਵੱਡੇ-ਵੱਡੇ ਫੱਟ ਲਾ ਦਿੱਤੇ। ਬਾਬਾ ਡੌਰ ਭੌਰਾ ਖਲੋਤੇ ਦਾ ਖਲੋਤਾ ਰਹਿ ਗਿਆ। ਉਹਨੂੰ ਇੰਜ ਲੱਗਾ ਜਿਵੇਂ ਜੰਮੂ ਦੇ ਚਾਰੇ ਪਾਸੇ ਅਣਗਿਣਤ ਅੱਖੀਆਂ ਉਗ ਪਈਆਂ ਹੋਵਣ। ਖੁੱਲ੍ਹੀਆਂ ਉਡੀਕਣਹਾਰ ਅੱਖਾਂ। ਜਿਹੜੀਆਂ ਉਡੀਕ 'ਚ ਝਮਕਣਾ ਭੁੱਲ ਗਈਆਂ ਹੋਵਣ।

ਬਾਬੇ ਨੇ ਮੁੰਡੇ ਨੂੰ ਆਖਿਆ, 'ਯਾਰ, ਤੂੰ ਤੇ ਮੇਰੇ ਜੰਮੂ ਦੇ ਛੌਡੇ ਈ ਲਾਹ ਦਿੱਤੇ ਨੇ। ਮੈਨੂੰ ਡਰ ਏ ਕਿਧਰੇ ਇਹ ਸੁੱਕ ਈ ਨਾ ਜਾਵੇ।' ਮੁੰਡਾ ਹੱਸਿਆ ਤੇ ਆਖਣ ਲੱਗਾ, 'ਬਾਬਾ ਜੀ! ਇਹ ਜੰਮੂ ਏ। ਜਦੋਂ ਤੀਕਰ ਚੰਗੀ ਤਰ੍ਹਾਂ ਫੱਟੜ ਨਾ ਹੋਵੇ, ਫ਼ਲ ਨਹੀਂ ਦੇਂਦਾ। ਤੁਸੀਂ ਬੇਫ਼ਿਕਰ ਹੋ ਜਾਵੋ। ਆਂਵਦੇ ਵਰ੍ਹੇ ਇਹਨੂੰ ਫ਼ਲ ਲੱਗੇ ਈ ਲੱਗੇ। ਬਸ ਤੁਸੀਂ ਇਹਦੇ ਫੱਟਾਂ ਉਤੇ ਲੂਣ ਵਾਲਾ ਕੋਸਾ ਪਾਣੀ ਤੇ ਇਹਦੀਆਂ ਜੜ੍ਹਾਂ 'ਚ ਸੁਹਾਗਣ ਦੇ ਗਹਿਣਿਆਂ ਦੀ ਧੋਣ ਦਾ ਪਾਣੀ ਛਿੜਕਣਾ ਨਾ ਭੁੱਲਣਾ। ਅੱਛਾ ਰੱਬ ਰਾਖਾ।'

ਮੁੰਡਾ ਤੇ ਚਲਾ ਗਿਆ ਪਰ ਬਾਬਾ ਆਪਣੇ ਜੰਮੂ ਦੀ ਹਾਲਤ ਵੇਖ ਕੇ ਰੋਣ ਹਾਕਾ ਹੋ ਗਿਆ। ਉਹਦੇ ਕੰਨਾਂ 'ਚ ਜਿਵੇਂ ਕੋਈ ਗਾਂਵਦਾ ਪਿਆ ਸੀ, 'ਜਿੰਨੀਆਂ ਤਨ ਮੇਰੇ 'ਤੇ ਲੱਗੀਆਂ, ਤੈਨੂੰ ਇਕ ਲੱਗੇ ਤਾਂ ਜਾਣੇ' ਬਾਬੇ 'ਚ ਆਪਣੇ ਫੱਟੜ ਜੰਮੂ ਵੱਲੇ ਵੇਖਣ ਦੀ ਹਿੰਮਤ ਨਹੀਂ ਸੀ ਰਹਿ ਗਈ। ਉਹਨੂੰ ਘੜੀ ਮੁੜੀ ਜੰਮੂ ਦੇ ਫੱਟਾਂ ਉਤੇ ਉਡੀਕਦੀਆਂ ਹੋਈਆਂ ਅੱਖੀਆਂ ਦਾ ਭੁਲੇਖਾ ਪੈਂਦਾ ਸੀ। ਬਾਬਾ ਜੰਮੂ ਉਤੇ ਲੂਣ ਵਾਲਾ ਕੋਸਾ ਪਾਣੀ ਛਿੜਕਣਾ ਤੇ ਦੂਰ ਦੀ ਗੱਲ, ਕਈ ਦਿਹਾੜੇ ਜੰਮੂ ਵਾਲੇ ਪਾਸੇ ਈ ਨਹੀਂ ਗਿਆ। ਉਹ ਆਪਣੇ ਜੰਮੂ ਲਈ ਦੁਖੀ ਸੀ ਤੇ ਉਹਦੇ ਤਨ 'ਤੇ ਲੱਗੀਆਂ ਹੋਈਆਂ ਕੁਹਾੜੀ ਦੀਆਂ ਸੱਟਾਂ 'ਤੇ ਫੱਟਾਂ ਲਈ ਹੋਰ ਵੀ ਦੁਖੀ ਸੀ। ਤਿੰਨ ਚਾਰ ਦਿਨ ਮਗਰੋਂ ਉਹਨੇ ਸੋਚਿਆ ਜਿੱਥੇ ਜੰਮੂ ਨਾਲ ਐਨਾ ਕੁਝ ਹੋ ਗਿਆ ਏ, ਬਾਕੀ ਵੀ ਸਹੀ। ਫੇਰ ਉਹਨੇ ਕੰਧ ਨਾਲ ਲੱਗਾ ਖਲੋਤਾ ਚੂਹਾ ਰੰਬਾ ਚੁੱਕਿਆ ਤੇ ਜੰਮੂ ਦੇ ਮੁੱਢ ਲਾਗੇ ਬਹਿ ਕੇ ਬੜੇ ਸਹਿਜ ਸਹਿਜ ਚੂਹੇ ਰੰਬੇ ਨਾਲ ਗੋਡੀ ਕਰਨ ਲੱਗ ਪਿਆ।

ਫੇਰ ਉਹਨੇ ਨਰਮ ਮਿੱਟੀ ਚੁੱਕ ਕੇ ਇਕ ਪਾਸੇ ਢੇਰ ਲਾ ਦਿੱਤਾ। ਹੁਣ ਜੰਮੂ ਦੀਆਂ ਜੜ੍ਹਾਂ ਨੰਗੀਆਂ ਹੋ ਗਈਆਂ ਸਨ। ਬਾਬੇ ਨੇ ਚੰਗੀ ਤਰ੍ਹਾਂ ਜੜ੍ਹਾਂ 'ਚੋਂ ਮਿੱਟੀ ਕੱਢੀ ਤੇ ਫੇਰ ਜੜ੍ਹਾਂ ਦਾ ਜਾਲ, ਜਿਹੜਾ ਜੜ੍ਹਾਂ ਦੇ ਇਕ ਦੂਜੇ ਨਾਲ ਜੁੜਨ ਦੇ ਕਰਕੇ ਬਣ ਗਿਆ ਸੀ, ਖੋਲ੍ਹਿਆ। ਹੁਣ ਸਭੇ ਜੜ੍ਹਾਂ ਵੱਖ-ਵੱਖ ਹੋ ਗਈਆਂ ਸਨ। ਫੇਰ ਉਹ ਉਠ ਕੇ ਆਪਣੇ ਕੱਲਮ 'ਕੱਲੇ ਕਮਰੇ 'ਚ ਗਿਆ, ਜਿਹੜਾ ਉਹਦੀ ਵਰਤੋਂ 'ਚ ਸੀ। ਬਾਕੀ ਸਭਨਾਂ ਕਮਰਿਆਂ ਨੂੰ ਜਿੰਦਰੇ ਵੱਜੇ ਹੋਏ ਸਨ। ਏਥੇ ਬਾਬੇ ਨੇ ਲੋਹੇ ਦੀ ਇਕ ਅਲਮਾਰੀ ਖੋਲ੍ਹੀ। ਫੇਰ ਉਹਦਾ ਸੇਫ਼ ਖੋਲ੍ਹਿਆ। ਸੇਫ਼ 'ਚੋਂ ਚਮੜੇ ਦੀ ਇਕ ਥੈਲੀ ਕੱਢੀ ਤੇ ਥੈਲੀ ਦੀ ਡੋਰੀ ਖੋਲ੍ਹ ਕੇ ਉਹਨੂੰ ਭੋਇੰ ਉਤੇ ਮੂਧਾ ਕੀਤਾ। ਥੈਲੀ 'ਚੋਂ ਇਕ ਨੱਥੀ ਭੋਇੰ 'ਤੇ ਡਿੱਗ ਪਈ। ਚਾਂਦੀ ਦੀ ਨੱਥੀ ਐਵੇਂ ਪਤਲੀ ਜਿਹੀ ਤਾਰ ਦੀ ਬਣੀ ਹੋਈ ਸੀ, ਜਿਸ ਵਿਚਕਾਰ ਇਕ ਹਰੇ ਕਚੂਰ ਰੰਗ ਦਾ ਮੋਤੀ ਪਰੁਚਿਆ ਹੋਇਆ ਸੀ। ਫੇਰ ਉਹਨੂੰ ਚੁੰਮਿਆ ਤੇ ਹਉਕਾ ਭਰ ਕੇ ਉਠ ਖਲੋਤਾ। ਬਾਬਾ ਇਕ ਵਾਰੀ ਫੇਰ ਜੰਮੂ ਦੇ ਮੁੱਢ ਲਾਗੇ ਜਾ ਬੈਠਾ। ਉਹਨੇ ਜੰਮੂ ਦੀਆਂ ਕਈ ਜੜ੍ਹਾਂ ਹੱਥ 'ਚ ਫੜ ਕੇ ਵੇਖੀਆਂ। ਫੇਰ ਜਿਵੇਂ ਉਹਨੂੰ ਇਕ ਜੜ੍ਹ ਪਸੰਦ ਆ ਗਈ। ਉਹਨੇ ਇਹ ਜੜ੍ਹ ਇੰਜ ਪਿਆਰ ਨਾਲ ਆਪਣੇ ਹੱਥ 'ਚ ਫੜੀ ਜਿਵੇਂ ਕਿਸੇ ਨੇ ਮੁੰਦਰੀ ਪਾਉਣ ਲਈ ਆਪਣੀ ਮੰਗ ਦਾ ਹੱਥ ਫੜਿਆ ਹੋਵੇ।

ਫੇਰ ਉਹਨੇ ਇਹ ਹਰੇ ਰੰਗ ਦੇ ਮੋਤੀ ਵਾਲੀ ਨੱਥੀ ਜਿਹੜੀ ਬਰੀਕ ਚਾਂਦੀ ਦੀ ਤਾਰ ਦੀ ਬਣੀ ਹੋਈ ਸੀ ਤੇ ਜਿਸ 'ਚ ਪਰੋਇਆ ਹੋਇਆ ਮੋਤੀ ਅੱਥਰੂ ਜਿੱਡਾ ਸੀ, ਹੌਲੀ-ਹੌਲੀ ਜੜ੍ਹ ਨੂੰ ਇੰਜ ਪਾ ਦਿੱਤਾ ਜਿਵੇਂ ਮੁੰਦਰੀ ਪਾਈਦੀ ਏ ਤੇ ਉਦੋਂ ਤੀਕਰ ਅੱਗੇ ਲਈ ਗਿਆ, ਜਦੋਂ ਤੀਕਰ ਨੱਥੀ ਜੜ੍ਹ 'ਤੇ ਫਿਟ ਨਾ ਬੈਠ ਗਈ। ਇਕ ਵਾਰੀ ਫੇਰ ਬਾਬਾ ਪੈਰਾਂ ਭਾਰ ਬਹਿ ਕੇ ਵਾਹਵਾ ਕਿੰਨੇ ਚਿਰ ਤੀਕਰ ਨੱਥੀ ਵੇਖਦਾ ਰਿਹਾ। ਫੇਰ ਉਹਨੇ ਇਕ ਲੰਮਾ ਹਉਕਾ ਭਰਿਆ ਤੇ ਪੁੱਟੀ ਹੋਈ ਮਿੱਟੀ ਵਾਪਸ ਜੜ੍ਹਾਂ ਵਾਲੇ ਟੋਏ 'ਚ ਇੰਜ ਭਰਨੀ ਸ਼ੁਰੂ ਕੀਤੀ ਜਿਵੇਂ ਕੋਈ ਆਪਣੇ ਕਿਸੇ ਸੱਜਣ ਦੀ ਕਬਰ 'ਤੇ ਪਾਂਵਦਾ ਹੋਵੇ। ਸਾਰੀ ਮਿੱਟੀ ਪਾਵਣ ਮਗਰੋਂ ਬਾਬੇ ਨੇ ਜੰਮੂ ਦੇ ਮੁੱਢ ਦਵਾਲੇ ਚੰਗੀ ਤਰ੍ਹਾਂ ਪਾਣੀ ਤਰੌਂਕਿਆ ਤੇ ਨਿਢਾਲ ਜਿਹਾ ਹੋ ਕੇ ਜੰਮੂ ਦੀ ਦੁਸਾਂਘੀ ਉਤੇ ਜਿਹੜੀ ਮੁੱਢ ਤੋਂ ਕੋਈ ਪੰਜ ਫੁੱਟ ਉਤਾਂਹ ਦੋ ਟਹਿਣ ਪੁੰਗਰਣ ਦਾ ਕਰਕੇ ਬਣੀ ਹੋਈ ਸੀ, ਆਪਣਾ ਸਿਰ ਟਿਕਾਇਆ ਤੇ ਫੇਰ ਜਿਵੇਂ ਉਹਨੂੰ ਪੁਰਾਣੀਆਂ ਯਾਦਾਂ ਦਾ ਝੋਰਾ ਪੈ ਗਿਆ ਹੋਵੇ। ਉਹ ਸਭੇ ਯਾਦਾਂ ਤੇ ਚੇਤੇ ਹੁੰਮ ਹੁਮਾ ਕੇ ਉਹਦੇ ਉਤੇ ਆਣ ਚੜ੍ਹੇ, ਜਿਨ੍ਹਾਂ ਤੋਂ ਜਾਨ ਛਡਾਵਣ ਲਈ ਉਹ ਸਾਰਾ ਦਿਨ ਬਾਗ਼ ਦੇ ਫੁੱਲ-ਬੂਟਿਆਂ ਦੀ ਸੇਵਾ 'ਚ



ਰੁੱਝਾ ਰਹਿੰਦਾ ਸੀ। ਪਰ ਅੱਜ ਲੱਗਦਾ ਸੀ ਜਿਵੇਂ ਸਾਰੇ ਬੰਨ੍ਹ ਤੇ ਰੋਕਾਂ ਟੁੱਟ ਗਈਆਂ ਹੋਵਣ। ਯਾਦਾਂ ਦਾ ਰੇਲਾ ਆਇਆ ਤੇ ਹੜ੍ਹ ਬਣ ਕੇ ਉਹਦੇ ਪੂਰੇ ਵਜੂਦ ਉਤੇ ਛਾ ਗਿਆ।

ਇਕ ਨਿੱਕਾ ਜਿਹਾ ਬਾਲ ਦਿਨ ਡੁੱਬਣ ਮਗਰੋਂ ਆਪਣੀ ਮਾਂ ਦੀ ਉਂਗਲੀ ਫੜ ਕੇ ਹਮਸਾਇਆ ਦੇ ਘਰ ਜਾਂਦਾ ਏ। ਉਥੇ ਇਕ ਕਮਰੇ ਅੰਦਰ ਤਾਂਬੀਏ 'ਚ ਗੋਹਿਆਂ ਦੀ ਅੱਗ ਧੁਖ਼ਦੀ ਪਈ ਏ ਤੇ ਕਮਰੇ 'ਚ ਇਕ ਖ਼ੁਸ਼ਬੋ ਜਿਹੀ ਖਿਲਰੀ ਹੋਈ ਏ ਜਿਹੜੀ ਬਾਲ ਵਾਸਤੇ ਇਕ ਨਵੀਂ ਸ਼ੈਅ ਸੀ। ਕਮਰੇ 'ਚ ਕੱਲਮ 'ਕੱਲੀ ਮੰਜੀ 'ਤੇ ਇਕ ਸਵਾਣੀ ਲੰਮੀ ਪਈ ਹੋਈ ਏ। ਉਹਦੇ ਸਿਰ 'ਤੇ ਪੱਟੀ ਬੱਧੀ ਹੋਈ ਏ। ਫੇਰ ਬਾਲ ਦੀ ਮਾਂ ਨੇ ਖੇਸ ਪਰ੍ਹੇ ਕੀਤਾ। ਬਿਸਤਰੇ ਉਤੇ ਨਿੱਕੀ ਜਿਹੀ ਗੁੱਡੀ ਵਰਗੀ ਸ਼ੈਅ ਪਈ ਹੋਈ ਸੀ ਪਰ ਇਹ ਜੀਂਵਦੀ ਜਾਗਦੀ ਗੁੱਡੀ ਸੀ। ਬਾਲਕ ਦੀ ਮਾਂ ਨੇ ਉਹਨੂੰ ਉਤਾਂਹ ਚੁੱਕ ਕੇ ਆਪਣੇ ਚਿਹਰੇ ਲਾਗੇ ਕੀਤਾ ਤੇ ਬੜੀ ਚੰਗੀ ਤਰ੍ਹਾਂ ਵੇਖ ਕੇ ਆਖਿਆ, 'ਲੈ ਭੈਣਾਂ! ਹੁਣ ਆਪਣਾ ਵਾਇਦਾ ਨਾ ਭੁੱਲੀਂ। ਇਹ ਕਾਕੀ ਅੱਜ ਤੋਂ ਸਾਡੀ ਊ।' ਫੇਰ ਉਹਨੇ ਇਹ ਨਿੱਕੀ ਜਿਹੀ ਜੀਂਵਦੀ ਜਾਗਦੀ ਗੁੱਡੀ ਆਪਣੇ ਕੋਲ ਖਲੋਤੇ ਪੁੱਤਰ ਦੇ ਮੋਢੇ ਨਾਲ ਲਾ ਦਿੱਤੀ, ਜਿਹਨੂੰ ਇਹ ਗੱਲ ਕੋਈ ਬਹੁਤੀ ਚੰਗੀ ਨਾ ਲੱਗੀ ਤੇ ਨਾਲੇ ਅਜੇ ਉਹ ਮਸਾਂ ਆਪਣੇ ਜੋਗਾ ਈ ਹੋਇਆ ਸੀ। ਦੂਜੇ ਬਾਲਕ ਨੂੰ ਸੰਭਾਲਣਾ ਅਜੇ ਉਹਦੇ ਵੱਸ ਦੀ ਗੱਲ ਨਹੀਂ ਸੀ। ਇਹ ਸੀਨ ਆਵਣ ਵਾਲੇ ਵਕਤਾਂ 'ਚ ਬਾਲਕ ਨੂੰ ਹਮੇਸ਼ਾ ਚੇਤੇ ਰਿਹਾ।

ਫੇਰ ਉਹ ਵੇਲੇ ਦੇ ਨਾਲ-ਨਾਲ ਵੱਡੀ ਹੁੰਦੀ ਗਈ। ਉਹ ਕੁੜੀ ਸਾਡੇ ਬਾਬੇ ਦੀ ਠੀਕਰੀ ਦੀ ਮੰਗ ਸੀ। ਬੜਾ ਸੋਹਣਾ ਜੋੜਾ ਸੀ। ਵੇਲਾ ਲੰਘਦਾ ਗਿਆ ਤੇ ਜਦੋਂ ਮੁੰਡਾ ਵੀਹਾਂ ਵਰ੍ਹਿਆਂ ਦਾ ਹੋਇਆ ਉਦੋਂ ਕੁੜੀ ਦੀ ਉਮਰ ਵੀ ਸੋਲ੍ਹਾਂ ਸਾਲਾਂ ਦੀ ਹੋ ਗਈ ਸੀ ਤੇ ਜਿਵੇਂ ਹੁੰਦਾ ਆਇਆ ਏ, ਕੁੜੀ ਦੇ ਸੋਲ੍ਹਾਂ ਵਰ੍ਹੇ ਮੁੰਡੇ ਦੇ ਵੀਹਾਂ ਵਰ੍ਹਿਆਂ 'ਤੇ ਈ ਭਾਰੇ ਨਹੀਂ ਸਗੋਂ ਕੁੜੀ 'ਤੇ ਵੀ ਭਾਰੇ ਸਨ। ਹੁਣ ਉਨ੍ਹਾਂ ਦੇ ਮਾਪੇ ਵਿਆਹ ਦੀਆਂ ਤਿਆਰੀਆਂ 'ਚ ਰੁਝੇ ਹੋਏ ਸਨ। ਪਰ ਇਹ ਕੰਮ ਕਦੀ ਵੀ ਸੌਖਾ ਨਹੀਂ ਹੁੰਦਾ। ਧਰਤੀ ਦੀਆਂ ਕੁਝ ਵੇਖੀਆਂ ਤੇ ਕੁਝ ਅਣਸੁਣੀਆਂ ਤਾਕਤਾਂ ਇੰਜ ਦੇ ਕੰਮ ਕਦੀ ਵੀ ਸੌਖਿਆਂ ਕਰਕੇ ਨਹੀਂ ਹੋਣ ਦੇਂਦੀਆਂ। ਏਥੇ ਵੀ ਇੰਜ ਈ ਹੋਇਆ। ਉਨ੍ਹਾਂ ਦੇ ਵਿਆਹ 'ਚ ਮਸਾਂ ਇਕ ਮਹੀਨਾ ਬਾਕੀ ਸੀ ਜਦੋਂ ਅਨਹੋਣੀ ਵਰਤ ਗਈ।

ਹੋਇਆ ਇੰਜ ਪਈ ਕੁੜੀ ਦੀ ਮਾਂ ਦੇ ਦੂਰ ਦੇ ਰਿਸ਼ਤੇਦਾਰ ਜਿਹੜੇ ਸੱਤ ਸਮੁੰਦਰ ਪਾਰ ਗੋਰਿਆਂ ਦੇ ਦੇਸ਼ ਦੇ ਵਾਸੀ ਸਨ, ਆਪਣੇ ਸੱਜਣ ਪਿਆਰਿਆਂ ਨੂੰ ਮਿਲਣ ਲਈ ਆਪਣੀ ਜੰਮਣ ਭੋਇੰ ਵੱਲ ਆਏ। ਉਨ੍ਹਾਂ ਨਾਲ ਇਕ ਜਵਾਨ ਮੁੰਡਾ ਵੀ ਸੀ ਜਿਹਦੀ ਸ਼ਕਲ ਵਜ੍ਹਾ ਕੁਝ ਹੋਰ ਤਰ੍ਹਾਂ ਦੀ ਸੀ ਜਿਵੇਂ ਕਿਸੇ ਚੰਗੀ ਭਲੀ ਸ਼ੈਅ ਨੂੰ ਆਪ ਆਪਣੀ ਮਰਜ਼ੀ ਤੇ ਆਪਣੇ ਕੰਮਾਂ ਨਾਲ ਵਿਗਾੜ ਦਿੱਤਾ ਹੋਵੇ। ਫੇਰ ਪਤਾ ਨਹੀਂ ਕੀ ਹੋਇਆ? ਇਕ ਸ਼ਾਮ ਨੂੰ ਕੁੜੀ ਦੇ ਪਿਓ ਨੇ ਆਪਣੀ ਇਹ ਵੱਡੀ ਧੀ ਉਸ ਵਲੈਤੀ ਮੁੰਡੇ ਨਾਲ ਨਿਕਾਹ ਦਿੱਤੀ। ਮੁੰਡੇ ਦੀ ਮਾਂ ਨੂੰ ਇਹ ਕਹਿ ਕੇ ਤਸੱਲੀ ਦਿੱਤੀ, 'ਤੁਸੀਂ ਕੁੜੀ ਈ ਲੈਣੀ ਏ, ਹੋਰ ਦੋ ਸਾਲਾਂ ਨੂੰ ਨਿੱਕੀ ਜਵਾਨ ਹੋ ਜਾਵੇਗੀ। ਤੁਹਾਡਾ ਪੁੱਤਰ ਉਹਦੇ ਨਾਲ ਵਿਆਹ ਕਰ ਸਕਦਾ ਏ। ਸਾਡੇ ਵੱਲੋਂ ਗੱਲ ਪੱਕੀ ਸਮਝੋ।'

ਅਜੇ ਤੀਕਰ ਮੁੰਡੇ ਨੂੰ ਉਸ ਅੱਗ ਦੇ ਤਾਅ ਦਾ ਅੰਦਾਜ਼ਾ ਨਹੀਂ ਸੀ। ਹੁਣ ਉਹਨੂੰ ਪਤਾ ਲੱਗਾ ਪਈ ਉਹ ਕੁੜੀ ਉਹਦੇ ਵਜੂਦ ਦਾ ਕਿੰਨਾ ਜ਼ਰੂਰੀ ਹਿੱਸਾ ਏ। ਫੇਰ ਉਹ ਦਿਨ ਵੀ ਆ ਗਿਆ ਜਦੋਂ ਕੁੜੀ ਨੇ ਸੱਤ ਸਮੁੰਦਰ ਪਾਰ ਟੁਰ ਜਾਣਾ ਸੀ। ਉਸ ਦਿਨ ਫ਼ਜਰੇ ਫ਼ਜਰੇ ਉਹ ਲੁਕ ਕੇ ਮੁੰਡੇ ਦੇ ਘਰ ਆਈ। ਮੁੰਡਾ ਉਹਨੂੰ ਵੇਖ ਕੇ ਤ੍ਰਭਕ ਗਿਆ। ਉਹ ਕੁੜੀ, ਇੰਜ ਲੱਗਦਾ ਸੀ ਜਿਵੇਂ ਸੁੰਗੜ ਗਈ ਹੋਵੇ। ਉਹ ਹੈ ਤੇ ਉਹੋ ਸੀ ਪਰ ਇੰਜ ਲੱਗਦਾ ਸੀ ਜਿਵੇਂ ਕਿਸੇ ਨੇ ਉਹਨੂੰ ਸ਼ਿਕੰਜੇ 'ਚ ਕੱਸ ਕੇ ਛੋਟਾ ਕਰ ਦਿੱਤਾ ਹੋਵੇ। ਉਹਦੀਆਂ ਅੱਖਾਂ ਪੂਰੀ ਤਰ੍ਹਾਂ ਜੀਂਵਦੀਆਂ ਪਈਆਂ ਸਨ ਜਿਵੇਂ ਉਨ੍ਹਾਂ 'ਚ ਅੱਗ ਬਦਲੀ ਹੋਵੇ। ਉਹਨੇ ਮੂੰਹੋਂ ਕੁਝ ਵੀ ਨਹੀਂ ਸੀ ਆਖਿਆ। ਬਸ ਆਪਣੀ ਨਾਜ਼ੁਕ ਤੇ ਸੋਹਣੀ ਨੱਕ 'ਚੋਂ ਆਪਣੀ ਨਥਲੀ ਲਾਹੀ। ਨਥਲੀ 'ਚ ਇਕ ਨਿੱਕਾ ਜਿਹਾ ਹਰਾ ਕਚੂਰ ਮੋਤੀ ਪਰੁਚਿਆ ਹੋਇਆ ਸੀ। ਉਹਨੇ ਮੂੰਹ ਦੂਜੇ ਪਾਸੇ ਫੇਰ ਇਹ ਨਥਲੀ ਜਿਹੜੀ ਮਸਾਂ ਚਾਂਦੀ ਦੀ ਇਕ ਪਤਲੀ ਜਿਹੀ ਤਾਰ ਨੂੰ ਗੋਲ ਕਰਕੇ ਬਣਾਈ ਗਈ ਸੀ, ਹੱਥ ਲੰਮਾ ਕਰਕੇ ਮੁੰਡੇ ਨੂੰ ਫੜਾ ਦਿੱਤੀ ਤੇ ਫੇਰ ਆਪਣੇ ਦੋਵੇਂ ਹੱਥ ਆਪਣੇ ਮੂੰਹ 'ਤੇ ਰੱਖ ਕੇ ਵਾਪਸ ਨੱਠ ਗਈ ਤੇ ਫੇਰ ਉਹ ਕਦੀ ਵੀ ਪਰਤ ਕੇ ਨਾ ਆਈ।

ਪੰਜ ਸੱਤ ਸਾਲ ਮਗਰੋਂ ਮੁੰਡੇ ਦਾ ਵੀ ਵਿਆਹ ਹੋ ਗਿਆ। ਹੁਣ ਉਹਦੇ ਕੋਲ ਅੱਲ੍ਹਾ ਦਾ ਦਿੱਤਾ ਸਭ ਕੁਝ ਸੀ। ਪਰ ਉਹ ਇਕ ਵਾਰੀ, ਸਿਰਫ ਇਕ ਵਾਰੀ ਉਸ ਕੁੜੀ ਨੂੰ ਵੇਖਣਾ ਚਾਹੁੰਦਾ ਸੀ ਪਰ ਉਹਦੀ ਇਹ ਹਸਰਤ ਕਦੀ ਵੀ ਪੂਰੀ ਨਾ ਹੋ ਸਕੀ। ਬਸ ਕੁੜੀ ਦੀ ਨਿਸ਼ਾਨੀ ਤੇ ਯਾਦ ਇਕ ਨਥਲੀ ਸੀ ਜਿਹੜੀ ਅੱਜ ਤੀਕਰ ਉਹਨੇ ਸਾਂਭ ਕੇ ਰੱਖੀ ਹੋਈ ਸੀ। ਫੇਰ ਉਹਦੀ ਆਲ ਔਲਾਦ ਵੀ ਸੱਤ ਸਮੁੰਦਰ ਪਾਰ ਈ ਸੈਟ ਹੋ ਗਈ, ਪਰ ਉਹ ਵਾਪਸ ਪਰਤ ਆਇਆ। ਅੱਜ ਵੀ ਉਹਨੂੰ ਕੁੜੀ ਦੀ ਉਡੀਕ ਸੀ ਜਿਹਦੇ ਕਰਕੇ ਉਹ ਕਿਧਰੇ ਹੋਰ ਵੱਸਣ ਨੂੰ ਤਿਆਰ ਨਹੀਂ ਸੀ।

ਪਤਾ ਨਹੀਂ ਕਿੰਨਾ ਕੁ ਚਿਰ ਬਾਬਾ ਇਨ੍ਹਾਂ ਸੂਲਾਂ ਵਰਗੀਆਂ ਤਿੱਖੀਆਂ ਯਾਦਾਂ ਨਾਲ ਆਪਣੀ ਰੂਹ ਨੂੰ ਫੱਟੜ ਕਰਦਾ ਰਿਹਾ। ਉਹਦੀਆਂ ਅੱਖੀਆਂ 'ਚੋਂ ਵਗਦੇ ਅੱਥਰੂਆਂ ਨਾਲ ਜੰਮੂ ਦੇ ਤਣੇ ਉਤੇ ਲਕੀਰਾਂ ਜਿਹੀਆਂ ਪੈ ਗਈਆਂ ਸਨ। ਪਿਛਲੇ ਪੰਜਾਹ ਸਾਲਾਂ ਦੇ ਰੁਕੇ ਹੋਏ ਅੱਥਰੂ ਅੱਜ ਉਹਦੇ ਵੱਸੋਂ ਬਾਹਰ ਹੋ ਗਏ ਸਨ। ਫੇਰ ਅੱਧੀ ਰਾਤ ਨੂੰ ਬਾਬੇ ਨੇ ਆਪਣੀ ਠੋਡੀ ਜੰਮੂ ਦੀ ਦੁਸਾਂਘੀ ਤੋਂ ਹਟਾਈ ਤੇ ਕਮਰੇ 'ਚ ਜਾ ਕੇ ਜਿਵੇਂ ਮੰਜੀ ਉਤੇ ਢਹਿ ਪਿਆ।

ਹੁਣ ਬਾਬਾ ਜੰਮੂ ਦੇ ਰੁੱਖ ਤੋਂ ਪਰ੍ਹੇ ਪਰ੍ਹੇ ਰਹਿੰਦਾ ਸੀ। ਜਿਵੇਂ ਉਧਰ ਜਾਂਦਿਆਂ ਉਹਨੂੰ ਡਰ ਆਂਵਦਾ ਹੋਵੇ। ਉਹ ਜੰਮੂ ਵੱਲੋਂ ਨਾਉਮੀਦ ਹੋ ਗਿਆ ਸੀ। ਨਾ ਤੇ ਉਹਨੇ ਜੰਮੂ ਦੀ ਗੋਡੀ ਕੀਤੀ ਤੇ ਨਾ ਈ ਪਾਣੀ ਦਿੱਤਾ। ਫੇਰ ਮਈ ਦਾ ਮਹੀਨਾ ਆ ਗਿਆ। ਇਕ ਦਿਨ ਉਹਨੇ ਵਾਹਵਾ ਦੂਰੋਂ ਜੰਮੂ ਵੱਲ ਨਜ਼ਰ ਮਾਰੀ। ਜੰਮੂ ਦਵਾਲੇ ਬੇਸ਼ੁਮਾਰ ਡੇਹਮੂ ਉਡਦੇ ਪਏ ਸਨ। ਬਾਬੇ ਨੂੰ ਬੜਾ ਅਫਸੋਸ ਹੋਇਆ। ਉਹਨੇ ਸੋਚਿਆ ਪਈ ਉਹਦੀ ਬੇਪਰਵਾਹੀ ਕਰਕੇ ਜੰਮੂ ਉਤੇ ਭੂੰਡਾਂ ਨੇ ਖੱਖਰਾਂ ਪਾ ਦਿੱਤੀਆਂ ਨੇ। ਉਹਨੇ ਜੰਮੂ ਦੇ ਲਾਗੇ ਜਾ ਕੇ ਉਤੇ ਤੱਕਿਆ ਤੇ ਹੈਰਾਨ ਰਹਿ ਗਿਆ। ਜੰਮੂ ਦੇ ਰੁਖ ਨਾਲ ਹਰੇ ਕਚੂਰ ਮੋਤੀਆਂ ਦੇ ਬੇਸ਼ੁਮਾਰ ਗੁੱਛੇ ਲਮਕੇ ਹੋਏ ਸਨ। ਜਿਵੇਂ ਕੁੜੀ ਦੀ ਨਥਲੀ ਦਾ ਮੋਤੀ ਉਗ ਖਲੋਤਾ ਹੋਵੇ। ਪਰ ਐਡੀ ਭਰਵੀਂ ਫ਼ਸਲ ਬਾਬੇ ਨੇ ਆਪਣੀ ਪੂਰੀ ਹਯਾਤੀ 'ਚ ਕਦੀ ਵੀ ਨਹੀਂ ਸੀ ਵੇਖੀ। ਬੇਸ਼ੁਮਾਰ ਡੇਹਮੂ ਇਨ੍ਹਾਂ ਮੋਤੀਆਂ ਉਤੋਂ ਕੋਈ ਸ਼ੈਅ ਚੂਸ ਕੇ ਵਾਪਸ ਜਾਂਦੇ ਪਏ ਸਨ।

ਫੇਰ ਇਹ ਹਰੇ ਕਚੂਰ ਮੋਤੀ ਵੱਡੇ ਹੁੰਦੇ ਗਏ। ਜਦੋਂ ਸਾਵਣ ਭਾਦੋਂ ਦੀਆਂ ਝੜੀਆਂ ਲੱਗੀਆਂ, ਇਨ੍ਹਾਂ ਮੋਤੀਆਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ। ਇਹ ਮੋਟੇ ਬੜੇ ਮੋਟੇ ਤੇ ਰਸਦਾਰ ਜੰਮੂ ਬਣ ਗਏ। ਰੁੱਖ ਨੂੰ ਐਨਾ ਕੁ ਫ਼ਲ ਪਿਆ ਸੀ ਪਈ ਵੱਡੀਆਂ ਟਾਹਣੀਆਂ ਥੱਲੇ ਬਾਬੇ ਨੂੰ ਦੁਸਾਂਘੀਆਂ ਦੇ ਤੂਲ ਦੇਣੇ

*(ਬਾਕੀ ਅਗਲੇ ਸਫੇ 'ਤੇ)*

# ਕਰਤਾਰ ਸਿੰਘ ਸਰਾਭਾ

ਕਿਰਪਾਲ ਸਿੰਘ ਸੰਧੂ*

ਸਦੀਆਂ ਤੋਂ ਗੁਲਾਮੀ ਹੰਢਾ ਰਹੇ ਹਿੰਦੋਸਤਾਨੀਆਂ ਨੂੰ ਆਜ਼ਾਦੀ ਦੇ ਰਾਹ ਪਾਉਣ ਵਾਲੀ ਗ਼ਦਰ ਪਾਰਟੀ ਵਿਚ ਛੋਟੀ ਉਮਰ ਦੇ ਜਰਨੈਲ ਵਜੋਂ ਜਾਣੇ ਜਾਂਦੇ ਕਰਤਾਰ ਸਿੰਘ ਸਰਾਭਾ ਨੇ ਆਪਣੇ ਛੇ ਹੋਰ ਸਾਥੀਆਂ ਨਾਲ ਭਾਰਤ ਦੀ ਆਜ਼ਾਦੀ ਦੇ ਹਵਨ-ਕੁੰਡ 'ਚ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ। ਇਸੇ ਕਰਕੇ ਹੀ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ 'ਮੇਰਾ ਜਰਨੈਲ ਸਰਾਭਾ' ਕਹਿ ਕੇ ਬੁਲਾਉਂਦੇ ਸਨ। ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਆਜ਼ਾਦੀ ਦੀ ਖ਼ਾਤਰ ਅਸਹਿ ਤਸੀਹੇ ਝੱਲੇ, ਉਨ੍ਹਾਂ ਨੂੰ ਕਿਸੇ ਆਜ਼ਾਦ ਭਾਰਤ ਦੀ ਸਰਕਾਰ ਨੇ ਪੁੱਛਿਆ ਤਕ ਨਹੀਂ ਪਰ ਜਿਹੜੇ ਅੰਗਰੇਜ਼ਪ੍ਰਸਤ ਸਨ, ਉਨ੍ਹਾਂ ਮਾਣ ਤੇ ਮੁਰਾਤਬੇ ਪਾਏ। ਰਾਜੇ-ਮਹਾਰਾਜਿਆਂ ਦੀ ਤਾਂ ਗੱਲ ਹੀ ਛੱਡੋ, ਉਨ੍ਹਾਂ ਭਾਰਤ ਦੀ ਆਜ਼ਾਦੀ ਲਈ ਉਠੀਆਂ ਲਹਿਰਾਂ ਨੂੰ ਦਬਾਉਣ ਲਈ ਸਿਰ-ਤੋੜ ਯਤਨ ਕੀਤੇ। ਆਜ਼ਾਦੀ ਆਉਣ 'ਤੇ ਉਹ ਹੀ ਵਜ਼ੀਰ ਬਣੇ ਤੇ ਉਚੇ ਅਹੁਦਿਆਂ 'ਤੇ ਬੈਠ ਕੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਨਜ਼ਰਅੰਦਾਜ਼ ਕਰਦੇ ਰਹੇ।

ਆਜ਼ਾਦੀ ਤੋਂ ਬਾਅਦ ਲੁਧਿਆਣਾ ਵਿਚ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ ਜਾ ਰਿਹਾ ਸੀ ਜਿਸ ਵਿਚ ਰਾਜਾ ਮਹਿੰਦਰਾ ਪ੍ਰਤਾਪ ਵੀ ਸ਼ਾਮਲ ਹੋਇਆ। ਬਸ ਗਿਣਤੀ ਦੇ ਆਦਮੀ ਹੀ ਇਕੱਠੇ ਹੋਏ ਸਨ। ਬਾਬਾ ਸੋਹਨ ਸਿੰਘ ਭਕਨਾ ਨੇ ਭਰੇ ਮਨ ਨਾਲ ਸਿਰਫ਼ ਇਹੋ ਚਾਰ ਸ਼ਬਦ ਆਖੇ, "ਅੱਜ ਮੇਰੇ ਜਰਨੈਲ ਕਰਤਾਰ ਸਿੰਘ ਦੇ ਸ਼ਹੀਦੀ ਦਿਨ 'ਤੇ ਬਸ ਇਕੱਠ ਇੰਨਾ ਥੋੜਾ!" ਇਸ ਤੋਂ ਵੱਧ ਉਹ ਕੁਝ ਨਹੀਂ ਕਹਿ ਸਕੇ।

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।" ਇਹ ਗਾਉਣ ਵਾਲੇ ਗ਼ਦਰ ਸੰਗਰਾਮ ਦੇ ਇਸ ਸੂਰਮੇ ਦਾ ਜਨਮ ਪਿੰਡ ਸਰਾਭਾ, ਜ਼ਿਲਾ ਲੁਧਿਆਣਾ ਮਾਤਾ ਸਾਹਿਬ ਕੌਰ ਦੀ ਕੁੱਖੋਂ ਪਿਤਾ ਮੰਗਲ ਸਿੰਘ ਦੇ ਘਰ 1896 ਈਸਵੀ ਨੂੰ ਹੋਇਆ ਸੀ। ਛੋਟੀ ਉਮਰ ਵਿਚ ਹੀ ਮਾਂ-ਬਾਪ ਦੇ ਪਿਆਰ ਅਤੇ ਸਾਏ ਤੋਂ ਸੱਖਣਾ ਹੋ ਗਿਆ। ਉਸ ਦੀ ਪਰਵਰਿਸ਼ ਉਸ ਦੇ ਦਾਦਾ ਸ. ਬਚਨ ਸਿੰਘ ਨੇ ਕੀਤੀ। ਇਹ ਪਰਿਵਾਰ ਖੇਤੀਬਾੜੀ ਦੇ ਨਾਲ ਨੌਕਰੀਪੇਸ਼ਾ ਹੋਣ ਕਰਕੇ ਸਰਦੇ-ਪੁੱਜਦੇ ਘਰ ਵਜੋਂ ਜਾਣਿਆ ਜਾਂਦਾ ਸੀ। ਸ. ਬਚਨ ਸਿੰਘ ਦੀ ਦਿਲੀ ਖਾਹਿਸ਼ ਸੀ ਕਿ ਕਰਤਾਰ ਪੜ੍ਹ-ਲਿਖ ਕੇ ਸਰਕਾਰੀ ਨੌਕਰੀ 'ਤੇ ਚੰਗਾ ਅਫ਼ਸਰ ਬਣੇ। ਪਿਤਾ ਪੁਰਖੀ ਵਾਹੀ ਦੇ ਧੰਦੇ ਵਿਚ ਨਾ ਪਏ।

ਪ੍ਰਾਇਮਰੀ ਵਿਦਿਆ ਕਰਤਾਰ ਸਿੰਘ ਨੇ ਪਿੰਡ ਦੇ ਸਕੂਲ ਤੋਂ ਖੇਡਾਂ ਵਿਚ ਦਿਲਚਸਪੀ ਲੈਂਦਿਆਂ ਕੀਤੀ। ਫਿਰ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਾਖਲਾ ਕਰਵਾਇਆ ਗਿਆ। ਖੇਡ ਦੇ ਮੈਦਾਨ, ਸਾਥੀ ਖਿਡਾਰੀਆਂ ਨਾਲ ਡਿਸਪਲਿਨ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਵਿਚ ਉਹ ਖ਼ਾਸ ਯੋਗਤਾ ਰੱਖਦਾ ਸੀ ਇਸ ਕਰਕੇ ਉਸ ਦੇ ਕਈ ਦੋਸਤ ਉਸ ਨੂੰ ਅਫ਼ਲਾਤੂਨ ਵੀ ਕਹਿੰਦੇ ਸਨ। ਉਸ ਦੇ ਦਾਦਾ ਬਚਨ ਸਿੰਘ ਨੇ ਫਿਰ ਉਨ੍ਹਾਂ ਨੂੰ ਉੜੀਸਾ ਉਸ ਦੇ ਚਾਚਾ, ਜੋ ਜੰਗਲਾਤ ਮਹਿਕਮੇ ਵਿਚ ਅਫ਼ਸਰ ਸੀ, ਕੋਲ ਪੜ੍ਹਨ ਲਈ ਭੇਜ ਦਿੱਤਾ। ਉਥੇ ਉਸ ਨੇ ਮੈਟ੍ਰਿਕ ਪਾਸ ਕੀਤੀ। ਪੰਜਾਬ ਦੇ ਗਲਘੋਟੂ ਅਤੇ ਜਬਰ ਵਾਲੇ ਮਾਹੌਲ ਨਾਲੋਂ ਉੜੀਸਾ ਦਾ ਖੁੱਲ੍ਹਾ-ਡੁੱਲ੍ਹਾ ਮਾਹੌਲ, ਜਾਗ੍ਰਿਤ, ਅਗਾਂਹ-ਵਧੂ ਸਾਹਿਤ ਪੜ੍ਹਨ ਨਾਲ ਰਾਜਨੀਤਕ ਤੌਰ 'ਤੇ ਸੁਚੇਤ ਹੋਣ ਦੀ ਜਿਥੇ ਲੋਅ ਲੱਗੀ, ਉਥੇ ਚੰਗੀ ਅੰਗਰੇਜ਼ੀ ਵੀ ਬੋਲਣ ਲੱਗ ਪਿਆ।

ਪਰਿਵਾਰ ਚਾਹੁੰਦਾ ਸੀ ਕਿ ਉਹ ਅਮਰੀਕਾ ਤੋਂ ਉਚ ਵਿਦਿਆ ਪ੍ਰਾਪਤ ਕਰੇ। ਆਪਣੇ ਪਰਿਵਾਰ ਦੀ ਗੱਲ ਮੰਨਦਿਆਂ ਉਹ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਸੈਨ ਫਰਾਂਸਿਸਕੋ ਦੀ ਬੰਦਰਗਾਹ 'ਤੇ ਜਨਵਰੀ 1912 ਈ. ਨੂੰ ਪਹੁੰਚ ਗਿਆ। ਗੁਲਾਮ ਦੇਸ਼ਾਂ ਦੇ ਵਾਸੀ ਹੋਣ ਕਰਕੇ ਭਾਰਤੀਆਂ ਦੀ ਪੜਤਾਲ ਅਤੇ ਪੁੱਛਗਿੱਛ ਆਮ ਮੁਸਾਫ਼ਰਾਂ ਨਾਲੋਂ ਵੱਧ ਕੀਤੀ ਜਾਂਦੀ ਸੀ। ਵਾਰੀ ਆਉਣ 'ਤੇ ਜਦੋਂ ਉਸ ਕੋਲੋਂ ਆਉਣ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਕਰਤਾਰ ਸਿੰਘ ਨੇ ਜਵਾਬ ਦਿੱਤਾ ਕਿ ਜੇਕਰ ਅਮਰੀਕਾ ਵਿਚ ਵਿਦਿਆਰਥੀਆਂ ਨੂੰ ਉਚੀ ਵਿਦਿਆ ਹਾਸਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਤਾਂ ਮੈਂ ਸਮਝਦਾ ਹਾਂ ਕਿ ਇਹ ਵਿਦਿਆਰਥੀਆਂ ਨਾਲ ਧੱਕਾ ਹੋਵੇਗਾ। ਦੁਨੀਆਂ ਫਿਰ ਕਿਸ ਤਰ੍ਹਾਂ ਤਰੱਕੀ ਕਰੇਗੀ। ਹੋ ਸਕਦਾ ਹੈ ਕਿ ਮੈਂ ਚੰਗੀ ਤਾਲੀਮ ਹਾਸਲ ਕਰ ਕੇ ਆਪਣੇ ਦੇਸ਼ ਪ੍ਰਤੀ ਅਤੇ ਦੁਨੀਆਂ ਲਈ ਕੋਈ ਚੰਗਾ ਕੰਮ ਕਰ ਸਕਾਂ। ਤਸੱਲੀਬਖ਼ਸ਼ ਜਵਾਬ ਸੁਣ ਕੇ ਇੰਮੀਗ੍ਰੇਸ਼ਨ ਵਾਲਿਆਂ ਨੇ ਪੜ੍ਹਾਈ ਲਈ ਇਜਾਜ਼ਤ ਦੇ ਦਿੱਤੀ। ਸਰਾਭੇ ਦੀ ਜ਼ਿੰਦਗੀ ਵਿਚ ਇਹ ਪਹਿਲਾ ਤਜਰਬਾ ਸੀ ਕਿ ਇਕ ਗੁਲਾਮ ਦੇਸ਼ ਦੇ ਵਾਸੀ ਹੋਣ ਦਾ।

ਕਰਤਾਰ ਸਿੰਘ ਨੇ ਕੈਲੀਫੋਰਨੀਆ ਦੀ ਪ੍ਰਸਿੱਧ ਯੂਨੀਵਰਸਿਟੀ ਬਰਕਲੇ ਵਿਚ ਦਾਖਲਾ ਲੈ ਲਿਆ। ਪੰਜਾਬੀ ਹੋਸਟਲ ਵਿਚ ਆਪਣੇ 30 ਹਿੰਦੀ ਵਿਦਿਆਰਥੀਆਂ ਨਾਲ ਰਹਿਣ ਲਗ ਪਿਆ ਜਿਨ੍ਹਾਂ ਵਿਚ ਵੱਧ ਗਿਣਤੀ ਪੰਜਾਬੀ ਅਤੇ ਬੰਗਾਲੀਆਂ ਦੀ ਸੀ। ਪੜ੍ਹਾਈ ਦੇ ਖ਼ਰਚੇ ਨੂੰ ਪੂਰਾ ਕਰਨ ਲਈ ਛੁੱਟੀਆਂ ਵਿਚ ਆਪਣੇ ਹਮਵਤਨਾਂ ਕੋਲ ਰਹਿ ਕੇ ਕੈਲੀਫੋਰਨੀਆ ਦੇ ਖੇਤਾਂ ਵਿਚ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਵੀ ਹੰਢਾਈ। ਖੇਤ ਮਾਲਕਾਂ ਵੱਲੋਂ ਗੁਲਾਮ ਦੇਸ਼ਾਂ ਦੇ ਕਾਮੇ ਹੋਣ ਕਰਕੇ ਦੁਰਵਿਹਾਰ ਨੂੰ ਬੜਾ ਨੇੜਿਓਂ ਹੋ ਕੇ ਤੱਕਿਆ ਅਤੇ ਆਪ ਵੀ ਹੰਢਾਇਆ। ਇਹ ਉਸ ਦਾ ਦੂਜਾ ਕੌੜਾ ਤਜਰਬਾ ਸੀ।

ਭਾਵੇਂ ਅਮਰੀਕਾ ਇਕ ਆਜ਼ਾਦ ਮੁਲਕ ਸੀ। ਫਿਰ ਵੀ ਵਾਸ਼ਿੰਗਟਨ, ਓਰੇਗਾਨ ਅਤੇ ਕੈਲੀਫੋਰਨੀਆ ਵਿਚ ਬੜੀਆਂ-ਬੜੀਆਂ ਜ਼ਮੀਨਾਂ ਅਤੇ ਕਾਰਖਾਨਿਆਂ ਦੇ ਮਾਲਕ ਅੰਗਰੇਜ਼ਪ੍ਰਸਤ ਸਨ। ਇਨ੍ਹਾਂ ਵਿਚ ਨਸਲਵਾਦ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਜਿਥੇ ਅਜਿਹੇ ਲੋਕ ਸਨ, ਉਥੇ ਉਹ ਖੁੱਲ੍ਹੇ ਡੁੱਲ੍ਹੇ ਵਿਚਾਰਾਂ ਵਾਲੇ ਜਮਹੂਰੀਅਤਪਸੰਦ ਲੋਕ ਵੀ ਸਨ, ਜੋ ਬਰਤਾਨਵੀ ਬਸਤੀਵਾਦ ਦੇ ਖ਼ਿਲਾਫ਼ ਜੰਗ ਲੜ ਕੇ ਆਜ਼ਾਦੀ ਲਈ ਉਕਸਾਉਂਦੇ ਸਨ। ਉਹ ਉਨ੍ਹਾਂ ਨੂੰ ਚਿੜਾਉਂਦੇ ਕਿ ਤੁਸੀਂ ਦਾੜ੍ਹੀ ਵਾਲੀਆਂ ਔਰਤਾਂ ਹੋ। ਤੁਸੀਂ ਭੇਡਾਂ ਵਾਂਗ ਗੁਲਾਮੀ ਦੀ ਜ਼ਿੰਦਗੀ ਜੀਅ ਰਹੇ ਹੋ। ਭਾਰਤੀ ਇਸ ਕੌੜੇ ਸੱਚ ਨੂੰ ਬਰਦਾਸ਼ਤ ਕਰਦੇ ਜਾ ਰਹੇ ਸਨ ਪਰ ਅੰਦਰੋਂ ਅੰਦਰ ਬਹੁਤ ਦੁਖੀ ਸਨ।

"ਭਲਾ ਜੀਵਣੇ ਦਾ ਕਾਹਦਾ ਰਾਜ ਸਾਡਾ,
ਸਾਡੇ ਕੁੱਤਿਆਂ ਤੋਂ ਭੈੜੇ ਹਾਲ ਹੋ ਗਏ।
ਕੁਲੀ ਕੁਲੀ ਕਹਿ ਕੇ ਦੁਨੀਆਂ ਨੱਕ ਚਾੜ੍ਹੇ,
ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ।"

ਇਸੇ ਦੌਰਾਨ ਵਾਸ਼ਿੰਗਟਨ ਤੇ ਓਰੇਗਾਨ ਵਿਚ ਲੱਕੜੀ ਦੇ ਕਾਰਖਾਨਿਆਂ ਵਿਚ ਹਿੰਦੀ ਕਾਮਿਆਂ ਨਾਲ ਬੜਾ ਮਾੜਾ ਸਲੂਕ ਹੋਣ ਕਰਕੇ ਉਨ੍ਹਾਂ ਵਿਚ ਬਹੁਤ ਬੇਚੈਨੀ ਸੀ। ਉਨ੍ਹਾਂ ਇਸ ਤੋਂ ਛੁਟਕਾਰਾ ਪਾਉਣ ਲਈ ਮਾਰਚ 1913 ਵਿਚ ਵਾਸ਼ਿੰਗਟਨ ਦੇ ਸ਼ਹਿਰ ਅਸਟਰੀਆ ਵਿਚ ਇਕੱਠ ਕੀਤਾ। ਇਸ ਦੀਆਂ ਗੱਲਾਂ ਕੈਲੀਫੋਰਨੀਆ ਦੇ ਕਾਮਿਆਂ ਨੂੰ ਸੁਣਨ ਲਈ ਮਿਲਦੀਆਂ। ਉਹ ਕਦਮ ਕਦਮ ਅੱਗੇ ਵਧਦੇ ਇਕ ਜਥੇਬੰਦੀ ਬਣਾਉਣ ਵਿਚ ਕਾਮਯਾਬ ਹੋ ਗਏ ਜਿਸ ਦਾ ਨਾਂ ਇੰਡੀਅਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਰੱਖਿਆ ਗਿਆ। ਇਹ ਸਾਰੇ ਇਕ ਆਵਾਜ਼ ਸਨ ਕਿ ਦੇਸ਼ ਦੀ ਗੁਲਾਮੀ ਹੀ ਸਾਰੀ ਬੀਮਾਰੀ ਦੀ ਜੜ੍ਹ ਹੈ। ਸੋਚਾਂ-ਵਿਚਾਰਾਂ ਅਤੇ ਪਿਛਲੇ ਇਤਿਹਾਸ ਨੂੰ ਧਿਆਨ ਵਿਚ ਰੱਖਦਿਆਂ ਸਰਬਸੰਮਤੀ ਨਾਲ ਚੋਣ ਕੀਤੀ ਗਈ। ਯਾਦ ਰਹੇ, ਇਹ ਉਹੀ ਜਥੇਬੰਦੀ ਸੀ ਜਿਹੜੀ ਬਾਅਦ ਵਿਚ ਦੁਨੀਆਂ ਭਰ ਵਿਚ ਗ਼ਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗੀ। ਸੈਨ ਫਰਾਂਸਿਸਕੋ ਵਿਚ ਮੁੱਖ ਦਫ਼ਤਰ ਬਣਾਇਆ ਗਿਆ ਜਿਸ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਗ਼ਦਰ ਪਾਰਟੀ ਦੇ ਝੰਡੇ ਹੇਠ ਇਨਕਲਾਬ ਕਰਨ ਦਾ ਫੈਸਲਾ ਲਿਆ ਗਿਆ। ਕਰਤਾਰ ਸਿੰਘ ਸਰਾਭਾ ਇਸ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਇਕ ਸੀ। ਪਾਰਟੀ ਨੇ ਪ੍ਰਚਾਰ ਲਈ ਇਕ ਅਖ਼ਬਾਰ ਕੱਢਣ ਦਾ ਵੀ ਫ਼ੈਸਲਾ ਕੀਤਾ। ਪਹਿਲੀ ਨਵੰਬਰ, 1913 ਨੂੰ ਪਹਿਲਾ ਪਰਚਾ ਉਰਦੂ ਵਿਚ ਹੱਥ ਵਾਲੀ ਮਸ਼ੀਨ ਨਾਲ ਪਹਿਲੇ ਸਫ਼ੇ 'ਤੇ ਹਿੰਦੋਸਤਾਨ ਦੀ ਮੁਕੰਮਲ ਆਜ਼ਾਦੀ ਲਈ ਹਥਿਆਰਬੰਦ ਘੋਲ ਰਾਹੀਂ 'ਐਲਾਨ-ਏ-ਜੰਗ' ਛਾਪਿਆ। ਆਜ਼ਾਦੀ ਦਾ ਝੰਡਾ ਬੁਲੰਦ ਕਰ ਦਿੱਤਾ। 8 ਜਨਵਰੀ 1914 ਨੂੰ ਪੰਜਾਬੀ ਵਿਚ ਹਫ਼ਤਾਵਾਰੀ ਅਖ਼ਬਾਰ ਛਾਪਿਆ ਜਾਣ ਲੱਗਾ ਜਿਸ ਵਿਚ ਬਰਤਾਨਵੀ ਜਾਬਰਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮੁਰਦੇ ਦਿਲਾਂ ਨੂੰ ਧੂਹ ਪਾਉਣ ਵਾਲੀਆਂ ਕਵਿਤਾਵਾਂ 'ਗ਼ਦਰ ਦੀ ਗੂੰਜ' ਦੇ ਨਾਂ ਹੇਠ ਪ੍ਰਕਾਸ਼ਤ ਹੋਣ ਲੱਗੀਆਂ ਜਿਸ ਨੇ ਪੰਜਾਬੀਆਂ ਦੀ ਦੇਸ਼ ਪ੍ਰਤੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿਚ ਤਬਦੀਲੀ ਲੈ ਆਂਦੀ।



ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਵਿਚ ਆਇਰਿਸ਼, ਮਿਸਰੀ, ਤੁਰਕੀ ਅਤੇ ਹੋਰ ਦੇਸ਼ਾਂ ਦੇ ਦੇਸ਼ ਭਗਤਾਂ ਦਾ ਇਕ ਇਨਕਲਾਬੀ ਕੇਂਦਰ ਬਣ ਗਿਆ ਸੀ। ਸਾਂਝਾ ਦੁਸ਼ਮਣ ਹੋਣ ਕਰਕੇ ਖੇਤਾਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੀਆਂ ਮੀਟਿੰਗਾਂ ਵਿਚ ਕਰਤਾਰ ਸਿੰਘ ਸਰਾਭਾ ਆਮ ਹੀ ਸ਼ਾਮਲ ਹੁੰਦਾ ਰਹਿੰਦਾ ਸੀ। ਉਹ ਕਾਮਿਆਂ ਤੇ ਵਿਦਿਆਰਥੀਆਂ ਦੀਆਂ ਬਹਿਸਾਂ ਬੜੇ ਧਿਆਨ ਨਾਲ ਸੁਣਦਾ ਅਤੇ ਘੋਖਦਾ।

ਪਹਿਲਾ ਸੰਸਾਰ ਯੁੱਧ 1914 ਵਿਚ ਸ਼ੁਰੂ ਹੋ ਗਿਆ। ਉਸੇ ਸਾਲ ਅੰਗਰੇਜ਼ਾਂ ਨੂੰ ਯੁੱਧ ਵਿਚ ਫਸਿਆ ਵੇਖ ਆਜ਼ਾਦੀ ਦੇ ਮੰਤਵ ਲਈ ਸੈਕਰਾਮੈਂਟੋ ਵਿਚ ਮੀਟਿੰਗ ਸੱਦੀ ਗਈ ਅਤੇ ਫ਼ੈਸਲਾ ਲਿਆ ਗਿਆ ਕਿ ਹਿੰਦੋਸਤਾਨ ਇਨਕਲਾਬ ਲਈ ਰਵਾਨਾ ਹੋਇਆ ਜਾਵੇ।

ਉਨ੍ਹਾਂ ਹੀ ਦਿਨਾਂ ਵਿਚ ਕਾਮਾਗਾਟਾ ਮਾਰੂ ਦਾ ਦੁਖਾਂਤ ਬਜਬਜ ਘਾਟ 'ਤੇ ਵਾਪਰ ਚੁੱਕਾ ਸੀ। ਬਾਅਦ ਵਿਚ ਕਲਕੱਤੇ ਉਤਰਨ ਵਾਲੇ ਬਹੁਤ ਸਾਰੇ ਆਗੂ ਫੜੇ ਜਾ ਚੁੱਕੇ ਸਨ। ਕਰਤਾਰ ਸਿੰਘ ਸਰਾਭਾ ਕੋਲੰਬੋ ਦੇ ਰਸਤਿਓਂ ਪੁਲਿਸ ਦੀਆਂ ਉਕਾਬੀ ਨਜ਼ਰਾਂ ਤੋਂ ਬਚ ਕੇ ਹਿੰਦੋਸਤਾਨ ਪਹੁੰਚ ਗਿਆ।

ਉਹ ਅਮਰੀਕਾ ਤੋਂ ਹੀ ਆਪਣੇ ਗ਼ਦਰੀ ਸਾਥੀ ਵਿਸ਼ਨੂੰ ਗਣੇਸ਼ ਪਿੰਗਲੇ ਦੀ ਮਾਰਫ਼ਤ ਸਚਿੰਦਰ ਨਾਥ ਸਨਿਆਲ ਅਤੇ ਰਾਮ ਬਿਹਾਰੀ ਬੋਸ ਨੂੰ ਮਿਲਿਆ। ਮਿਥੇ ਪ੍ਰੋਗਰਾਮ ਅਨੁਸਾਰ ਫ਼ੌਜੀ ਛਾਉਣੀਆਂ ਵਿਚ ਸਬੰਧ ਕਾਇਮ ਕਰਨੇ ਅਰੰਭ ਦਿੱਤੇ ਗਏ। ਉਹ ਭਾਈ ਰਣਧੀਰ ਸਿੰਘ ਨੂੰ ਮਿਲਿਆ। ਫ਼ਿਰੋਜ਼ਪੁਰ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਕਰਕੇ ਮੈਗਜ਼ੀਨ ਲੁੱਟਣ ਦਾ ਇੰਤਜ਼ਾਮ ਵੀ ਕੀਤਾ। ਘਰ ਦਾ ਭੇਤੀ ਵਿਚੋਂ ਬੇਇਮਾਨ ਹੋ ਗਿਆ। ਸੋ ਇਹ ਸਕੀਮ ਸਿਰੇ ਨਾ ਚੜ੍ਹ ਸਕੀ।

ਕਰਤਾਰ ਸਿੰਘ ਜਿਥੇ ਖ਼ੁਫ਼ੀਆ ਕੰਮਾਂ-ਕਾਰਾਂ ਅਤੇ ਭੇਸ ਬਦਲਣ ਵਿਚ ਮਾਹਿਰ ਸੀ, ਉਥੇ ਉਸ ਦੀ ਹਾਜ਼ਰ-ਜਵਾਬੀ ਵੀ ਬੜੀ ਕਮਾਲ ਦੀ ਸੀ। ਪੁਲਿਸ ਪਾਰਟੀ ਇਕ ਦੇਸ਼ ਭਗਤ ਦੀ ਤਲਾਸ਼ ਵਿਚ ਇਕ ਪਿੰਡ ਰਾਵੀ ਗਈ ਹੋਈ ਸੀ। ਅਚਾਨਕ ਉਥੇ ਦੇਸ਼ ਭਗਤ ਨੂੰ ਕਰਤਾਰ ਸਿੰਘ ਵੀ ਮਿਲਣ ਲਈ ਜਾ ਰਿਹਾ ਸੀ। ਪੁਲਿਸ ਨਾਲ ਟਾਕਰਾ ਹੋਣ 'ਤੇ ਕਹਿਣ ਲੱਗਾ ਕਿ ਜੋ ਲੋਕ ਸਰਕਾਰ ਦੇ ਖ਼ਿਲਾਫ਼ ਹਨ, ਚੰਗੀ ਤਰ੍ਹਾਂ ਉਨ੍ਹਾਂ ਦੀ ਖ਼ਬਰ ਲਓ। ਪੁਲਿਸ ਨੇ ਸਮਝਿਆ ਕਿ ਇਹ ਕੋਈ ਸਰਕਾਰੀ ਅਫ਼ਸਰ ਹੈ। ਇਸ ਤਰ੍ਹਾਂ ਮੌਕੇ 'ਤੇ ਹਾਜ਼ਰ-ਜਵਾਬੀ ਸਦਕਾ ਉਹ ਪੁਲਿਸ ਤੋਂ ਸਾਫ਼ ਬਚ ਕੇ ਨਿਕਲ ਗਿਆ।

ਜਦੋਂ ਗ਼ਦਰ ਪਾਰਟੀ ਇਨਕਲਾਬ ਕਰਨ ਵਿਚ ਅਸਫ਼ਲ ਰਹੀ ਤਾਂ 20 ਫਰਵਰੀ ਨੂੰ ਕਰਤਾਰ ਸਿੰਘ ਲਾਹੌਰ ਵਿਖੇ ਰਾਸ ਬਿਹਾਰੀ ਬੋਸ ਦੇ ਅੱਡੇ 'ਤੇ ਪਹੁੰਚ ਗਿਆ। ਫ਼ੈਸਲਾ ਹੋਇਆ ਕਿ ਹੁਣ ਮੁਲਕ ਤੋਂ ਬਾਹਰ ਅਫ਼ਗਾਨਿਸਤਾਨ ਜਾਇਆ ਜਾਵੇ। ਅਟਕ ਦਰਿਆ ਪਾਰ ਕਰਨ ਲੱਗਿਆਂ, ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਕਿਹਾ, "ਜਾਨ ਜਾਵੇ ਮਾਣ ਨੂੰ ਨਾ ਜਾਵੇ ਤੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।"

ਕਰਤਾਰ ਸਿੰਘ ਨੇ ਇਹ ਸੁਣਿਆ ਤਾਂ ਪਾਣੀ ਦਾ ਭਰਿਆ ਬੁੱਕ ਆਪਣੇ ਮੂੰਹ 'ਤੇ ਮਾਰਿਆ, ਫਿਰ ਕੁਝ ਬੁੱਕ ਪੀਤੇ ਤੇ ਕਹਿਣ ਲੱਗਾ, ਭਾਈ ਜੀ ਉਠੋ, ਹੁਣ ਦੇਸ਼ ਛੱਡ ਕੇ ਨਹੀਂ ਜਾਣਾ। ਤੇ ਵਾਪਸ ਮੁੜ ਆਏ।

ਜਗਤ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਕਰਤਾਰ ਸਿੰਘ ਸਰਾਭਾ ਇਹ ਜਗਤ ਸਿੰਘ ਦੇ ਦੋਸਤ ਸ਼ੇਰ ਸਿੰਘ, ਜੋ ਕਿ ਚੱਕ ਨੰਬਰ ਪੰਜ, ਜ਼ਿਲਾ ਸਰਗੋਧਾ 'ਚ ਰਹਿੰਦਾ ਸੀ, ਪਾਸ ਪਹੁੰਚ ਗਏ। ਸ਼ੇਰ ਸਿੰਘ ਦਾ ਲਿਹਾਜ਼ੀ ਰਸਾਲਦਾਰ ਗੰਡਾ ਸਿੰਘ ਸੀ। ਉਸ ਨੇ ਲਾਲਚ ਵਿਚ ਪੁਲਿਸ ਨੂੰ ਇਤਲਾਹ ਦੇ ਕੇ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਮੁਕੱਦਮੇ ਵਿਚ ਸਰਕਾਰੀ ਗਵਾਹ ਬਿਆਨ ਦਿੰਦੇ ਗਏ। ਜਦੋਂ ਸਰਾਭੇ ਨੂੰ ਸਫ਼ਾਈ ਵਜੋਂ ਬਿਆਨ ਦੇਣ ਲਈ ਕਿਹਾ ਗਿਆ ਤਾਂ ਉਸ ਕਿਹਾ, 'ਮੈਂ ਆਪਣੇ ਦੇਸ਼ ਕੌਮ ਦੀ ਆਜ਼ਾਦੀ ਲਈ ਜੋ ਵੀ ਕੀਤਾ ਹੈ, ਉਹ ਠੀਕ ਹੈ। ਇਹ ਮੇਰਾ ਪੈਦਾਇਸ਼ੀ ਹੱਕ ਵੀ ਹੈ।'

ਨਵੰਬਰ 1915 ਨੂੰ ਸਤ੍ਹਾਰਾਂ ਹੋਰ ਸਾਥੀਆਂ ਸਮੇਤ 7 ਨੂੰ ਫ਼ਾਂਸੀ ਅਤੇ ਬਾਕੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ। ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਜੇਲ੍ਹ ਸੁਪਰਟੈਂਡੈਂਟ ਵੱਲੋਂ ਪੁੱਛਣ 'ਤੇ ਸਰਾਭਾ ਨੇ ਕਿਹਾ ਕਿ ਰਹਿਮ ਦੀ ਅਪੀਲ ਦੀ ਜਗ੍ਹਾ 'ਤੇ ਮੈਂ ਜਲਦੀ ਫ਼ਾਂਸੀ ਦੀ ਬੇਨਤੀ ਕਰਦਾ ਹਾਂ।

ਲਾਹੌਰ ਜੇਲ੍ਹ ਵਿਚ 16 ਨਵੰਬਰ 1915 ਨੂੰ ਸਰਾਭਾ ਤੇ 6 ਹੋਰ ਸਾਥੀ ਇਹ ਤਰਾਨਾ ਗਾਉਂਦਿਆਂ 'ਹਮ ਹੈਂ ਇਸ ਕੇ ਮਾਲਕ ਹਿੰਦੋਸਤਾਨ ਹਮਾਰਾ, ਪਾਕਿ ਵਤਨ ਹੈ ਕੌਮ ਕਾ, ਜੰਨਤ ਸੇ ਪਿਆਰਾ' ਫ਼ਾਂਸੀ ਦੇ ਰੱਸੇ ਨੂੰ ਚੁੰਮ ਸਦਾ ਲਈ ਆਜ਼ਾਦੀ ਦੀ ਦੇਵੀ ਤੋਂ ਆਪਣੀਆਂ ਜਾਨਾਂ ਨਿਛਾਵਰ ਕਰ ਗਏ। ਕਰਤਾਰ ਸਿੰਘ ਸਰਾਭਾ ਦੇ ਨਾਲ ਸਨ- (1) ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲਾ ਪੂਨਾ ਮਹਾਰਾਸ਼ਟਰ (2) ਜਗਤ ਸਿੰਘ ਸੁਰ ਸਿੰਘ ਵਾਲਾ ਲਾਹੌਰ (3) ਹਰਨਾਮ ਸਿੰਘ ਪਿੰਡ ਭੱਟੀ ਜ਼ਿਲਾ ਸਿਆਲਕੋਟ (4) ਬਖ਼ਸ਼ੀਸ਼ ਸਿੰਘ (5) ਸੁਰੈਣ ਸਿੰਘ ਛੋਟਾ, (6) ਸੁਰੈਣ ਸਿੰਘ ਬੜਾ ਪਿੰਡ; ਇਹ ਤਿੰਨੇ ਪਿੰਡ ਗਿੱਲਵਾਲੀ, ਜ਼ਿਲਾ ਅੰਮ੍ਰਿਤਸਰ ਦੇ ਸਨ।

ਕਰਤਾਰ ਸਿੰਘ ਸਰਾਭਾ ਇਕ ਅਣਥੱਕ ਨੌਜਵਾਨ ਸੀ। ਦੇਸ਼ ਭਗਤੀ ਵਿਚਾਰਾਂ, ਆਦਰਸ਼ਾਂ ਨੂੰ ਪ੍ਰਣਾਏ ਹੋਏ ਨੌਜਵਾਨ ਦੇ ਹੌਸਲੇ, ਦਲੇਰੀ, ਕੁਰਬਾਨੀਆਂ ਅਤੇ ਮਾਤ ਭੂਮੀ ਦੀ ਆਜ਼ਾਦੀ ਦੀ ਲਗਨ ਸਾਹਮਣੇ ਆਪ-ਮੁਹਾਰੇ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ।

*ਫੋਨ: 559-259-4844

## ਜੰਮੂਆਂ ਵਾਲਾ ਬਾਬਾ

ਪੈ ਗਏ ਨਹੀਂ ਤੇ ਟਾਹਣੀਆਂ ਟੁੱਟਣ ਦਾ ਡਰ ਸੀ।

ਤੇ ਫੇਰ ਪੱਕੇ ਹੋਏ ਰਸ ਭਰੇ ਜੰਮੂ ਤੋੜਨ ਦਾ ਵੇਲਾ ਵੀ ਆ ਗਿਆ। ਫ਼ਲ ਭਾਵੇਂ ਕਿਧਰੇ ਵੀ ਲੱਗਿਆ ਹੋਵੇ, ਬਾਲਾਂ ਤੇ ਪੰਛੀਆਂ ਕੋਲੋਂ ਲੁਕਿਆ ਨਹੀਂ ਰਹਿ ਸਕਦਾ। ਹੁਣ ਉਤੇ ਪੰਛੀਆਂ ਤੇ ਥੱਲੇ ਬਾਲਾਂ ਦੀ ਹਰ ਵੇਲੇ ਰੌਣਕ ਲੱਗੀ ਰਹਿੰਦੀ। ਦੂਰੋਂ ਦੂਰੋਂ ਨਿੱਕੇ ਨਿੱਕੇ ਇਆਣੇ ਹੱਥਾਂ 'ਚ ਸਿਲਵਰ ਦੇ ਕੌਲੇ ਛੰਨੇ ਫੜ ਕੇ ਡਿੰਗਦੇ ਢਹਿੰਦੇ ਬਾਬੇ ਕੋਲ ਅੱਪੜ ਜਾਂਦੇ ਤੇ ਜੰਮੂ ਲੈ ਕੇ ਪਰਤਦੇ। ਇੰਜ ਬਾਬੇ ਦਾ ਨਾਂ ਜੰਮੂਆਂ ਵਾਲਾ ਬਾਬਾ ਪੈ ਗਿਆ। ਬਾਬਾ ਜੰਮੂ ਵੰਡਦਾ ਵੰਡਦਾ ਥੱਕ ਗਿਆ ਤਾਂ ਫੇਰ ਉਹਨੂੰ ਨਰਸਰੀ ਵਾਲੇ ਬਾਊ ਜੀ ਦਾ ਚੇਤਾ ਆਇਆ। ਬਾਬੇ ਨੇ ਕੋਠੀ ਦੀ ਇਕ ਨੁੱਕਰ 'ਚ ਕਾਹੀ ਦੀਆਂ ਜੜ੍ਹਾਂ ਦੱਬੀਆਂ ਸਨ, ਜਿਹੜੀਆਂ ਉਗ ਖਲੋਤੀਆਂ ਸਨ ਤੇ ਹੁਣ ਕਾਹੀ ਦਾ ਜਿਵੇਂ ਇਕ ਵੱਡਾ ਸਾਰਾ ਗੁਲਦਸਤਾ ਉਗਿਆ ਹੋਇਆ ਸੀ। ਨਾਜ਼ੁਕ ਤੇ ਮਨਮੋਹਣਾ। ਬਾਬੇ ਨੇ ਕਾਹੀ ਦੇ ਤੀਲਿਆਂ ਦਾ ਇਕ ਵੱਡਾ ਡੂਨਾ ਬਣਾਇਆ। ਉਹਨੂੰ ਜੰਮੂਆਂ ਨਾਲ ਭਰਿਆ ਤੇ ਆਪਣੇ ਨਰਸਰੀ ਵਾਲੇ ਬੇਲੀ ਬਾਊ ਜੀ ਕੋਲ ਅੱਪੜ ਗਿਆ। ਬਾਊ ਜੰਮੂ ਵੇਖ ਕੇ ਬੜਾ ਖ਼ੁਸ਼ ਹੋਇਆ। ਉਹਨੇ ਬਾਬੇ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ। ਫੇਰ ਫ਼ਲ ਚੱਖਿਆ ਤੇ ਆਖਿਆ, 'ਬਾਬਾ ਜੀ, ਮੈਂ ਆਪਣੀ ਹਯਾਤੀ 'ਚ ਐਡੇ ਰਸਦਾਰ ਤੇ ਨਰੋਏ ਜੰਮੂ ਕਦੀ ਵੀ ਨਹੀਂ ਜੇ ਖਾਧੇ। ਤੁਸੀਂ ਜੰਮੂ ਦੇ ਫੱਟਾਂ ਉਤੇ ਲੂਣ ਵਾਲਾ ਕੋਸਾ ਪਾਣੀ ਹੀ ਤਰੌਂਕਿਆ ਸੀ?'

ਬਾਬੇ ਨੂੰ ਆਪਣੇ ਅੱਥਰੂ ਚੇਤੇ ਆ ਗਏ ਤੇ ਉਹਨੇ ਆਹੋ 'ਚ ਸਿਰ ਹਿਲਾਇਆ। ਬਾਊ ਨੇ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ। ਸੇਰ ਤੇ ਲੂਣ ਪਾਣੀ ਦਾ ਸਾਵਾਂ ਸਾਵਾਂ ਮੇਲ ਨਸੀਬਾਂ ਨਾਲ ਹੁੰਦਾ ਏ ਤੇ ਨਸੀਬਾਂ ਵਾਲਿਆਂ ਨੂੰ ਈ ਲੱਭਦਾ ਹੈ। ਉਹ ਵੀ ਤੇ ਅੱਲ੍ਹਾ ਸੋਹਣੇ ਦਾ ਖਾਸ ਕਰਮ ਹੋਵੇ ਤੇ। ਫੇਰ ਉਹਨੇ ਬਾਬੇ ਨੂੰ ਪੁੱਛਿਆ, 'ਤੇ ਸੁਹਾਗਣ ਦੇ ਗਹਿਣੇ ਦੀ ਧੋਣ ਵੀ ਜੜ੍ਹਾਂ 'ਚ ਪਾਈ ਹੋਵੇਗੀ?'

ਬਾਬੇ ਨੇ ਨਹੀਂ 'ਚ ਸਿਰ ਹਿਲਾਇਆ।

'ਤੇ ਫੇਰ ਕਿਹਦੇ ਗਹਿਣੇ ਵਰਤੇ ਸਨ?'

'ਬੈਰਾਗਣ ਦੇ।' ਬਾਬਾ ਬੜੀ ਹੌਲੀ ਜਿਹੀ ਬੋਲਿਆ। ਜਿਵੇਂ ਉਹਨੂੰ ਡਰ ਹੋਵੇ ਪਈ ਜੇ ਉਹ ਉਚੀ ਬੋਲਿਆ ਤੇ ਉਹਦਾ ਰੋਣ ਨਿਕਲ ਜਾਵੇਗਾ।

## ਆਧੁਨਿਕ ਬੋਧ ਦੇ ਪਿਤਾਮਾ ਗੁਰੂ ਨਾਨਕ ਸਾਹਿਬ

(ਸਫਾ 37 ਦੀ ਬਾਕੀ)

ਸਾਹਿਬ ਧਰਮਪਖੀ ਹਨ, ਪਰ ਉਨ੍ਹਾਂ ਲਈ ਧਰਮ ਦਾ ਭਾਵ ਸੰਪਰਦਾਇ ਵਾਲਾ ਨਾ ਹੋ ਕੇ ਸਚਿਆਰ ਹੋਣ ਦੀ ਕ੍ਰਿਆ ਹੈ। ਕਿਸੇ ਦੇਸ਼ ਵਿਚ ਇਕ ਸੰਪਰਦਾਇ ਦੇ ਅਨੁਯਾਈ ਬਹੁ-ਗਿਣਤੀ ਵਿਚ ਹੋ ਸਕਦੇ ਹਨ ਅਤੇ ਦੂਜੇ ਸੰਪਰਦਾਇ ਦੇ ਅਨੁਯਾਈ ਘਟ-ਗਿਣਤੀ ਵਿਚ, ਪਰ ਰਾਜ ਨੂੰ ਨਿਰਪਖ ਰਹਿੰਦਿਆਂ ਸਭ ਨਾਗਰਿਕਾਂ ਨੂੰ ਵਿਕਾਸ ਕਰਨ ਦੇ ਸਮਾਨ ਅਧਿਕਾਰ ਜਾਂ ਮੌਕੇ ਦੇਣੇ ਚਾਹੀਦੇ ਹਨ। ਗੁਰੂ ਜੀ ਮਜ਼ਹਬ ਦੇ ਆਧਾਰ ਉਤੇ ਕੁਝ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਤੇ ਕੁਝ ਨੂੰ ਅਧਿਕਾਰਾਂ ਤੋਂ ਵੰਚਿਤ ਕਰਨ ਦੇ ਵਿਰੋਧੀ ਹਨ। ਗੁਰੂ ਜੀ ਦੀਆਂ ਤਤਕਾਲੀ ਰਾਜ ਨਾਲ ਸਬੰਧਤ ਟਿਪਣੀਆਂ ਇਹ ਮਾਰਗ ਦਰਸ਼ਨ ਦਿੰਦੀਆਂ ਹਨ ਕਿ ਰਾਜ ਸੰਪ੍ਰਦਾਇਕਤਾ (ਫਿਰਕਾਪ੍ਰਸਤੀ) ਤੋਂ ਉਪਰ ਰਹੇ। ਗੁਰੂ ਜੀ ਨੇ ਆਪਣੇ ਸਮੇਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ-ਦੂਜੇ ਦੇ ਨੇੜੇ ਕਰਨ ਲਈ ਪੂਰਾ ਯਤਨ ਹੀ ਨਹੀਂ ਕੀਤਾ, ਸਗੋਂ ਸਫਲਤਾ ਵੀ ਪ੍ਰਾਪਤ ਕੀਤੀ। ਭਾਵੇਂ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਬਾਅਦ ਵਿਚ ਇਹ ਯਤਨ 'ਦੀਨ-ਏ-ਇਲਾਹੀ' ਨਾਂ ਦਾ ਧਰਮ ਚਲਾ ਕੇ ਕੀਤਾ ਸੀ, ਪਰ ਉਹ ਅਸਫਲ ਸਿਧ ਹੋ ਗਿਆ। ਵੀ.ਏ. ਸਮਿਥ ਵਰਗੇ ਇਤਿਹਾਸਕਾਰ ਦਾ ਮਤ ਸੀ ਕਿ (ਅਕਬਰ ਦੀ) ਇਹ ਸਾਰੀ ਯੋਜਨਾ ਇਕ ਹਾਸੋ-ਹੀਣੇ ਫੋਕੇ ਅਭਿਮਾਨ ਅਤੇ ਬੇਰੋਕ ਆਪਹੁਦਰੇਪਣ ਦੀ ਇਕ ਅਨੋਖੀ ਉਪਜ ਦਾ ਨਤੀਜਾ ਹੈ। ਉਸ ਦੇ ਧਰਮ ਨੂੰ ਲੋਕਾਂ ਨੇ ਕੋਈ ਮਾਨਤਾ ਨਹੀਂ ਦਿਤੀ ਜਦੋਂ ਕਿ ਗੁਰੂ ਨਾਨਕ ਸਾਹਿਬ ਦੇ ਮਤ ਨੂੰ ਵਡੀ ਗਿਣਤੀ ਵਿਚ ਲੋਕਾਂ ਨੇ ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸਨ, ਅਪਨਾਇਆ।

ਗੁਰਮਤਿ ਨੇ 'ਸਾਂਝ ਕਰੀਜੈ ਗੁਣਹ ਕੇਰੀ' ਅਨੁਸਾਰ ਦੂਜੇ ਮਤਾਂ ਦੇ ਮਹਾਂਪੁਰਸ਼ਾਂ ਨੂੰ ਵੀ ਸਤਿਕਾਰ ਦਿਤਾ। ਗੁਰੂ ਅਰਜਨ ਸਾਹਿਬ ਜੀ ਨੇ ਬਾਣੀ ਦੀ ਸੰਪਾਦਨਾ ਕਰਦਿਆਂ ਭਗਤਾਂ ਤੇ ਹੋਰ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ, ਸਾਂਈ ਮੀਆਂ ਮੀਰ ਪਾਸੋਂ ਹਰਿਮੰਦਰ ਦੀ ਨੀਂਹ ਰਖਵਾਈ। ਇਥੋਂ ਤਕ ਕਿ ਗੁਰੂ ਤੇਗ ਬਹਾਦਰ ਜੀ ਨੇ ਦੂਜੇ ਧਾਰਮਿਕ ਮਤ ਲਈ ਕੁਰਬਾਨੀ ਦਿਤੀ। ਇਸ ਸ਼ਹੀਦੀ ਦਾ ਮਨੋਰਥ ਧਾਰਮਿਕ ਆਜ਼ਾਦੀ ਨੂੰ ਬੜ੍ਹਾਵਾ ਦੇਣਾ ਸੀ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਅਜੋਕੇ ਸਿੱਖ ਵੀ ਫਿਰਕਾਪ੍ਰਸਤ ਨਹੀਂ। ਉਨ੍ਹਾਂ ਗਿਲੇ-ਸ਼ਿਕਵਿਆਂ ਦੇ ਬਾਵਜੂਦ ਕਦੇ ਫਿਰਕੂ ਦੰਗੇ ਨਹੀਂ ਕੀਤੇ। ਉਹ ਦੂਜੇ ਧਰਮਾਂ ਦੇ ਲੋਕਾਂ ਨਾਲ ਘਿਓ-ਖਿਚੜੀ ਹਨ। ਸਿੱਖ ਇਤਿਹਾਸ (16ਵੀਂ ਸਦੀ ਤੋਂ 18ਵੀਂ ਸਦੀ) ਯੁਧਾਂ ਦਾ ਇਤਿਹਾਸ ਹੈ, ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦਾ ਕੋਈ ਵੀ ਯੁਧ ਕਿਸੇ ਫਿਰਕੇ ਵਿਰੁਧ ਲਾਮਬੰਦ ਨਹੀਂ ਹੋਇਆ। ਇਉਂ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਆਧੁਨਿਕ ਬੋਧ ਦਾ ਆਧਾਰ ਮੰਨਿਆ ਜਾਂਦਾ ਹੈ, ਉਨ੍ਹਾਂ ਦਾ ਵਿਕਾਸ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੀਆਂ ਮੌਲਿਕ ਕਦਰਾਂ-ਕੀਮਤਾਂ ਦਿਤੀਆਂ, ਜਿਨ੍ਹਾਂ ਦੀ ਅਜੋਕੇ ਯੁਗ ਨੂੰ ਬਹੁਤ ਲੋੜ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਆਧੁਨਿਕ ਬੋਧ ਦੇ ਪਿਤਾਮਾ ਸਨ।

#

# ਵਿਦਵਾਨ ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ?

**ਵਿਚਾਰ-ਚਰਚਾ**

***ਕੁਝ ਹਫਤੇ ਪਹਿਲਾਂ ਅਸੀਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਖੱਬੇ ਪੱਖੀ ਵਿਦਵਾਨ ਡਾ. ਪ੍ਰੇਮ ਸਿੰਘ ਦਾ ਇਕ ਲੇਖ ਛਾਪਿਆ ਸੀ ਜਿਸ ਪਿਛੋਂ ਡਾ. ਬਲਾਕਰ ਸਿੰਘ ਹੋਰਾਂ ਦਾ ਵੀ ਇਕ ਲੇਖ ਸ. ਅਜਮੇਰ ਸਿੰਘ ਦੀ ਪੁਸਤਕ 'ਵੀਹਵੀਂ ਸਦੀ ਦੀ ਰਾਜਨੀਤੀ' ਬਾਰੇ ਛਾਪਿਆ ਗਿਆ ਸੀ। ਡਾ. ਬਲਕਾਰ ਸਿੰਘ ਦੇ ਇਸ ਲੇਖ ਦੀ ਪ੍ਰਤੀਕ੍ਰਿਆ ਵਿਚ ਇਕ ਹੋਰ ਵਿਦਵਾਨ ਸ. ਰਣਜੀਤ ਸਿੰਘ ਦਾ ਇਹ ਵਿਸਤ੍ਰਿਤ ਲੇਖ ਸਾਨੂੰ ਪ੍ਰਾਪਤ ਹੋਇਆ ਹੈ । ਇਸੇ ਵਿਸ਼ੇ ਉਪਰ ਇਸੇ ਜਾਵੀਏ ਤੋਂ ਇਕ ਹੋਰ ਲੇਖ ਬੀਰ ਸਿੰਘ ਚੌਹਾਨ ਦਾ ਮਿਲਿਆ ਹੈ। ਪ੍ਰਸਿਧ ਵਿਦਵਾਨ ਡਾ. ਤੇਜਿੰਦਰ ਸਿੰਘ ਗੱਲ ਨੇ ਇਕ ਵੱਖਰੀ ਜਾਵੀਏ ਤੋਂ ਇਸ ਬਹਿਸ ਵਿਚ ਸ਼ਾਮਲ ਹੁੰਦਿਆਂ ਆਪਣਾ ਲੇਖ ਸਾਨੂੰ ਭੇਜਿਆ ਹੈ। ਇਸ ਸਾਰੇ ਲੇਖ ਅਸੀਂ ਇਥੇ ਛਾਪ ਰਹੇ ਹਾਂ। ਇਕ ਵਾਰ ਫਿਰ ਸਪਸ਼ਟ ਕਰ ਦਈਏ ਕਿ ਸਾਡਾ ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਲੇਖ ਪਾਠਕਾਂ ਨੂੰ ਵਿਚਾਰ-ਵਟਾਂਦਰੇ ਦਾ ਇਕ ਸਾਰਥਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪੇ ਜਾ ਰਹੇ ਹਨ। ਸਾਨੂੰ ਇਸ ਮਾਮਲੇ 'ਤੇ ਹੋਰ ਪ੍ਰਤੀਕ੍ਰਿਆਵਾਂ ਦੀ ਉਡੀਕ ਰਹੇਗੀ। -ਸੰਪਾਦਕ***

**ਰਣਜੀਤ ਸਿੰਘ***

'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਡਾ. ਪ੍ਰੇਮ ਸਿੰਘ ਦੀਆਂ ਟਿੱਪਣੀਆਂ ਉਪਰੰਤ ਡਾ. ਬਲਕਾਰ ਸਿੰਘ ਦੀ ਲਿਖਤ ਪੜ੍ਹ ਕੇ ਸੰਵਾਦ ਰਚਾਉਣ ਦੀ ਉਤੇਜਨਾ ਉਤੇ ਕਾਬੂ ਪਾਉਣਾ ਮੁਸ਼ਕਲ ਹੋ ਗਿਆ। ਹਾਲਾਂ ਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਜਿਹਾ ਕਰਨਾ ਮੇਰੇ ਸੁਭਾਅ ਦੇ ਅਨੁਕੂਲ ਨਹੀਂ। ਉਨ੍ਹਾਂ ਨਾਲ ਸੰਵਾਦ ਕਰਨ ਦੇ ਰਾਹ ਵਿਚ ਮੇਰੀਆਂ ਨਿਜੀ ਔਕੜਾਂ ਤੋਂ ਵੀ ਉਹ ਅਨਜਾਣ ਨਹੀਂ। ਪਰ ਨਿੱਜ ਨੂੰ ਪਾਸੇ ਛੱਡ ਕੇ ਮੈਂ ਵਿਚਾਰ ਅਧੀਨ ਮਸਲੇ ਬਾਰੇ ਉਨ੍ਹਾਂ ਦੀ ਸਿਧਾਂਤਕ ਪਹੁੰਚ ਤੇ ਸਮਝ ਉਤੇ ਟੀਕਾ-ਟਿੱਪਣੀ ਕਰਨ ਦੀ ਖੁਲ੍ਹ ਲੈ ਰਿਹਾ ਹਾਂ। ਇਹ ਗੱਲ ਮੈਂ ਪਹਿਲਾਂ ਹੀ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਅਜਮੇਰ ਸਿੰਘ ਦੇ ਸਮੁੱਚੇ ਬੌਧਿਕ ਕਾਰਜ ਵਿਚ ਮੇਰੀ ਸਰਗਰਮ ਭਾਈਵਾਲੀ ਦੇ ਤੱਥ ਤੋਂ ਉਹ ਭਲੀਭਾਂਤ ਜਾਣੂ ਹਨ, ਇਸ ਕਰਕੇ ਮੇਰੀ ਲਿਖਤ ਉਤੇ ਇਸ ਤੱਥ ਦੀ ਪਰਛਾਈਂ ਪੈਣੀ ਕੁਦਰਤੀ ਹੈ।

ਅਜਮੇਰ ਸਿੰਘ ਦੀ ਕਿਤਾਬ ਉਤੇ ਉਨ੍ਹਾਂ ਦੀ ਗੁੱਸੇ ਭਰੀ ਪੜਚੋਲ ਏਨੀ ਸ਼ੋਰੀਲੀ, ਜ਼ਹਿਰੀਲੀ ਤੇ ਰੌਲ-ਘਚੋਲੇ ਵਾਲੀ ਹੈ ਕਿ ਇਸ ਉਤੇ ਸਾਰਥਕ ਬਹਿਸ ਦਾ ਸਿਲਸਿਲਾ ਤੋਰਨਾ ਬਹੁਤ ਹੀ ਜ਼ੋਖਮ ਭਰਿਆ ਕਾਰਜ ਹੈ। ਬੇਸਿਰਪੈਰ ਦਲੀਲਾਂ ਦੀ ਉਲਝੀ ਤਾਣੀ ਵਿਚੋਂ ਕੋਈ ਸਿਰਾ ਫੜ ਸਕਣਾ ਸੁਖਾਲਾ ਨਹੀਂ ਹੈ। ਭਾਵੇਂ ਉਨ੍ਹਾਂ ਬਹਿਸ ਦੇ ਅਮਲ ਨੂੰ ਸੁਖਾਲਾ ਬਣਾਉਣ ਲਈ ਲਿਖਤ ਦੇ ਅਖੀਰ ਵਿਚ ਆਪਣੇ ਵੱਲੋਂ ਗਿਆਰਾਂ ਨੁਕਤੇ ਛਾਂਟੇ ਹਨ ਪਰ ਇਹ ਨੁਕਤੇ ਵੀ ਏਨੇ ਤੱਤ-ਵਿਹੂਣੇ ਤੇ ਗੰਧਲੇ ਹਨ ਕਿ ਇਨ੍ਹਾਂ ਨੂੰ ਸਾਰਥਕ ਬਹਿਸ ਦਾ ਆਧਾਰ ਬਣਾ ਸਕਣਾ ਉਕਾ ਹੀ ਸੰਭਵ ਨਹੀਂ ਹੈ। ਅਸਲ ਵਿਚ ਇਹ ਬਹਿਸ ਦੇ ਨੁਕਤਿਆਂ ਨਾਲੋਂ ਕਿਤਾਬ ਦੇ ਲੇਖਕ ਵਿਰੁਧ ਵਿਹੁਲੇ ਫਤਵੇ ਜ਼ਿਆਦਾ ਹਨ। ਫਿਰ ਵੀ ਸੰਜੀਦਾ ਬਹਿਸ ਤੋਰਨ ਲਈ ਸਾਰੇ ਰਾਮ-ਘਚੋਲੇ ਵਿਚੋਂ ਬੁਨਿਆਦੀ ਸਿਧਾਂਤਕ ਮੁੱਦੇ ਛਾਂਟਣੇ ਜ਼ਰੂਰੀ ਹਨ।

ਜਿਸ ਕਿਸੇ ਨੇ ਵੀ ਅਜਮੇਰ ਸਿੰਘ ਦੀਆਂ ਤਿੰਨਾਂ ਕਿਤਾਬਾਂ ਨੂੰ ਪੂਰੇ ਧਿਆਨ ਤੇ ਸ਼ਾਂਤ ਮਨ ਨਾਲ ਪੜ੍ਹਿਆ ਹੈ ਉਸ ਲਈ ਉਸ ਦੇ ਬੁਨਿਆਦੀ ਸਿਧਾਂਤਕ ਪੈਂਤੜੇ ਦੀ ਪਛਾਣ ਕਰਨੀ ਮੁਸ਼ਕਲ ਨਹੀਂ ਹੈ। 1984 ਦੇ ਘੱਲੂਘਾਰੇ ਬਾਰੇ ਲਗਭਗ ਹਰ ਸਿੱਖ ਵਿਦਵਾਨ ਨੇ ਕੁੱਝ ਨਾ ਕੁੱਝ ਜ਼ਰੂਰ ਲਿਖਿਆ ਹੈ। ਹਰ ਵਿਦਵਾਨ ਦੀ ਲਿਖਤ ਵਿਚੋਂ ਉਸ ਦਾ ਆਪਣਾ ਖਾਸ ਦ੍ਰਿਸ਼ਟੀਕੋਣ ਝਲਕਦਾ ਹੈ। ਅਜਮੇਰ ਸਿੰਘ ਨੇ ਇਸ ਵਰਤਾਰੇ ਨੂੰ ਜਿੰਨੀ ਗਹਿਰਾਈ ਵਿਚ ਜਾ ਕੇ ਸਮਝਿਆ ਹੈ ਅਤੇ ਜਿਸ ਤਰ੍ਹਾਂ ਦੇ ਸਬਕ ਗ੍ਰਹਿਣ ਕੀਤੇ ਹਨ, ਉਸ ਵਿਚ ਬਹੁਤ ਕੁੱਝ ਵਿਲੱਖਣ ਹੈ। 1984 ਵਰਗੇ ਕਿਸੇ ਵੀ ਵੱਡੇ ਦਰਦਨਾਕ ਕਾਂਡ ਨੂੰ ਧੁਰ ਗਹਿਰਾਈ ਵਿਚ ਜਾ ਕੇ ਸਮਝਣ ਲਈ ਤਿੰਨ ਪੱਖਾਂ ਉਤੇ ਫੋਕਸ ਕਰਨਾ ਜ਼ਰੂਰੀ ਹੈ। ਇਕ ਤਾਂ ਇਹ ਕਿ "ਕੀ ਕੁੱਝ" ਵਾਪਰਿਆ, ਦੂਜਾ ਇਹ ਕਿ ਸਾਰਾ ਕੁੱਝ "ਕਿਸ ਢੰਗ ਨਾਲ" ਹੋਇਆ, ਅਤੇ ਤੀਜਾ ਕਿ ਸਾਰਾ ਕੁੱਝ "ਕਿਉਂ" ਹੋਇਆ। ਪਹਿਲੇ ਦੋਨੋਂ ਪੱਖਾਂ ਦਾ ਜੁਆਬ ਲੱਭਣਾ ਬਹੁਤਾ ਔਖਾ ਨਹੀਂ। ਵਰਤਾਰੇ ਨਾਲ ਸਬੰਧਤ ਅਲੱਗ ਅਲੱਗ ਸਰਕਾਰੀ ਤੇ ਗੈਰ-ਸਰਕਾਰੀ ਰਿਪੋਰਟਾਂ, ਦਸਤਾਵੇਜ਼ਾਂ ਤੇ ਦੁਸ਼ਮਣ ਦੇ ਬਾਹਰਮੁਖੀ ਅਮਲਾਂ ਨੂੰ ਅਧਾਰ ਬਣਾ ਕੇ ਦੋਨੋਂ ਪੱਖਾਂ ਬਾਰੇ ਭਰਵੀਂ ਤੇ ਨਿਸ਼ਚਤ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਪਰ ਤੀਜੇ ਪੱਖ ਬਾਰੇ ਕਿਸੇ ਤਸੱਲੀਬਖ਼ਸ਼ ਨਤੀਜੇ ਉਤੇ ਪਹੁੰਚਣਾ ਸਭ ਨਾਲੋਂ ਮੁਸ਼ਕਲ ਹੈ। ਇਸ ਬਾਰੇ ਅਕਸਰ ਹੀ ਵਿਦਵਾਨਾਂ ਵਿਚ ਸਮਝ ਦੇ ਵਖਰੇਵੇਂ ਪ੍ਰਗਟ ਹੁੰਦੇ ਹਨ। ਇਸ ਮਾਮਲੇ ਵਿਚ ਵਿਦਵਾਨਾਂ ਦੀ ਸੋਚ ਉਤੇ ਉਨ੍ਹਾਂ ਦਾ ਰੁਤਬਾ, ਸੰਗਤ, ਮੁਲਾਹਜ਼ੇ, ਵਿਚਾਰਧਾਰਾ, ਨੈਤਿਕ ਕਿਰਦਾਰ, ਆਲਾ-ਦੁਆਲਾ ਆਦਿ ਕਈ ਗੱਲਾਂ ਅਸਰ ਪਾਉਂਦੀਆਂ ਹਨ। ਇਹ ਮਸਲਾ ਸਭ ਤੋਂ ਤਿੱਖੇ ਤੇ ਗਾੜ੍ਹੇ ਰੂਪ ਵਿਚ ਯੂਰਪ ਅੰਦਰ ਨਾਜ਼ੀਵਾਦ ਅਧੀਨ ਯਹੂਦੀਆਂ ਉਤੇ ਹੋਏ ਅਤਿ ਦਰਜੇ ਦੇ ਭਿਆਨਕ ਜ਼ੁਲਮਾਂ ਦੇ ਵਰਤਾਰੇ ਦੇ ਮਾਮਲੇ ਵਿਚ ਸਾਹਮਣੇ ਆਇਆ। ਸ਼ੁਰੂ ਵਿਚ ਯਹੂਦੀ ਵਿਦਵਾਨਾਂ ਨੇ ਇਸ ਵਰਤਾਰੇ ਦੀ ਅਲੱਗ ਅਲੱਗ ਢੰਗਾਂ ਨਾਲ ਵਿਆਖਿਆ ਕੀਤੀ। ਕਿਸੇ ਨੇ ਇਸ ਨੂੰ ਨਾਜ਼ੀਵਾਦੀਆਂ ਦਾ ਵਕਤੀ ਝੱਲ ਕਿਹਾ। ਕਿਸੇ ਨੇ ਸਿਰਫ ਹਿਟਲਰ ਨੂੰ ਦੋਸ਼ੀ ਠਹਿਰਾਇਆ। ਕਿਸੇ ਨੇ ਇਸ ਵਿਚ ਨਾਜ਼ੀਵਾਦੀਆਂ ਦੇ ਨਾਲ ਹੀ ਆਪਣੇ ਭਾਈਚਾਰੇ ਦਾ ਵੀ ਦੋਸ਼ ਕੱਢਿਆ। ਇਹ ਕਿਹਾ ਗਿਆ ਕਿ ਯਹੂਦੀ ਭਾਈਚਾਰੇ ਦੀ ਵੱਖਰੀ ਪਛਾਣ ਉਤੇ ਲੋੜੋਂ ਵੱਧ ਜ਼ੋਰ ਦੇਣਾ ਠੀਕ ਨਹੀਂ ਸੀ ਅਤੇ ਯਹੂਦੀਆਂ ਨੂੰ ਆਪਣੇ ਆਪ ਨੂੰ ਜਰਮਨ ਕੌਮ ਦਾ ਅਟੁੱਟ ਅੰਗ ਸਮਝਣ ਅਤੇ ਇਸ ਅਧਾਰ 'ਤੇ ਜਰਮਨ ਲੋਕਾਂ ਨਾਲ ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਪੂਰਨ ਰੂਪ ਵਿਚ ਇਕ-ਮਿਕ ਹੋ ਜਾਣ ਦੀ ਸੇਧ ਅਪਣਾ ਕੇ ਚੱਲਣਾ ਚਾਹੀਦਾ ਸੀ। ਯਹੂਦੀ ਵਿਦਵਾਨਾਂ ਵਿਚ ਇਸ ਮਸਲੇ 'ਤੇ ਬੜੀ ਜਬਰਦਸਤ ਬਹਿਸ ਚੱਲੀ। ਇਸ ਬਹਿਸ ਵਿਚ ਕਈ ਤਰ੍ਹਾਂ ਦੇ ਸਿਧਾਂਤਕ ਰੁਝਾਨ ਪ੍ਰਗਟ ਹੋਏ। ਪਰ ਯਹੂਦੀ ਬੌਧਿਕ ਪ੍ਰੰਪਰਾ ਬਹੁਤ ਹੀ ਬਲਵਾਨ ਤੇ ਜਰਖੇਜ਼ ਸਾਬਤ ਹੋਈ। ਯਹੂਦੀ ਵਿਦਵਾਨਾਂ ਨੇ ਇਸ ਵਰਤਾਰੇ ਦੇ ਹਰ ਪਹਿਲੂ ਨੂੰ ਡੂੰਘਾਈ ਵਿਚ ਜਾ ਕੇ ਪੜਤਾਲਣ ਤੇ ਵਿਚਾਰਨ ਦਾ ਅਮਲ ਲਗਾਤਾਰ ਜਾਰੀ ਰੱਖਿਆ ਅਤੇ ਜਦੋਂ ਤਕ ਉਨ੍ਹਾਂ ਨੂੰ ਸਾਰੇ ਸੁਆਲਾਂ ਦੇ ਤਸੱਲੀਬਖ਼ਸ਼ ਜੁਆਬ ਨਹੀਂ ਮਿਲ ਗਏ, ਉਦੋਂ ਤਕ ਉਨ੍ਹਾਂ ਨੂੰ ਚੈਨ ਨਹੀਂ ਸੀ ਆਇਆ। ਉਨ੍ਹਾਂ ਨੇ ਖਾਸ ਤੌਰ 'ਤੇ ਸਮੁੱਚੇ ਜ਼ੁਲਮੋ-ਤਸ਼ੱਦਦ ਦੇ ਪਿੱਛੇ ਕੰਮ ਕਰਦੇ ਮਨੋਰਥਾਂ ਦੀ ਪਛਾਣ ਕਰਨ ਉਤੇ ਆਪਣਾ ਪੂਰਾ ਬੌਧਿਕ ਤਾਣ ਲਾ ਦਿਤਾ ਸੀ। ਉਨ੍ਹਾਂ ਨੇ ਜ਼ੁਲਮ ਦੇ ਸਾਰੇ ਵਰਤਾਰੇ ਨੂੰ ਏਡਾ ਭਿਆਨਕ ਆਕਾਰ ਤੇ ਪਸਾਰ ਮੁਹੱਈਆ ਕਰਨ ਵਾਲੀਆਂ ਮਨੋਵਿਗਿਆਨਕ ਤੇ ਇਤਿਹਾਸਕ ਪ੍ਰੇਰਨਾਵਾਂ ਨੂੰ ਸਮਝਣ ਲਈ ਆਪਣੀ ਪੂਰੀ ਵਾਹ ਲਾ ਦਿਤੀ ਸੀ ਅਤੇ ਉਨ੍ਹਾਂ ਪ੍ਰਸਥਿਤੀਆਂ, ਜਿਨ੍ਹਾਂ ਵਿਚ ਉਨ੍ਹਾਂ ਉਤੇ ਏਨਾ ਭਿਆਨਕ ਕਹਿਰ ਨਾਜ਼ਲ ਹੋਇਆ ਸੀ, ਦਾ ਹਰ ਪੱਖ ਤੇ ਹਰ ਪਰਤ ਫਰੋਲ ਮਾਰੀ ਸੀ। ਉਨ੍ਹਾਂ ਨੇ ਨਾਜ਼ੀਵਾਦ ਦੇ ਸਮੁੱਚੇ ਵਰਤਾਰੇ ਨੂੰ ਵੀ ਸਮਝਿਆ ਅਤੇ ਨਾਲ ਹੀ ਆਪਣੀਆਂ ਤਰੁੱਟੀਆਂ ਦੀ ਨਿਸ਼ਾਨਦੇਹੀ ਵੀ ਕੀਤੀ। ਇਸ ਬੌਧਿਕ ਅਭਿਆਸ ਦੌਰਾਨ ਉਨ੍ਹਾਂ ਨੇ ਇਹ ਅਹਿਮ ਨਿਚੋੜ ਕੱਢਿਆ ਕਿ ਜਦ ਕਿਸੇ ਕੌਮ ਜਾਂ ਭਾਈਚਾਰੇ ਨਾਲ ਵੱਡਾ ਦੁਖਦਾਈ ਹਾਦਸਾ ਵਾਪਰ ਜਾਂਦਾ ਹੈ, ਜਿਸ ਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ ਚਹੋਸਣਨ ਟਰਅੁਮਅ ਕਿਹਾ ਜਾਂਦਾ ਹੈ, ਤਾਂ ਉਹ ਉਸ ਭਾਈਚਾਰੇ ਨੂੰ ਬਹੁਤ ਕੁੱਝ ਨਵਾਂ ਸਿੱਖਣ ਤੇ ਪਹਿਲਾ ਸਿਖਿਆ ਹੋਇਆ ਬਹੁਤ ਕੁੱਝ ਭੁੱਲ ਜਾਣ ਲਈ ਉਤੇਜਿਤ ਕਰਦਾ ਹੈ। ਇਹ ਕਰਮ ਭਾਈਚਾਰੇ ਨੂੰ ਨਵੀਂ ਦ੍ਰਿਸ਼ਟੀ ਤੇ ਨਵੀਂ ਰੋਸ਼ਨੀ ਪ੍ਰਦਾਨ ਕਰਦਾ ਹੈ, ਜਿਸ ਨਾਲ ਉਸ ਨੂੰ ਵਿਰੋਧੀ ਧਿਰ ਦੇ ਨਾਲ ਹੀ ਖੁਦ ਆਪਣਾ ਅਕਸ ਵੀ ਵੱਧ ਸਪਸ਼ਟ ਤੇ ਨਿਖਰਵਾਂ ਦਿਖਾਈ ਦੇਣ ਲਗਦਾ ਹੈ। ਉਸ ਨੂੰ ਵਿਰੋਧੀ ਧਿਰ ਬਾਰੇ, ਅਤੇ ਨਾਲ ਹੀ ਆਪਣੇ ਬਾਰੇ ਵੀ, ਪਹਿਲਾਂ ਬਣੀਆਂ ਬਹੁਤ ਸਾਰੀਆਂ ਧਾਰਨਾਵਾਂ ਸੋਧਣੀਆਂ ਪੈ ਜਾਂਦੀਆਂ ਹਨ ਅਤੇ ਉਸ ਦੇ ਸਾਹਮਣੇ ਵਿਰੋਧੀ ਪੱਖ ਨਾਲ ਆਪਣੇ ਰਿਸ਼ਤੇ ਨੂੰ ਨਵੇਂ ਸਿਰਿਓਂ ਸਮਝਣ ਤੇ ਪ੍ਰੀਭਾਸ਼ਤ ਕਰਨ ਦੀ ਅਤਿ ਜ਼ਰੂਰੀ ਲੋੜ ਖੜ੍ਹੀ ਹੋ ਜਾਂਦੀ ਹੈ। ਇਸ ਤਰ੍ਹਾਂ ਨਵੀਆਂ ਘਟਨਾਵਾਂ ਦੀ ਰੋਸ਼ਨੀ ਵਿਚ ਗਿਆਨ ਦੇ ਬਹੁਤ ਸਾਰੇ ਪੁਰਾਣੇ ਸ਼ਾਸਤਰ ਖੁੰਢੇ ਤੇ ਅਰਥਹੀਣ ਹੋ ਕੇ ਰਹਿ ਜਾਂਦੇ ਹਨ। ਇਸ ਨਾਲ ਸੁਭਾਵਿਕ ਰੂਪ ਵਿਚ ਭਾਈਚਾਰੇ ਅੰਦਰ ਪਹਿਲਾਂ ਤੋਂ ਮੌਜੂਦ ਆਮ ਸਹਿਮਤੀ ਇਕ ਵਾਰ ਤਾਂ ਪੂਰੀ ਤਰ੍ਹਾਂ ਬਿਖਰ ਜਾਂਦੀ ਹੈ। ਵਿਚਾਰਾਂ ਦੇ ਇਸ ਭੇੜ ਦੌਰਾਨ ਹੀ ਭਾਈਚਾਰੇ ਦੀ ਚੇਤਨਾ ਵਿਚ ਨਵਾਂ ਨਿਖਾਰ ਆਉਂਦਾ ਹੈ ਅਤੇ ਉਸ ਅੰਦਰ ਇਕ ਵਾਰ ਬਿਖਰ ਚੁੱਕੀ ਆਮ ਸਹਿਮਤੀ ਦੇ ਨਵੇਂ ਅਧਾਰ 'ਤੇ ਮੁੜ ਉਸਰਨ ਦਾ ਨਰੋਆ ਅਮਲ ਸ਼ੁਰੂ ਹੁੰਦਾ ਹੈ।

1984 ਤੋਂ ਬਾਅਦ ਸਿੱਖ ਭਾਈਚਾਰੇ ਅੰਦਰ ਸ਼ੁਰੂ ਹੋਇਆ ਇਹ ਕਰਮ ਨਿਰੰਤਰ ਜਾਰੀ ਹੈ। ਇਥੇ ਵੀ ਸਿੱਖ ਵਿਦਵਾਨਾਂ ਵੱਲੋਂ 1984 ਦੇ ਵਰਤਾਰੇ ਦੀ ਵਿਆਖਿਆ ਵਿਚ ਬਹੁਤ ਕੁੱਝ ਲਿਖਿਆ ਤੇ ਕਿਹਾ ਗਿਆ ਹੈ। ਪਰ ਕੁੱਝ ਨਵਾਂ ਸੋਚਣ ਤੇ ਕਹਿਣ ਦੇ ਯਤਨ ਘੱਟ ਹੋਏ ਹਨ ਅਤੇ ਪੁਰਾਣੇ ਦੀ ਰੱਟ ਲਾਉਣ ਦੀ ਕਸਰਤ ਬਥੇਰੀ ਹੋਈ ਹੈ। ਜਿਆਦਾਤਰ ਸਿੱਖ ਵਿਦਵਾਨਾਂ ਨੇ ਸਾਰੇ ਘਟਨਾ-ਕਰਮ ਲਈ ਭਾਰਤ ਦੇ ਹਾਕਮਾਂ ਨੂੰ ਦੋਸ਼ੀ ਤਾਂ ਜ਼ਰੂਰ ਠਹਿਰਾਇਆ ਹੈ ਪਰ ਉਹ ਇਸ ਗੱਲ ਦੀ ਕੋਈ ਤਸੱਲੀਬਖ਼ਸ਼ ਵਿਆਖਿਆ ਨਹੀਂ ਦੇ ਸਕੇ ਕਿ ਭਾਰਤੀ ਹਾਕਮਾਂ ਨੇ ਇਹ ਕਹਿਰ "ਕਿਉਂ" ਵਰਤਾਇਆ? ਉਨ੍ਹਾਂ ਨੂੰ ਇਹ ਅਪਰਾਧ ਕਰਨ ਲਈ ਉਕਸਾਉਣ ਵਾਲੇ ਮਨੋਵਿਗਿਆਨਕ ਤੇ ਇਤਿਹਾਸਕ ਪ੍ਰੇਰਕ-ਅੰਸ਼ ਕਿਹੜੇ ਸਨ? ਇਸ ਤਰ੍ਹਾਂ ਹੀ ਜਿਹੜੇ ਸਿੱਖ ਵਿਦਵਾਨਾਂ ਨੇ ਭਾਰਤੀ ਹਾਕਮਾਂ ਦੇ ਨਾਲ ਹੀ ਅਕਾਲੀ ਆਗੂਆਂ ਨੂੰ ਵੀ 'ਅਯੋਗ' ਜਾਂ 'ਬੁਜ਼ਦਿਲ' ਕਹਿ ਕੇ ਬਰਾਬਰ ਦੇ ਕਸੂਰਵਾਰ ਕਰਾਰ ਦਿਤਾ ਹੈ, ਉਨ੍ਹਾਂ ਕੋਲ ਅਕਾਲੀ ਆਗੂਆਂ ਦੀ ਇਸ ਕਥਿਤ 'ਅਯੋਗਤਾ' ਤੇ 'ਬੁਜ਼ਦਿਲੀ' ਦੀ ਕੋਈ ਵੀ ਜਚਣਹਾਰ ਸਿਧਾਂਤਕ ਵਿਆਖਿਆ ਨਹੀਂ। ਕੁੱਝ ਪਤਵੰਤੇ ਸਿੱਖ ਵਿਦਵਾਨਾਂ ਨੇ ਇਸ ਦੁਖਦਾਈ ਕਾਂਡ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਸ ਵੱਲੋਂ ਅਪਣਾਏ 'ਖਾੜਕੂ

*(ਅਗਲੇ ਸਫੇ 'ਤੇ ਜਾਰੀ)*

# 20ਵੀਂ ਸਦੀ ਦੀ ਸਿੱਖ ਰਾਜਨੀਤੀ-ਇਕਪਾਸੜ ਬਿਰਤਾਂਤਕਾਰੀ ਦਾ ਨਮੂਨਾ

**ਤੇਜਵੰਤ ਸਿੰਘ ਗਿੱਲ**

ਸਿੱਖ ਪੰਥ ਦੇ ਭਾਗ ਅਤੇ ਦੁਰਭਾਗ ਦਾ ਇਹ ਪੁਸਤਕ ਰੋਹ ਭਰਿਆ ਬਿਰਤਾਂਤ ਹੈ। ਜਿਵੇਂ ਅਰੰਭ ਵਿਚ ਹੀ ਲੇਖਕ ਨੇ ਆਪ ਮੰਨਿਆ ਹੈ ਉਸ ਦੇ ਜੀਵਨ ਦਾ ਵੱਡਾ ਹਿੱਸਾ ਅਮਲੀ ਲਹਿਰਾਂ ਵਿਚ ਵਿਚਰਦਿਆਂ ਗੁਜ਼ਰਿਆ ਹੈ। ਸੂਝ ਅਤੇ ਸੋਝੀ ਨਾਲ ਸਬੰਧਤ ਸ਼ਬਦਾਵਲੀ ਨੂੰ ਜਿਵੇਂ ਸਿੱਖ ਪੰਥ ਦੀ ਅਟੱਲ ਹੋਣੀ ਨੂੰ ਉਜਾਗਰ ਕਰਨ ਲਈ ਵਰਤਿਆ ਗਿਆ ਹੈ। ਉਸ ਤੋਂ ਅਨੁਮਾਨ ਲੱਗ ਜਾਂਦਾ ਹੈ ਕਿ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰੇਰਿਤ ਖਾੜਕੂ ਲਹਿਰਾਂ ਹੀ ਹੋਣਗੀਆਂ ਜਿਨ੍ਹਾਂ ਦੇ ਲੇਖੇ ਲੇਖਕ ਨੇ ਆਪਣੀ ਜਵਾਨੀ ਅਤੇ ਮੰਝਲੀ ਆਯੂ ਨੂੰ ਲਾਈ ਰੱਖਿਆ। ਵਡੇਰੀ ਉਮਰ ਵਿਚ ਆ ਕੇ ਉਹ ਸਿੱਖ ਪੰਥ ਵੱਲ ਮੁੜਿਆ ਹੈ ਪਰ ਇੱਥੇ ਵੀ ਉਸ ਦਾ ਨਾਤਾ ਇਸ ਦੇ ਖਾੜਕੂ ਭਾਗ ਨਾਲ ਹੀ ਜੁੜਿਆ ਹੈ। ਵਾਸਤਵ ਵਿਚ ਇਸ ਦੇ ਸਥਲ ਤੋਂ ਪੁਸਤਕ ਵਿਚਲਾ ਬਿਰਤਾਂਤ ਉਸਰਿਆ ਹੈ, ਰੋਹ, ਹਠ, ਵੇਗ ਅਤੇ ਰੋਸ ਨਾਲ ਓਤਪੋਤ ਹੋ ਜਾਣਾ ਜਿਸ ਦਾ ਸੁਭਾਵਕ ਹੀ ਨਹੀਂ ਸਗੋਂ ਅਨਿਵਾਰੀ ਵੀ ਪ੍ਰਤੀਤ ਹੁੰਦਾ ਹੈ।

ਸਿੱਖ ਵਿਰਸੇ ਦਾ ਗੌਰਵ ਦਰਸਾਉਂਦਿਆਂ ਲੇਖਕ ਨੇ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਹੈ ਕਿ ਇਸ ਦਾ ਸਾਰ ਬੰਦੇ ਦੀ ਜਾਤ ਨਾਲੋਂ ਉਸ ਦੇ ਅਮਲ ਨੂੰ ਉਚਾ ਮੰਨਣਾ ਸੀ। ਇਸ ਦਾ ਕਾਰਨ ਉਸ ਅਨੁਸਾਰ ਸਭਨਾਂ ਗੁਰੂ ਸਾਹਿਬਾਨ ਵਿਚ ਇਕੋ ਆਤਮਿਕ ਜੋਤ ਦਾ ਹੋਣਾ ਸੀ। ਗੁਰੂ ਗੋਬਿੰਦ ਸਿੰਘ ਦੇ ਜੋਤੀਜੋਤ ਸਮਾਉਣ ਤੋਂ ਅੱਧੀ ਸਦੀ ਤੱਕ ਵੀ ਇਸ ਦਾ ਪ੍ਰਭਾਵ ਕਾਇਮ ਰਿਹਾ ਲੇਖਕ ਅਨੁਸਾਰ ਇਸ ਉਪਰੰਤ ਸਿੱਖ ਵਿਰਸੇ ਦੇ ਗੌਰਵ ਦਾ ਪਤਨ ਅਰੰਭ ਹੋ ਜਾਂਦਾ ਹੈ। ਮੁੱਖ ਤੌਰ 'ਤੇ ਇਸ ਦਾ ਦੋਸ਼ ਬਾਬਾ ਆਲਾ ਸਿੰਘ ਜੀ 'ਤੇ ਆਉਂਦਾ ਹੈ ਜਿਸ ਨੇ ਸਿੱਖ ਸੰਘਰਸ਼ ਅੰਦਰ ਵੱਡੀ ਸਿਧਾਂਤਕ ਬੱਜ ਪਾ ਦਿੱਤੀ। ਦੱਬਵੀਂ ਸੁਰ ਵਿਚ ਲੇਖਕ ਦਾ ਮੰਤਵ ਖਾਲਸਾ ਪੰਥ ਨੂੰ ਵੀ ਦੋਸ਼ ਦੇਣਾ ਹੈ ਜਿਸ ਨੇ ਉਸ ਨੂੰ ਕਬੂਲ ਕਰਕੇ ਸਹਿਣ ਕਰਨ ਤੋਂ ਅਗਾਂਹ ਪਸੰਦ ਕਰਨ ਦਾ ਦਸਤੂਰ ਚਲਾ ਦਿੱਤਾ।

ਖਾਲਸਾ ਪੰਥ ਨੇ ਕਿਸ ਘੁੰਡੀ ਦੇ ਸਨਮੁੱਖ ਅਜਿਹਾ ਕੀਤਾ ਹੋਵੇਗਾ ਇਸ ਨੂੰ ਸੁਲਝਾਉਣ ਦਾ ਲੇਖਕ ਕੋਈ ਯਤਨ ਨਹੀਂ ਕਰਦਾ। ਦਰਅਸਲ ਹਰ ਪ੍ਰਕਾਰ ਦੀ ਘੁੰਡੀ ਨੂੰ ਉਹ ਭੰਬਲਭੂਸਾ ਹੀ ਖਿਆਲ ਕਰਦਾ ਹੈ ਜਿਸ ਤੋਂ ਬਚੇ ਰਹਿਣਾ ਜ਼ਰੂਰੀ ਹੈ। ਵਾਸਤਵ ਵਿਚ ਘੁੰਡੀ ਨਾਂਹ-ਪੱਖੀ ਵੀ ਹੁੰਦੀ ਹੈ ਅਤੇ ਹਾਂ-ਪੱਖੀ ਵੀ। ਬਾਬਾ ਆਲਾ ਸਿੰਘ ਬਾਰੇ ਜੇ ਜਗੀਰਦਾਰੀ ਨੂੰ ਹੁਲਾਰਾ ਦੇਣ ਕਾਰਨ ਪਹਿਲਾਂ ਪੱਖ ਰੜਕਦਾ ਹੈ ਤਾਂ ਵੱਡੇ ਘਲੂਘਾਰੇ ਦੇ ਸਿਤਮ ਕਾਰਨ ਬੇਸਹਾਰਾ ਹੋਏ ਹਜ਼ਾਰਾਂ ਪਰਿਵਾਰਾਂ ਨੂੰ ਸਹਾਰਾ ਦੇਣ ਦਾ ਸਿਹਰਾ ਦੂਜੇ ਪੱਖ ਨੂੰ ਵੀ ਜਾਂਦਾ ਹੈ। ਕਿਸੇ ਭਾਵ ਨੂੰ ਅਮੂਰਤ ਰੂਪ ਵਿਚ ਅੱਗੇ ਖੜ੍ਹਾ ਕੇ ਇਸ ਵਰਤਾਰੇ ਦਾ ਤਸੱਵਰ ਨਹੀਂ ਹੋ ਸਕਦਾ। ਇਕਪਾਸੜ ਦਸਤਾਵੇਜਾਂ ਵੱਲ ਧਿਆਨ ਦੇਣ ਨਾਲ ਵੀ ਗੱਲ ਨਹੀਂ ਬਣ ਸਕਦੀ। ਇਸ ਖਾਤਰ ਰਚਨਾਤਮਕ ਸਾਹਿਤ ਨੂੰ ਘੋਖਣ ਦੀ ਲੋੜ ਹੁੰਦੀ ਹੈ। ਜੋ ਸੰਕਟ ਸਮੇਂ ਦਰਪੇਸ਼ ਘੁੰਡੀ ਨੂੰ ਤਰਕ ਨਾਲ ਹੀ ਨਹੀਂ ਸਗੋਂ ਯਾਦ ਅਤੇ ਤਸੱਵਰ ਸੰਗ ਖੋਲ੍ਹਣ ਦਾ ਯਤਨ ਕਰ ਰਿਹਾ ਹੋਵੇ।

ਰਚਨਾਤਮਕ ਸਾਹਿਤ ਵੱਲ ਤਾਂ ਜਿਵੇਂ ਲੇਖਕ ਨੇ ਪਾਸਾ ਹੀ ਵੱਟਿਆ ਹੁੰਦਾ ਹੈ। ਅਠਾਰ੍ਹਵੀਂ ਸਦੀ ਦਾ ਇਕਹਿਰਾ ਬਣਾ ਦੇਣ ਦਾ ਕਾਰਨ ਵੀ ਇਹੋ ਹੈ। ਇਸ ਸਦੀ ਦਾ ਕਿੱਸਾ ਅਤੇ ਸੂਫੀ ਸਾਹਿਤ ਇਸ ਤੱਥ ਦਾ ਗਵਾਹ ਹੈ ਕਿ ਪੰਜਾਬ ਦੀ ਵਧੇਰੇ ਮੁਸਲਮਾਨੀ ਵਸੋਂ ਜੋ ਅਟਕ ਪਾਰ ਤੋਂ ਹੁੰਦੇ ਹਮਲਿਆਂ ਕਾਰਨ ਦੁਖੀ ਸੀ ਤਾਂ ਦਿੱਲੀ ਦੇ ਰਾਜਪਾਟ ਨਾਲ ਵੀ ਉਸ ਦਾ ਲਗਾਓ ਘਟ ਗਿਆ ਸੀ। ਸੁਚੇਤ ਨਹੀਂ ਤਾਂ ਅਚੇਤ ਰੂਪ ਵਿਚ ਉਸ ਦਾ ਲਗਾਓ ਸਿੱਖ ਸੰਘਰਸ਼ ਵੱਲ ਮੁੜਨ ਲੱਗ ਪਿਆ ਸੀ। ਇਸ ਨਾਲ ਉਹ ਪੰਜਾਬ ਦੇ ਭਵਿੱਖ ਵਿਚ ਜਿਸ ਦਾ ਸਿਹਰਾ ਸਿੱਖ ਪੰਥ ਦੇ ਹਿੱਸੇ ਆ ਗਿਆ ਪਰ ਕੌਣ ਕਹਿ ਸਕਦਾ ਹੈ ਕਿ ਜਿਸ ਵੇਦਨਾ ਸੰਵੇਦਨਾ ਸਹਿਤ ਹੈਦਰ, ਬੁੱਲ੍ਹੇ ਸ਼ਾਹ, ਨਜਾਬਤ ਅਤੇ ਵਾਰਿਸ ਸ਼ਾਹ ਨੇ ਪੰਜਾਬ ਦਾ ਦੁੱਖ ਦਰਦ ਪੇਸ਼ ਕੀਤਾ ਉਸ ਨੇ ਸਿੱਖ ਮਨ ਨੂੰ ਵੀ ਨਹੀਂ ਹਲੂਣਿਆ ਹੋਵੇਗਾ?

ਇਸ ਤੋਂ ਅਗਲੀ ਗੱਲ ਭਲੀਭਾਂਤ ਹੀ ਸਿੱਧ ਹੋ ਜਾਂਦੀ ਹੈ। ਕੋਈ ਚਿੰਤਨ ਵਰਤਾਰਾ ਆਪਣਾ ਮੁੱਢਲਾ ਸਰੋਤ ਜਿਉਂ ਦਾ ਤਿਉਂ ਸੁਰੱਖਿਅਤ ਰੱਖ ਕੇ ਵਿਗਸ ਨਹੀਂ ਸਕਦਾ। ਆਤਮ ਸੁਰੱਖਿਆ ਨੂੰ ਇਸ ਨੌਬਤ ਤੱਕ ਲੈ ਜਾਣਾ ਤਾਂ ਜੜ੍ਹ ਵਸਤੂਕਰਨ ਨੂੰ ਸੱਦਾ ਦੇਣ ਦੇ ਸਮਾਨ ਹੁੰਦਾ ਹੈ। ਅਜਿਹੇ ਜੜ੍ਹ-ਵਸਤੂਕਰਨ ਤੋਂ ਬਚਣ ਲਈ ਉਦਾਲੇ ਦੇ ਹੀ ਨਹੀਂ ਸਗੋਂ ਉਪਰਲੇ ਚਿੰਤਨ ਅਤੇ ਵਰਤਾਰੇ ਨਾਲ ਅੰਤਰ-ਕਿਰਿਆ ਵਿਚ ਪੈਣਾ ਜ਼ਰੂਰੀ ਬਣ ਜਾਂਦਾ ਹੈ। ਇਸ ਅੰਤਰ-ਕਿਰਿਆ ਦੀ ਬਦੌਲਤ ਹੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਵਡੇਰੇ ਭਾਗ 'ਤੇ ਪਹਿਲਾ ਸੁਤੰਤਰ ਸਿੱਖ ਰਾਜ ਸਥਾਪਤ ਕਰਨ ਵਿਚ ਸਫਲ ਹੋ ਸਕਿਆ। ਲੇਖਕ ਇਸ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਦੀ ਅਲੋਕਾਰੀ ਰਾਜਸੀ ਅੰਤਰਦ੍ਰਿਸ਼ਟੀ ਅਤੇ ਅਸਾਧਾਰਨ ਸੈਨਿਕ ਕਾਬਲੀਅਤ ਨੂੰ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਗੁਣਾਂ ਸਦਕਾ ਸਭਿਆਚਾਰਕ ਪੱਧਰ 'ਤੇ ਮੁਸਲਮਾਨੀ ਅਤੇ ਹਿੰਦੂ ਵਸੋਂ ਦੇ ਪ੍ਰਧਾਨ ਹੋਣ ਦੇ ਬਾਵਜੂਦ ਉਹ ਉਨ੍ਹਾਂ ਤੇ ਸਿੱਖਾਂ ਦੀ ਰਾਜਸੀ ਪ੍ਰਭੂਸੱਤਾ ਬਣਾ ਸਕਿਆ। ਪਰ ਇਸ ਨੂੰ ਲੇਖਕ ਨਘੋਚਵੀਂ ਅਤੇ ਸੰਕੋਚਵੀਂ ਨਜ਼ਰ ਨਾਲ ਦੇਖਦਾ ਹੈ।

ਇੱਕਾ-ਦੁੱਕਾ ਇਤਿਹਾਸਕ ਦਸਤਾਵੇਜ਼ਾਂ ਤੋਂ ਲੇਖਕ ਨੇ ਜੋ ਧਾਰਨਾ ਬਣਾਈ ਹੈ, ਉਸ ਦਾ ਰਚਨਾਤਮਕ ਸਾਹਿਤ ਨਾਲ ਫੇਰ ਵਿਰੋਧ ਆ ਬਣਦਾ ਹੈ। ਹਾਸ਼ਮ, ਅਹਿਮਦ ਯਾਰ ਅਤੇ ਕਾਦਰਯਾਰ ਦੇ ਕਿੱਸਿਆਂ 'ਤੇ ਜੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਰਾਜਪਾਟ ਜੋ ਰੂੜ੍ਹੀ ਬਣਾ ਰਿਹਾ ਸੀ, ਉਸ ਦਾ ਤਾਣਾ ਹਿੰਦੂ, ਪੇਟਾ ਮੁਸਲਮਾਨੀ ਸੀ ਪਰ ਉਸ ਤੋਂ ਅਨੁਭਵ ਹੋਣ ਵਾਲੀ ਤਰੰਗ ਸਿੱਖੀ ਦੀ ਸੀ। ਸਿੱਖ ਰਾਜ ਦੇ ਪਚਾਸ ਬਰਸਾਂ ਕਾਇਮ ਰਹਿਣ ਦਾ ਇਹ ਇਕਰਾਰ ਸੀ। ਇਹ ਅੱਖੋਂ-ਪਰੋਖੇ ਕਰਨ ਵਾਲੀ ਗੱਲ ਨਹੀਂ ਕਿ ਦੇਸ਼ ਭਗਤੀ ਦੀ ਭਾਵਨਾ ਨਾਲ ਓਤਪੋਤ ਪੰਜਾਬੀ ਦੀ ਪਹਿਲੀ ਅਜਿਹੀ ਕਵਿਤਾ ਦਾ ਲੇਖਕ ਮੁਸਲਮਾਨ ਕਵੀ ਕਾਦਰਯਾਰ ਸੀ। ਇਸੇ ਤਰ੍ਹਾਂ ਹੁਣ ਤੱਕ ਦਾ ਹੋ ਚੁੱਕਾ ਪੰਜਾਬ ਦਾ ਕੌਮੀ ਸ਼ਾਇਰ ਸ਼ਾਹ ਮੁਹੰਮਦ ਵੀ ਮੁਸਲਮਾਨ ਸੀ, 'ਜੰਗਨਾਮਾ ਸਿੰਘਾਂ ਅਤੇ ਫਰੰਗੀਆਂ' ਵਿਚ ਜੋ ਬਸਤੀਵਾਦ ਦੇ ਕਬਜ਼ੇ ਅਧੀਨ ਆਏ ਪੰਜਾਬ ਦੀ ਤੁਲਨਾ ਗੁਰਦ-ਗੁਬਾਰ ਵਿਚ ਖੋ ਰਹੀ ਰਹੀ ਕਟੀ ਪਤੰਗ ਨਾਲ ਕਰਦਾ ਹੈ। ਉਸ ਇਤਿਹਾਸਕ ਮੋੜ ਤੇ ਇਹ ਕਹਿਣਾ ਕਿੰਨਾ ਕੁ ਸੱਚ ਸੀ ਇਸ ਦਾ ਤਾਂ ਅਨੁਮਾਨ ਹੀ ਹੋ ਸਕਦਾ ਹੈ। ਅਜੋਕੇ ਮੋੜ 'ਤੇ ਪੰਜਾਬ ਦੀ ਜੋ ਹਾਲਤ ਹੈ ਉਹ ਕਿਸੇ ਤਰ੍ਹਾਂ ਵੀ ਇਸ ਤੋਂ ਭਿੰਨ ਨਹੀਂ।

ਬਸਤੀਵਾਦ ਅਧੀਨ ਆਏ ਪੰਜਾਬ ਦੀ ਅਧੋਗਤੀ ਦੀ ਜ਼ਿੰਮੇਵਾਰੀ ਲੇਖਕ ਸਿੱਖ ਸਰਦਾਰਾਂ ਤੋਂ ਚੱਲ ਕੇ ਸਿੱਖ ਕਿਰਸਾਨੀ ਅਤੇ ਅੰਤ ਵਿਚ ਪੰਜਾਬ ਦੀ ਕੁੱਲ ਵਸੋਂ 'ਤੇ ਪਾ ਦਿੰਦਾ ਹੈ ਜਿਸ ਨੂੰ ਸਫੈਦਪੋਸ਼ੀ ਦੀ ਲਾਗ ਲੱਗ ਗਈ। ਉਸ ਦੀ ਕੁੱਲ ਹਮਦਰਦੀ ਮਹਾਰਾਜਾ ਦਲੀਪ ਸਿੰਘ ਨਾਲ ਬਣ ਜਾਂਦੀ ਹੈ ਜੋ ਰਾਣੀ ਜਿੰਦਾਂ ਦੇ ਦਿਹਾਂਤ ਉਪਰੰਤ ਬਾਕਾਇਦਾ ਅੰਮ੍ਰਿਤ ਪਾਨ ਕਰਕੇ ਆਪਣਾ ਖੁੱਸਿਆ ਰਾਜ ਵਾਪਸ ਲੈਣ ਦੇ ਗਹਿਰ-ਗੰਭੀਰ ਉਪਰਾਲੇ ਅਰੰਭ ਕਰ ਦਿੰਦਾ ਹੈ। ਇੱਥੇ ਵੀ ਜੋ ਰਚਨਾਤਮਕ ਸਾਹਿਤ ਦਰਸਾਉਂਦਾ ਹੈ, ਉਸ ਤੋਂ ਅਣਭੋਲ, ਲੇਖਕ ਇਕ ਅੱਧ ਇਤਿਹਾਸਕ ਦਸਤਾਵੇਜ਼ ਸਹਾਰੇ ਇਸ ਨਿਰਣੇ 'ਤੇ ਪਹੁੰਚਦਾ ਹੈ। ਪੰਜਾਬੀ ਵਿਚ ਰਚੇ ਗਏ ਰਚਨਾਤਮਕ ਸਾਹਿਤ ਅਨੁਸਾਰ ਤਾਂ ਜ਼ਖਮੀ ਪਰਿੰਦੇ ਵਾਂਗ, ਪਿੰਜਰ ਵਿਚ ਖੰਭਾਂ ਨੂੰ ਫੜਫੜਾਉਂਦੇ ਪੰਛੀ ਵਾਂਗ ਉਹ ਜਾਨ ਦੇ ਦਿੰਦਾ ਹੈ। ਪੰਜਾਬੀ ਸਾਹਿਤ ਤੋਂ ਪਰ੍ਹਾਂ ਜਾ ਕੇ ਗੱਲ ਕਰਨੀ ਹੋਵੇ ਤਾਂ ਬਹਾਦਰ ਸ਼ਾਹ ਬਾਰੇ ਲਿਖੇ ਗਾਲਿਬ ਦੇ ਇਸ ਸ਼ੇਅਰ ਵਿਚਲਾ ਪ੍ਰਾਣੀ ਬਣ ਕੇ ਹੀ ਉਹ ਰਹਿ ਜਾਂਦਾ ਹੈ।

ਮੁੱਝ ਕੋ ਦਿਆਰਿ-ਗੈਰ ਮੇਂ ਮਾਰਾ ਵਤਨ ਸੇ ਦੂਰ
ਰੱਖ ਲੀ ਮੇਰੇ ਖੁਦਾ ਨੇ ਮੇਰੀ ਬੇਵਸੀ ਕੀ ਸ਼ਾਮ।

ਗੌਰਵ ਦੀ ਗੱਲ ਸਿੱਖ ਵਿਰਸੇ ਲਈ ਹੀ ਨਹੀਂ ਸਗੋਂ ਪੰਜਾਬ ਲਈ ਵੀ ਇਹ ਹੈ ਕਿ ਪੱਚੀ ਸਾਲ ਵੀ ਨਹੀਂ ਬੀਤਦੇ ਦੂਰ-ਦੁਰਾਡੇ ਅਮਰੀਕਾ/ਕੈਨੇਡਾ ਵਿਚ ਪਹੁੰਚੇ ਨੌਜਵਾਨ ਦਿਆਰ-ਏ-ਗੈਰ ਵਿਚ ਹੋਰ ਤਰ੍ਹਾਂ ਵਿਚਰਨ ਲੱਗ ਪੈਂਦੇ ਹਨ। ਉਨ੍ਹਾਂ ਵਿਚੋਂ ਬਹੁਤੇ ਸਿੱਖ ਮੱਤ ਦਾ ਭਾਗ ਹਨ, ਗੁਰਬਾਣੀ ਵਿਚ ਸ਼ਰਧਾ ਰੱਖਣ ਵਾਲੇ ਜਿਨ੍ਹਾਂ ਨੂੰ ਯਾਦ ਕਰਕੇ ਇਨਕਲਾਬੀ ਸ਼ਾਇਰ ਫੈਜ ਅਹਮਦ ਫੈਜ ਦਾ ਇਹ ਸ਼ੇਅਰ ਜ਼ੁਬਾਨ 'ਤੇ ਆ ਜਾਂਦਾ ਹੈ:

ਦਿਆਰਿ ਗੈਰ ਮੇਂ ਮਹਿਤਮ ਅਗਰ ਨਹੀਂ ਕੋਈ
ਤੋ ਫੈਜ ਅਪਨੇ ਵਤਨ ਸੇ ਗੁਫਤਗੂ ਹੀ ਸਹੀ।

ਇਨ੍ਹਾਂ ਵਿਚ ਸਭ ਤੋਂ ਚਿੰਤਨਸ਼ੀਲ ਹੈ ਭਾਈ ਸੰਤੋਖ ਸਿੰਘ ਜੋ ਗਦਰ ਦੇ ਅਸਫਲ ਰਹਿ ਜਾਣ ਉਪਰੰਤ ਬਦਲਵੇਂ ਸੰਘਰਸ਼ ਦਾ ਧਾਰਨੀ ਬਣ ਕੇ ਲੈਨਿਨ ਦੇ ਜਿਊਂਦਿਆਂ ਰੂਸ ਤੋਂ ਹੋ ਕੇ ਪੰਜਾਬ ਪਹੁੰਚਦਾ ਹੈ। ਬਸਤੀਵਾਦ ਵਿਰੁਧ ਵਿੱਢੇ ਜਾਣ ਵਾਲੇ ਸਾਂਝੇ ਸੰਘਰਸ਼ ਲਈ ਪੰਜਾਬ ਦੇ ਸਥਲ ਨੂੰ ਤਿਆਰ ਕਰਨ ਖਾਤਰ ਉਹ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖਦਾ ਹੈ, ਕਿਰਤੀ ਨਾਮੀਂ ਰਿਸਾਲਾ ਅਰੰਭ ਕਰਦਾ ਹੈ, ਗੁਰਦੁਆਰਾ ਲਹਿਰ ਦਾ ਸਮਰਥਨ ਕਰਦਾ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਉਸੇ ਤਰ੍ਹਾਂ ਜੁੜਦਾ ਹੈ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ 'ਮਿੱਤਰ ਪਿਆਰਾ ਨਾਨਕ ਜੀ' ਕਹਿ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਸਨ। ਅਚੇਤ ਹੀ ਗੁਰਮਤਿ ਦੇ ਮੁੱਢਲੇ ਸਰੋਤ ਨੂੰ ਵੇਲੇ ਦੇ ਇਨਕਲਾਬੀ ਚਿੰਤਨ ਦੀ ਇਹ ਗੁੜ੍ਹਤੀ ਦੇਣ ਵਾਂਗ ਹੈ। ਇਸ ਨੂੰ ਬਿਪਰਨ ਕਿਹਾ ਜਾਵੇ ਜਾਂ ਵਿਗਾਸ, ਇਸ ਬਾਰੇ ਸੁਚੇਤ ਹੋ ਕੇ ਸੋਚਣ ਦੀ ਲੋੜ ਹੈ।

ਪੈਂਤੜੇ' ਦੀ ਵਜ੍ਹਾ ਕਰਕੇ ਮੁੱਖ ਦੋਸ਼ੀ ਕਰਾਰ ਦੇਣ ਤੋਂ ਸੰਕੋਚ ਨਹੀਂ ਕੀਤਾ ਪਰ ਉਨ੍ਹਾਂ ਨੇ ਨਾ ਤਾਂ ਸੰਤ ਜਰਨੈਲ ਸਿੰਘ ਦੇ ਇਸ 'ਖਾੜਕੂ ਪੈਂਤੜੇ' ਨੂੰ ਹਮਦਰਦੀ ਦੇ ਨੁਕਤਾ-ਨਿਗਾਹ ਤੋਂ ਗਹਿਰਾਈ ਵਿਚ ਜਾ ਕੇ ਸਮਝਣ ਦਾ ਕੋਈ ਯਤਨ ਕੀਤਾ ਅਤੇ ਨਾ ਹੀ ਉਹ ਇਹ ਗੱਲ ਸਮਝਣ ਦੇ ਸਮਰੱਥ ਹੋ ਸਕੇ ਕਿ ਸੰਤ ਭਿੰਡਰਾਂਵਾਲੇ ਨੇ ਆਖਰਕਾਰ ਇਹ ਪੈਂਤੜਾ ਕਿਉਂ, ਅਥਵਾ ਕਿਸ ਵੱਡੇ ਮਨੋਰਥ ਨੂੰ ਧਿਆਨ ਵਿਚ ਰੱਖਕੇ ਅਪਣਾਇਆ ਸੀ? ਇਸ ਬਾਰੇ ਉਨ੍ਹਾਂ ਦੀ ਵਿਆਖਿਆ ਤੇ ਬਾਣੀ ਭਾਰਤ ਦੇ ਹਾਕਮਾਂ ਨਾਲੋਂ ਬਹੁਤੀ ਵੱਖਰੀ ਨਹੀਂ ਹੈ। ਇਸੇ ਤਰ੍ਹਾਂ ਖਾੜਕੂ ਧਿਰ ਨੇ ਵੀ ਅਕਾਲੀ ਆਗੂਆਂ ਨੂੰ ਨਿੰਦਣ ਵਿਚ ਤਾਂ ਕੋਈ ਕਸਰ ਨਹੀਂ ਛੱਡੀ ਪਰ ਉਹ ਵੀ ਅਕਾਲੀ ਆਗੂਆਂ ਦੇ ਗਲਤ ਅਮਲਾਂ ਤੇ ਪੈਂਤੜਿਆਂ ਦੀ ਜਚਣਹਾਰ ਸਿਧਾਂਤਕ ਵਿਆਖਿਆ ਦੇਣ ਵਿਚ ਸਫਲ ਨਹੀਂ ਹੋ ਸਕੇ। ਖਾੜਕੂ ਧਿਰ ਦੇ ਪ੍ਰਸੰਗ ਵਿਚ ਅਕਾਲੀ ਆਗੂਆਂ ਦੀ ਵੀ ਇਹੀ ਸਿਧਾਂਤਕ ਕਮਜ਼ੋਰੀ ਪ੍ਰਗਟ ਹੋਈ ਹੈ। ਉਨ੍ਹਾਂ ਦਾ ਖਾੜਕੂ ਲਹਿਰ ਪ੍ਰਤੀ ਰਵੱਈਆ ਸੌੜੀਆਂ ਤੇ ਵਕਤੀ ਰਾਜਨੀਤਕ ਗਰਜ਼ਾਂ 'ਤੋਂ ਹੀ ਨਿਰਧਾਰਤ ਹੁੰਦਾ ਰਿਹਾ, ਉਹ ਇਸ ਮਾਮਲੇ ਵਿਚ ਕੋਈ ਸੁਡੌਲ ਸਿਧਾਂਤਕ ਦ੍ਰਿਸ਼ਟੀਕੋਣ ਅਪਨਾਉਣ 'ਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਸ. ਬਲਕਾਰ ਸਿੰਘ ਨੇ ਜੇਕਰ ਅਜਮੇਰ ਸਿੰਘ ਦੀਆਂ ਕਿਤਾਬਾਂ ਨੂੰ ਸੁਹਿਰਦ ਭਾਵਨਾ ਤੇ ਗਹੁ ਨਾਲ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਇਹ ਗੱਲ ਪਛਾਨਣ ਵਿਚ ਮੁਸ਼ਕਲ ਨਹੀਂ ਸੀ ਆਉਣੀ ਚਾਹੀਦੀ ਕਿ ਉਸ ਨੇ ਉਪਰ ਬਿਆਨੇ ਸਾਰੇ ਪੱਖਾਂ ਦਾ ਵਿਸ਼ਲੇਸ਼ਣ ਕਰਨ ਅਤੇ ਇਸ ਵਰਤਾਰੇ ਨਾਲ ਜੁੜੇ ਸਾਰੇ ਸੁਆਲਾਂ ਦੇ ਤਰਕ-ਯੁਕਤ ਜੁਆਬ ਦੇਣ ਦਾ ਯਤਨ ਕੀਤਾ ਹੈ। ਇਹ ਠੀਕ ਹੈ ਕਿ ਉਹ ਜਿਸ ਕਿਸਮ ਦੀ ਬੌਧਿਕ ਪਰੰਪਰਾ ਵਿਚ ਪਰਵਾਨ ਚੜ੍ਹੇ ਹਨ, ਅਜਿਹੇ ਗੁੰਝਲਦਾਰ ਵਰਤਾਰਿਆਂ ਤੇ ਸਿਧਾਂਤਕ ਮਸਲਿਆਂ ਨੂੰ ਸਮਝ ਸਕਣਾ ਉਨ੍ਹਾਂ ਲਈ ਏਨਾ ਆਸਾਨ ਨਹੀਂ। ਅਜਮੇਰ ਸਿੰਘ ਦੀ ਕਿਤਾਬ 'ਬਹੁਤ ਸਾਰੇ ਵਿਸ਼ਿਆਂ ਨਾਲ ਉਲਝੀ' ਦੇਖ ਕੇ ਉਨ੍ਹਾਂ ਨੂੰ ਜੋ ਘਬਰਾਹਟ ਹੋਈ ਹੈ, ਉਹ ਸਮਝ ਵਿਚ ਆਉਂਦੀ ਹੈ। ਉਨ੍ਹਾਂ ਅਜਮੇਰ ਸਿੰਘ ਦੀਆਂ ਕਿਤਾਬਾਂ ਦਾ ਪਾਠ ਜਾਨਣ ਦੀ ਭਾਵਨਾ ਨਾਲ ਨਹੀਂ, ਨਿੰਦਣ ਦੀ ਭਾਵਨਾ ਨਾਲ ਕੀਤਾ ਹੈ। ਜੇ ਸਮਝਣ ਦਾ ਸੁਹਿਰਦ ਤੇ ਸੰਜੀਦਾ ਯਤਨ ਕੀਤਾ ਹੁੰਦਾ ਤਾਂ ਅਜਿਹੀ ਨਾਕਾਰਾਤਮਿਕ ਕਿਸਮ ਦੀ ਪੜਚੋਲ ਲਿਖਣ ਤੋਂ ਪਹਿਲਾਂ ਲਾਜ਼ਮੀ ਕੁੱਝ ਸੋਚਿਆ ਹੁੰਦਾ। ਉਨ੍ਹਾਂ ਦੀ ਲਿਖਤ ਤੋਂ ਸਾਫ ਪਤਾ ਚਲਦਾ ਹੈ ਕਿ ਉਨ੍ਹਾਂ ਨੂੰ ਨਾ ਭਾਰਤੀ ਸਟੇਟ ਦੇ ਸੁਭਾਅ ਤੇ ਖਾਸੇ ਬਾਰੇ ਕੋਈ ਗੂੜ੍ਹਾ ਗਿਆਨ ਹੈ, ਨਾ ਭਾਰਤ ਦੀ ਸਮਾਜੀ ਬਣਤਰ ਤੇ ਇਸ ਵਿਚੋਂ ਪੈਦਾ ਹੋਣ ਵਾਲੀਆਂ ਗੁੰਝਲਦਾਰ ਸਮੱਸਿਆਵਾਂ ਦੀ ਡੂੰਘੀ ਵਾਕਫ਼ੀ, ਨਾ ਅਕਾਲੀ ਰਾਜਨੀਤੀ ਦਾ ਹੀ ਕੋਈ ਗਹਿਰਾ ਅਭਿਆਸ ਅਤੇ ਨਾ ਖਾੜਕੂ ਲਹਿਰ ਬਾਰੇ ਦੀਰਘ ਸਮਝ ਹੈ। ਉਨ੍ਹਾਂ ਦਾ ਹਿਸਾਬ ਬਹੁਤ ਹੀ ਸਿੱਧ ਪੱਧਰਾ ਪਰਤੀਤ ਹੁੰਦਾ ਹੈ ਕਿ ਕਿਸੇ ਦੇ ਜਾਂ ਅੰਨ੍ਹੇ ਭਗਤ ਬਣੋ ਤੇ ਜਾਂ ਕੱਟੜ ਨਿੰਦਕ। ਵਿਸ਼ਲੇਸ਼ਣ ਦਾ ਝੰਜਟ ਹੀ ਖਤਮ! ਇਸ ਸੰਦਰਭ ਵਿਚ, ਉਨ੍ਹਾਂ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜੀਵਨ ਬਾਰੇ ਲਿਖੀ ਪੁਸਤਕ ਉਨ੍ਹਾਂ ਦੇ ਸੋਚ-ਪ੍ਰਬੰਧ ਦੀ ਸ਼ੁੱਧ ਨੁਮਾਇੰਦਗੀ ਕਰਦੀ ਹੈ। ਇਸ ਪੁਸਤਕ ਵਿਚ ਉਨ੍ਹਾਂ ਜਥੇਦਾਰ ਟੌਹੜਾ ਦੀ ਮਹਿਮਾ ਵਿਚ ਜਿੰਨੇ ਵਿਸ਼ੇਸ਼ਣ ਵਰਤੇ ਹਨ, ਉਨ੍ਹਾਂ ਦੀ ਪੂਰੀ ਸੂਚੀ ਬਣਾ ਲਈ ਜਾਵੇ ਤਾਂ 'ਵਿਸ਼ੇਸ਼ਣਾਂ ਦਾ ਵਿਸ਼ਵਕੋਸ਼' ਬਣ ਸਕਦਾ ਹੈ! ਕਿਤਾਬ ਉਤੇ ਮੋਟੀ ਜਿਹੀ ਝਾਤ ਮਾਰਿਆਂ ਹੀ ਮੈਂ ਘੱਟੋ-ਘੱਟ 63 ਵਿਸ਼ੇਸ਼ਣਾਂ ਦੀ ਨਿਸ਼ਾਨਦੇਹੀ ਕਰਨ ਵਿਚ ਸਫਲ ਹੋਇਆ ਹਾਂ, ਜਿਵੇਂ ਕਿ 'ਸਿੱਖ ਸਿਆਸਤ ਦਾ ਭੀਸ਼ਮ-ਪਿਤਾਮਾ' 'ਕਿੰਗ ਮੇਕਰ' 'ਵੀਹਵੀਂ ਸਦੀ ਦਾ ਸਿੱਖ ਰੋਲ ਮਾਡਲ' 'ਸਿੱਖਾਂ ਦਾ ਚਾਣਕੀਆ' 'ਸਿੱਖਾਂ ਦਾ (ਕਿੰਗ) ਰਾਬਰਟ ਬਰੂਸ' 'ਸਿੱਖਾਂ ਦਾ ਸਿਆਸੀ ਰਿਸ਼ੀ' 'ਪੰਜਾਬ ਦਾ ਰਾਜਨੀਤਕ ਮਸੀਹਾ' 'ਅਕਾਲੀਆਂ ਦਾ ਮਹਾਤਮਾ ਗਾਂਧੀ' 'ਪੰਥ ਦਾ ਵਾਹਦ ਵਾਰਸ' 'ਪੰਥਕ ਸਿਆਸਤ ਦਾ ਧੌਲਾ ਬਲਦ' 'ਅਦਲੀ ਬਾਦਸ਼ਾਹ' 'ਜਮਾਂਦਰੂ ਦਾਨਸ਼ਵਰ', ਵਗੈਰਾ ਵਗੈਰਾ। ਇਹ 'ਸਿਹਰੇ' ਦੀ ਭਾਸ਼ਾ ਹੈ, ਵਿਸ਼ਲੇਸ਼ਣ ਦੀ ਨਹੀਂ। ਇਹੀ ਕਾਰਨ ਹੈ ਕਿ ਕਿਸੇ ਸਿੱਖ ਵਿਦਵਾਨ ਜਾਂ ਰਾਜਸੀ ਆਗੂ ਦੇ ਸੋਚ-ਪ੍ਰਬੰਧ ਅੰਦਰਲੀ ਕਿਸੇ ਊਣਤਾਈ ਦੀ ਨਿਸ਼ਾਨਦੇਹੀ ਕਰਨ ਦਾ ਸੁਹਿਰਦ ਸਿਧਾਂਤਕ ਉਪਰਾਲਾ ਉਨ੍ਹਾਂ ਲਈ 'ਬੱਜਰ ਕੁਰੈਹਤ' ਬਣ ਜਾਂਦਾ ਹੈ। ਸਿਧਾਂਤਕ ਪੜਚੋਲ ਨੂੰ 'ਨਿੰਦਿਆ ਪਾਠ' ਕਹਿਣਾ ਜਾਂ ਸਮਝਣਾ, ਕੱਚੀ ਬੌਧਿਕਤਾ ਦਾ ਲੱਛਣ ਹੈ।

ਯਹੂਦੀ ਵਿਦਵਾਨ ਇਹ ਗੱਲ ਬਹੁਤ ਸਾਫਗੋਈ ਨਾਲ ਪਰਵਾਨ ਕਰਕੇ ਚੱਲੇ ਸਨ ਕਿ ਉਹ, ਉਨ੍ਹਾਂ ਉਤੇ ਢੱਠੇ ਭਿਆਨਕ ਕਹਿਰ ਦਾ ਪੂਰਵ ਅਨੁਮਾਨ ਲਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਸਨ। ਆਖਰਕਾਰ ਇਹ ਕਹਿਰ ਉਨ੍ਹਾਂ ਉਤੇ ਅਚਾਨਕ ਰਾਤ-ਬਰਾਤੇ ਨਹੀਂ ਸੀ ਆਣ ਢੱਠਾ। ਯਹੂਦੀ ਵਿਦਵਾਨ ਸਾਰੇ ਵਰਤਾਰੇ ਨੂੰ ਪੁਰਾਣੀ ਗਿਆਨ-ਦ੍ਰਿਸ਼ਟੀ ਨਾਲ ਹੀ ਦੇਖਦੇ ਰਹੇ ਅਤੇ ਲਗਾਤਾਰ ਭਰਮਾਂ ਦੇ ਸੰਸਾਰ ਵਿਚ ਵਿਚਰਦੇ ਰਹੇ। ਉਹ ਇਹ ਗੱਲ ਮੰਨਣ ਲਈ ਉਕਾ ਹੀ ਤਿਆਰ ਨਹੀਂ ਸਨ ਕਿ ਜਿਸ ਕੌਮ ਨੇ 'ਕਾਂਤ' ਤੇ 'ਗੇਟੇ' ਵਰਗੇ ਮਹਾਨ ਚਿੰਤਕ ਤੇ ਲੇਖਕ ਪੈਦਾ ਕੀਤੇ ਹੋਣ ਅਤੇ ਜਿਹੜੀ ਕੌਮ ਅਧੁਨਿਕ ਸਭਿਅਤਾ ਦੀ ਮੋਹਰੀ ਹੋਵੇ, ਉਥੇ ਉਨ੍ਹਾਂ ਨੂੰ ਲੱਖਾਂ ਦੀ ਗਿਣਤੀ ਵਿਚ ਵਹਿਸ਼ੀਆਨਾ ਢੰਗਾਂ ਨਾਲ ਕਤਲ ਕਰਨ ਦਾ ਜਾਂਗਲੀ ਵਰਤਾਰਾ ਕਿਵੇਂ ਵਾਪਰ ਸਕਦਾ ਹੈ। ਉਨ੍ਹਾਂ ਨੇ ਜਰਮਨ ਰਾਜ ਤੇ ਲੋਕਾਂ ਬਾਰੇ ਆਪਣੇ ਮਨਾਂ ਅੰਦਰ ਜੋ ਧਾਰਨਾਵਾਂ ਬਣਾ ਰੱਖੀਆਂ ਹੋਈਆਂ ਸਨ, ਉਹ ਉਨ੍ਹਾਂ ਨੂੰ ਅਜਿਹੀ ਅਨਹੋਣੀ ਦੀ ਕਲਪਨਾ ਕਰਨ ਤੋਂ ਸਖਤੀ ਨਾਲ ਵਰਜਦੀਆਂ ਸਨ। ਉਹ ਇਹ ਮੰਨੀ ਬੈਠੇ ਸਨ ਕਿ ਜਰਮਨ ਕੌਮ ਨੇ 'ਐਨਲਾਈਟਨਮੈਂਟ' ਦੀਆਂ ਕਦਰਾਂ-ਕੀਮਤਾਂ (ਸਹਿਣਸ਼ੀਲਤਾ, ਤਰਕ, ਸੂਝ-ਸਿਆਣਪ, ਮਹਾਂਨਗਰੀ-ਚੇਤਨਾ, ਖੁਲ੍ਹਦਿਲਾ ਮਾਨਵਵਾਦ ਆਦਿ) ਗ੍ਰਹਿਣ ਕੀਤੀਆਂ ਹੋਈਆਂ ਹਨ, ਇਸ ਕਰਕੇ ਉਹ ਫ਼ਾਸ਼ੀਵਾਦ ਦੀ ਵਾਹਕ ਕਿਵੇਂ ਬਣ ਸਕਦੀ ਹੈ? ਆਪਣੇ ਇਨ੍ਹਾਂ ਗਲਤ ਵਿਸ਼ਵਾਸਾਂ ਕਰਕੇ ਉਨ੍ਹਾਂ ਨੇ ਯਥਾਰਥ ਵੱਲੋਂ ਲਗਾਤਾਰ ਅੱਖਾਂ ਬੰਦ ਕਰੀ ਰੱਖੀਆਂ। ਜਰਮਨ ਕੌਮ ਵਿਚ ਯਹੂਦੀਆਂ ਵਿਰੁਧ ਨਫਰਤ ਦੀ ਲਹਿਰ ਜ਼ੋਰ ਫੜਦੀ ਚਲੀ ਗਈ, ਪਰ ਯਹੂਦੀ ਭਾਈਚਾਰੇ ਦੇ ਬੌਧਿਕ ਤੇ ਰਾਜਸੀ ਆਗੂ ਮਿਥ ਕੇ ਅੰਨ੍ਹੇ ਬਣੇ ਰਹੇ। ਅਖੀਰ ਵਿਚ ਜੋ ਭਾਣਾ ਵਾਪਰਿਆ, ਉਸ ਦਾ ਉਨ੍ਹਾਂ ਨੂੰ ਉਕਾ ਹੀ ਅਨੁਮਾਨ ਨਹੀਂ ਸੀ। ਇਸ ਕਰਕੇ ਜਦ ਜ਼ੁਲਮਾਂ ਦੀ ਕਾਂਗ ਐਨ ਸਿਰ ਉਤੇ ਆ ਚੜ੍ਹੀ ਤਾਂ ਉਹ ਬੁਰੀ ਤਰ੍ਹਾਂ ਕੰਬ ਕੇ ਤੇ ਬੌਂਦਲ ਕੇ ਰਹਿ ਗਏ ਸਨ ਪਰ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ।

ਸਿੱਖਾਂ ਦੇ ਮਾਮਲੇ ਵਿਚ ਵੀ ਇਹੋ ਦੁਖਾਂਤ ਵਾਪਰਿਆ। ਜ਼ਿਆਦਾਤਰ ਸਿੱਖ ਵਿਦਵਾਨਾਂ ਨੇ ਇਹ ਗੱਲ ਸੁਫਨੇ ਵਿਚ ਵੀ ਨਹੀਂ ਸੀ ਸੋਚੀ ਕਿ ਭਾਰਤੀ ਹਾਕਮ ਦਰਬਾਰ ਸਾਹਿਬ ਉਤੇ ਏਡਾ ਕਹਿਰ ਭਰਿਆ ਫੌਜੀ ਧਾਵਾ ਬੋਲ ਦੇਣਗੇ, ਜਾਂ ਦਿੱਲੀ ਤੇ ਹੋਰਨਾਂ ਸ਼ਹਿਰਾਂ ਅੰਦਰ ਸਿੱਖਾਂ ਦਾ ਇਸ ਕਦਰ ਵਹਿਸ਼ੀਆਨਾ ਕਤਲੇਆਮ ਕੀਤਾ ਜਾਵੇਗਾ ਅਤੇ ਦੇਸ਼ ਦਾ ਹਿੰਦੂ ਵਰਗ ਇਸ ਉਤੇ ਸ਼ਰਮਸਾਰ ਹੋਣ ਦੀ ਥਾਂ ਫਖਰ ਮਹਿਸੂਸ ਕਰੇਗਾ ਤੇ ਚੋਣਾਂ ਦੌਰਾਨ ਸਿੱਖਾਂ ਦੇ ਕਾਤਲਾਂ ਨੂੰ ਗੱਜ ਵੱਜ ਕੇ ਜਿੱਤ ਨਾਲ ਨਿਵਾਜੇਗਾ ਅਤੇ ਉਸ ਤੋਂ ਬਾਅਦ ਸਮੁੱਚੇ ਪ੍ਰਸ਼ਾਸਨ ਤੇ ਨਿਆਂਪਾਲਕਾ ਵੱਲੋਂ ਸਿੱਖਾਂ ਨਾਲ ਇਨਸਾਫ਼ ਕਰਨ ਤੋਂ ਪੂਰੀ ਬੇਸ਼ਰਮੀ ਨਾਲ ਇਨਕਾਰ ਕੀਤਾ ਜਾਵੇਗਾ ਤੇ ਦੇਸ਼ ਦੀ ਪਾਰਲੀਮੈਂਟ ਤੋਂ ਲੈ ਕੇ ਉਚ ਅਦਾਲਤਾਂ ਤਕ, ਸਾਰੇ ਅਦਾਰੇ 'ਗਾਂਧੀ ਦੇ ਤਿੰਨ ਬਾਂਦਰ' ਬਣ ਕੇ ਇਨਸਾਫ਼ ਵੱਲੋਂ ਇਸ ਕਦਰ ਅੱਖਾਂ, ਮੂੰਹ ਤੇ ਕੰਨ ਬੰਦ ਕਰ ਲੈਣਗੇ। ਸਿੱਖ ਕੌਮ ਦੇ ਵਿਦਵਾਨਾਂ ਤੇ ਰਾਜਸੀ ਆਗੂਆਂ ਨੇ ਭਾਰਤੀ ਰਾਜ ਤੇ ਦੇਸ਼ ਦੇ ਬਹੁਗਿਣਤੀ ਵਰਗ ਬਾਰੇ ਚਿਰਾਂ ਤੋਂ ਜੋ ਸਿਧਾਂਤਕ ਸਮਝ ਬਣਾ ਰੱਖੀ ਸੀ, ਉਹ ਉਨ੍ਹਾਂ ਨੂੰ ਅਜਿਹਾ ਸੋਚਣ ਦੀ ਇਜਾਜ਼ਤ ਨਹੀਂ ਦਿੰਦੀ ਸੀ। ਇਸ ਕਰਕੇ ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਭਾਰਤੀ ਰਾਜ, ਜਿਸ ਨੂੰ ਜਿਆਦਾਤਰ ਸਿੱਖ ਵਿਦਵਾਨਾਂ ਤੇ ਆਗੂਆਂ ਨੇ ਜਮਹੂਰੀ ਤੇ ਧਰਮ-ਨਿਰਪੱਖ ਰਾਜ ਸਮਝਣ ਦਾ ਭਰਮ ਪਾਲ ਰੱਖਿਆ ਸੀ, ਦੇ ਵਹਿਸ਼ੀ ਖਾਸੇ ਤੇ ਬਹੁਗਿਣਤੀ ਵਰਗ ਦੀ ਫਿਰਕੂ-ਫਾਸ਼ੀ ਮਾਨਸਿਕਤਾ ਬਾਰੇ ਸੱਚੀਆਂ ਤੇ ਖਰੀਆਂ ਗੱਲਾਂ ਕਰਦੇ ਸਨ ਤਾਂ ਭਾਰਤੀ ਲੋਕਤੰਤਰ ਦੇ ਮਤਵਾਲੇ ਬਣੇ ਹੋਏ ਸਿੱਖ ਵਿਦਵਾਨ ਸੰਤਾਂ ਨੂੰ 'ਜ਼ਾਹਲ' ਤੇ 'ਮੂਰਖ' ਕਹਿ ਕੇ ਮੌਜੂ ਉਡਾਉਂਦੇ ਰਹੇ। ਪਰ ਅਖੀਰ ਜਦ ਅਮਲੀ ਤਜਰਬੇ ਨੇ ਸੰਤ ਜੀ ਦੀਆਂ ਕਹੀਆਂ ਗੱਲਾਂ ਦੀ ਪੁਸ਼ਟੀ ਕਰ ਦਿਤੀ ਤਾਂ ਉਨ੍ਹਾਂ ਦੇ ਨਿੰਦਕ ਸਿੱਖ ਵਿਦਵਾਨਾਂ ਕੋਲ ਇਸ ਘਟਨਾ-ਕਰਮ ਦੀ ਕੋਈ ਵੀ ਤਸੱਲੀਬਖ਼ਸ਼ ਵਿਆਖਿਆ ਨਹੀਂ ਸੀ। ਬੌਧਿਕ ਮਰਿਆਦਾ ਤਾਂ ਇਹ ਮੰਗ ਕਰਦੀ ਸੀ ਕਿ ਨਵੇਂ ਘਟਨਾ-ਕਰਮ ਦੀ ਰੋਸ਼ਨੀ ਵਿਚ ਭਾਰਤੀ ਰਾਜ ਤੇ ਹਿੰਦੂ ਵਰਗ ਬਾਰੇ ਆਪਣੀਆਂ ਪੂਰਵ ਧਾਰਨਾਵਾਂ ਉਤੇ ਨਜ਼ਰਸਾਨੀ ਕੀਤੀ ਜਾਂਦੀ ਅਤੇ ਇਨ੍ਹਾਂ ਵਿਚ ਲੋੜੀਂਦੀ ਸੋਧ ਤੇ ਤਬਦੀਲੀ ਕੀਤੀ ਜਾਂਦੀ। ਪਰ ਸਥਾਪਤ ਸਿੱਖ ਵਿਦਵਾਨਾਂ ਦੀ ਭਾਰੀ ਬਹੁਗਿਣਤੀ ਨੇ ਅਜਿਹਾ ਸੱਚ ਤੇ ਦਲੇਰੀ ਭਰਿਆ ਪੈਂਤੜਾ ਲੈਣ ਦੀ ਬਜਾਇ, ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਸਾਰੇ ਵਰਤਾਰੇ ਦੀ ਝੂਠੀ ਤੇ ਕਾਣੀ ਵਿਆਖਿਆ ਦੇਣ ਦਾ ਗੈਰ-ਦਿਆਨਤਦਾਰ ਪੈਂਤੜਾ ਅਖਤਿਆਰ ਕਰ ਲਿਆ। ਡਾ. ਬਲਕਾਰ ਸਿੰਘ ਨੇ ਤਾਂ ਹੱਦ ਹੀ ਮੁਕਾ ਦਿਤੀ। ਜੇਕਰ ਸਿੱਖ ਕੌਮ ਨਾਲ ਏਨਾ ਕੁੱਝ ਵਾਪਰ ਜਾਣ ਤੋਂ ਬਾਅਦ ਅਜੇ ਵੀ ਉਨ੍ਹਾਂ ਨੂੰ ਇਹ ਲਗਦਾ ਹੈ ਕਿ ਅਜਮੇਰ ਸਿੰਘ 'ਹਿੰਦੂ ਹਊਏ ਨੂੰ ਵਧਾ ਕੇ ਪੇਸ਼ ਕਰ ਰਿਹਾ ਹੈ', ਤਾਂ ਉਨ੍ਹਾਂ ਨਾਲ ਗੱਲ ਕਰਦਿਆਂ ਕੰਧ ਨੂੰ ਗੱਲ ਸੁਨਾਉਣ ਵਰਗਾ ਅਹਿਸਾਸ ਹੁੰਦਾ ਹੈ।

ਮੰਦਭਾਵਨਾ ਦਾ ਕਰੂਪ ਪ੍ਰਗਟਾਵਾ

ਉਨ੍ਹਾਂ ਦੀ ਲਿਖਤ ਵਿਚੋਂ ਕਿਤੇ ਵੀ ਅਜਮੇਰ ਸਿੰਘ ਦੇ ਸਿਧਾਂਤਕ ਦ੍ਰਿਸ਼ਟੀਕੋਣ ਨੂੰ ਸਮਝਣ ਤੇ ਨਿੱਗਰ ਦਲੀਲਾਂ ਨਾਲ ਇਸ ਦਾ ਖੰਡਨ ਕਰਨ ਦੀ ਸੰਜੀਦਾ ਪਹੁੰਚ ਦੀ ਝਲਕ ਨਹੀਂ ਮਿਲਦੀ। ਉਸ ਦੀ ਬੌਧਿਕ ਰਚਨਾ ਦਾ ਠੋਸ ਮੁਲਾਂਕਣ ਕਰਨ ਦੀ ਰੁਚੀ ਘੱਟ, ਉਸ ਦੀ ਬੌਧਿਕ ਪ੍ਰਮਾਣਿਕਤਾ ਤੇ ਈਮਾਨਦਾਰੀ ਬਾਰੇ ਪਾਠਕਾਂ ਦੇ ਮਨਾਂ 'ਚ ਸ਼ੰਕੇ ਖੜ੍ਹੇ ਕਰਨ ਦੀ ਰੋਗੀ ਬਿਰਤੀ ਵੱਧ ਮਿਲਦੀ ਹੈ। ਇਹ ਦਾਅਵਾ ਕਿ 'ਲਿਖਤ ਨਾਲੋਂ ਮੈਂ ਲੇਖਕ ਨੂੰ ਵੱਧ ਜਾਣਦਾ ਹਾਂ', ਆਪਣੀ ਲਿਖਤ ਦੇ ਇਸ ਨਾਕਾਰਤਮਕ ਪੱਖ ਨੂੰ ਵਧੇਰੇ ਪ੍ਰਭਾਵਕਾਰੀ

*(ਅਗਲੇ ਸਫੇ 'ਤੇ ਜਾਰੀ)*

# ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਅਤੇ ਬਲਕਾਰ ਸਿੰਘ ਦਾ ਪਿਟ-ਪਟਊਆ

**ਬੀਰ ਸਿੰਘ ਚੌਹਾਨ***

ਡਾ. ਪ੍ਰੇਮ ਸਿੰਘ ਤੋਂ ਬਾਅਦ ਪ੍ਰੋ. ਬਲਕਾਰ ਸਿੰਘ ਵੱਲੋਂ ਅਜਮੇਰ ਸਿੰਘ ਦੀਆਂ ਰਚਨਾਵਾਂ ਪ੍ਰਤੀ ਪੜਚੋਲੀਆ ਟਿੱਪਣੀਆਂ ਪੰਜਾਬ ਟਾਈਮਜ਼ ਵਿਚ ਛਪੀਆਂ ਹਨ। ਅਖ਼ਬਾਰ ਦੇ ਸੰਪਾਦਕ ਸ. ਅਮੋਲਕ ਸਿੰਘ ਨੂੰ ਲਿਖੇ ਨੋਟ ਵਿਚ ਬਲਕਾਰ ਸਿੰਘ ਡਾ. ਪ੍ਰੇਮ ਸਿੰਘ ਦੀ ਪੜਚੋਲ ਨੂੰ ਡੂੰਘੇ ਮਨ ਨਾਲ ਸਲਾਹੁੰਦੇ ਹਨ ਅਤੇ ਇਹੋ ਨੋਟ ਹੀ ਪ੍ਰੋ. ਸਾਹਿਬ ਦਾ ਅਜਮੇਰ ਸਿੰਘ ਪ੍ਰਤੀ ਅਸਲ ਨਜ਼ਰੀਆ ਹੋ ਨਿਬੜਦਾ ਹੈ। ਬਲਕਾਰ ਸਿੰਘ ਨੂੰ ਸਮਝਣ ਤੋਂ ਪਹਿਲਾਂ ਪ੍ਰੇਮ ਸਿੰਘ ਨੂੰ ਪੜ੍ਹਨ ਨਾਲ ਕੁਝ ਸੌਖ ਹੋ ਜਾਵੇਗੀ। ਪ੍ਰੇਮ ਸਿੰਘ ਰਾਸ਼ਟਰਵਾਦ ਦਾ ਪ੍ਰਸ਼ੰਸਾ-ਪਾਠ ਪੜ੍ਹਦੇ ਇਹ ਟਿੱਪਣੀ ਕਰਨੋ ਵੀ ਗੁਰੇਜ਼ ਨਹੀਂ ਕਰ ਸਕੇ ਕਿ ਓਪਰੇਸ਼ਨ ਬਲਿਊ ਸਟਾਰ ਦੇ ਨਾਂ ਹੇਠ ਜਿਸ ਪ੍ਰਧਾਨ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਢਹਿ-ਢੇਰੀ ਕੀਤਾ, ਦਰਬਾਰ ਸਾਹਿਬ ਦੀ ਪਰਿਕਰਮਾ ਟੈਂਕਾਂ ਨਾਲ ਤੋੜੀ, ਹੋਰ 42 ਗੁਰਦੁਆਰਿਆਂ ਸਮੇਤ ਬੇਕਸੂਰ ਅਤੇ ਸ਼ਰਧਾਵਾਨ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ, ਬੀਬੀਆਂ ਨੂੰ ਫੌਜ ਤੋਂ ਕੋਹ ਕੋਹ ਮਰਵਾਇਆ, ਉਹ ਇੰਦਰਾ ਗਾਂਧੀ ਮਜ਼ਲੂਮ ਹੈ। ਦੂਸਰੇ ਪਾਸੇ ਸ਼ਹੀਦ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਉਸ ਮਜ਼ਲੂਮ ਦੇ ਮੁਜ਼ਰਿਮ ਠਹਿਰਾਉਂਦਾ ਹੈ। ਸਿੱਖ ਜੁਝਾਰੂਆਂ ਨੂੰ (ਸੰਤ) ਜਰਨੈਲ ਸਿੰਘ ਦੇ 'ਕਾਤਲ ਟੋਲੇ' ਲਿਖਦਾ ਹੈ। ਪ੍ਰੋ. ਬਲਕਾਰ ਸਿੰਘ ਡਾ. ਪ੍ਰੇਮ ਸਿੰਘ ਦੀ ਇਸ ਪੜਚੋਲ ਦੀ ਬੜੀ ਸਰਾਹਨਾ ਕਰਦੇ ਹਨ ਯਾਨਿ ਬਲਕਾਰ ਸਿੰਘ ਨੂੰ ਇੰਦਰਾ ਅਜੇ ਵੀ ਮਜ਼ਲੂਮ ਅਤੇ ਖਾੜਕੂ ਮੁਜ਼ਰਿਮ ਤੇ ਬੁਜ਼ਦਿਲ ਲਗਦੇ ਹਨ।

ਬਲਕਾਰ ਸਿੰਘ ਦੀ ਕੁੱਲ ਚਰਚਾ ਪੜ੍ਹਦਿਆਂ ਇਕ ਤਸਵੀਰ ਸਾਹਮਣੇ ਆਉਂਦੀ ਹੈ ਕਿ ਜਿਥੇ ਉਹ ਅਕਾਲੀਆਂ ਦੇ ਮੁਫ਼ਤ ਦੇ ਵਕੀਲ ਹਨ ਉਥੇ ਉਹ ਖਾੜਕੂਵਾਦ ਦੇ ਵਿਰੋਧ ਵਿਚ ਡਟ ਕੇ ਖੜ੍ਹੇ ਹਨ। ਉਨ੍ਹਾਂ ਨੂੰ ਧੁੜਕੂ ਲੱਗਾ ਹੋਇਆ ਹੈ ਕਿ ਖਾੜਕੂਵਾਦ ਦੀ ਮਰਜ਼ ਕਿਤੇ ਮੇਰੇ ਕਿਸੇ ਅਕਾਲੀ ਨੂੰ ਨਾ ਚਿੰਬੜ ਜਾਵੇ। ਆਪਣੀਆਂ ਟਿੱਪਣੀਆਂ ਵਿਚ ਉਹ ਅਜਮੇਰ ਸਿੰਘ ਨੂੰ ਘੱਟ ਸੰਬੋਧਨ ਕਰਦੇ ਹਨ, ਅਕਾਲੀਆਂ ਅਤੇ ਭਾਜਪਾਈਆਂ ਨੂੰ ਵੱਧ ਹੋਕਾ ਮਾਰਦੇ ਹਨ। ਜਾਪਦਾ ਹੈ ਉਨ੍ਹਾਂ ਨੂੰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣ ਕਿ ਕੋਈ ਵੀ ਤੁਹਾਡੇ ਔਗੁਣ ਚਿਤਾਰੇ, ਤੁਹਾਡੇ ਨਾਲੋਂ ਪਹਿਲਾਂ ਮੈਂ ਲੜਾਂਗਾ, ਡਾ. ਦਲਜੀਤ ਸਿੰਘ ਚੀਮਾ ਤਾਂ ਭਾਵੇਂ ਤੁਹਾਡਾ ਤਨਖਾਹਦਾਰ ਸਲਾਹਕਾਰ ਹੈ, ਮੈਂ ਬਗੈਰ ਤਨਖਾਹ ਤੋਂ ਵੀ ਤੁਹਾਡਾ ਖ਼ੈਰ-ਖੁਆਹ ਹਾਂ।

ਡਾ. ਪ੍ਰੇਮ ਸਿੰਘ ਨੂੰ ਤਾਂ ਆਪਣੇ ਪਹਿਲੇ ਨੋਟ ਵਿਚ ਹੀ ਇਨ੍ਹਾਂ ਨੇ ਆਪਣਾ ਦਿਸ਼ਾ-ਨਿਰਦੇਸ਼ਕ ਮੰਨ ਲਿਆ। ਆਪਣੀਆਂ ਟਿੱਪਣੀਆਂ ਨੂੰ ਹੋਰ ਬਲ ਦੇਣ ਲਈ ਡਾ. ਗਰੇਵਾਲ ਦਾ ਵਿਸ਼ਲੇਸ਼ਣ ਭਰਿਆ ਦਸਤਾਵੇਜ਼ ਭੁਗਤਾ ਰਹੇ ਹਨ ਜਿਸ ਵਿਚ ਲਿਖਿਆ ਹੈ ਕਿ ਅਕਾਲੀਆਂ ਨੇ ਖਾੜਕੂਵਾਦ ਦੇ ਦੌਰ ਦੌਰਾਨ ਉਨ੍ਹਾਂ ਖਿਲਾਫ ਜੋ ਦ੍ਰਿੜਤਾ ਵਿਖਾਈ ਉਹ ਲਾਸਾਨੀ ਅਤੇ ਸਲਾਹੁਣਯੋਗ ਹੈ। ਬਲਕਾਰ ਸਿੰਘ ਲਿਖਦੇ ਹਨ ਕਿ ਅਕਾਲੀਅਤ ਸਿੱਖੀ ਵਿਚੋਂ ਪੈਦਾ ਹੋਈ। ਉਹ ਸਿੱਖੀ ਜੋ ਗੁਰੂਆਂ ਨੇ ਸਾਜੀ ਸੀ, ਉਸ ਵਿਚ ਅਮਨ ਅਤੇ ਸਰਬਤ ਦੇ ਭਲੇ ਦੇ ਨਾਲ ਨਾਲ ਸਰਕਾਰੀ ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਖਾੜਕੂਵਾਦ ਇਕ ਜ਼ਰੂਰੀ ਹਥਿਆਰ ਸੀ। ਫਿਰ ਬਲਕਾਰ ਸਿੰਘ ਅਕਾਲੀਅਤ ਵਿਚੋਂ ਖਾੜਕੂਵਾਦ ਨੂੰ ਮਨਫ਼ੀ ਕਰਕੇ ਕਿਹੋ ਜਿਹੇ ਅਕਾਲੀਆਂ ਦੀ ਤਸਵੀਰ ਪੇਸ਼ ਕਰ ਰਹੇ ਹਨ ਅਤੇ ਅਜਿਹੀ ਸੁੱਤ-ਉਨੀਂਦੀ ਅਕਾਲੀਅਤ ਕਿਵੇਂ ਸਿੱਖੀ ਦੀ ਪ੍ਰਤੀਨਿਧ ਹੋ ਸਕਦੀ ਹੈ? ਕਿਹੜਾ ਗੁਰ-ਸਿਧਾਂਤ ਜਾਂ ਸਿੱਖ ਸਿਧਾਂਤ ਸੀ ਜਿਸ ਵਿਚੋਂ ਖਾੜਕੂ ਅੰਗ ਮੁਢੋਂ ਹੀ ਮਨਫੀ ਕੀਤਾ ਜਾ ਸਕਦਾ ਸੀ?

ਅਗਲੀ ਟਿੱਪਣੀ ਵਿਚ ਲਿਖਦੇ ਹਨ ਕਿ ਇਹ ਕਿਤਾਬ ਅਕਾਲੀਆਂ ਦਾ ਹੀ ਨਿੰਦਿਆ ਪਾਠ ਹੈ। ਵਾਰ ਵਾਰ ਪੜ੍ਹਨ 'ਤੇ ਵੀ ਕਿਤਾਬ ਵਿਚ ਅਕਾਲੀ ਤਾਂ ਕੀ, ਕਿਸੇ ਵੀ ਧਿਰ ਦੀ ਨਿੰਦਿਆ ਨਹੀਂ ਲੱਭਦੀ। ਹਾਂ ਜੇ ਅਕਾਲੀਆਂ ਦੀਆਂ ਕਰਨੀਆਂ ਅਤੇ ਸੱਚ ਦੇ ਜ਼ਿਕਰ ਨੂੰ ਇਹ ਨਿੰਦਿਆ ਸਮਝਦੇ ਹਨ ਤਾਂ ਇਨ੍ਹਾਂ ਦਾ ਨਜ਼ਰੀਆ ਇਨ੍ਹਾਂ ਨੂੰ ਮੁਬਾਰਕ। ਆਪਣੀ ਕਮਜ਼ੋਰੀ ਨੂੰ ਮਹਿਸੂਸ ਕਰ ਲੈਣਾ ਨਿੰਦਿਆ ਨਹੀਂ ਹੁੰਦੀ। ਸ. ਜਗਜੀਤ ਸਿੰਘ ਦੇ 'ਸਿੱਖ ਇਨਕਲਾਬ' ਤੋਂ ਬਾਅਦ ਜੇ ਕਿਸੇ ਲੇਖਕ ਨੇ ਮੇਰੀ ਮਾਨਸਿਕਤਾ ਨੂੰ ਝੰਜੋੜਿਆ ਹੈ ਤਾਂ ਅਜਮੇਰ ਸਿੰਘ ਹੀ ਅਜਿਹਾ ਲੇਖਕ ਹੈ ਜਿਸ ਨੇ ਸਿੱਖ ਧਰਮ ਨੂੰ ਨਿਰਾਲਾ ਪੰਥ ਅਤੇ ਸਿੱਖ ਇਕ ਵੱਖਰੀ ਕੌਮ ਦੇ ਸਿਧਾਂਤ ਆਧਾਰਤ ਨਿਰਪੱਖ, ਨਿਡਰ ਅਤੇ ਬਿਨਾ ਕਿਸੇ ਉਲਾਰ ਦੇ ਸਿੱਖ ਇਤਿਹਾਸ ਦਾ ਸਹੀ ਵਿਸ਼ਲੇਸ਼ਣ ਕੀਤਾ ਹੈ। ਅਕਾਲੀ ਅਗਰ ਇਸ ਕਸਵੱਟੀ 'ਤੇ ਜਿਥੇ ਜਿਥੇ ਪੂਰੇ ਨਹੀਂ ਉਤਰਦੇ, ਉਥੇ ਉਨ੍ਹਾਂ ਬਾਰੇ ਸੱਚ ਲਿਖਣਾ ਨਿੰਦਿਆ ਪਾਠ ਕਿਵੇਂ ਹੋ ਗਿਆ?

ਅਗਲੇ ਮੁੱਦੇ 'ਤੇ ਬਹਿਸ ਦਾ ਮੁੱਢ ਇਸ ਸੁਝਾਅ ਨਾਲ ਕੀਤਾ ਗਿਆ ਹੈ ਕਿ ਨਾ ਇਹ ਅੰਗਰੇਜ਼ ਗੁਲਾਮੀ ਸੀ ਅਤੇ ਨਾ ਹੀ ਹਿੰਦੂ ਦੀ ਗੁਲਾਮੀ, ਇਹ ਤਾਂ ਖਾੜਕੂਵਾਦ ਦੀ ਗੁਲਾਮੀ ਹੈ। ਅਜਿਹੇ ਬੁੱਧੀਜੀਵੀ ਅਤੇ ਚਿੰਤਕ ਦੇ ਸਦਕੇ ਜਾਈਏ! ਇਸ ਵਰਗ ਦੇ ਅਖੌਤੀ ਬੁੱਧੀਜੀਵੀਆਂ ਨੂੰ ਨਾ ਤਾਂ ਅੰਗਰੇਜ਼ਾਂ ਦਾ ਰਾਜ ਗੁਲਾਮੀ ਵਾਲਾ ਲੱਗਿਆ ਅਤੇ ਨਾ ਹੀ 1947 ਤੋਂ ਬਾਅਦ ਸਿੱਖ ਕੌਮ 'ਤੇ ਢਾਹੇ ਗਏ ਅੱਤਿਆਚਾਰ ਇਨ੍ਹਾਂ ਨੂੰ ਕਿਤੇ ਵੀ ਗੁਲਾਮੀ ਦਾ ਅਹਿਸਾਸ ਕਰਵਾ ਸਕੇ। ਸੰਸਾਰ ਜਾਣਦਾ ਹੈ ਕਿ ਇਹ ਕੋਈ ਲੋਕਾਂ ਦੀ ਆਜ਼ਾਦੀ ਨਹੀਂ ਸੀ ਬਲਕਿ ਗੋਰਿਆਂ ਅਤੇ ਭੂਰਿਆਂ ਵਿਚਾਲੇ ਇਕ ਟਰੇਡ ਸੀ। ਘੱਟ ਗਿਣਤੀ ਲੋਕਾਂ ਦੇ ਇਸ਼ਟ ਤਬਾਹ ਹੋ ਜਾਣੇ, ਉਨ੍ਹਾਂ ਤੇ ਸਰੀਰਕ, ਆਰਥਕ, ਬੌਧਿਕ ਹਮਲੇ ਹੋਣੇ ਗੁਲਾਮੀਆਂ ਦੇ ਸੰਗਲ ਹਨ ਜੋ ਟਿੱਪਣੀਕਾਰ ਨੂੰ ਬਿਲਕੁਲ ਵਿਖਾਈ ਨਹੀਂ ਦੇ ਰਹੇ। ਅਸਲੀਅਤ ਤਾਂ ਇਹ ਹੈ ਕਿ ਇਨ੍ਹਾਂ ਗੁਲਾਮੀਆਂ ਨੇ ਹੀ ਖਾੜਕੂਵਾਦ ਨੂੰ ਪੈਦਾ ਕੀਤਾ। ਖਾੜਕੂਵਾਦ ਹਮੇਸ਼ਾ ਹੀ ਹਨੇਰਗਰਦੀ ਦੇ ਖਿਲਾਫ ਜੂਝਦਾ ਹੈ ਅਤੇ ਉਸੇ ਬੇ-ਇਨਸਾਫੀ ਵਿਚੋਂ ਪੈਦਾ ਹੁੰਦਾ ਹੈ।

ਉਸ ਤੋਂ ਅਗਲੀ ਸੱਦ ਵਿਚ ਹੋਕਾ ਹੈ ਕਿ ਵਿਚਾਰੇ ਅਕਾਲੀਆਂ ਨੂੰ ਖਾੜਕੂਵਾਦ ਲਈ ਵਰਤਿਆ ਜਾ ਰਿਹਾ ਹੈ, ਆਓ ਇਨ੍ਹਾਂ ਨੂੰ ਛੁਡਾਈਏ! ਪ੍ਰੋ. ਸਾਹਿਬ, ਘਰ ਬਾਰ ਛੱਡ ਕੇ ਸੀਸ ਤਲੀ 'ਤੇ ਧਰ ਲੈਣਾ ਕਿਸੇ ਦਾ ਸ਼ੌਕ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਖਾਸ ਸੰਸਥਾ ਵਲੋਂ ਖਾੜਕੂਵਾਦ ਪੈਦਾ ਹੁੰਦਾ ਹੈ। ਇਹ ਉਹ ਮਜਬੂਰੀ ਹੈ ਜੋ ਸਮੇਂ ਦੇ ਅਤਿਆਚਾਰਾਂ ਵਿਚੋਂ ਪੈਦਾ ਹੁੰਦੀ ਹੈ ਅਤੇ ਉਹ ਸੁੱਤੇ ਸਿੱਧ ਸਹਿਜ ਭਾ ਵਿਚੋਂ ਹੀ ਉਪਜਦੀ ਹੈ। ਜਿਸ ਗੁਲਾਮ ਬਿਰਤੀ ਵਾਲੇ ਮਨੁੱਖ ਵਿਚ ਆਜ਼ਾਦ ਹਸਤੀ ਦੀ ਅੰਗੜਾਈ ਪੈਦਾ ਹੀ ਨਹੀਂ ਹੁੰਦੀ, ਉਸ ਮੁਰਦਾ ਮਨੁੱਖ ਨੂੰ ਖਾੜਕੂਵਾਦ ਦੇ ਹੱਕ ਵਿਚ ਭੁਗਤਾ ਕਿਵੇਂ ਸਕੋਗੇ? ਖਾੜਕੂ ਨੂੰ ਜਾਗਦੀ ਸੋਚ ਵਾਲਾ ਮਨੁੱਖ ਹੀ ਗਲਵਕੜੀ ਪਾਊ ਨਾ ਕਿ ਤੁਹਾਡਾ ਸਿਰਜਿਆ ਹੋਇਆ ਅਖੌਤੀ ਅਕਾਲੀ। ਜੇ 67 ਸਾਲ ਦੀ ਕਾਲੀ ਬੋਲੀ ਹਨੇਰੀ ਰਾਤ ਵਿਚੋਂ ਵੀ ਅਕਾਲੀ ਜ਼ੁਲਮ ਨਾਲ ਰਹਿਣਾ, ਇਕ ਮਿੱਕ ਹੋਣਾ ਸਿੱਖ ਗਏ ਹਨ ਤਾਂ ਜ਼ਰੂਰ ਹੀ ਖਾੜਕੂਆਂ ਅਤੇ ਅਕਾਲੀਆਂ ਵਿਚ ਵੱਡਾ ਪਾੜ ਦਿਸੇਗਾ। ਅਜਮੇਰ ਸਿੰਘ ਵਰਗਾ ਲੇਖਕ ਤਾਂ ਕੀ ਹਰ ਸਾਧਾਰਣ ਆਦਮੀ ਵੀ ਜੁਝਾਰੂਆਂ ਨਾਲੋਂ ਇਨ੍ਹਾਂ ਨੂੰ ਅੱਡ ਕਰ ਕੇ ਵੇਖੇਗਾ। ਟਿੱਪਣੀਕਾਰ ਦਾ ਇਤਰਾਜ਼ ਹੈ ਕਿ ਖਾੜਕੂਆਂ ਨੇ ਅਕਾਲੀਆਂ ਨੂੰ ਆਪਣੇ ਹੱਕ ਵਿਚ ਭੁਗਤਾਇਆ। ਤਾਂ ਕੀ ਲੋਹੜਾ ਵੱਜ ਗਿਆ ਜੇ ਇਹ ਖਾੜਕੂਵਾਦ ਦੇ ਪੱਖ ਵਿਚ ਭੁਗਤ ਗਏ। ਇਤਿਹਾਸ ਵਿਚ ਨਜ਼ਰ ਮਾਰ ਲਓ, ਅੱਜ ਵੀ ਇਹ ਭੁਗਤਦੇ ਤਾਂ ਹਨ ਪਰ ਹੁਕਮਰਾਨਾਂ ਦੇ ਹੱਕ ਵਿਚ, ਵਰਨਾ ਪੰਜਾਬ ਦੀ ਖਾਸ ਕਰਕੇ ਸਿੱਖਾਂ ਦੀ ਅਤੇ ਘੱਟ ਗਿਣਤੀਆਂ ਦੀ ਇਹ ਦੁਰਦਸ਼ਾ ਨਾ ਹੁੰਦੀ।

ਅਗਲੀ ਟਿੱਪਣੀ ਇਹ ਹੈ ਕਿ ਅਜਮੇਰ ਸਿੰਘ ਆਪਣੀ ਕਿਤਾਬ ਵਿਚ ਸਿੱਖੀ ਨੂੰ ਪੂਰੀ ਤਰ੍ਹਾਂ ਗ੍ਰਹਿਣ ਲਾ ਰਿਹਾ ਹੈ।

ਇਥੇ ਇਹ ਲਿਖਣਾ ਤਾਂ ਵਾਜਬ ਬਣਦਾ ਸੀ ਕਿ ਅਜਮੇਰ ਸਿੰਘ ਅਕਾਲੀਆਂ ਨੂੰ ਗ੍ਰਹਿਣ ਲਾ ਰਿਹਾ ਹੈ, ਉਲਟਾ ਸਿੱਖੀ ਲਈ ਤਾਂ ਉਸ ਨੇ ਸਭ ਨੂੰ ਜਾਗਰੂਕ ਕੀਤਾ ਹੈ। ਅੱਜ ਸਿੱਖੀ ਦੇ ਪ੍ਰਤੀਨਿਧ ਹੋ ਕੇ ਅਖੌਤੀ ਅਕਾਲੀਆਂ ਨੇ ਖਾਲਸਾ ਦੀ ਪਰਿਭਾਸ਼ਾ ਬਦਲ ਕੇ ਰਾਸ਼ਟਰੀ ਸਿੱਖ ਸੰਗਤ ਮੰਨ ਲਿਆ ਹੈ। ਸਾਡੇ ਪਵਿੱਤਰ ਗ੍ਰੰਥਾਂ ਦੇ ਬਰਾਬਰ ਨਿੱਤ ਨਵੇਂ ਲੱਚਰ ਗ੍ਰੰਥਾਂ (ਹਿੰਦੂਤਵੀਆਂ ਵਲੋਂ) ਨੂੰ ਪ੍ਰਵਾਨ ਕਰ ਲਿਆ ਹੈ। ਖਾਲਸੇ ਦੇ ਨਾਨਕਸ਼ਾਹੀ ਕੈਲੰਡਰ ਵਿਚ ਇਨ੍ਹਾਂ ਦੇ ਭਿਆਲੀ, ਸ਼ੰਕਰਾਚਾਰੀਆ ਅਤੇ ਸੰਤ ਸਮਾਜ ਵਲੋਂ ਅਖੌਤੀ ਸੋਧ ਕਰਵਾ ਕੇ ਲਵ-ਕੁਸ਼-ਚੰਦਰਮਾ ਕੈਲੰਡਰ ਸਿੱਖ ਕੌਮ ਦੀ ਝੋਲੀ ਵਿਚ ਪ੍ਰਵਾਨ ਕਰ ਲਿਆ ਹੈ। ਟਿੱਪਣੀਕਾਰ ਨੂੰ ਗ੍ਰਹਿਣ ਦੇ ਅਰਥ ਜਾਂ ਤਾਂ ਪਤਾ ਹੀ ਨਹੀਂ ਜਾਂ ਫਿਰ ਇਸ ਵਰਤਾਰੇ ਨੂੰ ਉਹ ਜਾਗੋ ਸਮਝਦਾ ਹੈ। ਅਸਲ ਵਿਚ ਅਜਮੇਰ ਸਿੰਘ ਨੇ ਥਾਂ ਥਾਂ ਸਾਨੂੰ ਜਾਗਰੂਕ ਕੀਤਾ ਹੈ। ਅਗਰ ਸਿੱਖੀ ਨੂੰ ਗ੍ਰਹਿਣ ਲਾਇਆ ਹੈ ਤਾਂ ਅਕਾਲੀਆਂ ਦੀ ਲੀਡਰਸ਼ਿਪ ਅਤੇ ਉਨ੍ਹਾਂ ਦੇ ਖਰੀਦੇ ਬੁਧੀਜੀਵੀਆਂ ਨੇ।

ਅਗਲੀ ਟਿੱਪਣੀ ਬੜੀ ਤਰਸਯੋਗ ਹੈ ਕਿ ਅਜਮੇਰ ਸਿੰਘ ਨੇ ਅਕਾਲੀਆਂ ਦੀ ਹਾਲਤ ਨਿੰਦਣਯੋਗ ਅਤੇ ਹਾਸੋਹੀਣੀ ਬਣਾ ਦਿੱਤੀ ਹੈ। ਕੋਈ ਕਿਸੇ ਨੂੰ ਨਿੰਦ ਕੇ ਲੇਖਕ ਨਹੀਂ ਬਣ ਜਾਂਦਾ। ਲੇਖਕ ਦਾ ਕੰਮ ਹੁੰਦਾ ਹੈ ਉਸਾਰੂ ਵਿਚਾਰ ਪੈਦਾ ਕਰਨੇ। ਪਰ ਦੁਨੀਆਂ ਦੀ ਬਣਤਰ ਹੀ ਦੋ ਭਾਂਤੀ ਮਨੁੱਖਾਂ ਨਾਲ ਪੂਰੀ ਹੁੰਦੀ ਹੈ। ਇਕ ਆਦਮੀ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਸੋਹਲੇ ਗਾ ਕੇ ਉਚੀਆਂ ਪਦਵੀਆਂ ਅਤੇ ਡਿਗਰੀਆਂ ਲੈ ਕੇ ਸੁੱਖ ਮਾਣਦਾ ਹੈ ਅਤੇ ਉਨ੍ਹਾਂ ਦੀ ਹਰ ਥਾਂ ਤੇ ਵਕਾਲਤ ਕਰਦਾ ਹੈ। ਦੂਸਰੀ ਕਿਸਮ ਦਾ ਆਦਮੀ ਸੱਚ ਦੀ ਖੋਜ ਵਿਚ ਵਿਚਰਦਾ ਹੈ। ਫਿਰ ਵੀ ਅਕਾਲੀਆਂ ਨਾਲ ਤਾਂ ਅਜਮੇਰ ਸਿੰਘ ਦੀ ਦੁਸ਼ਮਣੀ ਕਿਤੇ ਨਜ਼ਰ ਨਹੀਂ ਆਈ। ਪਰ ਟਿੱਪਣੀਕਾਰ ਦੀ ਅਕਾਲੀਆਂ ਪ੍ਰਤੀ ਚਿੰਤਾ ਜ਼ਰੂਰ ਸੁਆਲੀਆ ਪ੍ਰਸ਼ਨ ਖੜ੍ਹੇ ਕਰ ਰਹੀ ਹੈ। ਮਾਸਟਰ ਤਾਰਾ ਸਿੰਘ ਦੀ ਸਿੱਖ ਹੋਮਲੈਂਡ ਦੀ ਮੰਗ ਨੂੰ ਅਕਾਲੀ ਸਾਧ ਮੰਡਲੀ ਵਲੋਂ ਪੰਜਾਬੀ ਸੂਬੇ ਦੀ ਮੰਗ ਵਿਚ ਸੁੰਗੇੜਨਾ, ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ, ਡੈਮਾਂ ਆਦਿ ਲਈ ਮਰਨ ਵਰਤ ਰੱਖ ਕੇ ਅੱਗ ਨਾਲ ਜਲ ਕੇ ਮਰਨ ਤੋਂ ਭੱਜ ਕੇ ਅਰਦਾਸ ਕਲੰਕਿਤ ਕਰਨੀ, ਕਪੂਰੀ ਦਾ ਮੋਰਚਾ ਲਾ ਕੇ ਬਾਅਦ ਵਿਚ ਆਗੂਆਂ ਨੇ ਮੋਟੀਆਂ ਰਕਮਾਂ ਲੈ ਕੇ ਨਹਿਰ ਕਢਵਾਉਣੀ ਅਤੇ ਜੁਆਨੀ ਦਾ ਘਾਣ ਕਰਾਉਣਾ, ਅਨੰਦਪੁਰ ਦੇ ਮਤੇ ਤੋਂ ਰਿੜ੍ਹਦੇ ਰਿੜ੍ਹਦੇ ਆਟਾ-ਦਾਲ ਦੀ ਭੀਖ ਮੰਗਣੀ, ਇਹ ਕਾਰਨਾਮੇ ਆਪਣੇ ਆਪ ਹੀ ਅਕਾਲੀਆਂ ਦੀ ਪੁਜੀਸ਼ਨ ਨੂੰ ਨਿੰਦਣਯੋਗ ਅਤੇ ਹਾਸੋ-ਹੀਣੀ ਬਣਾ ਰਹੇ ਹਨ। ਨਾਲੇ ਅਜਮੇਰ ਸਿੰਘ ਕੋਲ ਕਿਹੜੀ ਅਜਿਹੀ ਤਾਕਤ ਹੈ ਕਿ ਚੰਗੇ ਭਲੇ ਮਨੁੱਖ ਦੀ ਹਾਲਤ ਉਹ ਹਾਸੋ-ਹੀਣੀ ਬਣਾ ਦੇਵੇ। ਟਿੱਪਣੀਕਾਰ ਨੂੰ ਇਹ ਤੌਖਲਾ ਵੀ ਵੱਢ ਵੱਢ ਖਾਂਦਾ ਹੈ ਕਿ ਅਜਮੇਰ ਸਿੰਘ ਖਾੜਕੂਆਂ ਲਈ ਪਿੜ ਪੈਦਾ ਕਰ ਰਿਹਾ ਹੈ। ਕੀ ਅਕਾਲੀਆਂ ਦੀਆਂ ਕਰਤੂਤਾਂ ਪਿੜ ਪੈਦਾ ਕਰ ਰਹੀਆਂ ਹਨ ਕਿ ਅਜਮੇਰ ਸਿੰਘ ਪੈਦਾ ਕਰ ਰਿਹਾ ਹੈ?

ਆਖਰੀ ਟਿੱਪਣੀ 'ਚ ਇਤਰਾਜ਼ ਹੈ ਕਿ ਅਜਮੇਰ ਸਿੰਘ ਨੇ ਮੁਸਲਿਮ ਸਿਆਸਤ ਨਾਲ ਮੋਹ ਜਤਾ ਕੇ ਹਿੰਦੂਆਂ ਪ੍ਰਤੀ ਨਫ਼ਰਤ ਵਿਖਾਈ ਹੈ। ਮੈਂ ਅਜਮੇਰ ਸਿੰਘ ਦੀਆਂ ਤਿੰਨੇ ਕਿਤਾਬਾਂ ਹੀ ਵਾਰ ਵਾਰ ਪੜ੍ਹੀਆਂ ਹਨ। ਅਸਲ ਹਾਲਤਾਂ ਤੋਂ ਉਲਟ ਕਿਸੇ ਥਾਂ ਵੀ ਮੈਨੂੰ ਕਿਸੇ ਖਾਸ ਵਰਗ ਜਾਂ ਜਾਤ ਨਾਲ ਮੋਹ ਅਤੇ ਕਿਸੇ ਦੂਜੇ ਨਾਲ ਨਫ਼ਰਤ ਦਾ ਅੰਸ਼ ਵੀ ਨਜ਼ਰ ਨਹੀਂ ਆਇਆ। ਪਰ ਟਿੱਪਣੀਕਾਰ ਨੇ ਪਿੱਟ-ਪਟਊਆ ਕਰਨ ਦਾ ਆਪਣਾ ਸਾਰਾ ਜ਼ੋਰ ਲਾ ਦਿੱਤਾ ਹੈ। ਜਿਵੇਂ ਪਿੰਡਾਂ ਵਿਚ ਆਪਾਂ ਝਗੜਾਲੂ ਕਿਸਮ ਦੇ ਕਿਸੇ ਕਿਸੇ ਬੰਦੇ ਨੂੰ ਰਾਈ ਦਾ ਪਹਾੜ ਇਨ੍ਹਾਂ ਸ਼ਬਦਾਂ ਨਾਲ ਬਣਾਉਂਦੇ ਵੇਖਦੇ ਹਾਂ, 'ਮਾਰਤਾ ਓਏ ਪਿੰਡਾ, ਬਹੁੜੀ ਬਚਾਉ ਓਏ'। ਜਦ ਲੋਕ ਇਕੱਠੇ ਹੁੰਦੇ ਹਨ ਤਾਂ ਉਹ ਆਦਮੀ ਕਿਸੇ ਅਣਦੇਖੇ ਪਰ ਮਨ ਵਿਚ ਸਿਰਜੇ ਕਿਸੇ ਡਰ ਦੀ ਗੱਲ ਦੱਸ ਕੇ ਪੱਲਾ ਝਾੜ ਦਿੰਦਾ ਹੈ। ਐਥੇ ਬੱਸ ਕਰਦਾ ਹਾਂ ਬਾਕੀ ਸਭ ਲੋਕ ਸੱਥ 'ਤੇ ਛੱਡ ਦਿੱਤਾ।

***ਅਡਮੰਟਨ (ਕੈਨੇਡਾ)***

# ਡਾ. ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ?

ਬਣਾਉਣ ਦੀ ਕੁਤੀ ਮਨਸ਼ਾ ਦੀ ਚੁਗਲੀ ਕਰਦਾ ਹੈ। ਇਹ ਸੁਅੱਸਥ ਵਿਦਵਤਾ ਦਾ ਨਹੀਂ, ਬੀਮਾਰ ਮਾਨਸਿਕਤਾ ਦਾ ਲੱਛਣ ਹੈ।

ਮਿਸਾਲ ਵਜੋਂ ਅਜਮੇਰ ਸਿੰਘ ਨੇ ਆਪਣੀ ਕਿਤਾਬ ਵਿਚ ਜਥੇਦਾਰ ਟੌਹੜਾ ਵੱਲੋਂ ਕੁੱਝ ਅਹਿਮ ਮੌਕਿਆਂ ਉਤੇ ਨਿਭਾਏ ਗਏ ਬਹੁਤ ਹੀ ਅਹਿਮ ਤੇ ਹਾਂ-ਪੱਖੀ ਰਾਜਨੀਤਕ ਰੋਲ ਦੇ ਤੱਥ ਨੂੰ ਨਿਝੱਕ ਕਬੂਲ ਕੀਤਾ ਹੈ ਅਤੇ ਇਸ ਦੀ ਪੁਸ਼ਟੀ ਲਈ, ਜਥੇਦਾਰ ਟੌਹੜਾ ਨਾਲ ਕੀਤੀਆਂ ਆਪਣੀਆਂ ਕੁੱਝ ਨਿੱਜੀ ਮੁਲਾਕਾਤਾਂ ਦੇ ਹਵਾਲੇ ਦਿਤੇ ਹਨ। ਇਹ ਕਹਿਣਾ ਕਿ 'ਇਨ੍ਹਾਂ ਮੁਲਾਕਾਤਾਂ ਦਾ ਰਿਕਾਰਡ ਕੇਵਲ ਲੇਖਕ ਕੋਲ ਹੀ ਹੈ', ਲੇਖਕ ਦੀ ਈਮਾਨਦਾਰੀ ਬਾਰੇ ਸ਼ੱਕ ਖੜ੍ਹੇ ਕਰਨ ਦਾ ਯਤਨ ਹੈ। ਜਿਵੇਂ ਕਿਤੇ ਅਜਮੇਰ ਸਿੰਘ ਨੇ ਇਹ ਗੱਲਾਂ ਆਪਣੇ ਕੋਲੋਂ ਹੀ ਜੋੜ ਲਈਆਂ ਹੋਣ! ਕੋਈ ਆਮ ਵਿਅਕਤੀ, ਜਿਹੜਾ ਖੋਜ ਦੀ ਵਿਧੀ ਤੋਂ ਕੋਰਾ ਅਨਜਾਣ ਹੋਵੇ, ਉਹ ਅਜਿਹੀ ਗੱਲ ਕਹਿੰਦਾ ਜਾਂ ਲਿਖਦਾ ਤਾਂ ਬਹੁਤੀ ਹੈਰਾਨੀ ਨਹੀਂ ਹੋਣੀ ਸੀ ਪਰ ਉਨ੍ਹਾਂ ਵਰਗਾ ਹੰਢਿਆ ਵਰਤਿਆ ਵਿਦਵਾਨ, ਜਿਸ ਕੋਲ ਖੋਜ ਕਾਰਜ ਦਾ ਭਰਪੂਰ ਤਜਰਬਾ ਹੈ, ਜਦੋਂ ਅਜਿਹੀ ਗੱਲ ਕਹਿੰਦਾ ਹੈ ਤਾਂ ਇਸ ਨੂੰ ਨਿਰਾ ਅਗਿਆਨ ਕਹਿਣਾ ਔਖਾ ਹੈ ਕਿਉਂਕਿ ਉਹ ਇਸ ਤੱਥ ਤੋਂ ਅਨਜਾਣ ਨਹੀਂ ਹੋ ਸਕਦੇ ਕਿ ਸਮਕਾਲੀ ਵਰਤਾਰਿਆਂ ਦੇ ਖੋਜ-ਕਾਰਜ ਵਿਚ ਨਿੱਜੀ ਮੁਲਾਕਾਤਾਂ ਦੀ ਭੂਮਿਕਾ ਬੇਹੱਦ ਬਲਕਿ ਸਭ ਨਾਲੋਂ ਅਹਿਮ ਮੰਨੀ ਜਾਂਦੀ ਹੈ। ਇਹ ਗੱਲ ਤਾਂ ਕਿਤੇ ਨਹੀਂ ਪੜ੍ਹੀ/ਸੁਣੀ ਕਿ ਖੋਜ ਦਾ ਸਦਾਚਾਰ ਖੋਜ-ਕਰਤਾ ਉਤੇ ਆਪਣੀਆਂ ਨਿਜੀ ਮੁਲਾਕਾਤਾਂ ਦੇ ਰਿਕਾਰਡ ਨੂੰ ਜਨਤਕ ਤੌਰ 'ਤੇ ਨਸ਼ਰ ਕਰਨ ਦੀ ਜ਼ਰੂਰੀ ਸ਼ਰਤ ਮੜ੍ਹਦਾ ਹੈ। ਇਹ ਖੋਜ ਕਰਨ ਵਾਲੇ ਦੀ ਆਪਣੀ ਮਰਜ਼ੀ ਹੈ ਕਿ ਉਹ ਮੁਲਾਕਾਤਾਂ ਦੇ ਕਿੰਨੇ ਹਿੱਸੇ ਨੂੰ ਨਸ਼ਰ ਕਰਨਾ ਚਾਹੁੰਦਾ ਹੈ। ਇਹ ਸਭ ਕੁੱਝ ਜਾਣਦੇ ਹੋਏ ਵੀ ਉਨ੍ਹਾਂ ਵੱਲੋਂ ਇਕ ਸੰਜੀਦਾ ਪ੍ਰਸੰਗ ਅੰਦਰ ਅਜਿਹੀ ਗੱਲ ਕਹਿਣੀ ਤੇ ਲਿਖੀ ਜਾਣੀ, ਅਜਮੇਰ ਸਿੰਘ ਬਾਰੇ ਬਦਗੁਮਾਨੀ ਦਾ ਕਰੂਪ ਇਜ਼ਹਾਰ ਹੀ ਹੈ। ਇਸ ਦੀ ਪੁਸ਼ਟੀ ਠੋਸ ਤੱਥਾਂ ਤੋਂ ਵੀ ਹੁੰਦੀ ਹੈ।

ਅਜਮੇਰ ਸਿੰਘ ਨੇ ਆਪਣੀ ਕਿਤਾਬ ਵਿਚ ਜਥੇਦਾਰ ਟੌਹੜਾ ਨਾਲ ਹੋਈਆਂ ਨਿੱਜੀ ਮੁਲਾਕਾਤਾਂ ਦਾ ਹਵਾਲਾ ਕੁੱਲ ਚਾਰ ਥਾਵਾਂ 'ਤੇ ਦਿੱਤਾ ਹੈ। ਇਸ ਤੋਂ ਛੇਤੀ ਹੀ ਬਾਅਦ ਜਥੇਦਾਰ ਟੌਹੜਾ ਦੇ ਕਾਲ ਵੱਸ ਹੋ ਜਾਣ ਉਪਰੰਤ, ਉਨ੍ਹਾਂ ਵੀ ਉਸ ਦੇ ਜੀਵਨ ਬਾਰੇ ਇਕ ਮੋਟੀ-ਤਕੜੀ ਕਿਤਾਬ ਲਿਖੀ ਹੈ, ਜਿਸ ਵਿਚ ਉਨ੍ਹਾਂ ਅਜਮੇਰ ਸਿੰਘ ਵੱਲੋਂ ਜਥੇਦਾਰ ਟੌਹੜਾ ਬਾਰੇ ਦਿਤੇ ਤਿੰਨ ਹਵਾਲੇ ਤਾਂ ਖੁਦ (ਸਫ਼ਾ ਨੰਬਰ 193, 197 ਤੇ 199 ਉਤੇ) ਦੁਹਰਾਏ ਹਨ। ਇਸ ਤਰ੍ਹਾਂ ਸਿਰਫ ਇਕ ਹਵਾਲਾ ਹੀ ਅਜਿਹਾ ਬਚਦਾ ਹੈ, ਜਿਸ ਬਾਰੇ ਅਜਮੇਰ ਸਿੰਘ ਉਤੇ ਝੂਠ ਬੋਲਣ ਦਾ ਸ਼ੱਕ ਕੀਤਾ ਜਾ ਸਕਦਾ ਹੈ। ਉਹ ਹਵਾਲਾ ਹੈ ਜਥੇਦਾਰ ਟੌਹੜਾ ਦੇ ਦੱਸਣ ਮੁਤਾਬਿਕ 1978 ਵਿਚ ਨਿਰੰਕਾਰੀਆਂ ਦੇ ਖਿਲਾਫ਼ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਇਤਿਹਾਸਕ ਹੁਕਮਨਾਮੇ ਦੀ ਇਬਾਰਤ ਸਿਰਦਾਰ ਕਪੂਰ ਸਿੰਘ ਨੇ ਲਿਖੀ ਸੀ! ਇਸ ਤੱਥ ਬਾਰੇ ਅੱਜ ਤਕ ਕਿਸੇ ਨੇ ਵੀ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। ਮੈਨੂੰ ਸੌ ਫੀ ਸਦੀ ਯਕੀਨ ਹੈ ਕਿ ਇਸ ਬਾਰੇ ਡਾ. ਬਲਕਾਰ ਸਿੰਘ ਨੂੰ ਵੀ ਕੋਈ ਸ਼ੱਕ ਨਹੀਂ ਹੈ। ਨਾਲੇ ਆਪਣੀ ਕਿਤਾਬ ਵਿਚ ਉਨ੍ਹਾਂ ਆਪ ਹੀ ਇਹ ਗੱਲ ਲਿਖੀ ਹੈ ਕਿ 'ਅਕਾਲੀ ਸਿਆਸਤ ਬਾਰੇ ਅਜਮੇਰ ਸਿੰਘ ਦੀ ਕਿਤਾਬ ਨੂੰ ਸਿੱਖਾਂ ਵੱਲੋਂ ਕਾਫੀ ਹੁੰਗਾਰਾ ਮਿਲਿਆ ਹੈ। ਇਥੋਂ ਤਕ ਕਿ ਟੌਹੜਾ ਸਾਹਿਬ ਵੀ ਇਸ ਦੇ ਪ੍ਰਸ਼ੰਸਕ ਸਨ।' (ਸਫ਼ਾ 244) ਭਲਾ ਜੇ ਅਜਮੇਰ ਸਿੰਘ ਨੇ ਜਥੇਦਾਰ ਟੌਹੜਾ ਦੀ ਕਹੀ ਕਿਸੇ ਗੱਲ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੁੰਦਾ ਤਾਂ ਫਿਰ ਉਹ ਇਸ ਕਿਤਾਬ ਦੇ ਪ੍ਰਸ਼ੰਸਕ ਕਿਵੇਂ ਹੋ ਸਕਦੇ ਸਨ? ਉਨ੍ਹਾਂ ਦੇ ਹਿਸਾਬ ਮੁਤਾਬਕ ਜਥੇਦਾਰ ਟੌਹੜਾ ਜਾਂ ਤਾਂ ਏਨੇ ਹੀ ਘੋਗਲ-ਕੰਨੇ ਸਨ ਕਿ ਅਜਮੇਰ ਸਿੰਘ ਦੀ ਜਿਸ 'ਹੇਰਾ-ਫੇਰੀ' ਨੂੰ ਡਾ. ਬਲਕਾਰ ਸਿੰਘ ਨੇ ਪਛਾਣ ਲਿਆ, ਉਨ੍ਹਾਂ ਕੋਲੋਂ ਉਹ ਪਛਾਣੀ ਹੀ ਨਾ ਗਈ ਹੋਵੇ। ਜਾਂ ਫਿਰ ਉਨ੍ਹਾਂ ਨੇ ਅਜਮੇਰ ਸਿੰਘ ਦੀ ਕਿਤਾਬ ਦੀ ਝੂਠੀ ਹੀ ਪ੍ਰਸ਼ੰਸਾ ਕਰ ਦਿਤੀ ਹੋਵੇ। ਜੇ ਇਹ ਗੱਲ ਹੈ ਫਿਰ ਉਹ ਉਨ੍ਹਾਂ ਮੁਤਾਬਕ 'ਸਿੱਖਾਂ ਦੇ ਸਿਆਸੀ ਰਿਸ਼ੀ', 'ਅਦਲੀ ਬਾਦਸ਼ਾਹ' ਤੇ 'ਸਮਾਂਦਰੂ ਦਾਨਸ਼ਵਰ' ਕਿਵੇਂ ਹੋਏ? ਹੁਣ ਦੱਸੋ ਕਿ ਪਾਠਕਾਂ ਦੇ ਮਨਾਂ ਵਿਚ ਅਜਮੇਰ ਸਿੰਘ ਦੀ ਈਮਾਨਦਾਰੀ ਬਾਰੇ ਖਾਹ-ਮ-ਖਾਹ ਸ਼ੱਕ ਖੜ੍ਹਾ ਕਰਨ ਦੇ ਯਤਨਾਂ ਨੂੰ ਬਦਗੁਮਾਨੀ ਤੇ ਗਿਣੀ ਮਿਥੀ ਬਦਦਿਆਨਤਦਾਰੀ ਤੋਂ ਸਿਵਾਇ ਹੋਰ ਕੀ ਸਮਝਿਆ ਜਾਵੇ?

ਉਨ੍ਹਾਂ ਅਜਮੇਰ ਸਿੰਘ ਉਤੇ ਇਸੇ ਹੀ ਵੰਨਗੀ ਦਾ ਦੂਜਾ ਦੋਸ਼ ਇਹ ਲਾਇਆ ਹੈ ਕਿ ਉਸ ਨੇ 'ਮਰਜ਼ੀ ਨਾਲ ਆਪਣੇ ਥੀਸਸ ਨੂੰ ਜਬਰਦਸਤੀ ਸਹੀ ਸਿੱਧ ਕਰਨ ਲਈ ਖੁਸ਼ਵੰਤ ਸਿੰਘ ਵਰਗੇ ਕੱਟੜ ਵਿਰੋਧੀਆਂ ਦੀਆਂ ਟੂਕਾਂ ਨੂੰ ਵੀ ਸੰਦਰਭ ਵਿਚੋਂ ਬਾਹਰ ਕੱਢ ਕੇ ਆਪਣੇ ਹੱਕ ਵਿਚ ਭੁਗਾਇਆ ਹੈ।' ਕਿਸੇ ਦੀ ਟੂਕ ਨੂੰ ਸੰਦਰਭ ਵਿਚੋਂ ਬਾਹਰ ਕੱਢ ਕੇ ਆਪਣੇ ਹੱਕ ਵਿਚ ਭੁਗਤਾਉਣਾ ਸੱਚਮੁੱਚ ਹੀ ਬੌਧਿਕ ਬਦਦਿਆਨਤਦਾਰੀ ਹੈ। ਅਜਮੇਰ ਸਿੰਘ ਉਤੇ ਅਜਿਹਾ ਸੰਗੀਨ ਦੋਸ਼ ਲਾਉਣ ਵੇਲੇ ਇਹ ਬੌਧਿਕ ਤੇ ਨਾਲ ਹੀ ਨੈਤਿਕ ਫਰਜ਼ ਬਣਦਾ ਸੀ ਕਿ ਆਮ ਬਿਆਨ ਦੇਣ ਦੀ ਬਜਾਇ ਠੋਸ ਰੂਪ ਵਿਚ ਗੱਲ ਕੀਤੀ ਜਾਂਦੀ, ਅਰਥਾਤ ਪਾਠਕਾਂ ਨੂੰ ਇਹ ਦੱਸਿਆ ਜਾਂਦਾ ਕਿ ਅਜਮੇਰ ਸਿੰਘ ਨੇ ਖੁਸ਼ਵੰਤ ਸਿੰਘ ਦੀ ਫਲਾਣੀ ਟੂਕ ਨੂੰ ਕਿਵੇਂ ਸੰਦਰਭ ਵਿਚੋਂ ਬਾਹਰ ਕੱਢ ਕੇ ਉਸ ਨੂੰ ਗਲਤ ਅਰਥਾਂ ਵਿਚ ਇਸਤੇਮਾਲ ਕੀਤਾ ਹੈ। ਪਰ ਡਾ. ਬਲਕਾਰ ਸਿੰਘ ਦੀ ਲਿਖਤ 'ਚੋਂ ਇਹ ਕੱਖ ਪਤਾ ਨਹੀਂ ਚਲਦਾ ਕਿ ਅਜਮੇਰ ਸਿੰਘ ਨੇ ਖੁਸ਼ਵੰਤ ਸਿੰਘ ਦੀ ਟੂਕ ਦਾ ਕਿਵੇਂ ਗਲਤ ਇਸਤੇਮਾਲ ਕੀਤਾ ਹੈ। ਸ. ਖੁਸ਼ਵੰਤ ਸਿੰਘ ਖਾੜਕੂ ਰਾਜਨੀਤੀ ਦਾ ਕੱਟੜ ਵਿਰੋਧੀ ਹੋਣ ਦੇ ਬਾਵਜੂਦ ਇਕ ਕਾਬਲ ਵਿਦਵਾਨ ਹੈ। ਕਈ ਵਾਰ ਉਹ ਬਾਹਰਮੁਖੀ ਹਕੀਕਤ ਦਾ ਵਿਸ਼ਲੇਸ਼ਣ ਆਪਣੇ ਅੰਤਰਮੁਖੀ ਵਿਚਾਰਾਂ ਤੋਂ ਸੁਤੰਤਰ ਹੋ ਕੇ ਕਰਦਾ ਹੈ। ਅਸਲੀ ਵਿਦਵਾਨ ਦਾ ਇਹ ਜ਼ਰੂਰੀ ਲੱਛਣ ਹੁੰਦਾ ਹੈ। ਇਸ ਕਰਕੇ ਅਜਿਹੇ ਵਿਦਵਾਨਾਂ ਦੀਆਂ ਸੁਤੰਤਰ ਮਾਹੌਲ ਵਿਚ ਪੇਸ਼ ਕੀਤੀਆਂ ਰਾਵਾਂ ਕਈ ਵਾਰ ਹਕੀਕਤ ਨੂੰ ਸਮਝਣ ਲਈ ਬੇਹੱਦ ਲਾਹੇਵੰਦੀਆਂ ਹੁੰਦੀਆਂ ਹਨ। ਸਿਰਫ ਉਹੀ ਵਿਦਵਾਨ ਇਸ ਗੱਲ ਦੀ ਮਹੱਤਤਾ ਨੂੰ ਪਛਾਣ ਸਕਦਾ ਹੈ ਜਿਸਦੀ ਹਾਲਤਾਂ ਦਾ ਹਕੀਕੀ ਵਿਸ਼ਲੇਸ਼ਣ ਕਰਨ ਵਿਚ ਰੁਚੀ ਹੁੰਦੀ ਹੈ। ਡਾ. ਬਲਕਾਰ ਸਿੰਘ ਇਸ ਅਹਿਸਾਸ ਤੋਂ ਸੱਖਣੇ ਪ੍ਰਤੀਤ ਹੁੰਦੇ ਹਨ। ਕੋਈ ਵਿਦਵਾਨ ਸਿਰਫ ਵਿਰੋਧੀ ਹੋਣ ਕਰਕੇ ਹੀ ਅਛੂਤ ਨਹੀਂ ਬਣ ਜਾਂਦਾ।

ਇਨ੍ਹਾਂ ਬਦਗੁਮਾਨੀਆਂ ਕਰਕੇ ਹੀ ਉਨ੍ਹਾਂ ਕੋਲੋਂ ਅਜਮੇਰ ਸਿੰਘ ਵਲੋਂ ਅਕਾਲੀ ਆਗੂਆਂ ਦੇ ਵਿਸ਼ਲੇਸ਼ਣ ਦੇ ਮਾਮਲੇ ਵਿਚ ਪ੍ਰਚਲਤ ਰਵਾਇਤ ਨਾਲੋਂ ਹਟ ਕੇ ਅਪਨਾਈ ਗਈ ਅਸਲੋਂ ਹੀ ਨਵੀਂ ਤੇ ਨਰੋਈ ਪਹੁੰਚ ਦੀ ਪਛਾਣ ਨਹੀਂ ਹੋ ਸਕੀ। ਸਮਾਜ ਵਿਚ ਇਹ ਗੱਲ ਆਮ ਦੇਖਣ ਵਿਚ ਆਉਂਦੀ ਹੈ ਕਿ ਕਿਸੇ ਵਿਅਕਤੀ ਦਾ ਮੁਲਾਂਕਣ ਕਰਨ ਲਈ ਉਸ ਦੇ ਇਖਲਾਕੀ ਗੁਣਾਂ/ਔਗੁਣਾਂ ਉਤੇ ਹੀ ਵੱਧ ਕੇਂਦਰਿਤ ਕੀਤਾ ਜਾਂਦਾ ਹੈ ਪਰ ਰਾਜਸੀ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਨ ਵੇਲੇ ਅਜਿਹੀ ਨਿਰੋਲ ਇਖਲਾਕ-ਮੁਖੀ ਪਹੁੰਚ ਬਹੁਤੀ ਠੀਕ ਤੇ ਭਰੋਸੇਯੋਗ ਨਹੀਂ ਕਹੀ ਜਾ ਸਕਦੀ। ਰਾਜਨੀਤਕ ਵਿਅਕਤੀਆਂ ਦੇ ਮਾਮਲੇ ਵਿਚ ਇਖਲਾਕੀ ਗੁਣਾਂ/ਔਗੁਣਾਂ ਨੂੰ ਸਿਧਾਂਤਕ ਦ੍ਰਿਸ਼ਟੀਕੋਣ ਨਾਲੋਂ ਅਲੱਗ ਕਰਕੇ ਦੇਖਣ ਨਾਲ ਸਹੀ ਨਤੀਜਿਆਂ ਉਤੇ ਪਹੁੰਚਣਾ ਅਸੰਭਵ ਹੈ। ਅਕਾਲੀ ਆਗੂਆਂ ਦੇ ਮੁਲਾਂਕਣ ਦੇ ਸੰਦਰਭ ਵਿਚ ਅਜਿਹਾ ਸਿਧਾਂਤਕ ਦ੍ਰਿਸ਼ਟੀਕੋਣ ਉਭਾਰਨਾ ਅਜਮੇਰ ਸਿੰਘ ਦੀ ਵਿਲੱਖਣ ਦੇਣ ਹੈ। ਇਸ ਤੋਂ ਪਹਿਲਾਂ ਅਕਾਲੀਆਂ ਦੇ ਨਿੰਦਕ ਸਿੱਖ ਹਲਕਿਆਂ ਅੰਦਰ ਸਿਰਦਾਰ ਕਪੂਰ ਸਿੰਘ ਵਲੋਂ ਤੋਰੀ ਰੀਤ ਹੀ ਵਧੇਰੇ ਮਕਬੂਲ ਸੀ। ਅਰਥਾਤ ਅਕਾਲੀ ਆਗੂਆਂ ਦੇ ਇਖਲਾਕੀ ਔਗੁਣਾਂ ਨੂੰ ਹੀ ਜ਼ੋਰ ਨਾਲ ਨਿੰਦਣਾ। ਉਨ੍ਹਾਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਨਾਲੋਂ ਵੱਧ, ਉਨ੍ਹਾਂ ਦੀ ਨੀਤ/ਬਦਨੀਤ ਨੂੰ ਹੀ ਵੱਧ ਪਰਖਣਾ। 'ਸਾਚੀ ਸਾਖੀ' ਵਿਚ ਸਿਰਦਾਰ ਕਪੂਰ ਸਿੰਘ ਨੇ ਇਸ ਪਹੁੰਚ ਨੂੰ ਸਨਮਾਨਯੋਗ ਸਥਾਨ ਬਖ਼ਸ਼ ਦਿਤਾ, ਜਿਥੇ ਅਕਾਲੀ ਆਗੂਆਂ ਨੂੰ ਖੁਲ੍ਹੇ ਹੱਥੀਂ 'ਬੇਈਮਾਨੇ' 'ਮੂਰਖ' 'ਜ਼ਾਹਲ' 'ਅਨਪੜ੍ਹ' ਤੇ 'ਬੁਜ਼ਦਿਲ' ਆਦਿ ਗਰਦਾਨਿਆ ਗਿਆ ਹੈ। ਅਜਮੇਰ ਸਿੰਘ ਨੇ ਇਸ ਵਿਰਾਸਤ ਨਾਲੋਂ ਤਿੱਖਾ ਤੋੜ-ਵਿਛੋੜਾ ਕੀਤਾ ਹੈ। ਉਸ ਨੇ ਮਰਨਵਰਤਾਂ ਤੋਂ ਲੈ ਕੇ ਅਕਾਲੀ ਆਗੂਆਂ ਦੇ ਹਰ ਕਰਮ ਨੂੰ, ਉਨ੍ਹਾਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਨਾਲ ਜੋੜ ਕੇ ਦੇਖਿਆ ਤੇ ਪਰਖਿਆ-ਪੜਚੋਲਿਆ ਹੈ। ਅਜਮੇਰ ਸਿੰਘ ਦੀ ਇਸ ਸਿਧਾਂਤਕ ਤੇ ਸੰਤੁਲਤ ਪਹੁੰਚ ਦੀ ਵੱਡੀ ਪੱਧਰ ਤੇ ਸਰਾਹਨਾ ਹੋਈ ਹੈ ਪਰ ਨਾਲ ਹੀ ਅਕਾਲੀ ਆਗੂਆਂ ਨੂੰ ਗਾਲ੍ਹ ਮੰਦਾ ਕਰਨ ਵਾਲੇ ਕੁੱਝ ਨਿੰਦਕਾਂ ਨੂੰ ਇਸ ਨਾਲ ਥੋੜ੍ਹੀ ਨਿਰਾਸ਼ਾ ਤੇ ਔਖ ਵੀ ਹੋਈ ਹੈ। ਖਾਸ ਕਰਕੇ ਅਜਮੇਰ ਸਿੰਘ ਵੱਲੋਂ ਜਥੇਦਾਰ ਟੌਹੜਾ ਨਾਲ 'ਰਿਆਇਤ ਕੀਤੇ ਜਾਣ' ਦੀਆਂ ਸ਼ਿਕਾਇਤੀ ਸੁਰਾਂ ਕਾਫ਼ੀ ਸੁਣਨ ਨੂੰ ਮਿਲੀਆਂ ਹਨ। ਅਫਸੋਸ ਕਿ ਇਸ ਮਾਮਲੇ ਵਿਚ ਡਾ. ਬਲਕਾਰ ਸਿੰਘ ਦਾ ਕਰੂਰਾ ਅਜਿਹੇ 'ਨਫਰਤ ਦੇ ਪੁਜਾਰੀਆਂ' ਨਾਲ ਵਧੇਰੇ ਮਿਲਦਾ ਹੈ।

ਖੈਰ, ਅਖੀਰ ਵਿਚ ਬਾਕੀ ਗੱਲਾਂ ਛੱਡ ਕੇ ਕੁੱਝ ਬੁਨਿਆਦੀ ਸਿਧਾਂਤਕ ਮੁੱਦੇ ਨਿਤਾਰ ਲਈਏ ਅਤੇ ਉਨ੍ਹਾਂ ਉਤੇ ਸਾਰਥਿਕ ਬਹਿਸ ਦੇ ਅਮਲ ਨੂੰ ਅੱਗੇ ਤੋਰਨ ਦਾ ਯਤਨ ਕਰੀਏ। ਜੇਕਰ ਡਾ. ਬਲਕਾਰ ਸਿੰਘ ਹੇਠ ਲਿਖੇ ਨੁਕਤਿਆਂ ਬਾਰੇ ਆਪਣਾ ਮੱਤ ਸਪਸ਼ਟ ਕਰ ਸਕਣ ਤਾਂ ਬਹੁਤ ਮਿਹਰਬਾਨੀ ਹੋਵੇਗੀ।

1. ਕੀ ਉਹ ਸੱਚਮੁੱਚ ਹੀ ਇਹ ਮਹਿਸੂਸ ਕਰਦੇ ਹਨ ਕਿ ਅਕਾਲੀ ਆਗੂਆਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਵਿਚ ਕੋਈ ਵੀ ਵੱਡਾ ਕਾਣ ਨਹੀਂ ਹੈ ਅਤੇ ਉਨ੍ਹਾਂ ਕੋਲੋਂ ਇਤਿਹਾਸ ਵਿਚ ਕਦੇ ਵੀ ਕੋਈ ਬੱਜਰ ਸਿਧਾਂਤਕ ਭੁੱਲ ਨਹੀਂ ਹੋਈ? ਉਨ੍ਹਾਂ 1947 ਵਿਚ ਜੋ ਪੈਂਤੜਾ ਅਪਨਾਇਆ, ਉਹ ਪੂਰੀ ਤਰ੍ਹਾਂ ਠੀਕ ਸੀ? ਫਿਰ 1984 ਵਿਚ ਜੋ ਕੀਤਾ, ਉਹ ਵੀ ਠੀਕ ਸੀ? ਜੇ ਉਹ ਇਹ ਗੱਲ ਮੰਨਦੇ ਹਨ ਕਿ ਅਕਾਲੀ ਆਗੂਆਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਤੇ ਅਮਲੀ ਪੈਂਤੜਿਆਂ ਵਿਚ ਵੱਡੇ ਨੁਕਸ ਰਹੇ ਹਨ ਤਾਂ ਉਹ ਕਿਹੜੇ ਹਨ? ਉਨ੍ਹਾਂ ਵਿਚਕਾਰ ਸਾਂਝੀ ਤੰਦ ਕੀ ਬਣਦੀ ਹੈ? ਇਸ ਮਾਮਲੇ ਵਿਚ ਅਜਮੇਰ ਸਿੰਘ ਦੀ ਵਿਆਖਿਆ ਵਿਚ ਕੀ ਕੀ ਖਾਮੀਆਂ ਹਨ?

2. 'ਹਮ ਹਿੰਦੂ ਨਹੀਂ' ਦੀ ਧਾਰਨਾ ਸਿੱਖਾਂ ਦੀ ਆਮ ਸੂਝ ਦਾ ਹਿੱਸਾ ਬਣ ਗਈ ਹੈ ਪਰ ਇਸ ਬਾਰੇ ਸਾਰੇ ਸਿੱਖਾਂ ਦੀ ਚੇਤਨਾ ਇਕ ਸਮਾਨ ਨਹੀਂ ਹੈ। ਕੌਮੀ ਭਾਈਚਾਰਿਆਂ ਨੂੰ ਆਪਣੀ ਸਵੈ-ਪਛਾਣ ਵਾਰ ਵਾਰ ਰੀਡੀਫਾਈਨ (ਮੁੜ-ਪ੍ਰੀਭਾਸ਼ਤ) ਕਰਨੀ ਪੈਂਦੀ ਹੈ। ਅਜਮੇਰ ਸਿੰਘ ਨੇ 1984 ਦੇ ਘਟਨਾ-ਕਰਮ ਦੀ ਰੋਸ਼ਨੀ ਵਿਚ ਅਜੋਕੇ ਸੰਦਰਭ ਦੇ ਮੱਦੇਨਜ਼ਰ, ਇਸ ਨੂੰ ਰੀਡੀਫਾਈਨ ਕੀਤਾ ਹੈ। ਉਸ ਦੀ ਇਸ ਡੈਫੀਨੀਸ਼ਨ ਬਾਰੇ ਉਨ੍ਹਾਂ ਦੀ ਮੁਤਬਰਕ ਰਾਇ ਕੀ ਹੈ? ਇਸ ਨੂੰ ਕਿਥੇ, ਤੇ ਕਿਵੇਂ ਗਲਤ ਠਹਿਰਾਉਂਦੇ ਹਨ?

3. ਇਸੇ ਤਰ੍ਹਾਂ, ਸਿੱਖਾਂ ਦੀ ਨਿਆਰੀ ਹਸਤੀ ਨੂੰ ਦਰਪੇਸ਼ ਖਤਰੇ ਦੀ ਗੱਲ ਆਮ ਕਹੀ ਜਾਂਦੀ ਹੈ ਪਰ ਇਸ ਖਤਰੇ ਦੇ ਅਸਲੀ ਸਰੂਪ ਤੇ ਸੋਮਿਆਂ ਬਾਰੇ ਸਾਰੇ ਸਿੱਖਾਂ, ਜਾਂ ਸਿੱਖਾਂ ਦੇ ਸਾਰੇ ਵਰਗਾਂ ਦੀ ਸਮਝ ਬਹੁਤੀ ਸਾਫ ਨਹੀਂ ਹੈ। ਅਜਮੇਰ ਸਿੰਘ ਨੇ ਇਤਿਹਾਸ ਦੇ ਅਲੱਗ ਅਲੱਗ ਦੌਰਾਂ ਅੰਦਰ ਇਸ ਖਤਰੇ ਦੇ ਠੋਸ ਸਰੂਪ ਦੀ ਨਿਸ਼ਾਨਦੇਹੀ ਕੀਤੀ ਹੈ, ਸਿਰਫ ਆਮ ਧਾਰਨਾ ਦੁਹਰਾ ਕੇ ਸੰਤੁਸ਼ਟੀ ਹਾਸਲ ਨਹੀਂ ਕੀਤੀ। ਉਸ ਨੇ ਦਰਸਾਇਆ ਹੈ ਕਿ ਸਿੱਖ ਧਰਮ ਦੇ ਪ੍ਰਗਟ ਹੋਣ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅਖੀਰ ਤਕ, ਹਿੰਦੂਵਾਦ ਹੱਥੋਂ ਇਹ ਖਤਰਾ ਜ਼ਿਆਦਾ ਕਰਕੇ ਧਾਰਮਿਕ ਖੇਤਰ ਤਕ ਸੀਮਤ ਸੀ ਪਰ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੇ ਦੌਰਾਨ ਭਾਰਤੀ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਪ੍ਰਗਟ ਹੋ ਜਾਣ ਨਾਲ ਇਹ ਖਤਰਾ ਨਵੀਂ ਡਾਈਮੈਨਸ਼ਨ ਅਖਤਿਆਰ ਕਰ ਗਿਆ ਸੀ। ਇਸ ਵਿਚ ਕੌਮ-ਘਾਤ ਦੇ ਖਤਰੇ ਦਾ ਨਵਾਂ ਅੰਸ਼ ਸ਼ਾਮਲ ਹੋ ਗਿਆ ਸੀ। ਭਾਵ ਸਿੱਖਾਂ ਦੇ ਫਲਸਫੇ, ਇਤਿਹਾਸ ਤੇ ਰਵਾਇਤਾਂ ਨੂੰ ਭਾਰਤੀ ਰਾਸ਼ਟਰਵਾਦ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਸੁਚੇਤ-ਰੂਪ ਤੇ ਵਿਉਂਤਬੱਧ ਸਿਲਸਿਲਾ ਸ਼ੁਰੂ ਹੋ ਗਿਆ ਸੀ। ਮੁਗਲ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਨੂੰ ਕਤਲ ਕਰਕੇ ਉਨ੍ਹਾਂ ਦੀ ਹਸਤੀ ਮਿਟਾਉਣ ਦੇ ਯਤਨ ਕੀਤੇ ਸਨ ਪਰ ਹਿੰਦੂ ਵਰਗ ਦੇ ਬੌਧਿਕ ਆਗੂਆਂ ਨੇ ਸਿੱਖਾਂ ਦੇ ਸਿਰਾਂ ਦੇ ਸੂਖਮ ਪੁਰਜ਼ੇ ਬਦਲ ਦੇਣ ਦਾ ਅਜਿਹਾ ਛਲਾਵੇ ਭਰਿਆ ਅਮਲ ਛੋਹਿਆ ਕਿ ਭਾਰਤੀ ਰਾਸ਼ਟਰਵਾਦ ਦੇ ਪੈਰੋਕਾਰ ਬਣੇ ਸਿੱਖ ਵਿਦਵਾਨ ਇਸ ਕੌਮ-ਘਾਤੀ ਅਮਲ ਵਿਚ ਹਿੰਦੂ ਵਰਗ ਦੇ ਜਾਂ ਤਾਂ ਅਨਜਾਣਪੁਣੇ ਵਿਚ ਹੱਥਠੋਕੇ ਬਣ ਗਏ ਤੇ ਜਾਂ ਸੁਚੇਤ ਰੂਪ ਵਿਚ ਭਾਈਵਾਲ ਬਣ ਤੁਰੇ। 1947 ਵਿਚ ਜਦ ਰਾਜਸੀ ਤਾਕਤ ਸਿੱਧੇ ਰੂਪ ਵਿਚ ਹਿੰਦੂ ਵਰਗ ਦੇ ਹੱਥਾਂ ਵਿਚ ਆ ਗਈ ਤਾਂ ਸਿੱਖ ਕੌਮ ਦੀ ਨਿਆਰੀ ਹਸਤੀ ਦੇ ਮਲੀਆਮੇਟ ਹੋ ਜਾਣ ਦਾ ਖਤਰਾ ਵਧੇਰੇ ਹਕੀਕੀ ਹੋ ਨਿਬੜਿਆ ਅਤੇ ਇਸ ਨੇ ਬੇਹੱਦ ਖਤਰਨਾਕ ਰੂਪ ਅਖਤਿਆਰ ਕਰ ਲਿਆ। ਇਸ ਡਰਾਉਣੇ ਤੱਥ ਦਾ ਗਿਆਨ ਤੇ ਅਹਿਸਾਸ ਸਭ ਨਾਲੋਂ ਪਹਿਲਾਂ ਸਵਰਗਵਾਸੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੂੰ ਹੋਇਆ ਸੀ। ਉਸ ਨੂੰ ਇਹ ਅਹਿਸਾਸ 1984 ਤੋਂ ਪਹਿਲਾਂ ਹੀ ਹੋ ਗਿਆ ਸੀ। ਇਸ ਕਰਕੇ ਉਸਨੇ ਆਪਣੀਆਂ ਲਿਖਤਾਂ ਵਿਚ ਇਸ ਖਤਰੇ ਅਤੇ ਇਸ ਦੀਆਂ ਸਾਰੀਆਂ ਪਰਤਾਂ ਦੀ ਬਹੁਤ ਹੀ ਸਪਸ਼ਟ ਨਿਸ਼ਾਨਦੇਹੀ ਕੀਤੀ ਅਤੇ ਕੌਮ ਨੂੰ ਇਸ ਖਤਰੇ ਤੋਂ ਜਾਗਰੂਕ ਹੋਣ ਦਾ ਹੋਕਾ ਵੀ ਦਿਤਾ। ਅਜਮੇਰ ਸਿੰਘ ਨੇ 1984 ਦੀਆਂ ਘਟਨਾਵਾਂ ਤੋਂ ਸਿਖਿਅਤ ਹੋ ਕੇ ਭਾਰਤੀ ਰਾਸ਼ਟਰਵਾਦ ਨੂੰ ਸਿੱਖ ਦ੍ਰਿਸ਼ਟੀਕੋਣ ਤੋਂ ਦੇਖਣ, ਅੰਗਣ ਤੇ ਪੜਤਾਲਣ ਦਾ ਸਿਲਸਿਲਾ ਆਰੰਭਿਆ ਅਤੇ ਇਸ ਦੇ ਸਿੱਖ ਕੌਮ ਦੀ ਹੋਣੀ ਉਤੇ ਪੈ ਚੁੱਕੇ, ਪੈ ਰਹੇ ਅਤੇ ਭਵਿੱਖ ਵਿਚ ਪੈਣ ਵਾਲੇ ਮਾਰੂ ਪ੍ਰਭਾਵਾਂ ਦਾ ਨਕਸ਼ਾ ਕੌਮ ਦੇ ਸਾਹਮਣੇ ਰੱਖਿਆ। ਇਸ ਨੂੰ ਉਸ ਦੀ ਬੌਧਿਕ ਖੇਤਰ ਅੰਦਰ ਵਿਲੱਖਣ ਦੇਣ ਕਹਿਣਾ ਕੋਈ ਅਤਕਥਨੀ ਨਹੀਂ ਹੈ। ਸੋ, ਸ. ਬਲਕਾਰ ਸਿੰਘ ਦੇ ਸੁਆਲਾਂ ਦਾ ਸੁਆਲ ਇਹ ਹੈ ਕਿ ਭਾਰਤੀ ਰਾਸ਼ਟਰਵਾਦ ਬਾਰੇ ਅਜਮੇਰ ਸਿੰਘ ਦੀ ਇਸ ਸਿਧਾਂਤਕ ਵਿਆਖਿਆ ਅਤੇ ਇਸ ਦੇ ਸਿੱਖ ਕੌਮ ਦੇ ਮੁਕੱਦਰ ਨਾਲ ਅਤਿ ਗੂੜ੍ਹੇ ਰਿਸ਼ਤੇ ਬਾਰੇ ਉਨ੍ਹਾਂ ਦੀ ਰਾਇ ਕੀ ਹੈ?

ਮੇਰੀ ਬੇਨਤੀ ਹੈ ਕਿ ਇਨ੍ਹਾਂ ਸਾਰੇ ਸੁਆਲਾਂ ਬਾਰੇ ਆਪਣੇ ਵਿਚਾਰ ਖੁਲ੍ਹ ਕੇ ਸਪਸ਼ਟ ਕਰਨ ਕਿਉਂਕਿ ਇਸ ਬਹਿਸ ਨੂੰ ਕਿਸੇ ਸਾਰਥਿਕ ਨਤੀਜੇ ਤਕ ਲਿਜਾਣਾ ਬੇਹੱਦ ਜ਼ਰੂਰੀ ਹੈ। ਮੈਂ ਉਨ੍ਹਾਂ ਦੇ ਜੁਆਬ ਦਾ ਬੇਤਾਬੀ ਨਾਲ ਇੰਤਜ਼ਾਰ ਕਰਾਂਗਾ। ਕੋਈ ਚੁਭਵੀਂ ਗੱਲ ਲਿਖੀ ਗਈ ਹੋਵੇ ਤਾਂ ਅਨਜਾਣ ਤੇ ਛੋਟਾ ਸਮਝ ਕੇ ਮਾਫ਼ ਕਰ ਦੇਣਾ।

*ਜੀਤੇ ਕਲਾਂ (ਅੰਮ੍ਰਿਤਸਰ)*

## ਸਿਆਣਿਆਂ ਦਾ ਕਿਹਾ

(1) ਵਿਸ਼ਵਾਸ ਬਿਨਾਂ ਬੰਦਾ ਰੂਹ ਬਿਨਾਂ ਸਰੀਰ ਦੇ ਸਮਾਨ ਹੈ।

(2) ਬਗਾਵਤ ਜਦੋਂ ਸਿਰ ਉਤੇ ਕੱਫਣ ਬੰਨ੍ਹਦੀ ਹੈ ਤਾਂ ਨਤੀਜੇ ਹਮੇਸ਼ਾ ਲਹੂ ਭਿੱਜੇ ਹੁੰਦੇ ਹਨ।

(3) ਸਿਰ 'ਤੇ ਕੱਫਣ ਬੰਨ੍ਹਣਾ ਮਖੌਲ ਨਹੀਂ, ਇਸ ਨੂੰ ਬੰਨ੍ਹ ਵੀ ਕੋਈ ਕੋਈ ਸਕਦਾ ਹੈ।

(4) ਸਰੀਰ ਵਿਚੋਂ ਪਾਣੀ ਮੁੱਕ ਜਾਵੇ ਤਾਂ ਸਰੀਰ ਲਾਸ਼ ਬਣ ਜਾਂਦੀ ਹੈ, ਇਹੋ ਹਾਲ ਪੰਜਾਬ ਦਾ ਹੈ।

(5) ਬਾਹਰਲੀ ਫੂਕ ਭੁਕਾਨੇ ਵਰਗੀ ਹੁੰਦੀ ਹੈ।

(6) ਏਕੇ ਵਿਚ ਤਾਕਤ ਹੈ, ਤਾਕਤ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ।

(7) ਉਹ ਗੁਰੂ ਦਾ ਸਿੰਘ ਹੀ ਕੀ ਜਿਹੜਾ ਦੁਖੀ ਕੋਲ ਜਾ ਕੇ ਉਸ ਦੀ ਮਦਦ ਨਾ ਕਰੇ ਅਤੇ ਕੌਮ-ਘਾਤਕ ਨੂੰ ਲੱਭ ਕੇ ਸੋਧਾ ਨਾ ਲਾਵੇ।

(8) ਖਾਲਸੇ ਦੇ ਨਵੇਂ ਸਾਲ ਵਿਸਾਖੀ 'ਤੇ ਵੰਡੀਏ ਖੁਸ਼ੀਆਂ ਜਹਾਨ ਨੂੰ, ਪਿਆਰ ਕਰੇ ਹਰ ਇਨਸਾਨ-ਇਨਸਾਨ ਨੂੰ।

(9) ਜਿਸ ਢੰਗ ਨਾਲ ਇੱਕ ਬੰਦਾ ਬਹਿਸ ਨੂੰ ਸੰਭਾਲਦਾ ਹੈ ਉਹ ਉਸਦੀ ਪਰਵਰਿਸ਼ ਨੂੰ ਦਿਖਾਉਂਦਾ ਹੈ।

(10) ਆਪਣਾ ਮਤ ਰੱਖਣ ਤੋਂ ਪਹਿਲਾਂ ਦੂਸਰੇ ਬੰਦੇ ਦੇ ਵੀ ਵਿਚਾਰ ਸੁਣੋ।

(11) ਗੱਲ ਮੰਨਵਾਉਣ ਵਾਸਤੇ ਉਤਸ਼ਾਹਿਤ ਕਰੋ ਨਾ ਕਿ ਜ਼ਬਰਦਸਤੀ।

(12) ਆਮ ਗੱਲਾਂ ਨਰਮ ਸ਼ਬਦਾਂ ਵਿਚ ਕਰੋ ਪਰ ਬਹਿਸ ਠੋਸ ਲਫਜ਼ਾਂ ਵਿਚ।

(13) ਬਿਨਾਂ ਛੱਤ ਭੁੰਜੇ ਸੌਣ ਅਤੇ ਭੁੱਖੇ ਢਿੱਡ ਦਿਨ ਕਟੀ ਕਰਨ ਵਾਲਿਆਂ ਦੀ ਗਿਣਤੀ ਪੂਰੀ ਦੁਨੀਆਂ ਨਾਲੋਂ ਹਿੰਦੋਸਤਾਨ 'ਚ ਵੱਧ ਹੈ।

(14) ਸਿੱਖੀ ਅਸੂਲਾਂ ਦਾ ਸਿਆਸੀ ਨਿਜ਼ਾਮ-ਹਿੰਦੂਆਂ ਦੀ ਸਿਆਸਤ ਤੋਂ ਵੱਖ ਹੈ।

(15) ਸਿੱਖ ਨਿਰਭਉ ਹੈ। ਸਿੱਖ ਡਰਦਾ ਨਹੀਂ। ਬਾਬਰ ਵਾਣੀ ਅਤੇ ਆਸਾ ਦੀ ਵਾਰ ਦਾ ਪਾਠ ਕਰਨ, ਸਮਝਣ ਅਤੇ ਇਸ ਉਪਰ ਅਮਲ ਕਰਨ ਵਾਲਾ ਸਿੱਖ ਡਰ ਨਹੀਂ ਸਕਦਾ, ਦੂਜਿਆਂ ਨੂੰ ਡਰਾ ਵੀ ਨਹੀਂ ਸਕਦਾ।

(16) ਸਿੱਖ ਨਿਰਵੈਰ ਹੈ। ਸਿੱਖ ਜਦੋਂ ਇਨਸਾਫ ਦੀ ਕੁਰਸੀ 'ਤੇ ਬੈਠਦਾ ਹੈ ਤਾਂ ਦੁਨੀਆਂ ਭਰ ਦਾ ਸਭ ਤੋਂ ਵੱਧ ਸੱਚਾ ਜੱਜ ਹੈ।

(17) ਸਿੱਖ ਗੁਰੂ ਸਾਹਿਬਾਨ ਦੀ ਤੌਹੀਨ ਕਰਨ ਵਾਲੇ ਅਤੇ ਗੁਰੂ ਘਰ 'ਤੇ ਹਮਲਾ ਕਰਨ ਵਾਲੇ ਲਈ ਮੁਆਫੀ ਨਹੀਂ। ਵਰਨਾ ਹਰ ਇੱਕ ਨੂੰ ਗੁਰਸਿੱਖ ਨੇ ਬਦਲਣ ਤੇ ਗਲਤੀ ਸੁਧਾਰਨ ਦਾ ਮੌਕਾ ਦੇਣਾ ਹੈ।

(18) ਧਰਮਸਾਲ ਦਾ ਲਫਜ਼ੀ ਮਾਅਨਾ ਹੈ-ਧਰਮ ਦੀ ਜਗ੍ਹਾ-ਧਰਮ ਦਾ ਸੈਂਟਰ। ਧਰਮਸਾਲ ਦਾ ਨਾਂ ਹੌਲੀ ਹੌਲੀ ਗੁਰਦੁਆਰਾ ਬਣ ਗਿਆ। ਗੁਰਦੁਆਰੇ ਵਾਸਤੇ ਲਫ਼ਜ਼ ਗੁਰੂ ਘਰ ਵੀ ਵਰਤਿਆ ਜਾਣ ਲੱਗ ਪਿਆ ਹੈ।

(19) ਟੈਂਪਲ ਲਫਜ਼ ਸਿੱਖ ਧਰਮ ਦੇ ਸੈਂਟਰ ਗੁਰਦੁਆਰੇ ਲਈ ਵਰਤਣਾ ਦਰੁਸਤ ਨਹੀਂ ਹੈ।

(20) ਗੁਰਦੁਆਰਾ ਕਮੇਟੀ ਦੇ ਮੈਂਬਰ ਗੁਰਦੁਆਰਿਆਂ ਦੇ ਸੇਵਾਦਾਰ ਹਨ, ਹਾਕਮ ਨਹੀਂ-ਚੌਧਰੀ ਨਹੀਂ। ਸੇਵਾਦਾਰਾਂ ਦਾ ਮਾਡਲ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ, ਅਕਾਲੀ ਫੂਲਾ ਸਿੰਘ ਵਰਗਾ ਹੋਣਾ ਚਾਹੀਦਾ ਹੈ।

(21) ਹਰਿਮੰਦਰ ਸਾਹਿਬ ਅੱਜ ਵੀ ਦਲ ਖਾਲਸਾ ਦੇ ਸੁੱਖਾ ਸਿੰਘ ਨੂੰ ਉਡੀਕ ਰਿਹਾ ਹੈ ਅਤੇ ਦਲ ਖਾਲਸਾ ਦੇ ਮਹਿਤਾਬ ਸਿੰਘ ਨੂੰ ਬਹੁਤ ਯਾਦ ਕਰਦਾ ਹੈ ਪਰ ਅੱਜ ਦਾ ਦਲ ਖਾਲਸਾ ਤਾਂ ਹਰਿਮੰਦਰ ਸਾਹਿਬ ਦੇ ਕਾਤਲਾਂ ਦੇ ਦੇਸ਼ ਦੇ ਸੰਵਿਧਾਨ ਨੂੰ ਪ੍ਰਵਾਨ ਕਰਕੇ ਸਿਆਸੀ ਅਖਾੜੇ ਵਿਚ ਆ ਗਿਆ ਹੈ?

(22) ਇਤਿਹਾਸ ਕੋਈ ਸਟੇਜੀ ਸ਼ੋਅ ਨਹੀਂ। ਇਤਿਹਾਸ ਵਿਚ ਡਰਾਮੇ ਵਰਗਾ ਕੁੱਝ ਨਹੀਂ ਹੁੰਦਾ। ਇਤਿਹਾਸ ਤਾਂ ਕੌਮਾਂ ਵੱਲੋਂ ਪਿੰਡੇ 'ਤੇ ਹੰਢਾਇਆ ਸੱਚ ਹੁੰਦਾ ਹੈ।

(23) ਸਿੱਖ ਗੁਰੂਆਂ ਨੇ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਸ਼ਾਂਤਮਈ ਸ਼ਹਾਦਤਾਂ ਤੋਂ ਪਿੱਛੋਂ ਹਥਿਆਰਬੰਦ ਜੰਗ ਦਾ ਰਾਹ ਚੁਣਿਆ ਸੀ।

(24) ਯਾਦ ਰੱਖੋ, ਜਿਹੜੇ ਤੁਹਾਡੇ ਸਾਹਮਣੇ ਦੂਸਰਿਆਂ ਦੀ ਚੁਗਲੀ ਕਰਦੇ ਹਨ ਉਹ ਦੂਸਰਿਆਂ ਨਾਲ ਤੁਹਾਡੀ ਵੀ ਕਰਦੇ ਹਨ।

(25) ਛੋਟੇ ਲੋਕ ਦੂਸਰਿਆਂ ਬਾਰੇ ਗੱਲਾਂ ਕਰਦੇ ਹਨ, ਵਿਚਕਾਰਲੇ ਲੋਕ ਚੀਜ਼ਾਂ ਬਾਰੇ ਅਤੇ ਵੱਡੇ ਮਹਾਨ ਲੋਕ ਉਚੇ ਵਿਚਾਰਾਂ ਦੀਆਂ ਗੱਲਾਂ ਕਰਦੇ ਹਨ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਸੰਪਾਦਕ ਦੀ ਡਾਕ

## ਨਗਰ ਕੀਰਤਨ ਜਾਂ ਸਿੱਖਾਂ ਦਾ ਜਲੂਸ

ਕੁਝ ਦਹਾਕੇ ਪਹਿਲਾਂ ਗੁਰਪੁਰਬਾਂ ਮੌਕੇ ਕੱਢੇ ਜਾਂਦੇ ਨਗਰ ਕੀਰਤਨ ਨੂੰ ਜਲੂਸ ਹੀ ਕਿਹਾ ਜਾਂਦਾ ਸੀ ਅਤੇ ਫਿਰ ਇਸ ਵਾਸਤੇ ਸ਼ਬਦ ਨਗਰ ਕੀਰਤਨ ਵਰਤਿਆ ਜਾਣ ਲੱਗਾ ਪਰ ਹਕੀਕਤ ਇਹ ਹੈ ਕਿ ਬਹੁਤੀ ਵਾਰ ਸਿੱਖ ਆਪਣਾ ਜਲੂਸ ਹੀ ਕੱਢਦੇ ਹਨ ਅਤੇ ਇਹ ਗੱਲ ਯੂਬਾ ਸਿਟੀ ਦੇ ਇਸ ਵਾਰ ਦੇ ਨਗਰ ਕੀਰਤਨ ਤੋਂ ਬਿਲਕੁਲ ਹੀ ਸਪਸ਼ਟ ਜਾਹਰ ਹੁੰਦੀ ਹੈ। ਜਿਸ ਤਰ੍ਹਾਂ ਸਿੱਖਾਂ ਨੇ ਉਥੇ ਇਕ ਦੂਜੇ ਦੀਆਂ ਪੱਗਾਂ ਲਾਹੀਆਂ, ਗੁਰੂ ਮਹਾਰਾਜ ਦੀ ਹਜੂਰੀ ਵਿਚ ਇਕ ਦੂਜੇ ਨੂੰ ਆਵਾਜ਼ੇ ਕੱਸੇ, ਨਾਅਰੇ ਮਾਰੇ, ਲੰਗਰ ਦੀ ਬੇਹੁਰਮਤੀ ਕੀਤੀ, ਇਹ ਸਭ ਆਪਣਾ ਜਲੂਸ ਕੱਢਣ ਵਾਲੀ ਗੱਲ ਤੋਂ ਕਿਸ ਤਰ੍ਹਾਂ ਘੱਟ ਹੈ? ਆਖਣ ਨੂੰ ਇਹ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਕੱਢਿਆ ਜਾਂਦਾ ਹੈ ਪਰ ਕਿੰਨਾ ਕੁ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਖਿਆਵਾਂ ਉਤੇ ਚਲਦੇ ਹਾਂ ਅਤੇ ਕਿੰਨਾ ਕੁ ਗੁਰੂ ਦਾ ਭੈਅ ਮੰਨਦੇ ਹਾਂ, ਇਹ ਸਭ ਇਸ ਨਗਰ ਕੀਰਤਨ ਵਿਚ ਹੋਏ ਹੰਗਾਮੇ ਨੂੰ ਵੇਖ ਕੇ ਜੱਗ ਜਾਹਰ ਹੈ।

ਇਹ ਵੀ ਦਿਲਚਸਪ ਗੱਲ ਹੈ ਕਿ ਇਸ ਨਗਰ ਕੀਰਤਨ ਬਾਰੇ ਕੈਲੀਫੋਰਨੀਆ ਤੋਂ ਛਪਦੇ ਕਿਸੇ ਵੀ ਅਖਬਾਰ ਨੇ ਸਹੀ ਖਬਰ ਨਹੀਂ ਛਾਪੀ, ਸਿਰਫ ਵਡਿਆਈਆਂ ਨਾਲ ਹੀ ਕੰਮ ਸਾਰਿਆ ਗਿਆ ਹੈ। ਸਿਰਫ ਪੰਜਾਬ ਟਾਈਮਜ਼ ਨੇ ਹੀ ਸਹੀ ਸਥਿਤੀ ਵੱਲ ਉਂਗਲ ਕੀਤੀ ਹੈ, ਇਸ ਗੱਲੋਂ ਇਹ ਵਧਾਈ ਦਾ ਹੱਕਦਾਰ ਹੈ। ਇਹ ਨਗਰ ਕੀਰਤਨ ਸਿੱਖਾਂ ਲਈ ਬਹੁਤਾ ਕਰਕੇ ਇਕ ਮੇਲਾ ਹੀ ਬਣ ਕੇ ਰਹਿ ਗਿਆ ਹੈ ਅਤੇ ਜੋ ਕੁਝ ਵੀ ਮੇਲੇ ਵਿਚ ਹੁੰਦਾ ਹੈ ਉਹ ਇਸ ਨਗਰ ਕੀਰਤਨ ਮੌਕੇ ਵੀ ਹੁੰਦਾ ਹੈ। ਜਿਸ ਤਰ੍ਹਾਂ ਦੂਰੋਂ-ਨੇੜਿਓਂ ਸਿੱਖ ਸੰਗਤਾਂ ਇਸ ਨਗਰ ਕੀਰਤਨ ਵਿਚ ਪਹੁੰਚਦੀਆਂ ਹਨ ਉਸ ਨਾਲ ਤਾਂ ਸਿੱਖੀ ਬਾਰੇ ਕੋਈ ਨਿੱਗਰ ਸੁਨੇਹਾ ਨਾ ਸਿਰਫ ਸਿੱਖ ਕੌਮ ਨੂੰ ਹੀ ਸਗੋਂ ਮੇਨ ਸਟ੍ਰੀਮ ਅਮਰੀਕਨਾਂ ਨੂੰ ਵੀ ਜਾਣਾ ਚਾਹੀਦਾ ਹੈ ਪਰ ਹੋ ਬਿਲਕੁਲ ਇਸ ਤੋਂ ਵੱਖਰਾ ਰਿਹਾ ਹੈ। ਪ੍ਰਬੰਧਕ ਆਪਣੀ ਹਉਮੈ ਨੂੰ ਪੱਠੇ ਪਾ ਲੈਂਦੇ ਹਨ, ਰਾਗੀ-ਢਾਡੀ ਅਤੇ ਵਿਆਖਿਆਕਾਰ ਮਾਇਆ ਦੇ ਗੱਫੇ ਹਾਸਲ ਕਰ ਲੈਂਦੇ ਹਨ, ਆਮ ਸੰਗਤ ਕੰਨ ਰਸ ਅਤੇ ਮੇਲੇ ਦਾ ਅਨੰਦ ਮਾਣ ਲੈਂਦੀ ਹੈ, ਮੈਨੂੰ ਤਾਂ ਇਸ ਤੋਂ ਵੱਧ ਕੁਝ ਹਾਸਲ ਹੁੰਦਾ ਨਜ਼ਰ ਨਹੀਂ ਆਇਆ। ਇਸ ਨਗਰ ਕੀਰਤਨ ਮੌਕੇ ਸੰਗਤ ਦੀ ਭੋਜਨ ਪਦਾਰਥਾਂ ਨਾਲ ਸੇਵਾ ਲਈ ਉਤਸ਼ਾਹ ਵੀ ਵੇਖਿਆਂ ਹੀ ਬਣਦਾ ਹੈ। ਇਕ ਹੋਰ ਨਜ਼ਰੀਏ ਤੋਂ ਇਸ ਉਤਸ਼ਾਹ ਪਿਛੇ ਵੀ ਹਉਮੈ ਹੀ ਨਜ਼ਰ ਆਉਂਦੀ ਹੈ। ਸਿੱਖ ਕੌਮ ਵਲੋਂ ਹਰ ਸਾਲ ਇਸ ਨਗਰ ਕੀਰਤਨ 'ਤੇ ਲੱਖਾਂ ਡਾਲਰ ਖਰਚ ਕੀਤੇ ਜਾਂਦੇ ਹਨ। ਇਹ ਰਕਮ ਸਿੱਖ ਪੰਥ ਲਈ ਕੋਈ ਕਾਲਜ-ਯੂਨੀਵਰਸਿਟੀ ਜਾਂ ਹਸਪਤਾਲ ਵਗੈਰਾ ਖੋਲ੍ਹਣ ਉਤੇ ਖਰਚ ਕੀਤੀ ਜਾ ਸਕਦੀ ਹੈ। ਪੰਜਾਬ ਦਾ ਬੇੜਾ ਗਰਕ ਹੋ ਰਿਹਾ ਹੈ, ਉਥੇ ਲੋਕ ਭਲਾਈ ਲਈ ਖਰਚ ਕੀਤੀ ਜਾ ਸਕਦੀ ਹੈ। ਜੇ ਇਸ ਤਰ੍ਹਾਂ ਕਰ ਸਕੀਏ ਤਾਂ ਗੁਰੂ ਦੇ ਸੁਨੇਹੇ ਨੂੰ ਸਮਰਪਿਤ ਹੋ ਰਹੇ ਹੋਵਾਂਗੇ।

**-ਜਸਵੀਰ ਸਿੰਘ, ਸੈਨ ਫਰਾਂਸਿਸਕੋ।**

# ਦੰਦ-ਕਥਾਵਾਂ ਦਾ ਅਮਰ ਪਾਤਰ ਬਣਿਆ ਸਤਿਆਰਥੀ

**ਸਾਹਿਤ ਦਾ ਸਿਕੰਦਰ**

ਨਿਰਮਲ ਅਰਪਨ



***ਦੇਵਿੰਦਰ ਸਤਿਆਰਥੀ ਪੰਜਾਬੀ ਸਾਹਿਤ ਸਭਿਆਚਾਰ ਅੰਦਰ ਇਕ ਯੁੱਗ ਸਨ-ਇਕ ਦਿਓ ਕੱਦ ਹਸਤੀ ਸਨ। ਉਹ ਭਾਈ ਵੀਰ ਸਿੰਘ, ਗੁਰਬਖਸ਼ ਸਿੰਘ, ਸੰਤ ਸਿੰਘ ਸੇਖੋਂ, ਕਰਤਾਰ ਸਿਘ ਦੁੱਗਲ, ਨਾਨਕ ਸਿੰਘ, ਬਲਵੰਤ ਗਾਰਗੀ ਅਤੇ ਅੰਮ੍ਰਿਤਾ ਪ੍ਰੀਤਮ ਵਰਗੇ ਕਥਾਕਾਰਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਕਥਾਨਕ ਘੜਿਆ-ਸੰਵਾਰਿਆ। ਪੱਟੀ ਵਸਦੇ ਨਿਰਮਲ ਅਰਪਨ ਹੋਰੀਂ ਇਨ੍ਹਾਂ ਦੇ ਪੁੱਤਰਾਂ ਵਰਗੇ ਸ਼ਾਗਿਰਦ ਸਨ ਅਤੇ ਇਹ ਲੇਖ ਉਨ੍ਹਾਂ ਨੇ ਦੇਵਿੰਦਰ ਸਤਿਆਰਥੀ ਦੀ ਵਚਿੱਤਰ ਘਾਲਣਾ ਬਾਰੇ ਲਿਖਿਆ ਸੀ। -ਸੰਪਾਦਕ***

ਦੇਵਿੰਦਰ ਸਤਿਆਰਥੀ ਨੇ ਭਾਰਤੀ ਸਾਹਿਤ ਦੇ ਰੰਗ-ਮੰਚ 'ਤੇ ਜਿਸ ਰੀਝ ਨਾਲ ਆਪਣਾ ਰੋਲ ਅਦਾ ਕੀਤਾ ਹੈ, ਉਹ ਮਰਨ ਮਗਰੋਂ ਕਾਇਮ ਰਹਿਣ ਲਈ ਕਿਸੇ ਵੀ ਯਾਦਗਾਰ ਦੀ ਸੌਂਹ ਖਾ ਸਕਦਾ ਹੈ।

ਹਿੰਦੀ ਸਾਹਿਤ ਦੇ ਵਿਦਵਾਨ ਰਾਮ ਨਰੇਸ਼ ਤ੍ਰਿਪਾਠੀ ਦੇ ਬੋਲ ਉਨ੍ਹਾਂ ਨੂੰ ਸ਼ਰਧਾਂਜਲੀ ਹਨ, "ਇਸ ਖੇਤਰ ਵਿਚ ਤੁਸੀਂ ਹੀ ਪਹਿਲੇ ਅਤੇ ਤੁਸੀਂ ਹੀ ਅੰਤਿਮ ਹੋ। ਏਨੀ ਕਠਨ ਸਾਧਨਾ ਕੌਣ ਕਰੇਗਾ?"

ਜਿਸ ਸ਼ਰਧਾ ਤੇ ਗੰਭੀਰਤਾ ਨਾਲ ਉਸ ਨੇ ਲੋਕ-ਗੀਤ ਯਾਤਰਾ ਕੀਤੀ ਉਸੇ ਹੀ ਗੰਭੀਰਤਾ ਦਾ ਸਬੂਤ ਉਸ ਨੇ ਆਪਣੀ ਸਾਹਿਤਕ-ਯਾਤਰਾ ਉਲੀਕਦਿਆਂ ਅੰਕਿਤ ਕੀਤਾ, ਜੋ ਅੱਜ ਵੀ ਹਰ ਸਾਹਿਤਕਾਰ ਲਈ ਈਰਖਾ ਦੀ ਸੀਮਾ ਬਣਿਆ ਹੋਇਆ ਹੈ।

ਸਾਹਿਤ ਦੇ ਖੇਤਰ ਵਿਚ ਦੇਵਿੰਦਰ ਸਤਿਆਰਥੀ ਦਾ ਆਪਣਾ ਅਸਥਾਨ ਹੈ, ਜਿਸ ਨੂੰ ਅਨੇਕ ਵਿਦਵਾਨ ਸਵੀਕਾਰ ਕਰ ਚੁੱਕੇ ਹਨ। ਉਸ ਦੀ ਰਚਨਾ ਸਮਕਾਲੀਆਂ ਵਿਚ ਹੀ ਵੱਖਰਾ ਥਾਂ ਨਹੀਂ ਰਖਦੀ, ਸਗੋਂ ਅਗਲੀ ਤੇ ਅਗਲੇਰੀ ਪੀੜ੍ਹੀ ਦੇ ਲੇਖਕਾਂ ਨਾਲ ਕਦਮ ਮੇਲ ਕੇ ਤੁਰਨ ਦੀ ਸਮਰੱਥਾ ਵੀ ਰਖਦੀ ਹੈ।

ਸ਼ਬਦ-ਕਲਾ ਦੇ ਸ਼ਿਲਪੀ ਨੇ ਬੇਲੋੜੀ ਭਰਤੀ ਤੋਂ ਚੌਕਸ ਹੋ ਕੇ, ਰਚਨਾ ਦੀ ਵੱਢ-ਟੁਕ ਕਰਦਿਆਂ ਸ਼ਬਦ-ਸੰਜਮ ਤੋਂ ਜੋ ਕੰਮ ਲਿਆ, ਉਹ ਆਪਣੇ ਆਪ ਵਿਚ ਕਿਸੇ ਇਮਾਰਤਸਾਜ਼ ਦੀ ਆਧੁਨਿਕ ਸੂਝ ਦੀ ਸ਼ਾਹਦੀ ਭਰਦਾ ਹੈ। ਸੰਜਮ ਵਰਤੇ ਬਿਨਾਂ 'ਘੋੜਾ ਬਾਦਸ਼ਾਹ' ਵਰਗੀ ਬਹੁ-ਚਰਚਿਤ ਕਥਾ-ਕ੍ਰਿਤੀ ਦੀ ਪੱਧਰ ਅੰਤਰਰਾਸ਼ਟਰੀ ਨਹੀਂ ਸੀ ਬਣ ਸਕਦੀ। "ਉਹੋ ਪੁਸਤਕ ਆਤਮਾ ਦੇ ਪਤਾਲ ਵਿਚ ਉਤਰਦੀ ਹੈ, ਜਿਸ ਵਿਚ ਕੋਈ ਵੱਖਰੀ ਸੋਚ, ਕੁਝ ਵੱਖਰਾ ਅੰਦਾਜ਼, ਕੋਈ ਵੱਖਰੀ ਸ਼ੈਲੀ, ਕੋਈ ਅਦਭੁਤ ਦ੍ਰਿਸ਼ਟੀਕੋਣ ਹੋਵੇ।" ਇਹ ਸਤਿਆਰਥੀ ਦਾ ਕਥਨ ਸੀ!

ਮੁਕਤ ਮਨ ਹੋਏ ਬਿਨਾਂ ਨਾ ਤਾਂ ਉਸ ਦ੍ਰਿਸ਼ਟੀਕੋਣ ਤਕ ਪੁੱਜ ਸਕਦੇ ਹਾਂ, ਜੋ ਸਤਿਆਰਥੀ ਨੇ ਆਪਣੇ ਅੰਤਲੇ ਸਾਹਾਂ ਤਕ ਅਪਨਾਈ ਰਖਿਆ ਤੇ ਨਾ ਹੀ ਸਾਡੇ ਸਾਹਮਣੇ ਉਹ ਪਰਸਥਿਤੀਆਂ ਆ ਸਕਦੀਆਂ ਹਨ, ਜਿਨ੍ਹਾਂ ਨੇ ਉਸ ਨੂੰ ਲੋਕ-ਗੀਤ ਯਾਤਰੀ ਹੀ ਨਹੀਂ, ਸਗੋਂ ਆਧੁਨਿਕ ਭਾਰਤੀ ਸਾਹਿਤ ਦਾ ਸਿਰਮੌਰ ਕਥਾਕਾਰ ਬਣਾ ਦਿੱਤਾ।

ਉਸ ਦੀ ਪਛਾਣ ਇਕ ਅਸੰਤੁਸ਼ਟ ਲੇਖਕ ਵਾਲੀ ਹੈ। ਨਾ ਭਾਸ਼ਾ ਦਾ ਇਕੋ-ਇਕ ਮਾਧਿਅਮ, ਨਾ ਸਾਹਿਤ ਦੀ ਇਕੋ-ਇਕ ਵੰਨਗੀ। ਉਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਸਮਕਾਲੀਆਂ ਦੇ ਪ੍ਰਭਾਵ ਤੋਂ ਮੁਕਤ ਰਿਹਾ। ਜਿਥੇ ਉਸ ਨੇ ਲੋਕ ਸਾਹਿਤ ਦੇ ਪੁਰਾਣੇ ਰੰਗ-ਢੰਗ ਨੂੰ ਆਪਣੀ ਮੌਤੇ ਆਪ ਮਰਨ ਤੋਂ ਬਚਾਇਆ, ਉਥੇ ਉਸ ਨੇ ਆਪਣੀ ਹੀ ਰਚਨਾ ਤੋਂ ਮੁਕਤ ਹੋ ਕੇ ਸਮੁੱਚੇ ਸਾਹਿਤ ਨਾਲ ਬੇਜ਼ਾਰੀ ਵੀ ਜ਼ਾਹਿਰ ਕੀਤੀ। ਉਸ ਨੇ ਉਹ ਰਾਹ ਹੀ ਛੱਡ ਦਿੱਤਾ, ਜਿਸ ਦੇ ਚੱਪੇ ਚੱਪੇ 'ਤੇ ਉਸ ਦਾ ਨਾਂ ਲਿਖਿਆ ਹੋਇਆ ਸੀ।

ਉਸ ਦੀ ਕਿਸੇ ਵੀ ਰਚਨਾ ਦਾ ਅਧਿਐਨ ਕਰਨ ਮਗਰੋਂ ਪਾਠਕ ਇਕ ਪਲ ਰੁਕ ਕੇ ਕੁਝ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਦੀ ਗੈਰ-ਹਾਜ਼ਰੀ ਪਾਠਕ ਨੂੰ ਰੜਕਦੀ ਹੈ। ਪਾਠਕ ਦਾ ਇਹੋ ਦੋਸ਼ ਕਿ ਪਿੜ-ਪੱਲੇ ਨਹੀਂ ਪੈਂਦੀ। ਚਾਰ ਸਤਰਾਂ ਕਹਾਣੀ ਨੂੰ ਅੱਗੇ ਤੋਰਦੀਆਂ ਹਨ ਤਾਂ ਅਗਲੀਆਂ ਦੋ ਸਤਰਾਂ ਮੁੜ ਰਚਨਾ ਨੂੰ ਉਥੇ ਲੈ ਆਉਂਦੀਆਂ ਹਨ, ਜਿੱਥੋਂ ਉਹ ਤੁਰੀ ਸੀ।

"... ਅਹਿਸਾਸ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਦੋਵੇਂ ਲੱਤਾਂ ਜਾਂ ਉਠ 'ਤੇ ਹੋਣ ਜਾਂ ਬੱਕਰੀ 'ਤੇ। ਇਉਂ ਨਹੀਂ ਕਿ ਪਹਿਲੀਆਂ ਗਿਆਰਾਂ ਸਤਰਾਂ ਵਿਚ ਇਕ ਲੱਤ ਉਠ ਉਤੇ ਅਤੇ ਦੂਜੀ ਬੱਕਰੀ 'ਤੇ ਰੱਖ ਕੇ ਆਉਣ ਵਾਲੇ ਸੁਹਜ-ਸੁਆਦ ਤੋਂ ਪਾਠਕ ਨੂੰ ਵਿਰਕ ਕਰ ਦਿੱਤਾ ਜਾਵੇ....। ਯਕਸ਼ ਪ੍ਰਸ਼ਨ!

ਦੇਵਿੰਦਰ ਸਤਿਆਰਥੀ ਦਾ ਵਿਚਾਰ ਹੈ, "ਜੇਕਰ ਕੋਈ ਵਿਦੇਸ਼ੀ ਸਾਹਿਤਕਾਰ ਇਹ ਕਹਿ ਸਕਦਾ ਹੈ ਕਿ ਉਸ ਨੂੰ ਸਮਝਣ ਲਈ, ਉਸ ਨੂੰ ਵਾਰ-ਵਾਰ ਪੜ੍ਹੋ ਤਾਂ ਮੈਂ ਵੀ ਆਖ ਸਕਦਾ ਹਾਂ ਕਿ ਮੈਨੂੰ ਸਮਝਣ ਲਈ ਵਾਰ-ਵਾਰ ਨਹੀਂ ਤਾਂ ਦੋ ਚਾਰ ਵਾਰ ਤਾਂ ਜ਼ਰੂਰ ਪੜ੍ਹੋ।" ਉਸ ਦਾ ਖਿਆਲ ਸੀ, "ਸਾਹਿਤ ਭਾਵੇਂ ਸ਼ਬਦਾਂ ਵਿਚ ਰਚਿਆ ਜਾਂਦਾ ਹੈ ਪਰ ਅਸਲ ਵਿਚ ਸਾਹਿਤਕਾਰ ਆਪਣੀ ਗੱਲ ਕਿਸੇ ਭਾਸ਼ਾ ਵਿਚ ਨਹੀਂ, ਕਿਸੇ ਵਿਸ਼ੇਸ਼ ਸ਼ਬਦਾਂ ਵਿਚ ਵੀ ਨਹੀਂ ਤੇ ਕਿਸੇ ਵਿਸ਼ੇਸ਼ ਅਰਥਾਂ ਵਿਚ ਵੀ ਨਹੀਂ, ਸਗੋਂ ਕਿਸੇ ਸੰਕੇਤ ਵਿਚ ਰਚਦਾ ਹੈ। ਕਹਾਣੀ ਕਿਸੇ ਘਟਨਾ ਦਾ ਆਸਰਾ ਲੈਂਦੀ ਹੈ ਜਾਂ ਕਿਸੇ ਪਾਤਰ ਦੀ ਉਂਗਲ ਫੜ ਕੇ ਤੁਰਦੀ ਹੈ। ਨਾਟਕ ਦਾ ਪ੍ਰਭਾਵ ਸੰਵਾਦ ਉਲੀਕਦੇ ਹਨ ਤੇ ਪਾਤਰਾਂ ਦਾ ਮੂਕ-ਅਭਿਨਯ ਵੀ ਇਸ ਵਿਚ ਰੰਗ ਭਰਦਾ ਹੈ। ਚਿਤਰ ਕਿਸੇ ਨਾ ਕਿਸੇ ਆਕ੍ਰਿਤੀ ਦਾ ਆਸਰਾ ਭਾਲਦਾ ਹੈ, ਭਾਵੇਂ ਇਹ ਸ਼ਕਲ ਜਾਣੇ-ਪਛਾਣੇ ਜੀਆ-ਜੰਤ ਦੀ ਹੋਵੇ ਜਾਂ ਅਮੂਰਤ ਚਿਤਰਕਲਾ ਦੀ ਸ਼ੈਲੀ ਅਨੁਸਾਰ ਰੰਗਾਂ ਵਿਚੋਂ ਝਾਕਦੀ ਅੰਤਰਮਨ ਦੀ ਵੇਦਨਾ...।"

ਕਮਰਸ਼ਲ ਯੁੱਗ ਵਿਚ ਸਤਿਆਰਥੀ ਨਾਨ-ਕਮਰਸ਼ਲ ਲੇਖਕ ਵਜੋਂ ਵਿਚਰਿਆ ਹੈ। ਉਸ ਨੇ ਲੋਕ-ਪ੍ਰਿਅਤਾ ਦੀ ਦਹਿਲੀਜ਼ 'ਤੇ ਕਲਮ ਨੂੰ ਕੁਰਬਾਨ ਨਹੀਂ ਕੀਤਾ।

"ਨਹੀਂ ਭਾਈਜਾਨ! ਇਹ ਸ਼ਬਦਾਂ ਦੀ ਕਾਵਾਂ ਰੌਲੀ ਆਪਣੇ ਵੱਸ ਦੀ ਨਹੀਂ...।" ਉਹ ਆਖਦਾ ਹੈ, "ਰਚਨਾ ਬਾਰਾਂ ਮਸਾਲੇ ਦੀ ਚਾਟ ਨਹੀਂ ਜੋ ਅਸੂਲਾਂ ਨੂੰ ਮੁੱਖ ਰੱਖ ਕੇ ਲਿਖੀ ਜਾਵੇ।"

ਸਮਰਸੈਟ ਮਾਮ ਨੇ ਇਕ ਵੇਰ ਕਿਸੇ ਵਿਸ਼ਵ-ਵਿਦਿਆਲੇ ਵਿਚ ਕਹਾਣੀ ਬਾਰੇ ਭਾਸ਼ਣ ਦਿੱਤਾ। ਉਸ ਨੇ ਗਿਣੇ-ਮਿੱਥੇ ਚਾਰ ਅਸੂਲਾਂ 'ਤੇ ਜ਼ੋਰ ਦਿੱਤਾ:

ਪਹਿਲਾ : ਅਰਿਸਟੋਕਰੇਸੀ
ਦੂਜਾ : ਸਪਿਰਚੂਐਲਟੀ
ਤੀਜਾ: ਸੈਕਸ
ਚੌਥਾ : ਸਸਪੈਂਸ

ਲੈਕਚਰ ਖਤਮ ਹੋਣ ਮਗਰੋਂ ਇਕ ਕੁੜੀ ਨੇ ਉਠ ਕੇ ਆਪਣੀ ਮਿੰਨੀ ਕਹਾਣੀ ਸੁਣਾਉਣ ਦੀ ਆਗਿਆ ਮੰਗੀ, ਜਿਸ ਬਾਰੇ ਉਸ ਨੇ ਦੱਸਿਆ ਕਿ ਇਹ ਕਹਾਣੀ ਹੁਣੇ ਹੁਣੇ ਸਮਰਸੈਟ ਮਾਮ ਦੇ ਦੱਸੇ ਗਏ ਨੁਸਖੇ ਨੂੰ ਹੀ ਮੁੱਖ ਰੱਖ ਕੇ ਲਿਖੀ ਗਈ ਹੈ। ਇਜਾਜ਼ਤ ਮਿਲਣ 'ਤੇ ਉਸ ਨੇ ਚਾਰ ਸਤਰਾਂ ਦੀ ਕਹਾਣੀ ਸੁਣਾਈ;

ਪਹਿਲੀ ਸਤਰ : ਮੈਂ ਇਕ ਰਾਜਕੁਮਾਰੀ।
ਦੂਜੀ ਸਤਰ : ਹੇ ਭਗਵਾਨ!
ਤੀਜੀ ਸਤਰ : ਮੇਰੇ ਪੈਰ ਹੋ ਗਏ ਭਾਰੀ।
ਚੌਥੀ ਸਤਰ : ਐਪਰ ਮੈਂ ਆਪਣੇ ਹੋਣ ਵਾਲੇ ਬੱਚੇ ਦੇ ਪਿਤਾ ਦਾ ਨਾਂ ਨਹੀਂ ਦੱਸਾਂਗੀ।

ਦੇਵਿੰਦਰ ਸਤਿਆਰਥੀ ਲਈ ਸਾਹਿਤ ਇਕ ਯਾਤਰਾ ਵੀ ਹੈ ਤੇ ਪ੍ਰਯੋਗ ਵੀ। ਉਸ ਨੂੰ ਬਣੇ-ਬਣਾਏ ਅਸੂਲਾਂ ਤੋਂ ਚਿੜ੍ਹ ਹੈ। ਉਸ ਦੀ ਨਜ਼ਰ ਵਿਚ ਰਚਨਾ ਉਹ ਹੈ ਜੋ ਸਮੇਂ ਨਾਲ ਅਦਾ ਲਾ ਸਕੇ। ਦਰਅਸਲ ਉਹ ਸ਼ਬਦਾਂ ਨੂੰ ਰੰਗ ਮੰਨਦਾ ਹੈ ਤੇ ਰੰਗਾਂ ਨੂੰ ਕਿਸੇ ਰੰਗ ਮੰਚ ਦਾ ਅਭਿਨੇਤਾ। ਕਥਾਨਕ ਦੀ ਲਛਮਣ-ਰੇਖਾ ਦੇ ਪਾਰ। ਸ਼ਬਦਾਂ ਦਾ ਸੰਸਾਰ। ਸ਼ਬਦ ਰੰਗ ਬੰਨ੍ਹਣ ਦਾ ਹੱਕ ਮੰਗਦੇ ਹਨ। ਰੰਗ ਆਪਣਾ ਬਕੇਵਾਂ ਤਸਵੀਰ ਨੂੰ ਸੌਂਪ ਦੇਂਦਾ ਹੈ। ਬਕੌਲ ਵਾਨ ਗਾਗ, "ਜੋ ਕੁਝ ਮੈਂ ਆਪਣੀਆਂ ਅੱਖਾਂ ਸਾਹਮਣੇ ਵੇਖਦਾ ਹਾਂ, ਉਸ ਨੂੰ ਇੰਨ-ਬਿੰਨ ਚਿਤਰਨ ਦਾ ਯਤਨ ਕਰਨ ਦੀ ਥਾਂ ਮੈਂ ਰੰਗਾਂ ਨੂੰ ਵਧੇਰੇ ਅਸੁਭਾਵਕ ਢੰਗ ਨਾਲ ਵਰਤਦਾ ਹਾਂ ਤਾਂ ਜੋ ਆਪਣੇ-ਆਪ ਨੂੰ ਵਧੇਰੇ ਭਰਵੇਂ ਤਰੀਕੇ ਨਾਲ ਪਰਗਟ ਕਰ ਸਕਾਂ...।"

ਪਾਠਕ ਦੀ ਜਾਣਕਾਰੀ ਲਈ ਜਾਰਜ ਇਲੀਅਟ ਦੀ ਇਹ ਗੱਲ ਰਾਹਨੁਮਾਈ ਕਰ ਸਕਦੀ ਹੈ, "ਕੁਝ ਸਮਾਂ ਗੁਜ਼ਰਨ ਮਗਰੋਂ, ਕੋਈ ਵੀ ਕਹਾਣੀ ਪਹਿਲਾਂ ਵਰਗੀ ਹੀ ਨਹੀਂ ਰਹਿ ਜਾਂਦੀ। ਜਾਂ ਇਹ ਆਖੋ ਕਿ ਜਿਨ੍ਹਾਂ ਨੇ ਇਹ ਕਹਾਣੀ ਪੜ੍ਹੀ ਹੁੰਦੀ ਹੈ, ਉਹ ਸਮੇਂ ਦੀ ਵਿੱਥ ਮਗਰੋਂ ਉਹ ਨਹੀਂ ਰਹਿ ਜਾਂਦੇ...।"

ਜੋ ਲੋਕ ਫਿਲਮ ਦੀ ਟੈਕਨੀਕ ਤੋਂ ਵਾਕਿਫ ਹਨ, ਉਹ ਜਾਣਦੇ ਹਨ ਕਿ ਫ਼ਿਲਮ ਵਿਚ ਨਿੱਕੇ-ਨਿੱਕੇ ਸ਼ਾਟ ਮਿਲ ਕੇ ਹੀ ਪਟਕਥਾ ਨੂੰ ਅਗੇ ਤੋਰਦੇ ਹਨ। ਇਕ ਸ਼ਾਟ ਤੋਂ ਤੁਰੰਤ ਬਾਅਦ ਉਸ ਨਾਲੋਂ ਅਲੱਗ ਢੰਗ ਨਾਲ ਸ਼ਾਟ ਆ ਜਾਂਦਾ ਹੈ। ਉਸੇ ਹੀ ਅੰਦਾਜ਼ ਵਿਚ ਸਤਿਆਰਥੀ ਦੀ ਰਚਨਾ ਟੋਟਿਆਂ ਵਿਚ ਆਪਣਾ ਪ੍ਰਭਾਵ ਪੇਸ਼ ਕਰਦੀ ਹੈ। ਰੰਗਾਂ ਦੀ ਤਰ੍ਹਾਂ ਸ਼ਬਦ ਕਾਗਜ਼ 'ਤੇ ਉਤਰਦੇ-ਉਤਰਦੇ ਇਕ ਥਾਂ ਤੋਂ ਦੂਜੀ ਥਾਂ ਤੁਰ ਜਾਂਦੇ ਹਨ।

ਸਤਿਆਰਥੀ ਦੇ ਕਥਨ ਅਨੁਸਾਰ, "ਸਾਹਿਤਕਾਰ ਗਿਣਤੀਆਂ ਗਿਣ-ਗਿਣ ਕੇ ਉਹੋ ਹਿਸਾਬ-ਕਿਤਾਬ ਦੱਸ ਰਹੇ ਹਨ ਜੋ ਅਸੀਂ ਹਾਂ, ਜੋ ਸਾਨੂੰ ਮਿਲ ਚੁੱਕਾ ਹੈ ਜਾਂ ਸਾਡੀ ਹੋਂਦ ਵਿਚ ਹੈ। ਸਾਡੀਆਂ ਅੱਖਾਂ ਨੂੰ ਜੋ ਕੁਝ ਤੇ ਜਿਸ ਤਰ੍ਹਾਂ ਵੇਖਣ ਦੀ ਆਦਤ ਪੈ ਚੁੱਕੀ ਹੈ, ਇੰਨ-ਬਿੰਨ ਉਹੋ ਕੁਝ ਲੇਖਕ ਲਿਖ ਰਹੇ ਹਨ। ਯਥਾਰਥ ਦੀ ਹਰ ਤਰ੍ਹਾਂ ਨਾਲ ਚੀਰ-ਫਾੜ ਕਰਨੀ ਚਾਹੀਦੀ ਹੈ, ਨਵਾਂ ਯਥਾਰਥ ਪੈਦਾ ਕਰਨ ਲਈ...। ਪੁਰਾਣੇ ਸੁਹਜ-ਸਵਾਦ ਦੀ ਪੁਨਰਾਵਿਰਤੀ ਨੂੰ ਦੂਰੋਂ ਸਲਾਮ।"

ਪਿਕਾਸੋ ਦਾ ਇਹ ਵਿਚਾਰ ਸਤਿਆਰਥੀ ਦੀ ਪੁਸ਼ਟੀ ਕਰਦਾ ਹੈ, "ਇਕ ਔਸਤ ਆਦਮੀ ਦਾ ਚੀਜ਼ਾਂ ਨੂੰ ਵੇਖਣ ਦਾ ਢੰਗ ਬੜਾ ਰਸਮੀ ਕਿਸਮ ਦਾ ਹੁੰਦਾ ਹੈ ਪਰ ਕੋਈ ਆਦਮੀ ਕਿਸੇ ਦ੍ਰਿਸ਼ ਨੂੰ ਸੇਜ਼ਾਂ ਵਾਂਗ ਵੀ ਵੇਖ ਸਕਦਾ ਹੈ, ਵਾਨ ਗਾਗ ਵਾਂਗ ਵੀ...।" ਪਿਕਾਸੋ ਆਖਦਾ ਹੈ, "ਚਿੱਤਰਕਾਰੀ ਕਰਦਿਆਂ ਮੈਂ ਅਜਿਹੀ ਸ਼ਕਲ ਬਣਾਉਂਦਾ ਹਾਂ, ਜਿਸ ਦੀ ਲੋਕਾਂ ਨੂੰ ਆਸ ਨਹੀਂ ਹੁੰਦੀ ਤੇ ਉਹ ਉਸ ਨੂੰ ਕਬੂਲ ਨਹੀਂ ਕਰਦੇ...।"

ਸਤਿਆਰਥੀ ਦੇ ਇਕ ਪਾਠਕ ਦਾ ਹਲਫੀਆ ਬਿਆਨ, "ਜਿਸ ਰਚਨਾ ਨੂੰ ਰਚਨਹਾਰ ਨੇ ਰਚਣ ਲਈ ਨੌਂ ਸੌ ਨੜਿਨਵੇਂ ਚਿਹਰਿਆਂ ਦੀ ਘੋਖ ਕੀਤੀ ਤੇ ਅਥਾਹ ਦ੍ਰਿਸ਼ਟਾਂਤਾਂ ਦੀ ਖੱਲ ਲਾਹੀ ਹੋਵੇ, ਉਸ ਨੂੰ ਭਲਾ ਕਿਹੜਾ ਮਾਈ ਦਾ ਲਾਲ ਦਸਾਂ-ਪੰਦਰਾਂ ਮਿੰਟਾਂ ਵਿਚ ਪੜ੍ਹ ਕੇ ਸਮਝ ਸਕਦਾ ਹੈ। ਸਤਿਆਰਥੀ ਸ਼ਬਦਾਂ ਦੀ ਦਲਦਲ ਵਿਚ ਡਿੱਗਿਆ ਹੋਇਆ ਹੈ। ਆਖਰ ਉਹ ਕਹਿਣਾ ਕੀ ਚਾਹੁੰਦਾ ਹੈ?"

ਹੈਰਾਨੀ ਦੀ ਗੱਲ ਹੈ ਕਿ ਪੈਰਿਸ ਜਾ ਕੇ ਜਿਵੇਂ ਕੋਈ ਆਈਫਲ-ਟਾਵਰ ਦੀ ਬੁਲੰਦੀ ਤੋਂ ਪੈਰਿਸ ਦੇ ਦਰਸ਼ਨ ਨਾ ਕਰ ਸਕੇ। ਮੇਰੀ ਜਾਚੇ ਅੰਤਿਮ ਰਾਏ ਦੇਣ ਤੋਂ ਪਹਿਲਾਂ ਅਕਲ ਨਾਲੋਂ ਰਤਾ ਕੁ ਵਧ ਗੁੰਜਾਇਜ਼ ਦੀ ਲੋੜ ਹੈ। ਮੈਂ ਇਸ ਗੱਲ ਨੂੰ ਰਤਾ ਹੋਰ ਗੂੜ੍ਹੇ ਰੰਗ ਵਿਚ ਪੇਸ਼ ਕਰਨ ਲਈ ਪਿਕਾਸੋ ਦੀਆਂ ਇਨ੍ਹਾਂ ਸਤਰਾਂ ਦਾ ਆਸਰਾ ਲੈ ਰਿਹਾ ਹਾਂ, "ਲੋਕ ਮੇਰੇ ਚਿੱਤਰਾਂ ਨੂੰ ਜਦ ਸਮਝਣ ਦਾ ਯਤਨ ਕਰਦੇ ਹਨ ਤਾਂ ਮੈਨੂੰ ਬਹੁਤ ਅਫਸੋਸ ਹੁੰਦਾ ਹੈ ਤੇ ਨਾਲ ਹੀ ਹੈਰਾਨੀ ਵੀ। ਆਖਰ ਮੇਰੇ ਚਿੱਤਰਾਂ ਨੂੰ ਪਸੰਦ ਕਰਨ ਲਈ ਉਨ੍ਹਾਂ ਨੂੰ ਸਮਝਣ ਦੀ ਲੋੜ ਕਿਉਂ ਪੈਂਦੀ ਹੈ...।"

ਕਲਾ ਪਿਕਾਸੋ ਦੇ ਸੈਗਮਿਕਸ ਜਾਂ ਗ੍ਰਾਫਿਕਸ 'ਤੇ ਆ ਕੇ ਰੁਕ ਤਾਂ ਨਹੀਂ ਗਈ? ਸਲਵਾਡੋਰ ਡਾਲੀ, ਪਿਕਾਸੋ ਤੋਂ ਦੋ ਕਦਮ ਹੋਰ ਅੱਗੇ ਤੁਰਦਾ ਹੋਇਆ ਆਖਦਾ ਹੈ, "ਜੇ ਤੁਹਾਨੂੰ ਪੇਂਟਿੰਗ ਬਣਾਉਣ ਤੋਂ ਪਹਿਲਾਂ ਹੀ ਉਸ ਦਾ ਗਿਆਨ ਹੈ ਤਾਂ ਫਿਰ ਉਸ ਨੂੰ ਬਣਾਉਣ ਦੀ ਲੋੜ ਈ ਕੀ ਏ?" ਪੇਂਟਿੰਗ ਕਰਦੇ ਸਮੇਂ ਉਹ ਮੰਨਦਾ ਹੈ ਕਿ ਕਈ ਵਾਰ ਅਰਥਾਂ ਦਾ ਪਤਾ ਨਹੀਂ ਹੁੰਦਾ ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਬੇ-ਅਰਥ ਹੈ। "ਜੋ ਦਿਸਦਾ ਹੈ, ਉਸ ਨੂੰ ਕਿਵੇਂ ਵੱਖਰਾ ਰੂਪ ਦੇਣਾ ਹੈ ਤਾਂ ਜੁ ਕਲਾਕਾਰ ਦੀ ਸੋਚ ਤੇ ਸ਼ੈਲੀ ਆਪਣੀ ਮੌਲਿਕ ਪਛਾਣ ਸਥਾਪਤ ਕਰ ਸਕੇ...।" ਸਲਵਾਡੋਰ ਡਾਲੀ ਦੀਆਂ ਕਲਾ-ਕਿਰਤਾਂ ਤੁਹਾਨੂੰ ਯਥਾਰਥ ਤੇ ਸੁਪਨੇ 'ਚੋਂ ਯਥਾਰਥ ਵਿਚ ਲੈ ਆਉਂਦੀਆਂ ਹਨ। ਸੁਹਜ-ਸਵਾਦ ਦੇ ਨਾਲ-ਨਾਲ ਇਹ ਤੁਹਾਨੂੰ ਬੇਚੈਨ ਵੀ ਕਰਦੀਆਂ ਹਨ।

ਵਿਸ਼ਵ ਕਲਾ ਦੇ ਸਿਰਮੌਰ ਕਲਾਕਾਰਾਂ ਦੇ ਹਵਾਲਿਆਂ ਨਾਲ, ਸਤਿਆਰਥੀ ਦੀ ਆਧੁਨਿਕ ਸ਼ੈਲੀ 'ਤੇ ਵਿਸ਼ਵਾਸ ਜਮਾਉਣਾ ਨਹੀਂ, ਸਗੋਂ ਵਿਸ਼ਵਾਸ ਸਾਂਝਾ ਕਰਨਾ ਹੈ, ਜੋ ਕਮਰਸ਼ਲ ਦ੍ਰਿਸ਼ਟੀਕੋਣ ਨੂੰ ਮੀਲਾਂ ਪਿੱਛੇ ਛੱਡ ਕੇ ਕਲਾ ਦੀ ਮੰਜ਼ਲ ਵਲ ਵਧ ਰਿਹਾ ਹੈ।

ਦੇਵਿੰਦਰ ਸਤਿਆਰਥੀ ਅਰਸਾ-ਦਰਾਜ਼ ਤੋਂ ਇਕ ਵੱਖਰੀ ਤਰ੍ਹਾਂ ਦੀ ਸ਼ੈਲੀ ਨੂੰ ਜਨਮ ਦੇਣ ਵਿਚ ਰੁੱਝਾ ਰਿਹਾ ਹੈ। ਉਸ ਦੇ ਸ਼ਬਦਾਂ ਕੋਲ ਆਪਣਾ ਹੀ ਵਾਯੂਮੰਡਲ ਹੈ ਤੇ ਆਪਣਾ ਸੌਂਦਰਯ-ਬੋਧ। ਕਿਹੜੇ ਸ਼ਬਦ ਨਵੇਂ ਦ੍ਰਿਸ਼ ਤੇ ਦਿਸਹੱਦੇ ਉਲੀਕਦੇ ਹਨ। ਕਿਹੜੇ ਸ਼ਬਦ ਆਪੇ ਨੂੰ ਝੰਜੋੜਦੇ ਹਨ। ਸ਼ਬਦਾਂ ਦਾ ਬਾਹਰਲਾ ਤੇ ਵਿਚਲਾ ਅੰਤਰ ਕਿਸ ਪ੍ਰਭਾਵ ਦੀ ਉਂਗਲ ਫੜ ਕੇ ਪਾਠਕ ਦੇ ਨਾਲ ਤੁਰ ਸਕਦਾ ਹੈ। ਕਦੇ ਉਹ ਸ਼ਬਦਾਂ ਨੂੰ ਸਰਪਟ ਛੱਡ ਕੇ ਦੁੜਕੀ ਲਾਉਂਦਾ ਹੈ, ਕਦੇ ਇਕਦਮ ਵਾਗਾਂ ਖਿੱਚ ਲੈਂਦਾ ਹੈ, ਕਦੇ ਸ਼ਬਦਾਂ ਦੇ ਪਰਛਾਵੇਂ ਲੰਮੇ ਹੋ ਜਾਂਦੇ ਹਨ।

ਉਸ ਦੇ ਪਾਠਕ ਨੂੰ ਉਸ 'ਤੇ ਗਿਲਾ ਹੈ ਕਿ ਉਹ ਰਚਨਾ ਵਿਚ ਸੂਈ ਚੁੱਕ ਕੇ ਕਿਤੇ ਹੋਰ ਥਾਂ 'ਤੇ ਰੱਖ ਦਿੰਦਾ ਹੈ। ਪਾਠਕ ਅਜੇ ਉਸ ਥਾਂ ਤੇ ਅਪੜਿਆ ਵੀ ਨਹੀਂ ਹੁੰਦਾ ਕਿ ਸੂਈ ਧਾਗੇ ਸਣੇ ਘਰ ਦੀ ਚਾਰਦੀਵਾਰੀ ਤੋਂ ਬਾਹਰ 'ਸੂਈ ਬਾਜ਼ਾਰ' ਵਿਚ ਅੰਮ੍ਰਿਤ-ਸੰਤਾਨ ਨੂੰ ਮਿਲਣ ਚਲੀ ਜਾਂਦੀ ਹੈ। ਉਸੇ ਕਾਰਨ ਕਈ ਪਾਠਕ ਰਚਨਾ ਦੇ ਕੱਦ-ਕਾਠ ਤੋਂ ਅਗਾਂਹ ਤੁਰਨ ਦੀ ਸਮਰੱਥਾ ਨਹੀਂ ਰੱਖਦੇ। ਕਾਮੂ ਦੀ ਪ੍ਰਸਿੱਧ ਰਚਨਾ 'ਮਿਥ ਆਫ ਸਿਸਿਫਸ', ਯੂਨਾਨੀ ਮਿੱਥ ਦਾ ਸਰਾਪਿਆ ਪਾਤਰ, ਅੱਜ ਵੀ ਚੱਟਾਨ ਨੂੰ ਰੇੜ੍ਹ ਕੇ ਉਪਰ ਵਲ ਲੈ ਜਾ ਰਿਹਾ ਹੈ। ਚੱਟਾਨ ਫਿਸਲ ਕੇ ਮੁੜ ਉਥੇ ਦੀ ਉਥੇ। ਸਰਾਪ ਨੂੰ ਅਸ਼ੀਰਵਾਦ ਵਿਚ ਬਦਲਣ ਲਈ ਸਤਿਆਰਥੀ ਅਮੂਰਤ ਚਿਤਰਕਲਾ ਦੇ ਪੂਰਨਿਆਂ 'ਤੇ ਤੁਰਦਾ ਹੋਇਆ, ਨਵੇਂ ਪੂਰਨੇ ਪਾ ਰਿਹਾ ਹੈ। 'ਸੱਚੀ ਮੌਲਿਕਤਾ ਅੱਖਾਂ ਸਾਹਮਣੇ ਇੱਕੋ ਵਾਰ ਹੀ ਨਹੀਂ ਉਘੜ ਆਉਂਦੀ...।' ਸਤਿਆਰਥੀ ਦਾ ਕਥਨ। ਸਤਿਆਰਥੀ ਦੇ ਡਰਾਇੰਗ ਰੂਮ ਵਿਚ ਇਕ ਚਿਤਰ ਪਾਲ ਗੋਗਾਂ ਦਾ ਵੀ ਟੰਗਿਆ ਹੋਇਆ ਹੈ। ਸਮੁੰਦਰ ਕੰਢੇ ਰੇਤ 'ਤੇ ਬੈਠੀਆਂ ਦੋ ਕੁੜੀਆਂ, ਪਤਾ ਨਹੀਂ ਕਿਸ ਸੋਚ ਵਿਚ ਡੁੱਬੀਆਂ। ਜਿਹੜਾ ਸਮੁੰਦਰ ਚਿੱਤਰ ਵਿਚ ਛੋਟੇ ਜਿਹੇ ਆਕਾਰ ਵਿਚ ਨਜ਼ਰ ਆਉਂਦਾ ਹੈ, ਉਹ ਚਿੱਤਰਕਾਰ ਨੇ ਪੂਰੇ ਕੈਨਵਸ 'ਤੇ ਕੁੜੀਆਂ ਦੇ ਚਿਹਰਿਆਂ ਉਤੇ ਵਿਖਾ ਦਿੱਤਾ ਹੈ। ਅਜਿਹੀ ਗੰਭੀਰਤਾ ਦੇਵਿੰਦਰ ਸਤਿਆਰਥੀ ਦੇ ਨਾਵਲ 'ਸ਼ਹਿਰ ਮੇਂ ਡੂਬਤਾ ਹੂਆ ਸਮੁੰਦਰ' ਵਿਚ ਭਲੀ-ਭਾਂਤ ਵੇਖੀ ਜਾ ਸਕਦੀ ਹੈ। ਵਿਸ਼ਾਲ ਅਨੁਭਵ ਦੀ ਕਰਾਮਾਤ। ਚਿੱਤਰਕਲਾ ਅਤੇ ਸੰਗੀਤ ਆਹਮਣੇ-ਸਾਹਮਣੇ। ਕਥਾਨਕ ਦੀ ਲਛਮਣ-ਰੇਖਾ ਦੇ ਪਾਰ। ਸ਼ਬਦਾਂ ਦਾ ਸੰਸਾਰ।

"...ਅਸੀਂ ਸਾਰੇ ਗਗੋਲ ਦੇ 'ਓਵਰਕੋਟ' ਦੀ ਜੇਬ 'ਚੋਂ ਨਿਕਲੇ ਹਾਂ...।" ਤੁਰਗਨੇਵ ਨੇ ਕਿਹਾ ਸੀ।

ਸਮੁੰਦਰ ਸਤਿਆਰਥੀ ਦੇ ਕੋਟ ਦੀ ਜੇਬ ਵਿਚ ਹੈ ਤੇ ਸਾਗਰ-ਮੰਥਨ ਵੀ। ਉਸ ਦੀ ਰਚਨਾ ਵਿਚੋਂ ਸਾਰੀਆਂ ਉਹ ਚੀਜ਼ਾਂ ਬਾਹਰ ਆਉਣ ਲੱਗ ਪੈਂਦੀਆਂ ਹਨ, ਜੋ ਸਾਗਰ-ਮੰਥਨ ਦੌਰਾਨ ਨਿਕਲੀਆਂ ਸਨ।

ਉਰਦੂ ਜ਼ੁਬਾਨ ਦੇ ਨਾਮਵਰ ਅਫ਼ਸਾਨਾ-ਨਿਗਾਰ ਸਆਦਤ ਹਸਨ ਮੰਟੋ ਨੇ ਦੇਵਿੰਦਰ ਸਤਿਆਰਥੀ ਦਾ ਮਖੌਲ ਉਡਾਉਂਦਿਆਂ ਕਿਹਾ, "ਉਹ ਖਾਹ-ਮ-ਖਾਹ ਲੋਕਾਂ ਨੂੰ ਆਪਣੀ ਕਹਾਣੀ ਸੁਣਾਉਣ ਬਹਿ ਜਾਂਦਾ ਹੈ।"

ਸਤਿਆਰਥੀ ਨੇ ਜਵਾਬ ਦਿੱਤਾ, "ਲੋਕਾਂ ਨੇ ਮੈਨੂੰ ਲੋਕ-ਗੀਤ ਸੁਣਾਏ ਤੇ ਕੀ ਹੁਣ ਮੈਂ ਉਨ੍ਹਾਂ ਨੂੰ ਆਪਣੀਆਂ ਕਹਾਣੀਆਂ ਸੁਣਾ ਕੇ ਕਰਜ਼ ਨਹੀਂ ਉਤਾਰ ਸਕਦਾ।"

ਸ਼ਹਿਰ ਲਾਹੌਰ। ਚੌਂਕ ਸ਼ਾਹ-ਆਲਮੀ।

ਸਤਿਆਰਥੀ ਨੇ ਟਾਂਗੇ ਵਾਲੇ ਨੂੰ ਕਿਹਾ, "ਵਿਸ਼ਨੂੰ ਗਲੀ ਤੱਕ ਚੱਲੇਂਗਾ?"

"ਚਵੱਨੀ ਲੱਗੇਗੀ, ਮਹਾਂਪੁਰਸ਼ੋ!"

"ਅਠੱਨੀ ਦਿਆਂਗਾ। ਸ਼ਰਤ ਇਹ ਹੈ ਕਿ ਰਾਹ ਵਿਚ ਚਲਦੇ-ਚਲਦੇ ਤੈਨੂੰ ਮੇਰੀ ਕਹਾਣੀ ਸੁਣਨੀ ਪਵੇਗੀ।"

"ਮੈਨੂੰ ਤਾਂ ਕੋਈ ਇਤਰਾਜ਼ ਨਹੀਂ, ਬਾਬਾ ਜੀ! ਤੁਸੀਂ ਜ਼ਰਾ ਮੇਰੇ ਘੋੜੇ ਨੂੰ ਏਸ ਕੰਮ ਲਈ ਰਾਜ਼ੀ ਕਰ ਲਵੋ।"

ਲਤੀਫੇ ਦਾ ਇਕ ਰੂਪ ਇਹ ਵੀ- "ਸਤਿਆਰਥੀ ਲੋਕਾਂ ਦੇ ਚਿਹਰੇ ਵੇਖਦਾ ਰਹਿੰਦਾ ਏ, ਕਿਉਂਕਿ ਉਸ ਦਾ ਆਪਣਾ ਕੋਈ ਚਿਹਰਾ ਨਹੀਂ, ਸਿਰਫ ਦਾੜ੍ਹੀ ਏ...।" ਬਰਜੇਸ਼ਵਰ ਮਦਾਨ।

ਸਤਿਆਰਥੀ ਬਾਰੇ ਜਿੰਨੇ ਲਤੀਫੇ ਪ੍ਰਚਲਤ ਹਨ, ਸ਼ਾਇਦ ਹੀ ਭਾਰਤ ਦੀ ਕਿਸੇ ਵੀ ਭਾਸ਼ਾ ਦੇ ਲੇਖਕ ਬਾਰੇ ਪ੍ਰਚਲਤ ਹੋਣ। ਜਿਉਂਦੇ ਜੀਅ ਅਣਗਿਣਤ ਦੰਤ-ਕਥਾਵਾਂ ਦਾ ਪਾਤਰ ਬਣ ਜਾਣਾ ਆਪਣੇ-ਆਪ ਵਿਚ ਇਕ ਚਮਤਕਾਰ ਹੈ।

ਉਸ ਦੇ ਸਮਕਾਲੀ ਸਾਹਿਤਕਾਰ ਅਸਲ ਵਿਚ ਉਸ ਨੂੰ ਲੋਕ-ਗੀਤਾਂ ਤੱਕ ਮਹਿਦੂਦ ਵੇਖਣਾ ਚਾਹੁੰਦੇ ਸਨ ਪਰ ਸਤਿਆਰਥੀ ਵਿਚਲੇ ਕਲਾਕਾਰ ਨੇ ਨਾਗਣ ਬਣ ਕੇ ਧਰਤੀ ਹੇਠਾਂ ਨਿਵਾਸ ਕਰਨ ਨਾਲੋਂ 'ਸੱਪ ਤੇ ਆਦਮੀ' ਲਿਖ ਕੇ ਜਿਊਣ ਨੂੰ ਤਰਜੀਹ ਦਿੱਤੀ।

ਇਹ ਗੱਲ ਸਾਰੇ ਜਾਣਦੇ ਹਨ ਕਿ ਹਲਕਾ-ਏ-ਅਰਬਾਬੇ ਜ਼ੌਕ ਵਲੋਂ ਆਪਣੇ ਬਾਰੇ ਫੈਲਾਈਆਂ ਜਾਣ ਵਾਲੀਆਂ ਕਥਾਵਾਂ ਉਸ ਨੂੰ ਬਹੁਤੀਆਂ ਨਾ-ਪਸੰਦ ਨਹੀਂ। ਜਦ ਵੀ ਮੈਂ ਕਿਸੇ ਲਤੀਫੇ ਬਾਰੇ ਉਸ ਦੀ ਪ੍ਰਤੀਕ੍ਰਿਆ ਜਾਨਣ ਦੀ ਕੋਸ਼ਿਸ਼ ਕੀਤੀ, ਉਹ ਹੱਸ ਕੇ ਟਾਲ ਜਾਂਦਾ।

"ਅੱਜ ਸਾਨੂੰ ਕੁਝ ਸਿਰਫਿਰੇ ਲੋਕ ਚਾਹੀਦੇ ਹਨ। ਵੇਖੋ! ਅਕਲਮੰਦ ਲੋਕਾਂ ਨੇ ਸਾਨੂੰ ਕਿੱਥੇ ਪੁਚਾ ਦਿੱਤਾ ਹੈ।" -ਜਾਰਜ ਬਰਨਾਰਡ ਸ਼ਾਹ।

ਹੇ ਸਰਸਵਤੀ! ਹੇ ਕਲਾ ਦੀ ਦੇਵੀ!

ਉਹ ਲੋਕ ਜੋ ਤੇਰੇ ਤੋਂ ਬਿਨਾਂ ਸਭ ਕੁਝ ਰੱਖਦੇ ਹਨ, ਉਨ੍ਹਾਂ ਲੋਕਾਂ 'ਤੇ ਹੱਸਦੇ ਹਨ, ਜਿਨ੍ਹਾਂ ਕੋਲ ਤੇਰੇ ਤੋਂ ਸਿਵਾ ਕੁਝ ਵੀ ਨਹੀਂ!!

## ਨਿਰਮਲ ਅਰਪਨ ਨੂੰ ਸਤਿਆਰਥੀ ਦਾ ਇਕ ਯਾਦਗਾਰੀ ਖਤ

4 ਮਈ, 1979
ਪਿਆਰੇ ਅਰਪਨ,
ਸਣੇ ਐਨਕਾਂ ਨੈਣ ਬਿਛਾਏ ਹੋਏ ਨੇ।

ਭਗਵਾਨ ਬੁੱਧ ਨੇ ਕਿਹਾ ਸੀ, ''ਸਾਫ ਮਨਾਂ ਤੇ ਸਵੱਛ ਸ਼ਰੀਰਾਂ ਨੂੰ ਸੋਮ-ਰਸ ਦੀ ਲੋੜ ਨਹੀਂ ਹੁੰਦੀ।'' ਮੈਨੂੰ ਉਸ ਦਿਨ ਦੀ ਉਡੀਕ ਹੈ। ਜਦ ਤੁਸੀਂ ਸੋਮਰਸ ਵਲੋਂ ਉਕਾ ਹੀ ਮੂੰਹ ਮੋੜ ਲਵੋਗੇ।

ਤੁਸੀਂ ਜਾਣਦੇ ਹੋ, ਮੈਂ ਕੋਈ ਉਪਦੇਸ਼ਕ ਨਹੀਂ ਹਾਂ। ਮੇਰੇ ਵਿਚ ਅਨੇਕ ਔਗੁਣ ਹਨ।

ਪਰ ਇਹ ਜ਼ਰੂਰੀ ਹੈ ਕਿ ਆਪਣੀਆਂ ਖੂਬੀਆਂ ਨਾਲੋਂ ਕਿਤੇ ਵਧੇਰੇ ਅਸੀਂ ਆਪਣੇ ਔਗੁਣਾਂ ਤੋਂ ਵਾਕਫ ਹੋਈਏ।

ਕਿਸੇ ਬਾਰੇ ਮੈਂ ਲਿਖਿਆ ਸੀ, ''ਬੋਲੀ ਉਸਦੀ ਸ਼ਰੇਆਮ ਸੀ।''

ਮੇਰੀ ਉਸੇ ਕਵਿਤਾ ਵਿਚਲੀ ਇਕ ਟੁਕ ਵਿਚ ਵੀ ਸੀ,

''ਚਾਹ ਵਿਚ ਚਮਚਾ ਫੇਰਨ ਦੀ ਆਵਾਜ਼
...ਮਚਲਦੀ
ਹੌਲੀ ਹੌਲੀ ਸਾਰੀ ਬਰਫ ਪਿਘਲ ਜਾਂਦੀ ਹੈ।
ਨਟਨੀ ਨਟ ਦੇ ਕੋਲ ਖਲੋਤੀ ਸ਼ਰਮਾਂਦੀ ਹੈ।
ਦਾਸਤਾਨ ਵਿਚ ਨਾਇਕ ਕੀ, ਖਲਨਾਇਕ ਕੀ
ਬਰਫੋਂ ਪਾਣੀ ਹੋਈ ਨਟਨੀ ਦੀ ਵੀ ਆਪਣੀ ਸੀਮਾ!''

ਆਪਣੀ ਚਿੱਠੀ ਨੂੰ ਚਾਰ ਚੰਨ ਲਾਉਣ ਦੀ ਇਹ ਵੀ ਕੀ ਰੀਤ ਹੋਈ।

ਤੁਹਾਡੀ ਉਡੀਕ ਵਿਚ
-ਦੇਵਿੰਦਰ ਸਤਿਆਰਥੀ

ੴ ਸਤਿਗੁਰ ਪ੍ਰਸਾਦਿ

ੴ ੴ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ
-ਭਾਈ ਗੁਰਦਾਸ

# ਸਮੂਹ ਨਾਨਕ ਨਾਮ ਲੇਵਾ ਸੰਗਤ, ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ



ਸ. ਜਸਵੀਰ ਸਿੰਘ ਜੱਸੀ ਖੰਗੂੜਾ (ਵਿਧਾਇਕ, ਹਲਕਾ ਕਿਲਾ ਰਾਏਪੁਰ),
ਸ. ਮੇਜਰ ਸਿੰਘ ਦਿਓਲ (ਫਰਿਜ਼ਨੋ) ਅਤੇ ਸ. ਕੰਵਲਜੀਤ ਸਿੰਘ ਖੰਗੂੜਾ (ਫਰੀਮਾਂਟ)

ਮੇਜਰ ਸਿੰਘ ਦਿਓਲ (ਫਰਿਜ਼ਨੋ), ਫੋਨ: (559) 274-2431

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

# ਦੇਸ਼-ਵਿਦੇਸ਼ 'ਚ ਵੱਸਦੀ ਸਮੂਹ ਸਿੱਖ ਸੰਗਤਾਂ ਅਤੇ ਟਰੱਕਰ ਭਰਾਵਾਂ ਨੂੰ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ

# ਲੱਖ ਲੱਖ ਵਧਾਈ ਹੋਵੇ



ਵਲੋਂ

**ਮੰਗਲ ਸਿੰਘ ਭੰਡਾਲ**
**ਮੈਨੀ ਭੰਡਾਲ**
**ਜਿੰਦਰ ਭੰਡਾਲ**
**ਅਤੇ ਪਰਿਵਾਰ**

**Bhandal Bros. Trucking Inc.**



**2490 San Juan Hollister Road, Hollister, CA 95023**

**Company Drivers Needed**

11 Western States *Pay = $ 0.38 Per Mile*

**Owner Operators Wanted**

CA, OR, WA, AZ LANES

# A & I Trucking Co.

123 E Lee Rd Watsonville, CA Ph: 831-763-7805

ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ

## ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਅਤੇ ਟਰੱਕਰ ਭਰਾਵਾਂ ਨੂੰ ਪ੍ਰਥਮ ਪਾਤਸ਼ਾਹ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

# ਬਹੁਤ ਬਹੁਤ ਵਧਾਈ



ਇਕਬਾਲ ਸਿੰਘ



ਪਲਵਿੰਦਰ ਸਿੰਘ



ਅਮੋਲਕ ਸਿੰਘ ਗਾਖਲ

## ਏ. ਐਂਡ ਆਈ. ਟਰੱਕਿਗ

ਵਾਟਸਨਵਿਲ, ਕੈਲੀਫੋਰਨੀਆ

# ਬੇ-ਏਰੀਆ ਸਪੋਰਟਸ ਕਬੱਡੀ ਕਲੱਬ, ਫਰੀਮਾਂਟ (ਕੈਲੀਫੋਰਨੀਆ)

## ਅਤੇ ਸੰਧੂ ਪਰਿਵਾਰ ਵਲੋਂ

## ਸਮੂਹ ਸਿੱਖ ਸੰਗਤਾਂ ਨੂੰ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ

# ਲੱਖ ਲੱਖ ਵਧਾਈ



*ਸ. ਹਰਬੰਸ ਸਿੰਘ ਸੰਧੂ*



*ਸੁਰਜੀਤ ਸਿੰਘ ਸੰਧੂ*



*ਚਰਨਜੀਤ ਸਿੰਘ ਸੰਧੂ*



*ਬਲਜੀਤ ਸਿੰਘ ਸੰਧੂ*
ਚੇਅਰਮੈਨ, ਬੇ-ਏਰੀਆ ਸਪੋਰਟਸ ਕਲੱਬ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ, ਯੂ ਐਸ ਏ।



*ਸ. ਹਰਬੰਸ ਸਿੰਘ ਸੰਧੂ ਦੇ ਦੋਹਤਰੇ-ਪੋਤਰੇ*

ਸਮੂਹ ਸਪਾਂਸਰਾਂ, ਖਿਡਾਰੀਆਂ, ਕੋਚਾਂ, ਪ੍ਰਸ਼ੰਸਕਾਂ ਅਤੇ ਸਹਿਯੋਗੀਆਂ ਦਾ 2010 ਦੌਰਾਨ ਮਿਲੇ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ। ਉਮੀਦ ਕਰਦੇ ਹਾਂ ਕਿ 2011 ਵਿਚ ਅਤੇ ਅੱਗੋਂ ਵੀ ਇਹ ਸਹਿਯੋਗ ਇਸੇ ਤਰ੍ਹਾਂ ਮਿਲਦਾ ਰਹੇਗਾ।

## ਕਲੱਬ ਦੀ ਓਪਨ ਕਬੱਡੀ ਟੀਮ ਦੀਆਂ ਦੀਆਂ ਮੱਲਾਂ

- ਜੇਤੂ 3 ਮਈ, 2009, ਨਿਊ ਯਾਰਕ ਵਿਸ਼ਵ ਕਬੱਡੀ ਕੱਪ
- ਜੇਤੂ 25 ਸਤੰਬਰ, 2010 ਯੂਨਾਈਟਿਡ ਸਪੋਰਟਸ ਕਲੱਬ ਦਾ ਹੇਵਰਡ ਵਿਸ਼ਵ ਕਬੱਡੀ ਕੱਪ
- ਦੋ ਸਾਲਾਂ ਦੇ ਸਮੇਂ ਅੰਦਰ ਕਲੱਬ ਦੀ ਟੀਮ ਨੇ 62 ਮੈਚ ਖੇਡੇ ਜਿਨ੍ਹਾਂ ਵਿਚੋਂ 55 ਜਿੱਤੇ ਅਤੇ 7 ਵਿਚ ਹਾਰ ਹੋਈ।
- ਤਿੰਨ ਸਾਲਾਂ ਅੰਦਰ ਓਪਨ ਕਬੱਡੀ ਟੀਮ ਨੇ 19 ਅਤੇ ਅੰਡਰ-21 ਟੀਮ ਨੇ ਪੰਜ ਕੱਪ ਜਿੱਤੇ।

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇਕ ਮਰਦੇ-ਕਾਮਲਿ ਨੇ ਜਗਾਇਆ ਖ਼ੁਆਬ ਸੇ।

# ਦੁਨੀਆਂ ਦੇ ਕੋਨੇ ਕੋਨੇ ਵਿਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 541ਵੇਂ ਆਗਮਨ ਪੁਰਬ ਦੀ

# ੴ ਕੋਟਾਨਿ ਕੋਟਿ ਵਧਾਈ ੴ

## For Best Home Deals and Lowest Mortgage Rate, Contact:

# Golden State Realty

Real Estate and Loans Under One Roof

# Refinance Now

**15 & 30 Yr Fixed Rates Are Getting Better!!!**

**5/1, 7/1 ARM are also attractive**

**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## JUST SOLD

1. 2201 Monroe St. #504 Santa Clara, CA 95050
2. 3257 Poetry Ct., Stockton, CA 95206
3. 680 Upper Vinters Cir Fremont, CA 94539
4. 2370 Picasso Way Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 14434 Tiburon Rd., San Leandro, CA 94577
8. 3809 Amy Pl Union city, CA 94587
9. 6400 Christie Ave #5322 Emeryville, CA 94608
10. 1802 Picasso Way Stockton, CA 95206
11. 847 Bishop Ave Hayward, CA 94545
12. 675 Bel Air Ct., Morgan Hill, CA 95037

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
510-440-9292

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

Jaswinder Gill M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings